# ਜਿਨ ਟੁੱਟੀ ਲਈ ਮਿਲਾਇ

ਤਾਰਾ ਸਿੰਘ ਅਨਜਾਣ

# Sri Satguru Jagjit Singh Ji

# E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures.

This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The E-Library collection is growing day by day and some rare and priceless books/magazines/manuscripts and other items have already been digitised.

Contact Details
For further information about the process or your contribution - please contact
www.namdhari-music.co.uk
E: kirpalchana@gmail.com

*Sri Satguru Jagjit Singh Ji*

E-library


This valuable item was kindly loaned by

Tara Singh Anjaan

We very much appreciate
your generous contribution to this library

This book scanned by
namdhari-music.co.uk
Kirpal Singh Chana

Date: Aug 2015


ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਰਾਜ ॥

ੴ
ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਜਿਨ ਟੁੱਟੀ ਲਈ ਮਿਲਾਇ

ਤਾਰਾ ਸਿੰਘ ਅਨਜਾਣ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ (ਪੰਜਾਬ)

**JIN TUTTI LAI MILAYE**
-A BIOGRARHY OF SATGURU HARI SINGH JI
*By* : Tara Singh Anjan

© ਨਾਮਧਾਰੀ ਦਰਬਾਰ
ਪਹਿਲਾ ਐਡੀਸ਼ਨ : 2006

ਮੁੱਲ : 120/-

ਪ੍ਰਕਾਸ਼ਕ : ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ-141126
ਜ਼ਿਲ੍ਹਾ ਲੁਧਿਆਣਾ (ਪੰਜਾਬ)

ਟਾਈਪ ਸੈਟਿੰਗ : ਕੈਡਕਾਨ
ਨਵੀਂ ਦਿੱਲੀ-58
ਫੋਨ : 9818515815

ਛਾਪਕ : ਰਾਮ ਕ੍ਰਿਸ਼ਨਾ ਪ੍ਰੈਸ
ਨਰਾਇਣਾ, ਨਵੀਂ ਦਿੱਲੀ-28

ਰੂਪ ਸੱਜਾ :
ਰਾਮ ਕਿਸ਼ੋਰ ਕਟਾਰੀਆ

# ਜਿਨ ਟੁੱਟੀ ਲਈ ਮਿਲਾਇ

## ਲੇਖਕ ਦੀਆਂ ਹੋਰ ਰਚਨਾਵਾਂ

1. ਸਭਹਨ ਕੇ ਸਿਰਮੌਰ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਜੀਵਨੀ—1986, 1998
2. ਸਾਹਿਬ ਗੁਣੀ ਗਹੇਰਾ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਜੀਵਨੀ—1991
3. ਸ਼ਹੀਦ ਬਾਬਾ ਲਹਿਣਾ ਸਿੰਘ ਜੀ (ਜੀਵਨੀ)—1992, 2004
4. ਸੇਵਕ ਸੱਚੇ ਸਾਹ ਕੇ (ਵਿਅਕਤੀ-ਚਿੱਤਰ)—1992
5. ਆਪਣੇ ਰੂ-ਬਰੂ (ਨਿਬੰਧ ਸੰਗ੍ਰਹਿ)—1999
6. ਅਸਾਂ ਕੀ ਖੱਟਿਆ (ਨਿਬੰਧ ਸੰਗ੍ਰਹਿ)—1999
7. ਅੰਧੇਰੈ ਦੀਪਕ ਬਾਲੀਐ (ਨਿਬੰਧ ਸੰਗ੍ਰਹਿ)—1999
8. ਵਾਰ ਸ੍ਰੀ ਭਗਉਤੀ ਜੀ ਕੀ (ਇੱਕ ਅਧਿਐਨ)—2004
9. ਨਾਮਧਾਰੀ ਇਤਿਹਾਸ-ਸੰਖੇਪ—2005
10. ਟਕਸਾਲੀ ਪੰਜਾਬੀ ਵਿਆਕਰਨ—2006
11. ਚਤੁਰ ਸਿਆਣਾ ਸੁਘੜੁ ਸੋਇ—2006

**ਸਹਿ ਸੰਪਾਦਨਾਵਾਂ :**
1. ਕਥਾ-ਕਹਾਣੀ—1987
2. ਬਡ ਪਰਤਾਪੁ ਸੁਨਿਓ ਪ੍ਰਭੁ ਤੁਮਰੋ—1990
3. ਵਡ ਪਰਤਾਪੁ ਅਚਰਜ-ਰੂਪ—1990
4. ਪਰਤਾਪ ਸਦਾ ਗੁਰ ਕਾ ਘਟਿ ਘਟਿ—1991
5. ਪੰਜਾਬੀ ਪਾਠ ਪੁਸਤਕ ਭਾਗ-I—1994
6. ਸਾਹਿਤ ਦੀਪਿਕਾ ਭਾਗ-I—1996
7. ਸਾਹਿਤ ਦੀਪਿਕਾ ਭਾਗ-II—1997
8. ਗਿਆਨ ਰਿਸ਼ਮਾ ਭਾਗ 1 ਤੋਂ 4—2003
9. ਗਿਆਨ ਰਿਸ਼ਮਾ ਭਾਗ-5—2004

**ਸੰਪਾਦਨਾਵਾਂ :**
1. ਪੰਜਾਬੀ ਪਾਠ ਪੁਸਤਕ ਭਾਗ-2—1995
2. ਰਾਮ ਵਿਯੋਗੀਆਂ ਦੇ ਬਾਰਾਂਮਾਹ—1995
3. ਪੰਜਾਬੀ ਪਾਠ ਪੁਸਤਕ ਭਾਗ-3—1997

**ਅਨੁਵਾਦ :**
1. ਸਾਡੇ ਲਾਭਦਾਇਕ ਬੂਟੇ—1987

**ਵਿਦੇਸ਼ ਯਾਤਰਾਵਾਂ** : ਨੇਪਾਲ, ਥਾਈਲੈਂਡ, ਯੂ. ਐਸ. ਏ., ਕਨੇਡਾ, ਯੂ. ਕੇ., ਦੱਖਣੀ ਅਫਰੀਕਾ, ਕੀਨੀਆ, ਤਨਜ਼ਾਨੀਆ, ਮਯਾਂਮਾਰ

**ਸਨਮਾਨ :**
1. ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੇਵਾ ਸਨਮਾਨ—1982
2. ਪੰਜਾਬੀ ਅਕਾਦਮੀ ਦਿੱਲੀ ਵਲੋਂ ਪੰਜਾਬੀ ਭਾਸ਼ਾ ਸੇਵਾ ਸਨਮਾਨ—1990
3. ਆਚਾਰੀਆ ਸ੍ਰੀ ਪਦਮ ਸਾਗਰ ਸੂਰੀ ਚਤੁਰਮਾਸ ਸਮਿਤੀ ਦਿੱਲੀ—1997
4. ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ—2003
5. ਵੂਲਵਰਹੈਂਪਟਨ ਇੰਟਰਫੇਥ ਗਰੁਪ ਯੂ. ਕੇ. ਵਲੋਂ ਸਨਮਾਨ—2004
6. ਹਿੰਦੂ ਕੌਂਸਲ ਯੂ. ਕੇ.—2006

# ਤਤਕਰਾ


| | | |
|---|---|---|
| 1. ਘਰ-ਗ੍ਰਿਸਤੀ | ... | 9 |
| 2. ਕਿਰਤ-ਕਮਾਈ | ... | 18 |
| 3. ਸਮਰਪਿਤ ਗੁਰਸਿੱਖ | ... | 23 |
| 4. ਜਬਰ ਤੇ ਸਬਰ | ... | 36 |
| 5. ਮਿਲਿਆ ਮਿੱਤ ਮਾਹੀ | ... | 70 |
| 6. ਸਰੂਪ ਸਿੰਘ-ਬਿੱਲਾ ਸਿੰਘ | ... | 117 |
| 7. ਸਾਹਾਂ ਵਿੱਚ ਮਹਿਕ ਪਰਤੀ | ... | 125 |
| 8. ਮੁਰੱਬਿਆਂ ਨੂੰ ਠੋਕਰ | ... | 138 |
| 9. ਪੰਥ ਦੀ ਸੰਭਾਲ | ... | 163 |
| 10. ਜੋਤੀ ਜੋਤ ਰਲੀ | ... | 195 |
| 11. ਜਿਨ ਟੁੱਟੀ ਲਈ ਮਿਲਾਇ | ... | 205 |
| ਸਹਾਇਕ ਪੁਸਤਕਾਂ ਤੇ ਪੱਤ੍ਰਿਕਾਵਾਂ | ... | 215 |

ਜੋਤਿ ਕਾ ਜਾਮਾ ਸ੍ਰੀ ਸਤਿਗੁਰੂ ਹਰੀ ਸਿੰਘ ਜ਼ੀ

**ਸਿਮਰੀਐ**

ਜਿਨ ਟੁੱਟੀ ਲਈ ਮਿਲਾਇ॥

ਸ੍ਰੀ ਸਤਿਗੁਰੂ ਹਰੀ ਸਿੰਘ ਜੀ

ਦੇ

ਵੱਡੇ ਸਾਹਿਬਜ਼ਾਦੇ

ਦੇ

ਵੱਡੇ ਸਾਹਿਬਜ਼ਾਦੇ

ਤਖ਼ਤ ਚਵਰ ਦੇ ਮਾਲਕ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਨੂੰ

# ਘਰ-ਗ੍ਰਿਸਤੀ

ਉਨੀਵੀਂ ਸਦੀ ਦੇ ਸ਼ੁਰੂ ਹੁੰਦਿਆਂ ਪੰਜਾਬੀਆਂ, ਖ਼ਾਸ ਕਰਕੇ ਸਿੱਖਾਂ ਨੇ ਸੁਖ ਦਾ ਸਾਹ ਲਿਆ। ਉਹਨਾਂ ਨੇ ਉਹਨਾਂ ਦੀ ਆਪਣੀ ਧਰਤੀ ਨੂੰ ਲਤਾੜ ਕੇ, ਲੁੱਟ-ਮਾਰ ਕਰਨ ਵਾਲੇ ਅਤੇ ਜਾਨੀ ਤੇ ਮਾਲੀ ਨੁਕਸਾਨ ਕਰਨ ਵਾਲੇ ਨਾਦਰਸ਼ਾਹ ਤੇ ਅਹਿਮਦਸ਼ਾਹ ਵਰਗੇ ਹਮਲਾਵਰਾਂ ਦਾ ਮੂੰਹ ਮੋੜ ਦਿੱਤਾ ਸੀ। ਉਹਨਾਂ ਨੇ ਸੰਗਠਿਤ ਹੋ ਕੇ ਪੰਜਾਬ ਦਾ ਰਾਜ ਕਾਇਮ ਕਰ ਲਿਆ ਸੀ ਜਿਸਦਾ ਮੁਖੀ ਮਹਾਰਾਜਾ ਰਣਜੀਤ ਸਿੰਘ ਸੀ। ਪੰਜਾਬੀਆਂ ਨੇ ਪਿੰਡਾਂ-ਸ਼ਹਿਰਾਂ ਵਿੱਚ. ਆਪਣੇ ਕਾਰ-ਵਿਹਾਰ ਵੱਲ ਨਿਰਭੈ ਹੋ ਕੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ।

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਾਈਆਂ ਵਿੱਚ ਵੀ ਇੰਜ ਹੀ ਹੋਇਆ। ਉੱਥੇ ਲੁਹਾਰੇ-ਤਰਖਾਣੇ ਦਾ ਕੰਮ ਕਰਨ ਲਈ, ਪਿੰਡ ਦੇ ਮੁਹਤਬਰ ਬੰਦਿਆਂ ਨੇ ਲਲਤੋਂ ਤੋਂ ਮਿਸਤਰੀ ਲੱਧਾ ਸਿੰਘ ਨੂੰ ਲਿਆਂਦਾ ਸੀ।

ਲੱਧਾ ਸਿੰਘ ਦੇ ਵੱਡੇ ਵਡੇਰੇ ਕਈ ਪੀੜ੍ਹੀਆਂ ਤੋਂ ਲਲਤੋਂ ਵਸਦੇ ਸਨ। ਸਭ ਤੋਂ ਵੱਡੇ ਦਾ ਨਾਂ ੋਰਸਾ ਦੱਸਿਆ ਜਾਂਦਾ ਹੈ, ਜਿਸ ਦੀਆਂ ਬਣਾਈਆਂ ਅਹਿਰਨਾਂ ਦੂਰ ਦੂਰ ਤੱਕ ਦੇ ਲੁਹਾਰ ਲੈ ਕੇ ਜਾਂਦੇ ਸਨ। ਉਸ ਦਾ ਅਹਿਰਨ ਬਣਾਉਣ ਵਿੱਚ ਨਾਂ ਸੀ। ਉਸਦਾ ਪੁੱਤਰ ਗੁਰਸਾ ਸੀ ਤੇ ਗੁਰਸੇ ਦਾ ਸੋਹਲ। ਸੋਹਲ ਦੇ ਲੜਕੇ ਨੇ ਸਿੱਖੀ ਸਰੂਪ ਅਪਣਾ ਲਿਆ ਤੇ ਉਸ ਦਾ ਨਾਂ ਲੱਧੇ ਦੀ ਥਾਂ ਬਾਬਾ ਲੱਧਾ ਸਿੰਘ ਹੋਇਆ। ਉਹ ਸੇਪ ਕਰਨ ਲੱਗੇ। ਉਹਨਾਂ ਦੇ ਕਾਰਖਾਨੇ ਵਿੱਚ ਉਹਨਾਂ ਦੇ ਸਪੁੱਤਰ ਨੱਥਾ ਸਿੰਘ ਤੇ ਜੱਸਾ ਸਿਘ ਵੀ ਮੁੜ੍ਹਕੋ-ਮੁੜ੍ਹਕੀ ਹੋਏ ਕੰਮ ਕਰਦੇ ਰਹਿੰਦੇ ਸਨ।

ਰਾਈਆਂ ਦੋ ਪੱਤੀਆਂ ਦੀ ਜ਼ਮੀਨ ਸੀ। ਇੱਕ ਪੱਤੀ ਦੀ ਜ਼ਮੀਨ ਦੂਰ ਪੈਣ ਕਰਕੇ ਉਹਨਾਂ ਜੱਟਾਂ ਨੇ ਨਵੀਂ ਅਬਾਦੀ ਬਣਾ ਲਈ ਸੀ। ਇਸ ਦਾ ਨਾਮ ਭੈਣੀ ਆਲਾ ਪੈ ਗਿਆ। ਇਹ ਪਿੰਡ ਇੱਕ ਵਾਰ ਉੱਜੜ ਗਿਆ। ਦੁਬਾਰਾ ਕੀਤੀ ਵਸੋਂ ਦਾ ਨਾਂ ਭੈਣੀ ਭੂੰਦੜ ਹੋਇਆ। ਇਸ ਪਿੰਡ ਵਿੱਚ

ਸੇਪੀ ਕਰਨ ਲਈ ਸਾਧ ਬਿਰਤੀ ਵਾਲੇ ਸ. ਲੱਧਾ ਸਿੰਘ ਦੇ ਸਪੁੱਤਰ ਨੂੰ ਲਿਆਂਦਾ ਗਿਆ। ਉਸ ਨੂੰ ਸਤਿਕਾਰ ਨਾਲ ਸਾਰੇ ਬਾਬਾ ਜੱਸਾ ਸਿੰਘ ਜੀ ਆਖਦੇ ਸਨ। ਏਥੇ ਬਾਬਾ ਜੱਸਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਦਾ ਕੌਰ ਦੀ ਕੁੱਖੋਂ ਇੱਕ ਬਾਲਕ ਨੇ ਜਨਮ ਲਿਆ। ਕਿਉਂਕਿ ਉਹ ਬਾਲਕ ਅੱਸੂ ਸੁਦੀ ਤੀਜ ਸੰਮਤ 1876, 19 ਸਤੰਬਰ, 1819 ਈ. ਨੂੰ ਬੁੱਧਵਾਰ ਵਾਲੇ ਦਿਨ ਮਾਤ ਲੋਕ ਵਿੱਚ ਆਇਆ ਸੀ, ਸੋ ਉਸ ਦਾ ਨਾਂ ਬੁੱਧ ਸਿੰਘ ਰੱਖਿਆ ਗਿਆ।

ਬਾਬਾ ਜੱਸਾ ਸਿੰਘ ਦੀਆਂ ਉਸ ਤੋਂ ਵੱਡੀਆਂ ਦੋ ਲੜਕੀਆਂ ਅਤੇ ਇੱਕ ਲੜਕਾ ਰਾਮਧਨ (ਸਤਿਗੁਰੂ ਰਾਮ ਸਿੰਘ ਦਾ ਬਚਪਨ ਦਾ ਨਾਂ) ਸੀ। ਉਹਨਾਂ ਤਿੰਨਾਂ ਦਾ ਜਨਮ ਸਥਾਨ ਰਾਈਆਂ ਦਾ ਸੀ। ਰਾਮਧਨ ਦੇ ਜਨਮ ਲੈਣ (3 ਫਰਵਰੀ 1816 ਈ.) ਸਮੇਂ ਆਈ ਦਾਈ ਰਹਿਮਤੋ ਕਸ਼ਮੀਰਨ ਨੂੰ ਅਸਚਰਜ ਕੌਤਕ ਨਜ਼ਰ ਆਇਆ। ਪਿੰਡ ਦੀਆਂ ਪੁੱਛਣ ਵਾਲੀਆਂ ਔਰਤਾਂ ਨੂੰ ਪਹਿਲਾਂ ਤਾਂ ਉਸ ਨੇ ਦੱਸਿਆ ਕਿ ਇੱਕ ਮਸ਼ਕ ਜਿਹੀ ਨਿਕਲੀ ਹੈ ਪਰ ਫੇਰ ਕਿਹਾ ਰੱਬੀ ਨੂਰ ਆਇਆ ਹੈ। ਇਸੇ ਬਾਲਕ ਨੇ ਵੱਡੇ ਹੋ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਰੂਪ ਵਿੱਚ ਭੁੱਲੇ ਭਟਕੇ ਲੋਕਾਂ ਨੂੰ ਸਿੱਧੇ ਰਸਤੇ ਪਾਇਆ ਅਤੇ ਬਰਤਾਨਵੀ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਉਹਨਾਂ ਦੀ ਜਲਾਵਤਨੀ ਤੋਂ ਬਾਅਦ ਉਹਨਾਂ ਦੇ ਛੋਟੇ ਭਾਈ ਬੁੱਧ ਸਿੰਘ, ਸਤਿਗੁਰੂ ਹਰੀ ਸਿੰਘ ਦੇ ਨਾਂ ਨਾਲ ਉਹਨਾਂ ਦੇ ਪ੍ਰੋਗਰਾਮ ਨੂੰ ਅੱਗੇ ਵਧਾਉਂਦੇ ਰਹੇ। ਉਹਨਾਂ ਅੰਦਰ ਜਨਮ ਤੋਂ ਹੀ ਦੈਵੀ ਗੁਣ ਸਨ। ਸੰਤ ਸੰਤੋਖ ਸਿੰਘ ਬਾਹੋਵਾਲ ਦੇ ਸ਼ਬਦਾਂ ਵਿੱਚ :

ਬਾਲ ਲੀਲਾ ਕਰਦੇ (ਰਾਮਧਨ) ਚਾਰ ਬਰਸ ਦੇ ਜਾਂ ਹੋਏ ਤਾਂ ਦੂਈ ਮੂਰਤੀ ਮਹਾਰਾਜ ਬੁਧ ਸਿੰਘ ਜੀ ਅਵਤਾਰ ਧਾਰਿਆ, ਅੱਸੂ ਸੁਦੀ ਤੀਜ ਸੰਮਤ 1876 ਬਿਕ੍ਰਮੀ, ਦਿਨ ਬੁੱਧਵਾਰ ਰਾਮ ਦਾਸ ਪੁਰੇ (ਸ੍ਰੀ ਭੈਣੀ ਸਾਹਿਬ) ਮੈਂ। ਦੇਵਤੇ ਦਰਸ਼ਨ ਕੋ ਆਏ ਬੜੀ ਖ਼ੁਸ਼ੀ ਹੋਈ। ਸੀਸ ਨਿਵਾਇਕੈ ਆਪਣੀਆਂ ਪੁਰੀਆਂ ਕੋ ਗਏ। ਦਿਨ ਚੜ੍ਹਿਆ ਤਾਂ ਵਧਾਈਆਂ ਮਿਲਣ ਲੱਗੀਆਂ, ਗੁੜ ਪ੍ਰਸਾਦ ਵਰਤਾਇਆ, ਬੜੀ ਖ਼ੁਸ਼ੀ ਹੋਈ।

-ਸਤਿਗੁਰੂ ਬਿਲਾਸ ਭਾਗ ਪਹਿਲਾ

ਆਪ ਜੀ ਦੀ ਮਾਤਾ ਸਦਾ ਕੌਰ ਤਾਂ ਧਾਰਮਿਕ ਬਿਰਤੀ ਵਾਲੀ ਸੁਘੜ ਸਿਆਣੀ ਸਵਾਣੀ ਸੀ ਹੀ, ਆਪ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਵੀ ਰਾਮ ਰਾਮ ਦਾ ਭਜਨ ਕਰਨ ਕਰਕੇ ਸਾਧੂ ਸੁਭਾਅ ਸਨ। ਸੋ

ਅਧਿਆਤਮਿਕ ਗੁਣ ਉਹਨਾਂ ਨੂੰ ਵਿਰਸੇ ਵਿੱਚ ਮਿਲੇ ਸਨ।

ਬਾਬਾ ਜੀ ਜੇ ਕੋਈ ਕੰਮ ਕਰ ਰਹੇ ਹੁੰਦੇ, ਕੋਈ ਦੂਸਰਾ ਆ ਕੇ ਕਹਿੰਦਾ ਕਿ ਮੈਂ ਕਾਹਲਾ ਹਾਂ ਤਾਂ ਉਸ ਨੂੰ ਮੋੜਾ ਨਾ ਦੇਂਦੇ, ਉਸ ਦਾ ਕੰਮ ਪਹਿਲਾਂ ਕਰ ਦੇਂਦੇ। ਉਹਨਾਂ ਕੋਲ ਪੈਲੀ ਵੀ ਸੀ। ਉਹ ਵਾਹ ਦੇਂਦੇ ਤੇ ਬੀਜ ਦੇਂਦੇ ਪਰ ਰਾਖੀ ਕਰਨ ਨਾ ਜਾਂਦੇ। ਇੱਕ ਵਾਰ ਉਹ ਮੌਜ ਨਾਲ ਹੀ ਬੁੱਕਲ ਮਾਰੀ, ਪੈਲੀਆਂ ਕੋਲੋਂ ਜਾ ਰਹੇ ਸਨ ਕਿ ਕੋਈ ਉਹਨਾਂ ਦੇ ਪੱਠੇ ਵੱਢ ਕੇ ਭਰੀ ਬੰਨ੍ਹੀ ਖੜ੍ਹਾ ਸੀ। ਉਹਨਾਂ ਬਾਬਾ ਜੀ ਨੂੰ ਰਾਹਗੀਰ ਸਮਝ ਕੇ ਭਰੀ ਚੁਕਾਉਣ ਲਈ ਕਿਹਾ। ਇਹਨਾਂ ਬਿਨਾਂ ਬੋਲਿਆਂ ਚੁਕਾ ਦਿੱਤੀ। ਉਸ ਨੇ ਘਰ ਲੈ ਜਾ ਕੇ ਜਿਹੜੇ ਪਸ਼ੂਆਂ ਨੂੰ ਉਹ ਪੱਠੇ ਪਾਏ ਉਹ ਮਰ ਗਏ। ਇੱਕ ਵਾਰ ਇਹਨਾਂ ਦੇ ਬੋਹਲ ਵਿੱਚੋਂ ਕੋਈ ਰਾਤੀਂ ਦਾਣੇ ਚੋਰੀ ਕਰ ਕੇ ਲੈ ਗਿਆ। ਜਿਸ ਨੇ ਉਹਨਾਂ ਦੀ ਰੋਟੀ ਖਾਧੀ ਪਾਰ ਬੋਲ ਗਿਆ। ਇੰਜ ਹੀ ਇੱਕ ਹੋਰ ਦੇ ਪਸੂਆਂ ਨਾਲ ਹੋਇਆ ਤਾਂ ਵਾਗੀ ਇਹਨਾਂ ਦੇ ਖੇਤਾਂ ਨੂੰ ਪੈਂਦੇ ਪਸੂ ਆਪ ਹੀ ਮੋੜ ਦੇਂਦੇ ਤੇ ਕਹਿੰਦੇ, "ਬਾਬਾ ਜੱਸਾ ਧਰਮੀ ਬੰਦਾ ਹੈ, ਜਿਹੜਾ ਇਸ ਦੇ ਖੇਤਾਂ ਦਾ ਨੁਕਸਾਨ ਕਰੇਗਾ ਘਾਟੇ ਵਿੱਚ ਰਹੇਗਾ।"

ਬਾਬਾ ਜੀ ਦਾ ਕਾਰਖਾਨਾ ਕੇਵਲ ਲੱਕੜ-ਲੋਹੇ ਦਾ ਕੰਮ ਕਰਨ ਦਾ ਅੱਡਾ ਹੀ ਨਹੀਂ ਸੀ। ਉਥੇ ਲੋਕ ਹਲ-ਪੰਜਾਲੀ, ਚਉ, ਸੁਹਾਗਾ ਬਣਵਾਉਣ ਜਾਂ ਘਰ ਦੀਆਂ ਵਸਤਾਂ, ਘੜਵੰਜੀਆਂ, ਚੌਕੀਆਂ, ਚਾਮਟੇ, ਦੌਰੀ -ਡੰਡੇ, ਥਾਪੇ ਆਦਿ ਬਣਵਾਉਣ ਹੀ ਨਹੀਂ ਸਨ ਆਉਂਦੇ, ਨਾ ਕੇਵਲ ਕਿੱਲੇ ਘੜਾਉਣ। ਉਹ ਕੇਵਲ ਫਾਲੇ ਡੰਗਾਉਣ, ਦਾਤਰੀਆਂ ਨੂੰ ਦੰਦੇ ਕਢਾਉਣ, ਰੰਬੇ ਠਪਾਉਣ ਤੇ ਸਿੱਪੀਆਂ ਤੇ ਚਿਮਟੇ ਆਦਿ ਬਣਵਾਉਣ ਵੀ ਨਹੀਂ ਸਨ ਆਉਂਦੇ ਸਗੋਂ ਉਹ ਘਰ ਦੀ ਗੱਲ ਵੀ ਆ ਕੇ ਕਰਦੇ ਸਨ। ਉਨਾਂ ਦੀ ਸਲਾਹ ਵੀ ਲੈਂਦੇ ਸਨ। ਉਹਨਾਂ ਵਿੱਚ ਇਸਤਰੀ-ਪੁਰਸ਼, ਬਿਰਧ-ਜਵਾਨ, ਸਭ ਹੁੰਦੇ। ਕਈ ਉਹਨਾਂ ਵਿੱਚ ਸਿੱਧੇ-ਸਾਦੇ, ਮਿਠਬੋਲੜੇ ਵੀ ਹੁੰਦੇ ਪਰ ਕਈ ਚਤੁਰ-ਚਲਾਕ, ਮਾੜੇ-ਚੰਗੇ, ਬੜਬੋਲੇ ਤੇ ਖਰ੍ਹਵੇ ਸੁਭਾਅ ਦੇ ਵੀ ਹੁੰਦੇ। ਕਈਆਂ ਦਾ ਤਕੀਆ ਕਲਾਮ ਗਾਲ੍ਹਾਂ ਹੀ ਹੁੰਦਾ, ਬਾਬਾ ਜੀ ਦਾ ਸਾਰੇ ਆਦਰ ਕਰਦੇ ਸਨ। ਉਹਨਾਂ ਕੋਲ ਸਾਰੇ ਢਿੱਡ ਫੋਲ ਕੇ ਜਾਂਦੇ ਸਨ। ਬਾਬਾ ਜੀ ਬਾਰੇ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿੱਚ ਲਿਖਿਆ ਹੈ:

ਜੱਸਾ ਸਿੰਘ, ਇੱਕ ਤਰਖਾਣ ਤੇ ਕਿਸਾਨ, ਛੋਟੇ ਪੰਜਾਬੀ ਭਾਈਚਾਰੇ ਦਾ ਸਤਿਕਾਰਿਆ ਮੈਂਬਰ ਸੀ।

ਉਹਨਾਂ ਦੀ ਦੇਖ-ਰੇਖ ਹੇਠ ਪਲ ਰਹੇ ਬੱਚਿਆਂ ਨੇ ਤਾਂ ਸਦਗੁਣਾਂ

ਨਾਲ ਭਰਪੂਰ ਹੋਣਾ ਹੀ ਸੀ ਨਾਲੇ ਬਾਲਕ ਬੁੱਧ ਸਿੰਘ ਨੂੰ ਮਾਤਾ-ਪਿਤਾ ਤੇ ਭੈਣਾਂ-ਭਰਾ ਦਾ ਬਹੁਤ ਪਿਆਰ ਮਿਲਿਆ ਸੀ। ਮਾਤਾ ਸਦਾ ਕੌਰ ਤਾਂ ਲੋਕਾਂ ਦੀਆਂ ਨਜ਼ਰਾਂ ਤੋਂ ਪੁੱਤਰਾਂ ਦੀ ਜੋੜੀ ਨੂੰ ਬਚਾਈ ਰੱਖਣ ਲਈ ਪ੍ਰਭੂ ਅੱਗੇ ਅਰਦਾਸਾਂ ਕਰਦੀ ਰਹਿੰਦੀ। ਉਹ ਕਦੀ ਉਹਨਾਂ ਦੇ ਮੱਥੇ ਉੱਤੇ ਕਾਲਾ ਟਿੱਕਾ ਲਾ ਦੇਂਦੀ, ਕਦੇ ਬੀਬੜੀਆਂ ਨੂੰ ਪੂਜਦੀ।

ਬਾਬਾ ਜੀ ਦੇ ਵੱਡੇ ਸਪੁੱਤਰ ਰਾਮਧਨ ਦਾ ਜਦ 1823 ਈ. ਵਿੱਚ ਵੇਦ ਰੀਤੀ ਨਾਲ ਵਿਆਹ ਹੋਇਆ ਤਾਂ ਛੋਟਾ ਇਸ ਖ਼ੁਸ਼ੀ ਦੇ ਮੌਕੇ ਮਸਤੀ ਨਾਲ ਖੇਡ ਰਿਹਾ ਸੀ। ਸਾਰਾ ਨਾਨਕਾ-ਦਾਦਕਾ ਘਰ ਬਾਰ ਉਸ ਨੂੰ ਖ਼ੁਸ਼ੀ ਨਾਲ ਚੁੱਕਦਾ ਤੇ ਪਿਆਰ ਕਰਦਾ ਪਰ ਉਹ ਖੇਡਣ ਲਈ ਕੁੱਛੜੋਂ ਉੱਤਰ ਜਾਂਦਾ।

ਵੱਡੇ ਜਦ ਖੇਡਣ ਜਾਂਦੇ ਤਾਂ ਛੋਟੇ ਨੂੰ ਵੀ ਉਂਗਲ ਲਾ ਕੇ ਨਾਲ ਲੈ ਜਾਂਦੇ। ਉਹ ਵੀ ਹੋਰ ਬੱਚਿਆਂ ਨਾਲ ਨੱਚਦਾ, ਟੱਪਦਾ, ਦੌੜਦਾ, ਖੇਡਦਾ। ਦਿਨੋ ਦਿਨ ਦੋਹਾਂ ਭਰਾਵਾਂ ਦੇ ਹੱਡ ਮੋਕਲੇ ਹੋਣ ਲੱਗੇ। ਇਹ ਵੇਖ ਕੇ ਮਾਪੇ ਤਾਂ ਖ਼ੁਸ਼ ਹੁੰਦੇ ਹੀ ਬਾਬਾ ਜੀ ਦੇ ਕਾਰਖਾਨੇ ਕੰਮ ਕਰਵਾਉਣ ਆਏ ਵੀ ਪਿਆਰੇ ਬਾਲਕਾਂ ਦੀ ਸ਼ਕਲ ਸੂਰਤ ਵੇਖ ਕੇ ਮੋਹੇ ਜਾਂਦੇ। ਕਈ ਤਾਂ ਕੁੱਛੜ ਚੁੱਕ ਕੇ ਪਿਆਰ ਕਰਦੇ। ਉਹ ਉਹਨਾਂ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਨਾ ਚਾਹੁੰਦੇ। ਬਾਲਕ ਕਦੀ ਜਵਾਬ ਦੇਂਦੇ, ਕਦੀ ਮੁਸਕਰਾ ਪੈਂਦੇ, ਕਦੀ ਚੁੱਪ-ਚਾਪ ਸੱਜੇ ਖੱਬੇ ਵੇਖਣ ਲੱਗਦੇ।

ਉਸ ਸਮੇਂ ਉਸ ਵਿਅਕਤੀ ਨੂੰ ਸਮਾਜ ਵਿੱਚ ਚੰਗਾ ਤੇ ਉਸ ਦੇ ਘਰ ਨੂੰ ਕਰਮਾਂ ਵਾਲਾ ਸਮਝਿਆ ਜਾਂਦਾ ਸੀ ਜਿਸ ਦੇ ਬਾਲ ਛੋਟੇ ਹੁੰਦੇ ਮੰਗੇ ਤੇ ਵਿਆਹੇ ਜਾਂਦੇ ਸਨ। ਮਾਪਿਆਂ ਦੇ ਸਾਊ ਸੁਭਾਅ, ਕਾਮੇ ਤੇ ਸਿਰਕਰਦਾ ਹੋਣ ਨੂੰ ਹੀ ਰਿਸ਼ਤੇ ਆਉਂਦੇ ਸਨ। ਬਾਬਾ ਜੱਸਾ ਸਿੰਘ ਦੇ ਛੋਟੇ ਲੜਕੇ ਬੁੱਧ ਸਿੰਘ ਨੂੰ ਵੀ ਰਿਸ਼ਤੇ ਆਉਣ ਲੱਗੇ। ਜਦੋਂ ਉਹ ਪੰਜ ਸਾਲਾਂ ਦੇ ਹੋਏ ਤਾਂ 1824 ਈ. (ਸੰਮਤ 1881) ਵਿੱਚ ਉਹਨਾਂ ਦਾ ਮੰਗਣਾ ਮਾਦਪੁਰ (ਜ਼ਿਲ੍ਹਾ ਲੁਧਿਆਣਾ) ਦੇ ਰਾਮਗੜ੍ਹੀਏ ਪਰਵਾਰ ਦੀ ਬੱਚੀ ਬੀਬੀ ਸਾਹਿਬੋ ਨਾਲ ਕੀਤਾ ਗਿਆ ਅਤੇ ਦੋ ਸਾਲ ਬਾਅਦ:-

"ਸਾਤ ਬਰਸ ਕੇ ਸੇ ਮਹਾਰਾਜ ਬੁੱਧ ਸਿੰਘ ਜੀ ਮਾਦਪੁਰ ਮੈ ਜਾਇ ਵਿਵਾਹ ਕੀਤਾ ਬੇਦ ਰੀਤੀ ਸੇ। ਕੁੜਮਾਂ ਨਾਲ ਰਸ ਰੀਤ ਰਹੀ ਬਾਬੇ ਜੱਸਾ ਸਿੰਘ ਕੀ। ਰਾਮਦਾਸ ਪੁਰੇ ਆਏ। ਮਹਿਲ ਸਾਹਿਬ ਕੌਰ ਆਈ। ਮਾਈ ਸਦਾ ਕੌਰ ਤੇ ਬਾਬੇ ਜੱਸਾ ਸਿੰਘ ਕੋ ਵਧਾਈਆਂ ਮਿਲੀਆਂ। ਪਰਵਾਰ ਮੇਂ ਜੈਸਾ ਜੈਸਾ ਦੇਣਾ ਲੈਣਾ ਸੀ, ਸੋ ਦਿੱਤਾ ਲਿਆ।"

-ਸਤਿਗੁਰੂ ਬਿਲਾਸ ਭਾਗ ਪਹਿਲਾ

ਵੱਡੇ ਵੀਰ ਨੂੰ ਅੱਡੇ ਉੱਤੇ ਪਿਤਾ ਨਾਲ ਕੰਮ ਕਰਦਾ ਵੇਖ ਕੇ ਇਹਨਾਂ ਤੇਸੇ-ਆਰੀ ਜਾਂ ਸਥਰੇ-ਹਥੌੜੀ ਨਾਲ ਠੁਕ ਠੁਕ ਕਰਨੀ ਸ਼ੁਰੂ ਕੀਤੀ। ਇਹਨਾਂ ਨੂੰ ਪਤਾ ਸੀ ਕਿ ਵੱਡੇ ਨੇ ਭਾਵੇਂ ਕਾਰਖਾਨੇ ਕੰਮ ਕਰਨਾ ਹੋਵੇ ਜਾਂ ਡੰਗਰ ਵੱਛਾ ਚਰਾਉਣਾ ਹੋਵੇ, ਉਹ ਭਜਨ ਬੰਦਗੀ ਨੂੰ ਵੱਧ ਸਮਾਂ ਦੇਂਦੇ ਸਨ। ਵਾਗੀ ਸਾਥੀਆਂ ਨਾਲ ਖੇਡਦੇ ਵੀ ਘੱਟ ਹੀ ਸਨ। ਬੱਸ ਬੈਠ ਕੇ ਭਜਨ ਕਰਦੇ ਸਨ। ਕਿਸੇ ਦੇ ਖੇਤ ਵਿੱਚ ਉਹਨਾਂ ਦੇ ਪਸੂ ਪੈਣ ਦਾ ਕਦੀ ਕੋਈ ਉਲਾਂਭਾ ਵੀ ਨਹੀਂ ਸੀ ਆਇਆ। ਵੱਡਿਆਂ ਜਦ ਨਾਮ ਦੇ ਰੰਗ ਵਿੱਚ ਰਹਿਣਾ ਤਾਂ ਛੋਟਿਆਂ ਨੇ ਹੋਰ ਤਨਦੇਹੀ ਨਾਲ ਕੰਮ ਕਰਨਾ। ਉਹਨਾਂ ਬਾਬਾ ਜੀ ਨਾਲ ਕੰਮਕਾਰ ਜ਼ੁੰਮੇਵਾਰੀ ਨਾਲ ਕਰਵਾਉਣਾ, ਰੰਬਾ ਫਾਲ ਚੰਡਣਾ, ਦਾਤੀਆਂ ਦੇ ਦੰਦੇ ਤਿੱਖੇ ਕਰਨੇ। ਉਹਨਾਂ ਚਾਮਟੇ-ਘੜਵੰਜੀਆਂ ਬਣਾਉਣੇ। ਮੰਜੀ-ਪੀੜ੍ਹੀ ਨੂੰ ਫਾਲ-ਪੱਚਰ ਲਾਉਣੀ। ਕਿੱਲੇ ਘੜਨੇ ਤੇ ਹੋਰ ਨਿੱਕਾ ਮੋਟਾ ਸਮਾਨ ਬਣਾਉਣਾ। ਉਹ ਪਿਤਾ ਦਾ ਹੱਥ ਵਟਾਉਣ ਤੋਂ ਸ਼ੁਰੂ ਕਰ ਕੇ ਸਾਫ਼ ਸੁਥਰਾ, ਸੁਚੱਜਾ ਕੰਮ ਕਰਨ ਵਾਲੇ ਕਾਰੀਗਰ ਬਣਦੇ ਗਏ।

ਬਾਬਾ ਜੀ ਨੇ ਵੱਡੇ ਸਪੁੱਤਰ ਨੂੰ ਪੜ੍ਹਨ ਲਈ ਬਿਲਗੇ ਜ਼ਿਲ੍ਹਾ ਜਲੰਧਰ ਦੇ ਇੱਕ ਸਾਧੂ ਕੋਲ ਭੇਜਿਆ ਸੀ। ਉਹ ਉੱਥੇ, ਬਹੁਤਾ ਚਿਰ ਨਾ ਰਹੇ ਮਹੀਨੇ ਕੁ ਪਿਛੋਂ ਹੀ ਮੁੜ ਆਏ। ਉਹਨਾਂ ਛੋਟੇ ਵੀਰ ਬੁੱਧ ਸਿੰਘ ਨਾਲ ਗੱਲ ਸਾਂਝੀ ਕੀਤੀ ਕਿ ਉਹ ਉਥੇ ਕੋਈ ਖ਼ਾਸ ਪੜ੍ਹਨ ਨਹੀਂ ਸਨ ਗਏ, ਸੈਰ ਸਪਾਟਾ ਕਰਨ ਗਏ ਸਨ, ਸੋ ਕਰ ਕੇ ਮੁੜ ਆਏ।

ਅਸਲ ਪੜ੍ਹਾਈ ਤਾਂ ਮਾਤਾ ਸਦਾ ਕੌਰ ਨੇ ਕਰਵਾ ਦਿੱਤੀ ਸੀ। ਉਸ ਨੇ ਦੋਹਾਂ ਪੁੱਤਾਂ ਨੂੰ ਗੁਰਮੁਖੀ ਅੱਖਰਾਂ ਦਾ ਗਿਆਨ ਦਿੱਤਾ। ਉਹਨਾਂ ਨੇ ਸ਼ਰਧਾ-ਭਗਤੀ ਤੇ ਪ੍ਰੇਮ-ਭਾਵ ਦੀਆਂ ਗਾਥਾਵਾਂ ਸੁਣਾ ਕੇ ਦੋਹਾਂ ਵਿੱਚ ਸ਼ਰਧਾ, ਗਿਆਨ ਤੇ ਸੂਝ ਵਿੱਚ ਵਾਧਾ ਕੀਤਾ। ਉਸ ਨੇ, ਉਹਨਾਂ ਨੂੰ ਪੂਜਾ-ਪਾਠ ਕਰਨ ਦੀ ਪ੍ਰੇਰਨਾ ਦਿੱਤੀ।

ਬਾਬਾ ਜੀ ਦੇ ਦੋਵੇਂ ਪੁੱਤ ਕੜੀ ਵਰਗੇ ਜਵਾਨ ਨਿਕਲੇ। ਉਹਨਾਂ ਨੂੰ ਤੱਕਿਆਂ ਭੁੱਖ ਲਹਿੰਦੀ ਸੀ। ਵੱਡੇ ਦਾ ਸਰੂ ਜਿਹਾ ਕੱਦ, ਲੰਮਾ ਨੱਕ, ਹੰਸ ਵਰਗੀ ਲੰਮੀ ਧੌਣ, ਚਮਕੀਲੇ ਨੈਣ, ਚੌੜਾ ਮੱਥਾ, ਬਰੀਕ ਤੇ ਨਾਜ਼ਕ ਬੁਲ੍ਹ, ਆਜ਼ਾਨ ਬਾਹੂ, ਛੋਟੀ ਗੋਲ ਦਾੜ੍ਹੀ, ਮੁਛਹਿਰੇ, ਭਰਵਾਂ ਚਿਹਰਾ ਤੇ ਗੋਰਾ ਨਿਛੋਹ ਰੰਗ ਸੀ ਅਤੇ ਛੋਟੇ ਬੁੱਧ ਸਿੰਘ ਦਾ ਵੀ ਕੱਦ ਲੰਮਾ, ਨੇਤਰ ਮੋਟੇ, ਉੱਚੀ-ਲੰਮੀ ਗਰਦਨ, ਨੱਕ ਏਨਾ ਲੰਮਾ ਕਿ ਜਲ ਛਕਣ ਲੱਗਿਆਂ ਪਾਣੀ ਵਿੱਚ ਡੁੱਬ ਜਾਂਦਾ ਸੀ। ਰੰਗ ਉਹਨਾਂ ਦਾ ਸਾਂਵਲਾ ਸੀ। ਉਹ ਵੀ ਮੁੱਛ

ਫੁੱਟ ਜਵਾਨ ਨਿਕਲੇ। ਪਿਤਾ ਨੇ ਆਪਣੇ ਕੰਮ ਵਧਾਉਣ ਦੀ ਵਿਉਂਤ ਸੋਚੀ ਤਾਂ ਹੋਰ ਜ਼ਮੀਨ ਹਿੱਸੇ ਤੇ ਲੈ ਲਈ। ਹੁਣ ਅੱਡੇ ਤੇ ਕੰਮ ਦੇ ਨਾਲ ਵਾਹੀ ਖੇਤੀ ਵੱਲ ਵੀ ਉਚੇਚਾ ਧਿਆਨ ਦੇਣ ਦੀ ਲੋੜ ਸੀ, ਸੋ ਦਿੱਤਾ ਗਿਆ। ਇਹਨਾਂ ਜ਼ਿੰਦਗੀ ਦਾ ਇਕੋ ਹੀ ਅਸੂਲ ਬਣਾ ਲਿਆ ਜਿਹੜਾ ਵੀ ਕੰਮ ਵੱਡੇ ਵੀਰ ਨੇ ਜਾਂ ਪਿਤਾ ਜੀ ਨੇ ਦੱਸਣਾ ਹੈ, ਮੋੜਾ ਨਹੀਂ ਦੇਣਾ। ਕੰਮ ਕਰਨ ਵਿੱਚ ਢਿੱਲ ਵੀ ਨਹੀਂ ਵਰਤਣੀ ਤੁਰਤ ਫੁਰਤ ਉੱਦਮ ਨਾਲ ਕੰਮ ਕਰਨਾ। ਘਰੋਂ ਖੇਤ, ਖੇਤੋਂ ਦੁਕਾਨ।

1837 ਈ. ਵਿੱਚ ਵੱਡਿਆਂ ਨੂੰ ਆਪਦੇ ਭਣਵਈਏ ਕਾਬਲ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਲਾਹੌਰ ਭਰਤੀ ਕਰਵਾ ਦਿੱਤਾ। ਉਹ ਆਪ ਵੀ ਖ਼ਾਲਸਾ ਫ਼ੌਜ ਵਿੱਚ ਜਮਾਂਦਾਰ ਦੇ ਅਹੁਦੇ ਉੱਤੇ ਸੀ ਤੇ ਚੰਗਾ ਗੋਲਾ ਅੰਦਾਜ਼ ਸੀ। ਉਹ ਪੱਕਾ ਨਿਸ਼ਾਨਚੀ ਸੀ।

ਕੁਦਰਤੀ ਸੀ ਕਿ ਘਰ ਦਾ ਕੰਮ ਗੱਭਰੂ ਬੁੱਧ ਸਿੰਘ ਦੇ ਸਿਰ ਆ ਪਿਆ। ਉਹ ਬਾਬਾ ਜੀ ਦੇ ਇਸ਼ਾਰੇ ਅਨੁਸਾਰ ਜਾਂ ਸਲਾਹ ਨਾਲ ਕੰਮ ਕਰਦੇ। ਉਹਨਾਂ ਵਾਹੀ ਤੇ ਕਾਰੀਗਰੀ ਦੋਹਾਂ ਥਾਵਾਂ ਦੇ ਕੰਮ ਖਿੜੇ ਮੱਥੇ ਕਰਨੇ ਸ਼ੁਰੂ ਕੀਤੇ। ਸੰਨ੍ਹੀ ਦੀ ਪਕੜ ਹੋਰ ਮਜਬੂਤ ਹੁੰਦੀ ਗਈ, ਹਥੌੜੇ -ਹਥੌੜੀ ਦੀ ਸੱਟ ਹੋਰ ਜ਼ੋਰ ਨਾਲ ਥਾਂ ਸਿਰ ਮਾਰੀ ਜਾਣ ਲੱਗੀ, ਕਦੀ ਤਲੀ ਵੱਲੋਂ ਕਦੀ ਡੰਗੇ ਵਲੋਂ।

ਇੰਜ ਪਿੰਡ ਦੇ ਸਿੱਧੇ-ਸਾਦੇ, ਛਲ ਕਪਟ ਰਹਿਤ ਵਾਤਾਵਰਨ ਵਿੱਚ ਵਿੱਚਰ ਕੇ ਇਹਨਾਂ ਨੇ ਪਿਤਾ ਤੇ ਵੱਡੇ ਭਰਾ ਦੀ ਅਗਵਾਈ ਹੇਠ ਬਹੁਤ ਕੁਝ ਗ੍ਰਹਿਣ ਕੀਤਾ। ਆਲੇ ਦੁਆਲੇ ਦੇ ਮਨੁੱਖੀ ਭਾਈਚਾਰੇ ਤੇ ਕੁਦਰਤੀ ਮਾਹੌਲ ਨੇ ਆਪ ਨੂੰ ਆਪਣੇ ਹੋਰ ਨੇੜੇ ਕਰ ਲਿਆ। ਉਸ ਨਾਲ ਆਪ ਨੂੰ ਮੋਹ ਹੋ ਗਿਆ। ਇਸ ਮਾਹੌਲ ਵਿੱਚ ਜਿੱਥੇ ਆਪ ਦਾ ਨਰੋਆ ਸਰੀਰ ਜਵਾਨ ਹੋਇਆ, ਓਥੇ ਆਪ ਅੰਦਰ ਮਨੋਭਾਵਾਂ ਦੀ ਪਵਿੱਤਰਤਾ ਤੇ ਦ੍ਰਿੜ ਇਰਾਦੇ ਨੇ ਵੀ ਘਰ ਕਰ ਲਿਆ। ਇਹੀ ਇਹਨਾਂ ਦੇ ਘਰ-ਗ੍ਰਿਸਤੀ ਚਲਾਉਣ ਦੀ ਸ਼ੁਰੂਆਤ ਸੀ।

ਉਹਨਾਂ ਨੇ ਵੇਖਿਆ ਕਿ ਉਹਨਾਂ ਦੀ ਪੈਲੀ ਨੂੰ ਵਾਹੁਣ ਬੀਜਣ ਦੀ ਹੀ ਲੋੜ ਸੀ, ਰਾਖੀ ਕਰਨ ਦੀ ਕੋਈ ਲੋੜ ਨਹੀਂ ਸੀ। ਲੋਕ ਤਾਂ ਆਪ ਹੀ ਬਾਬੇ ਦੀ ਪੈਲੀ ਵਿੱਚੋਂ ਸਾਗ ਗੰਦਲ ਨਾ ਤੋੜਨ ਤੇ ਪੱਠੇ ਨਾ ਵੱਢਣ ਬਾਰੇ ਚੇਤੰਨ ਸਨ। ਬੱਸ ਫਸਲ ਪੱਕਣ ਉੱਤੇ ਵੱਢ ਕੇ ਘਰ ਲੈ ਆਉਣੀ ਹੁੰਦੀ ਸੀ।

ਕਾਰਖਾਨੇ ਜਾਂ ਅੱਡੇ ਉੱਤੇ ਵੀ ਕਈ ਵੇਰ ਕੰਮ ਬਹੁਤਾ ਨਹੀਂ ਸੀ ਹੁੰਦਾ। ਘਣ ਤਾਂ ਸ਼ਾਇਦ ਕਦੀ ਹੀ ਵਾਹੁਣਾ ਪੈਂਦਾ ਸੀ। ਪਰਨਾਹੀ ਵੀ ਸਦਾ ਨਹੀਂ ਸੀ ਖਿੱਚਣੀ ਪੈਂਦੀ। ਭੱਠੀ ਵਿੱਚ ਲਾਲ ਸੂਹੇ ਹੋਏ ਲੋਹੇ ਨੂੰ ਸੰਨ੍ਹੀ ਨਾਲ ਫੜ ਕੇ ਅਹਿਰਨ ਉੱਤੇ ਰੱਖ ਕੇ ਹਥੌੜੇ ਦੀਆਂ ਸੱਟਾਂ ਨਾਲ ਕੁੱਟਣ, ਠੱਪਣ, ਕੱਟਣ ਦੀ ਲੋੜ ਤਾਂ ਭੱਠੀ ਤਾਉਣ ਵੇਲੇ ਹੀ ਹੋ ਸਕਦੀ ਸੀ। ਸੋ ਕਈ ਵਾਰ ਏਨਾ ਕੁ ਹੀ ਕੰਮ ਹੁੰਦਾ ਸੀ ਕਿ ਬਾਬਾ ਜੱਸਾ ਸਿੰਘ ਹੀ ਨਬੇੜ ਸਕਦੇ ਸਨ।

ਸੋ ਮਹਾਰਾਜ ਬੁੱਧ ਸਿੰਘ ਜੀ ਨੇ ਬਾਬਾ ਜੀ ਨਾਲ ਸਲਾਹ ਕੀਤੀ ਅਤੇ ਗੱਡਾ ਤਿਆਰ ਕਰ ਲਿਆ। ਗੱਡੇ ਉੱਤੇ ਲੋੜ ਅਨੁਸਾਰ ਪੇਠਾ-ਦੱਥਾ ਲਿਆਉਂਦੇ ਤੇ ਦਾਣਾ-ਫੱਕਾ ਲੈ ਕੇ ਵੇਚਣ ਜਾਂਦੇ। ਆਪ ਨੇ ਕਿਰਾਏ ਤੇ ਗੱਡਾ ਵਾਹੁਣਾ ਵੀ ਸ਼ੁਰੂ ਕੀਤਾ।

ਲਹੌਰ ਤੋਂ ਕਦੀ ਕਦਾਈਂ ਖ਼ਾਲਸਾ ਰਾਜ ਦੀ ਖ਼ਬਰ ਆ ਜਾਂਦੀ ਸੀ। ਲੋੜ ਅਨੁਸਾਰ ਕਿਸੇ ਪਿੰਡ ਦਾ ਕੋਈ ਫ਼ੌਜੀ ਛੁੱਟੀ ਵੀ ਆ ਜਾਂਦਾ ਸੀ। ਇਹ ਵੀ ਪਤਾ ਲੱਗਦਾ ਰਿਹਾ ਸੀ ਕਿ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟ ਜਾਣ ਪਿਛੋਂ ਮਹਾਰਾਜਾ ਖੜਕ ਸਿੰਘ ਦੇ ਕੁਝ ਕਾਬੂ ਨਹੀਂ ਸੀ ਆ ਰਿਹਾ। ਸਾਲ ਕੁ ਪਿੱਛੋਂ ਉਸ ਦੇ ਨਾ ਰਹਿਣ ਬਾਅਦ ਤੇ ਨਾਲ ਹੀ ਕੰਵਰ ਨੌਨਿਹਾਲ ਸਿੰਘ ਦਾ ਭੋਗ ਪੈਣ ਨਾਲ ਤਾਂ ਤਖ਼ਤੇ-ਤਾਊਸ ਡੋਲਦਾ ਲੱਗਦਾ ਸੀ ਪਰ ਫ਼ੌਜੀ ਜਵਾਨ ਤਾਂ ਹੁਕਮੀ ਬੰਦੇ ਸਨ।

1841 ਵਿੱਚ ਲਾਹੌਰੋਂ, ਪਿਸ਼ਾਵਰ ਖ਼ਜ਼ਾਨਾ ਲੈਣ ਗਈ ਫ਼ੌਜੀ ਟੁਕੜੀ ਵਿੱਚ ਬਾਬਾ ਜੀ ਦੇ ਵੱਡੇ ਸਪੁੱਤਰ ਨੂੰ ਵੀ ਭੇਜਿਆ ਗਿਆ। ਰਸਤੇ ਵਿੱਚ ਹਜ਼ਰੋਂ ਪਹੁੰਚੇ ਤਾਂ ਉਹ ਸਤਿਗੁਰੂ ਬਾਲਕ ਸਿੰਘ ਦੇ ਦਰਸ਼ਨ ਕਰਨ ਗਏ। ਮੱਥਾ ਟੇਕਿਆ, ਨਾਮ ਦੀ ਦਾਤ ਮੰਗੀ ਤਾਂ ਸ੍ਰੀ ਸਤਿਗੁਰੂ ਜੀ ਨੇ ਕੋਲ ਬਿਠਾ ਲਿਆ। ਇਹਨਾਂ ਦੇ ਕੰਨ ਵਿੱਚ ਭਜਨ ਦਿੱਤਾ। ਉਹ ਗੱਦੀ ਤੋਂ ਉੱਠੇ, ਉਹਨਾਂ ਥਾਲ ਵਿੱਚ ਪੰਜ ਪੈਸੇ ਤੇ ਨਾਰੀਅਲ ਰੱਖ ਕੇ, ਆਪ ਅੱਗੇ ਧਰ ਕੇ, ਪੰਜ ਪਰਕਰਮਾਂ ਕਰਕੇ ਮੱਥਾ ਟੇਕ ਕੇ, ਤਖ਼ਤ-ਚਵਰ ਦੀ ਅਮਾਨਤ ਸੌਂਪੀ। ਉਹਨਾਂ ਇਹਨਾਂ ਨੂੰ ਨਾਮ ਜਪਣ ਤੇ ਜਪਾਉਣ ਲਈ ਬਚਨ ਕੀਤਾ। ਇੱਕ ਸਧਾਰਨ ਫ਼ੌਜੀ ਹੁਣ ਸਤਿਗੁਰੂ ਬਾਲਕ ਸਿੰਘ ਦੀ ਗੱਦੀ ਉੱਤੇ ਬਿਰਾਜਮਾਨ ਹੋਇਆ ਸਤਿਗੁਰੂ ਰਾਮ ਸਿੰਘ ਸੀ। ਇਹ ਗੱਦੀ ਗੁਰੂ ਨਾਨਕ ਦੀ ਸੀ।

ਇਸ ਸਮੇਂ ਦਾ ਨਜ਼ਾਰਾ ਜਿਨ੍ਹਾਂ ਫ਼ੌਜੀ ਸਿੱਖਾਂ ਤੱਕਿਆ ਉਹਨਾਂ ਵਡਭਾਗੇ ਸਿੱਖਾਂ ਵਿੱਚ ਕਾਹਨ ਸਿੰਘ ਹਵਾਲਦਾਰ ਵੱਡਾ ਚੱਕ, ਮਤਾਬ ਸਿੰਘ

ਉਬੋਕੇ, ਦੂਲਾ ਸਿੰਘ ਰਾਣੇਆਣੀਆਂ, ਅਨੋਖਾ ਸਿੰਘ ਬਿੱਲੀਆਂ ਜਲੰਧਰ, ਬਘੇਲ ਸਿੰਘ ਰਾਜਾਜੰਗ, ਜੋਤਾ ਸਿੰਘ ਢਪਈ, ਕਾਹਨ ਸਿੰਘ ਫ਼ਿਰੋਜਪੁਰ, ਜਮੀਅਤ ਸਿੰਘ ਗਿੱਲ, ਬੁਧ ਸਿੰਘ ਗੁੱਜਰਵਾਲ, ਮਤਾਬ ਸਿੰਘ ਹਠੂਰ, ਹਰਸਾ ਸਿੰਘ ਕੰਗਣ, ਆਦਿ 25 ਸਰੀਰ ਸਨ।

ਸਤਿਗੁਰੂ ਰਾਮ ਸਿੰਘ ਮਸਤੀ ਦੇ ਆਲਮ ਵਿੱਚ ਰਹਿੰਦੇ, ਭਜਨ-ਬੰਦਗੀ ਕਰਦੇ ਤੇ ਫ਼ੌਜੀ ਜ਼ੁੰਮੇਵਾਰੀਆਂ ਨਿਭਾਉਂਦੇ ਰਹੇ। ਆਪ ਜਦ ਘਰ ਛੁੱਟੀ ਆਉਂਦੇ ਤਾਂ ਆਪਦੇ ਭਾਈ ਬੁੱਧ ਸਿੰਘ ਜੀ ਦਾ ਚਾਅ ਵੀ ਨਾ ਲੱਥਦਾ ਕਿ ਛੁੱਟੀ ਖ਼ਤਮ ਹੋ ਜਾਂਦੀ। 1845 ਈ: ਵਿੱਚ ਆਪ ਤਿੰਨ ਕੁ ਮਹੀਨੇ ਦੀ ਛੁੱਟੀ ਲੈ ਕੇ ਆਏ। ਭਾਈ ਬੁੱਧ ਸਿੰਘ ਨੇ ਸੋਚਿਆ ਕਿ ਤਿੰਨ ਮਹੀਨੇ ਬੈਠ ਕੇ ਭਰਾ ਨਾਲ ਘਰ-ਪਰਵਾਰ ਦੀਆਂ ਗੱਲਾਂ ਕਰਾਂਗੇ। ਪਰਵਾਰ ਦੇ ਚੰਗੇਰੇ ਭਵਿਖ ਲਈ ਹੋਰ ਪ੍ਰੋਗਰਾਮ ਉਲੀਕੇ ਜਾਣਗੇ। ਇਹ ਘਰ ਰਹਿਣਗੇ ਸੋ ਲੋੜ ਅਨੁਸਾਰ ਗੱਡਾ ਵਾਹੁਣ ਜਾਣ ਸਮੇਂ ਘਰ ਵਲੋਂ ਬੇਫ਼ਿਕਰੀ ਰਹੇਗੀ। ਮਾਤਾ-ਪਿਤਾ ਦੀ ਸੇਵਾ ਹੁੰਦੀ ਰਹੇਗੀ ਅਤੇ ਕੰਮ ਵਿੱਚ ਹੱਥ ਵਟਾਇਆ ਜਾਂਦਾ ਰਹੇਗਾ। ਪਰ ਛੇਤੀ ਹੀ ਹੋਰ ਫ਼ੌਜੀਆਂ ਵਾਂਗ ਉਹਨਾਂ ਨੂੰ ਵੀ ਵਾਪਸ ਮੁੜਨ ਦੀ ਚਿੱਠੀ ਆ ਗਈ।

ਅੰਗਰੇਜ਼ ਗਵਰਨਰ ਜਨਰਲ ਲਾਰਡ ਹਾਰਡਿੰਗ, ਜਿਸ ਨੂੰ ਟੁੰਡੀਲਾਟ ਵੀ ਕਹਿੰਦੇ ਸਨ, ਪੰਜਾਬ ਉੱਤੇ ਚੜ੍ਹ ਆਇਆ ਸੀ। ਉਸ ਨੇ ਜਿਵੇਂ ਫੌਜਾਂ ਚੜ੍ਹਾਈਆਂ ਸਨ ਉਸ ਤੋਂ ਲੱਗਦਾ ਸੀ ਕਿ ਮਹਾਂ ਸੰਗਰਾਮ ਹੋਵੇਗਾ। ਸੋ ਸਭ ਦੀ ਛੁੱਟੀ ਮਨਸੂਖ਼ ਕੀਤੀ ਗਈ ਸੀ। ਸਭ ਨੂੰ ਲਾਹੌਰ ਦਰਬਾਰ ਵਲੋਂ ਘਰੋ ਘਰੀਂ ਚਿੱਠੀਆਂ ਭੇਜ ਦਿੱਤੀਆਂ ਗਈਆਂ ਸਨ। ਸਤਿਗੁਰੂ ਜੀ ਨੇ ਵਾਪਸੀ ਦੀ ਤਿਆਰੀ ਕੀਤੀ।

ਮਾਤਾ ਸਦਾ ਕੌਰ ਨੇ ਸਤਿਗੁਰੂ ਜੀ ਦੇ ਕੰਨਾਂ ਵਿੱਚ ਤੁੰਗਲ (ਵਾਲੇ) ਪਾ ਦਿੱਤੇ। ਉਸ ਨੇ ਗਲ ਵਿੱਚ ਕੰਠਾ ਵੀ ਪਾ ਦਿੱਤਾ। ਬਾਬਾ ਜੀ ਨੂੰ ਪਤਾ ਸੀ ਕਿ ਉਹ ਰੂਹਾਨੀ ਬਿਰਤੀ ਦੇ ਹਨ ਸੋ ਉਹਨਾਂ ਦਾ ਸੋਨੇ-ਰੂਪੇ ਨਾਲ ਕਿੰਨਾ ਕੁ ਮੋਹ ਹੋਣਾ ਸੀ ! ਇਸ ਲਈ ਉਹਨਾਂ ਨੇ ਛੋਟੇ ਪੁੱਤ ਬੁੱਧ ਸਿੰਘ ਨੂੰ ਨਾਲ ਜਾਣ ਵਾਸਤੇ ਕਿਹਾ ਤਾਂਕਿ ਜਿੱਥੇ ਉਹ ਗਹਿਣੇ ਲਾਹ ਦੇਣ ਇਹ ਲੈ ਕੇ ਮੁੜ ਆਉਣ। ਨਾਲੇ ਉਹ ਧਿਆਨ ਰੱਖੇ ਕਿ ਇਹ ਮਸਤਾਨੀ ਬਿਰਤੀ ਵਿੱਚ ਹੁੰਦੇ ਹਨ ਕੋਈ ਹੋਰ ਉਹਨਾਂ ਦੇ ਗਹਿਣੇ ਨਾ ਲਾਹ ਲਵੇ।

ਵੱਡੇ ਵੀਰ ਦੀ ਕੱਪੜਿਆਂ ਦੀ ਗਠੜੀ ਨਾਲ ਕੁਝ ਮਾਇਆ ਲੈ ਕੇ ਪਿਤਾ ਜੀ ਦੀ ਆਗਿਆ ਅਨੁਸਾਰ, ਛੋਟੇ ਲਾਹੌਰ ਨੂੰ, ਨਾਲ ਤੁਰ ਪਏ। ਰਸਤੇ

ਵਿੱਚ ਬਿਲਗਾ (ਜ਼ਿਲ੍ਹਾ ਜਲੰਧਰ) ਪਿੰਡ ਵਿੱਚ ਧਰਮਸਾਲਾ ਸੀ। ਉਹਨਾਂ ਨੇ ਉਥੇ ਜਾ ਉਤਾਰਾ ਕੀਤਾ। ਉੱਥੇ ਰਹਿੰਦਾ ਬਾਵਾ ਬੜੇ ਕੌੜੇ ਸੁਭਾਅ ਦਾ ਸੀ। ਉਹ ਖਿੱਝ-ਖਿੱਝ ਕੇ ਪੈਂਦਾ ਸੀ। ਉਹ ਕਹੇ ਕਿਧਰੋਂ ਬਲਾਈਂ ਆ ਪਈਆਂ ਹਨ। ਸਤਿਗੁਰੂ ਜੀ ਨੇ ਬਚਨ ਕੀਤਾ ਅੱਜ ਬਾਬੇ ਦੀ ਖੇਪ ਮਾਰੀ ਗਈ। ਉਸ ਨੇ ਮੌਜ ਕਰਨੀ ਸੀ, ਉਸ ਨੇ ਬੜਾ ਕੌੜਾ ਵੇਖਿਆ ਪਰ ਕਹਿ ਕੁਝ ਨਾ ਸਕਿਆ। ਸਤਿਗੁਰੂ ਜੀ ਨੇ ਰਾਤ ਰਹਿ ਕੇ ਕਮਰਕੱਸੇ ਕਰ ਲਏ।

ਅਗਲੀ ਰਾਤ ਆਪ ਜੀਰੇ ਰਹੇ। ਉੱਥੇ ਧਰਮਸਾਲਾ ਦਾ ਬਾਵਾ, ਬਾਬਾ ਰਾਮ ਰਾਏ ਦਾ ਸਿੱਖ ਸੀ। ਉਸ ਦਾ ਪਹਿਰਾਵਾ ਵੇਖ ਕੇ ਸਤਿਗੁਰੂ ਜੀ ਨੇ ਛੇੜਿਆ, ਕੇਹਾ ਕੰਜਰਾਂ ਵਾਲਾ ਬਾਣਾ ਹੈ। ਤੇਰੇ ਸਿੱਖ ਵੀ ਕੰਜਰ ਹੀ ਹੋਣਗੇ। ਉਹ ਬੁੜ ਬੁੜ ਕਰਦਾ ਰਿਹਾ ਪਰ ਮੋੜਾ ਨਾ ਦਿੱਤਾ।

ਅੱਗੇ ਜਾ ਕੇ ਦੋਵੇਂ ਭਾਈ ਕਿਸੇ ਗ਼ਰੀਬ ਦੇ ਘਰ ਜਾ ਕੇ ਠਹਿਰੇ। ਉਸ ਨੇ ਚਾਅ ਨਾਲ ਵਿੱਤ ਤੋਂ ਵੱਧ ਸੇਵਾ ਕੀਤੀ। ਉੱਥੋਂ ਤੁਰਨ ਲੱਗਿਆਂ ਉਸ ਨੂੰ ਤੁੰਗਲ ਲਾਹ ਕੇ ਦੇ ਦਿੱਤੇ ਤੇ ਨਾਲ ਬਾਈ ਰੁਪਈਏ। ਜਦ ਭਾਈ ਬੁੱਧ ਸਿੰਘ ਨੇ ਪੁੱਛਿਆ ਤਾਂ ਕਹਿਣ ਲੱਗੇ, "ਖ਼ੁਆਜ਼ਾ ਭੁੱਖਾ ਮਰਦਾ ਸੀ, ਦੇ ਆਇਆ ਹਾਂ", ਉਹਨਾਂ ਸਤਿਬਚਨ ਕਿਹਾ।

ਅੱਗੇ ਗਏ ਤਾਂ ਰਾਹ ਵਿੱਚ ਸੌ ਕੁ ਮੁਸਲਮਾਨ ਨਜ਼ਰ ਆਏ। ਉਹ ਲੁਟੇਰੇ ਸਨ। ਸਤਿਗੁਰੂ ਜੀ ਨੇ ਕੰਗਣ ਲਾਹ ਕੇ ਪਹਿਲਾਂ ਗਠੜੀ ਵਿੱਚ ਰੱਖਿਆ ਹੋਇਆ ਸੀ। ਆਪ ਨੇ ਬਿਨਾ ਹੀਲ-ਹੁੱਜਤ ਦੇ ਗੱਠੜੀ ਉਹਨਾਂ ਨੂੰ ਦੇ ਦਿੱਤੀ (ਗਲ ਦੇ ਕੱਪੜੇ ਹੀ ਰਹਿ ਗਏ) ਤੇ ਕਿਹਾ, "ਹੁਣ ਸੌਖੇ ਹਾਂ"।

ਰਸਤੇ ਵਿੱਚ ਇੱਕ ਥੇਹ ਆਇਆ। ਸਤਿਗੁਰੂ ਜੀ ਨੇ ਬਚਨ ਕੀਤਾ ਇਸ ਵਿੱਚ ਮਾਇਆ ਦੱਬੀ ਪਈ ਹੈ। ਤੈਥੋਂ ਕੱਢੀ ਨਹੀਂ ਜਾਣੀ ਤੂੰ ਵਾਪਸ ਮੁੜ ਜਾ। ਛੋਟੇ ਵੀਰ ਨੇ ਬਚਨ ਮੰਨਿਆਂ ਤੇ ਵਾਪਸ ਮੁੜ ਆਏ। ਘਰ ਪਹੁੰਚ ਕੇ ਉਹਨਾਂ ਨੇ ਬਾਬਾ ਜੀ ਨੂੰ ਸ੍ਰੀ ਸਤਿਗੁਰੂ ਜੀ ਦੀ ਬੇਪਰਵਾਹੀ ਦੀ ਸਾਰੀ ਵਾਰਤਾ ਸੁਣਾਈ।

ਵੀਰ ਬੁੱਧ ਸਿੰਘ ਆ ਕੇ ਅਪਣੇ ਨਿੱਤ ਦੇ ਕੰਮ ਧੰਦੇ ਜੁੱਟ ਗਏ। ਉਹਨਾਂ ਦੀ ਖੁਸ਼ੀ ਦਾ ਉਦੋਂ ਪਾਰਾਵਾਰ ਨਾ ਰਿਹਾ ਜਦ ਸਤਿਗੁਰੂ ਰਾਮ ਸਿੰਘ ਜੀ ਫ਼ੌਜੀ ਨੌਕਰੀ ਨੂੰ ਤਿਲਾਂਜਲੀ ਦੇ ਕੇ 1845 ਈ. ਵਿੱਚ ਹੀ ਵਾਪਸ ਆ ਗਏ। ਉਹ ਉਹਨਾਂ ਕੰਮਾਂਕਾਰਾਂ ਦੀਆਂ ਗੋਂਦਾਂ ਗੁੰਦਣ ਲੱਗੇ, ਜਿਹੜੇ ਦੋਹਾਂ ਭਰਾਵਾਂ ਨੇ ਆਪਣੇ ਘਰ-ਪਰਵਾਰ ਲਈ ਕਰਨੇ ਸਨ ਜਿਸ ਦਾ ਲਾਭ ਘਰ-ਗ੍ਰਿਸਤੀ ਨੂੰ ਹੋਣਾ ਹੀ ਸੀ।

*

# ਕਿਰਤ-ਕਮਾਈ

ਛੋਟੇ ਭਾਈ ਬੁੱਧ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਅਜੇ ਲਹੌਰੋਂ ਵਾਪਸੀ ਦਾ ਚਿਤ ਚੇਤਾ ਵੀ ਨਹੀਂ ਸੀ ਕਿ ਜਦੋਂ ਉਹ ਅਚਾਨਕ ਘਰ ਆ ਗਏ। ਉਹਨਾਂ ਨਾਲ, ਉਹਨਾਂ ਦੀ ਮਾਮੀ ਰਾਮੀ ਵੀ ਸੀ। ਅਸਲ ਵਿੱਚ ਸਤਿਲੁਜ ਪਾਰ ਕਰ ਕੇ ਉਹ ਲੁਧਿਆਣੇ ਆਪਣੇ ਮਾਮਾ ਹਰੀ ਸਿੰਘ ਘਰ ਆ ਗਏ ਸਨ। ਮਾਮੀ ਸਦਾ ਹੀ ਯੁੱਧ ਦੇ ਮਾਹੌਲ ਬਾਰੇ ਸੁਣ ਕੇ ਆਪਣੇ ਦੋਹਤਰੇ ਦੇ ਸੁੱਖੀਂ-ਸਾਂਦੀਂ ਘਰ ਪਹੁੰਚਣ ਲਈ ਗੁਰੂ ਨਾਨਕ ਦੇਵ ਜੀ ਤੇ ਦੇਵੀ ਦੇਵਤਿਆਂ ਅੱਗੇ ਬੇਨਤੀ ਕਰਦੀ ਰਹਿੰਦੀ ਸੀ। ਮਾਮਾ ਹਰੀ ਸਿੰਘ ਬਾਬੇ ਗੁਰਦਿੱਤੇ ਨੂੰ ਮੰਨਦਾ ਸੀ। ਉਹ ਵੀ ਆਪਣੇ ਭਾਣਜੇ ਨੂੰ ਰਾਜੀ ਬਾਜੀ ਵੇਖਣਾ ਚਾਹੁੰਦਾ ਸੀ। ਉਹ ਵੀ ਬੇਨਤੀਆਂ ਕਰਦਾ ਸੀ। ਸੋ ਸਭ ਉਹਨਾਂ ਨੂੰ ਵੇਖ ਕੇ ਖੁਸ਼ ਹੋਏ। ਪਰ ਸਤਿਗੁਰੂ ਜੀ ਦਾ ਅਸਾਧਾਰਨ ਰੰਗ ਢੰਗ ਵੇਖ ਕੇ ਹੈਰਾਨ ਵੀ ਹੋਏ।

ਮਾਮੀ, ਉਹਨਾਂ ਨੂੰ ਦੁਨੀਆਂਦਾਰੀ ਤੋਂ ਅਨਜਾਣ ਸਮਝਦੀ ਸੀ। ਸਤਿਗੁਰੂ ਰਾਮ ਸਿੰਘ ਜੀ ਦਾ ਦੋਹਾਂ ਲੜਕੀਆਂ ਬੀਬੀ ਨੰਦਾਂ ਤੇ ਬੀਬੀ ਦਇਆ ਕੌਰ ਤੋਂ ਛੋਟਾ ਇੱਕ ਲੜਕਾ ਹੋ ਕੇ ਗੁਜ਼ਰ ਗਿਆ ਸੀ। ਮਾਮੀ ਨੇ ਸਤਿਗੁਰੂ ਜੀ ਨੂੰ ਕਿਹਾ ਕਿ ਚੁੱਪ-ਚਾਪ ਸ੍ਰੀ ਭੈਣੀ ਸਾਹਿਬ ਘਰ ਨਾ ਜਾਈਏ, ਰੋਂਦੇ ਜਾਈਏ ਤਾਂ ਕਿ ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾਂ ਇਹ ਨਾ ਸਮਝਣ ਕਿ ਉਹਨਾਂ ਨੂੰ ਪੁੱਤ ਦਾ ਮੋਹ ਹੀ ਨਹੀਂ ਸੀ। ਮਾਮੀ ਰਾਮੀ ਵੀ ਏਸੇ ਕਰਕੇ ਹੀ ਨਾਲ ਆਈ ਲੱਗਦੀ ਸੀ। ਉਹ ਢੰਡਾਰੀ ਜੰਡਾਲੀ ਵਲੋਂ ਹੁੰਦੇ ਰਾਈਆਂ ਦੇ ਰਸਤੇ ਰਾਹੀਂ ਆਏ ਸਨ। ਪਹੇ ਵਿੱਚ ਤੁਰਿਆਂ ਆਉਂਦਿਆਂ ਮਾਮੀ ਨੇ ਕੂਕ ਮਾਰੀ, ਸਤਿਗੁਰੂ ਜੀ ਨੇ ਵੀ ਉਂਜ ਹੀ ਕੀਤਾ। ਲੋਕ ਖੇਤਾਂ ਵਿੱਚ ਗੋਡੀ ਕਰਦੇ ਸਨ। ਉਹਨਾਂ ਦਾ ਧਿਆਨ ਦੋਹਾਂ ਵਲ ਗਿਆ। ਘਰ ਪਹੁੰਚੇ ਤਾਂ ਮਾਤਾ-ਪਿਤਾ ਵੇਖ ਕੇ ਫੁੱਲੇ ਨਾ ਸਮਾਵਣ।

ਛੋਟੇ ਭਾਈ ਬੁੱਧ ਸਿੰਘ ਘਰ ਆਏ ਤਾਂ ਖੇੜੇ ਵਿੱਚ ਆ ਗਏ। ਉਹਨਾਂ ਸਤਿਕਾਰ ਨਾਲ ਹੱਥ ਜੋੜੇ ਤਾਂ ਵੱਡੇ ਭਰਾ ਨੇ ਕਲਾਵੇ ਵਿੱਚ ਲੈ ਲਿਆ। ਦੋਹਾਂ ਇੱਕ ਦੂਜੇ ਨੂੰ ਘੁੱਟ ਕੇ ਨਿੱਘ ਦਿੱਤਾ। ਛੋਟਿਆਂ ਨੂੰ ਤਸੱਲੀ

ਸੀ ਕਿ ਘਰ ਵਿੱਚ ਇੱਕ ਇਕੱਲਾ ਨਹੀਂ ਦੋ ਗਿਆਰਾਂ ਹੋ ਗਏ ਹਨ। ਉਹਨਾਂ ਕੋਲ ਦੋ ਵੱਡੀਆਂ ਧਿਰਾਂ ਸਨ ਇੱਕ ਪਿਤਾ ਦੀ ਤੇ ਦੂਜੀ ਪਿਤਾ ਤੁੱਲ ਵੱਡੇ ਭਰਾ ਦੀ। ਦੋਵੇਂ ਭਰਾ ਅਰਾਮ ਨਾਲ ਬੈਠ ਗਏ ਤੇ ਲੱਗੇ ਗੱਲਾਂ ਕਰਨ। ਛੋਟੇ ਨੂੰ ਵੱਡਿਆਂ ਨਾਲ ਬਚਨ ਬਿਲਾਸ ਕਰਕੇ ਬੜਾ ਸਕੂਨ ਮਿਲਿਆ। ਦੇਰ ਤੱਕ ਗੱਲਾਂ ਕਰਦਿਆਂ ਪਤਾ ਨਹੀਂ ਕਦੋਂ ਨੀਂਦ ਆ ਗਈ।

ਖੇਤੀ ਵੱਲ ਗੇੜਾ ਮਾਰ, ਗੁਡਾਈ ਆਦਿ ਕਰਕੇ, ਸ੍ਰੀ ਸਤਿਗੁਰੂ ਜੀ ਦੇ ਛੋਟੇ ਭਾਈ ਜੋ ਬਾਅਦ ਵਿੱਚ ਆਪ ਜੀ ਦੇ ਬਚਨ ਅਨੁਸਾਰ ਸਤਿਗੁਰੂ ਹਰੀ ਸਿੰਘ ਦੇ ਰੂਪ ਵਿੱਚ ਪੰਥ ਦੇ ਰਹਿਨੁਮਾ ਬਣੇ, ਗੱਡੇ ਲਈ ਮਾਲ ਭਾੜੇ ਦਾ ਪ੍ਰਬੰਧ ਕਰਨ ਜਾਂਦੇ। ਉਹਨਾਂ ਨੂੰ ਪਤਾ ਹੁੰਦਾ ਕਿ ਕਿਥੋਂ ਮਾਲ ਸਸਤਾ ਮਿਲ ਸਕਦਾ ਹੈ ਅਤੇ ਕਿਸ ਇਲਾਕੇ ਵਿੱਚ ਮਾਲ ਦੀ ਕਮੀ ਹੋਣ ਕਰਕੇ ਚਾਰ ਪੈਸੇ ਵੱਧ ਵੱਟੇ ਜਾ ਸਕਦੇ ਹਨ। ਉਹ ਸਸਤਾ ਮਾਲ ਖ਼ਰੀਦ ਕੇ ਮਹਿੰਗਾ ਵੇਚਣ ਲਈ ਗੱਡਾ ਲੈ ਕੇ ਮੁਸਾਫਰੀ ਉੱਤੇ ਚੱਲ ਪੈਂਦੇ। ਆਪਣੇ ਨਾਲ ਉਹ ਸਦਾ ਇੱਕ ਆਦਮੀ ਰੱਖਦੇ ਤਾਂ ਕਿ ਲੋੜ ਅਨੁਸਾਰ ਮਾਲ ਦਾ ਧਿਆਨ ਰੱਖਿਆ ਜਾ ਸਕੇ ਤੇ ਅਰਾਮ ਕੀਤਾ ਜਾ ਸਕੇ। ਕੱਚੇ ਰਸਤੇ ਸਨ, ਰਾਹ ਵਿੱਚ ਗਾਡੀ-ਰਾਹ ਦੀ ਦੋਹੀਂ ਪਾਸੀਂ ਜੰਗਲ ਹੀ ਹੁੰਦਾ ਸੀ। ਪੈਲੀ ਤਾਂ ਕੋਈ ਪਿੰਡ ਦੇ ਕੋਲ ਹੀ ਵਾਹੁੰਦਾ ਸੀ। ਰਾਹ ਵਿੱਚ ਚੋਰਾਂ ਲੁਟੇਰਿਆਂ ਦਾ ਵੀ ਡਰ ਰਹਿੰਦਾ ਸੀ। ਸੋ ਦੂਜਾ ਵਿਅਕਤੀ ਹੌਂਸਲਾ ਵੀ ਦੇਂਦਾ ਸੀ, ਤਾਕਤ ਵੀ ਦੇਂਦਾ ਸੀ। ਮਾਲ-ਅਸਬਾਬ ਦੀ ਰਾਖੀ ਵੀ ਕਰਦਾ ਸੀ।

ਮੁਸਾਫ਼ਰੀ ਤੇ ਜਾਣ ਤੋਂ ਪਹਿਲਾਂ ਜੇ ਕੋਈ ਫਾਲਾ ਡੰਗਣ ਵਾਲਾ ਹੁੰਦਾ ਤਾਂ ਡੰਗ ਦੇਂਦੇ। ਜੇ ਕੋਈ ਨਿੱਕੇ ਸੰਦ ਬਣਾਉਣੇ ਹੁੰਦੇ, ਸਿੱਪੀ, ਖੁਰਪੀ, ਚਿਮਟਾ, ਦਾਤਰੀ ਜਾਂ ਕੋਈ ਹੋਰ ਤਾਂ ਬਣਾ ਦੇਂਦੇ। ਉਹ ਸਮਾਨ ਉਹਨਾਂ ਦੇ ਅੱਡੇ ਤੇ ਹੀ ਵਿਕ ਜਾਂਦਾ ਸੀ।

ਗੁਰੂ ਹਰੀ ਸਿੰਘ ਜੀ ਦੇ ਸਰੀਰ ਵਿੱਚ ਬੜੀ ਜਾਨ ਸੀ। ਉਹ ਬੜਾ ਚੁਸਤ ਤੇ ਭਰਵਾਂ ਸੀ। ਪੰਜਾਂ ਸਰੀਰਾਂ ਦਾ ਕੰਮ ਉਹ ਇਕੱਠੇ ਹੀ ਕਰਨ ਦੀ ਸਮਰੱਥਾ ਰੱਖਦੇ ਸਨ। ਉਹ ਕਿਸੇ ਚੋਰ ਉਚੱਕੇ ਕੋਲੋਂ ਡਰਦੇ ਨਹੀਂ ਸਨ, ਦਲੇਰ ਸਨ।

ਇੱਕ ਵਾਰ ਉਹ ਗੱਡਾ ਲੱਦ ਕੇ ਫ਼ਿਰੋਜ਼ਪੁਰ ਜਾ ਰਹੇ ਸਨ। ਤਾਕ ਲਾ ਕੇ ਚੋਰ ਆ ਪਏ। ਉਹਨਾਂ ਨੇ ਗੱਡੇ ਵਿੱਚ ਛੁਰਾ ਆ ਮਾਰਿਆ। ਇਹਨਾਂ ਦੇ ਨਾਲ ਦਾ ਬੰਦਾ ਤ੍ਰਬਕ ਗਿਆ। ਪਰ ਇਹਨਾਂ ਉਸ ਨੂੰ ਬਲਦ ਹਿੱਕਣ ਲਈ ਆਖ ਕੇ ਚੋਰਾਂ ਨੂੰ ਲਲਕਾਰਾ ਮਾਰਿਆ। ਉਹਨਾਂ ਨੂੰ ਇਸ ਦੀ ਆਸ ਨਹੀਂ ਸੀ। ਉਹ ਡਰਦੇ ਮਾਰੇ ਭੱਜ ਪਏ। ਇਹ ਚੋਰਾਂ ਦੇ ਮਗਰ ਭੱਜ ਪਏ

ਪਰ ਉਹ ਰਫੂ-ਚਕਰ ਹੋ ਗਏ। ਇਹਨਾਂ ਵੀ ਉਹਨਾਂ ਨੂੰ ਭਜਾਉਣਾ ਹੀ ਸੀ। ਵਾਪਸ ਆ ਕੇ ਗੱਡਾ ਹਿੱਕਣ ਲੱਗ ਪਏ। ਇੱਕ ਵਾਰ ਗੱਡੇ ਤੇ ਬੈਠਿਆਂ ਇਹ ਥੱਕ ਗਏ। ਗੱਡੇ ਤੇ ਬੈਠੇ ਬਿਠਾਇਆਂ ਉਂਘਲਾ ਆ ਗਿਆ। ਇਹ ਗੱਡੇ ਤੋਂ ਹੇਠਾਂ ਅਗਾਂਹ ਨੂੰ ਡਿੱਗ ਪਏ। ਇਸ ਤੋਂ ਪਹਿਲਾਂ ਕਿ ਦੂਸਰਾ ਵਿਅਕਤੀ ਗੱਡਾ ਰੋਕਦਾ ਗੱਡਾ ਹੋਰ ਅਗਾਂਹ ਤੁਰਿਆ ਗਿਆ। ਪਰ ਸ਼ੁਕਰ ਅਕਾਲ ਪੁਰਖ ਦਾ ਕਿ ਇਹ ਦੋਹਾਂ ਪਹੀਆਂ ਦੇ ਵਿੱਚਕਾਰ ਸਨ। ਸੋ ਇਹਨਾਂ ਨੂੰ ਕੋਈ ਸੱਟ ਫੇਟ ਨਾ ਲੱਗੀ। ਇਹ ਉੱਠ ਬੈਠੇ ਕੱਪੜੇ ਝਾੜੇ, ਪ੍ਰਭੂ ਦਾ ਸ਼ੁਕਰ ਕੀਤਾ ਤੇ ਬਲਦ ਹਿੱਕ ਕੇ ਟਿਕਾਣੇ ਪੁੱਜੇ।

ਜਦੋਂ ਵੀ, ਜਿਧਰੋਂ ਵੀ ਸੌਦਾ ਖਰੀਦ ਕੇ ਜਾਂ ਵੇਚ ਕੇ ਵਾਪਸ ਆਉਂਦੇ, ਉਸ ਬਾਰੇ ਬਾਬਾ ਜੱਸਾ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਜ਼ਰੂਰ ਦੱਸਦੇ। ਆਪਣੇ ਨਾਲ ਜੇ ਕੋਈ ਦੁੱਖ-ਸੁੱਖ ਵਾਪਰਦਾ ਤਾਂ ਨਾ ਦੱਸਦੇ। ਹਾਂ ਉਹ ਕੋਈ ਬਚਨ ਕਰਦੇ ਤਾਂ ਧਿਆਨ ਨਾਲ ਸੁਣਦੇ ਅਤੇ ਮੰਨਦੇ।

ਦੋਹਾਂ ਭਰਾਵਾਂ ਦਾ ਗੂੜ੍ਹਾ ਪ੍ਰੇਮ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ। ਉਹ ਆਪਣੇ ਘਰਾਂ ਵਿੱਚ ਇਹਨਾਂ ਦੇ ਪਿਆਰ ਨੂੰ ਭਗਵਾਨ ਰਾਮ ਤੇ ਲਛਮਣ ਜਤੀ ਦਾ ਪਿਆਰ ਦੱਸ ਕੇ ਵਡਿਆਉਂਦੇ। ਸਤਿਗੁਰੂ ਰਾਮ ਸਿੰਘ ਨੇ ਇਹਨਾਂ ਨੂੰ ਦੱਸਿਆ ਕਿ ਇਹ ਸਾਡੀ ਭਰਾਵਾਂ ਦੀ ਸਾਂਝ ਦਾ ਪਹਿਲਾ ਜਨਮ ਨਹੀਂ। ਬਾਬਾ ਸੰਤੋਖ ਸਿੰਘ ਬਾਹੋਵਾਲ ਅਨੁਸਾਰ:-

ਭਾਈ ਪਿਛਲੇ ਜਨਮ ਮੇਂ ਮੈਂ ਤੇ ਤੂੰ ਭਾਈ ਸੇ। ਤੇਰੇ ਕੇਸ ਸਾਰੇ ਹੀ ਉੱਖੜ ਗਏ ਤਾਂ ਜੋਤਸ਼ੀਆਂ ਸੇ ਪੁੱਛਿਆ। ਜੋਤਸ਼ੀਆਂ ਕਿਹਾ ਜੇ ਤੁਸੀਂ ਜਗ ਕਰਾਓ ਤਾਂ ਬ੍ਰਹਮ ਹੱਤਿਆ ਲਹਿੰਦੀ ਹੈ। (ਭਾਵ ਸਿਰ ਉੱਤੇ ਕੇਸ ਨਾ ਹੋਣੇ ਬ੍ਰਹਮ ਹੱਤਿਆ ਦੇ ਬਰਾਬਰ ਹੈ) ਫੇਰ ਅਸਾਂ ਦੋਵਾਂ ਭਾਈਆਂ ਬੜੇ ਜਗ ਕੀਤੇ ਤਾਂ ਤੇਰੇ ਸੀਸ ਤੇ ਕੇਸ ਆਏ। -ਸਤਿਗੁਰੂ ਬਿਲਾਸ ਭਾਗ ਪਹਿਲਾ

ਗੁਰੂ ਹਰੀ ਸਿੰਘ ਨੇ ਆਪਣੇ ਆਪ ਨੂੰ ਲਛਮਣ ਦੀ ਥਾਂ ਹੀ ਸਮਝਣਾ, ਆਗਿਆਕਾਰ, ਸਤਿਬਚਨੀ ਛੋਟਾ ਵੀਰ। ਉਹਨਾਂ ਨੇ ਆਪ ਬਾਬਾ ਸੰਤੋਖ ਸਿੰਘ ਬਾਹੋਵਾਲ ਨੂੰ ਦੱਸਿਆ :

ਮਹਾਰਾਜ ਜੀ ਬਚਨ ਕੀਤਾ ਕਿ ਮੇਰਾ ਇਹ ਸੁਭਾਉ ਸੀ ਕਿ ਜੋ ਸਤਿਗੁਰੂ ਰਾਮ ਸਿਘ ਜੀ ਬਚਨ ਕਰਨਾ ਸੋ ਮੰਨਣਾ। ਮੈਂ ਉਹਨਾਂ ਨੂੰ ਕਿਸੇ ਵਿਹਾਰ ਦਾ ਬੋਲਾ ਨਾ ਕਹਿਣਾ, ਆਪ ਕਰ ਲੈਣਾ। ਜੋ ਬਚਨ ਕਹਿਨ ਗੁਰੂ ਜੀ ਸੋਈ ਕਰਨਾ। ਉਲਟਾਉਣਾ ਨਹੀਂ ਅਦਬ ਰੱਖਣਾ।

-ਸਤਿਗੁਰੂ ਬਿਲਾਸ ਹਿੱਸਾ ਪਹਿਲਾ

ਸ੍ਰੀ ਭੈਣੀ ਸਾਹਿਬ ਵਿੱਚ ਇਹਨਾਂ ਦਾ ਘਰ ਕੋਈ ਬਹੁਤਾ ਵੱਡਾ ਨਹੀਂ ਸੀ। ਤਿੰਨ ਕੋਠੜੀਆਂ ਸਨ। ਇੱਕ ਵਿੱਚ ਅਹਿਰਨ ਗੱਡੀ ਸੀ। ਦੋਹਾਂ ਕਮਰਿਆਂ ਵਿੱਚ ਦੋਵੇਂ ਭਰਾ ਰਹਿਦੇ ਸਨ। ਟੱਬਰ ਵੱਡਾ ਹੁੰਦਾ ਗਿਆ।

ਸਤਿਗੁਰੂ ਹਰੀ ਸਿੰਘ-ਮਾਤਾ ਸਾਹਿਬ ਕੌਰ ਦੀਆਂ ਵੀ ਦੋ ਬੱਚੀਆਂ ਹੋਈਆਂ। ਬੀਬੀ ਭਾਗੋ ਤੇ ਬੀਬੀ ਮਤਾਬੋ।

ਛੱਤੀ ਹੋਈ ਥਾਂ ਘੱਟ ਹੋਣ ਕਰਕੇ ਦੋਹਾਂ ਭਰਾਵਾਂ ਹੋਰ ਕੋਠਾ ਛੱਤਣ ਦਾ ਮਨ ਬਣਾਇਆ। ਪਿੰਡ ਦੇ ਲਹਿੰਦੇ ਪਾਸੇ ਪੈਂਦੇ ਛੱਪੜ ਕੋਲ ਇੱਟਾਂ ਥੱਪੀਆਂ ਗਈਆਂ। ਉਹ ਢੋ ਕੇ ਵਿਹੜੇ ਵਿੱਚ ਲਿਆਂਦੀਆਂ ਗਈਆਂ। ਪਿੰਡ ਦਾ ਇੱਕ ਜ਼ਿਮੀਂਦਾਰ ਸੀ ਹਮੀਰਾ। ਬੜਾ ਜ਼ਿੱਦੀ ਤੇ ਅੜਬ ਸੁਭਾਅ ਦਾ। ਉਸ ਨੇ ਆ ਕੇ ਕਿਹਾ ਮੈਂ ਨਹੀਂ ਕੋਠਾ ਪੈਣ ਦੇਣਾ। ਦੋਵੇਂ ਭਰਾ ਚੁੱਪ ਕਰ ਰਹੇ। ਉਦੋਂ ਹੀ ਮੀਂਹ ਪੈ ਗਿਆ। ਨੀਵੀਂ ਥਾਈਂ ਪਾਣੀ ਖੜ੍ਹਾ ਹੋ ਗਿਆ, ਕੱਚੀਆਂ ਇੱਟਾਂ ਵੀ ਭਿੱਜ ਹੀ ਜਾਣੀਆਂ ਸਨ। ਸਤਿਗੁਰੂ ਜੀ ਨੇ ਤਿੰਨ ਇਟਾਂ ਚੁੱਕ ਕੇ ਖੜ੍ਹੇ ਪਾਣੀ ਵਿੱਚ ਸੁੱਟ ਦਿੱਤੀਆਂ ਤੇ ਬਚਨ ਕੀਤਾ, "ਹਮੀਰਿਆ! ਜਿਵੇਂ ਇਹ ਇੱਟਾਂ ਗਲਣਗੀਆਂ ਤਿਵੇਂ ਤੂੰ ਵੀ ਗਲ ਕੇ ਮਰੇਂਗਾ।" ਅਤੇ ਨਾਲ ਕਿਹਾ, "ਕਿਸੇ ਨੇ ਇੱਟਾਂ ਨਹੀਂ ਚੁੱਕਣੀਆਂ।"

ਇੰਜ ਹੀ ਹੋਇਆ। ਕੱਚੀਆਂ ਇੱਟਾਂ ਪਈਆਂ ਰਹੀਆਂ। ਉਹ ਗਲ ਗਈਆਂ। ਹਮੀਰਾ ਜੁਆਲਾ ਜੀ ਦਾ ਦਰਸ਼ਨ ਕਰਨ ਗਿਆ। ਵਾਪਸ ਆਉਂਦਾ ਰਾਹ ਵਿੱਚ ਗਲ ਕੇ ਮਰਿਆ। ਲੋਕਾਂ ਵਿੱਚ ਚਰਚਾ ਹੋਈ। ਇਹ ਭਜਨ ਬੰਦਗੀ ਵਾਲੇ ਹਨ। ਇਹਨਾਂ ਦਾ ਭੈਅ ਮੰਨਣਾ ਚਾਹੀਦਾ ਹੈ।

ਗੁਰੂ ਹਰੀ ਸਿੰਘ ਦੇ ਦੋ ਬਲਦ ਤੇ ਇੱਕ ਲਵੇਰੀ ਸੀ। ਉਹ ਉਹਨਾਂ ਦੀ ਪੱਠੇ-ਦੱਥੇ, ਦਾਣੇ, ਵੜੇਵੇਂ ਪਾ ਕੇ ਸੇਵਾ ਕਰਦੇ ਸਨ। ਉਹ ਇਹ ਸੋਚ ਕੇ ਕਿ ਇਹਨਾਂ ਬੇਜ਼ੁਬਾਨਾਂ ਨੇ ਮੂੰਹੋਂ ਬੋਲ ਕੇ ਕੁਝ ਨਹੀਂ ਮੰਗਣਾ ਸੋ ਉਹਨਾਂ ਦਾ ਧਿਆਨ ਆਪ ਹੀ ਰੱਖਣਾ ਸੀ। ਜੇ ਉਹਨਾਂ ਨੂੰ ਵਾਹੁਣਾ ਜਾਂ ਉਹਨਾਂ ਦਾ ਦੁੱਧ ਪੀਣਾ ਹੈ ਤਾਂ ਸੰਭਾਲ ਵੀ ਆਪ ਹੀ ਕਰਨੀ ਹੈ।

ਸਤਿਗੁਰੂ ਜੀ ਰਾਈਆਂ ਚਲੇ ਗਏ। ਉੱਥੇ ਉਹਨਾਂ ਜਿਉਣ ਸਿੰਘ ਨੰਬਰਦਾਰ ਨਾਲ ਰਲ ਕੇ ਵਾਹੀ ਸ਼ੁਰੂ ਕੀਤੀ। ਭੈਣੀ ਸਾਹਿਬ ਦੇ ਨੰਬਰਦਾਰਾਂ ਨੇ ਵਿਚਾਰਿਆ ਐਸੇ ਮਹਾਂਪੁਰਸ਼ ਦਾ ਪਿੰਡ ਵਿੱਚੋਂ ਜਾਣਾ ਠੀਕ ਨਹੀਂ। ਪਿੰਡ ਦਾ ਇੱਕ ਹੋਰ ਜ਼ਿਮੀਦਾਰ ਲਹਿਣਾ ਸਿੰਘ ਪੁੱਤਰ ਰੂਲਦੂ ਉਹਨਾਂ ਨੂੰ ਗੁਰੂ ਮੰਨਦਾ ਸੀ। ਉਹ ਬੇਨਤੀ ਕਰਕੇ ਸਤਿਗੁਰੂ ਜੀ ਨੂੰ ਲੈ ਆਇਆ ਕਿ ਮੇਰੀਆਂ ਪਿੰਡ ਵਿੱਚ ਤਿੰਨ ਥਾਵਾਂ ਹਨ ਜਿਹੜੀ ਮਰਜੀ ਹੈ ਲੈ ਲਵੋ ਤੇ ਕੋਠੇ ਪਾਓ· ਉਹਨਾਂ ਨੇ ਉਸ ਦੇ ਘਰ ਦੇ ਪਿਛਵਾੜੇ ਦੀ ਥਾਂ

ਪਸੰਦ ਕੀਤੀ। ਛੋਟਾ ਵੀਰ ਫਿਰ ਭਰਾ ਦੇ ਹੁਕਮ ਵਿੱਚ ਇੱਟਾਂ ਪੱਥ ਕੇ ਢੇਰ ਲਾਉਣ ਲੱਗਾ। ਉਹਨਾਂ ਇੱਟਾਂ ਦੀਆਂ ਮਿਥੀ ਥਾਂ ਉੱਤੇ ਦੋ ਕੋਠੜੀਆਂ ਪਾਈਆਂ ਗਈਆਂ। ਅੱਗੇ ਸੁਫ਼ਾ ਛੱਤਿਆ ਗਿਆ। ਬਾਅਦ ਵਿੱਚ ਦਰਬਾਰ ਸਾਹਿਬ ਦਾ ਪਾਠ ਕਰਨ ਲਈ ਉੱਤੇ ਇੱਕ ਚੁਬਾਰਾ ਪਾਇਆ ਗਿਆ। ਉੱਥੇ ਇੱਕ ਥੜ੍ਹਾ ਸੀ। ਪਿਛੋਂ ਬਾਹਰ ਭਜਨ ਬੰਦਗੀ ਲਈ ਇੱਕ ਕੋਠਾ ਛੱਤਿਆ ਗਿਆ। ਜਿਸ ਦੇ ਅੰਦਰ ਬੈਠ ਕੇ ਸਤਿਗੁਰੂ ਰਾਮ ਸਿੰਘ ਜੀ ਭਜਨ ਬੰਦਗੀ ਕਰਦੇ ਸਨ। ਏਸੇ ਜਗ੍ਹਾ ਦਾ ਨਾਂ ਅਕਾਲ ਬੁੰਗਾ ਹੈ।

ਮਕਾਨ ਛੱਤਦਿਆਂ ਦਾ ਮੰਜਾ ਚੁੱਕ ਕੇ ਖੇਮਾ ਆਪਣੇ ਘਰ ਲੈ ਗਿਆ। ਖੇਮੇ ਦਾ ਤੇ ਗੁਰੂ ਹਰੀ ਸਿੰਘ ਦਾ ਇੱਕੋ ਦਿਨ ਦਾ ਜਨਮ ਸੀ। ਉਸ ਦਾ ਇਹਨਾਂ ਨਾਲ ਪਿਆਰ ਸੀ। ਸੋ ਉਸਦੀ ਬੇਨਤੀ ਮੰਨ ਕੇ ਜਿੰਨਾ ਚਿਰ ਕੋਠੜੀਆਂ ਨਹੀਂ ਛੱਤੀਆਂ ਗਈਆਂ ਸਤਿਗੁਰੂ ਜੀ ਉਸ ਦੇ ਘਰ ਰਹੇ।

ਗੁਰੂ ਹਰੀ ਸਿੰਘ ਆਪਣੀ ਕਿਰਤ-ਕਮਾਈ ਵਿੱਚ ਲੱਗੇ ਰਹਿੰਦੇ। ਸਮੇਂ ਸਮੇਂ ਸਤਿਗੁਰੂ ਰਾਮ ਸਿੰਘ ਜੀ ਨਾਲ ਹੁੰਦੇ ਬਚਨਾਂ ਕਰਕੇ ਉਹਨਾਂ ਰਾਹੀਂ ਅਕਾਲ ਬੁੰਗੇ ਕੀਤੀ ਜਾ ਰਹੀ ਤਪ ਸਾਧਨਾ ਦਾ ਵੀ ਉਹਨਾਂ ਨੂੰ ਪਤਾ ਹੀ ਸੀ। ਉਹਨਾਂ ਆਪਣਾ ਰਾਹ ਆਪ ਹੀ ਚੁਣ ਲਿਆ ਸੀ ਕਿ ਸਤਿਗੁਰੂ ਜੀ ਨਾਲ ਉਂਜ ਤਾਂ ਧਿਰ ਬਣ ਕੇ ਖਲੋਣਾ ਹੈ ਪਰ ਆਪਣੇ ਕੰਮ ਨਾਲ ਕੰਮ ਰੱਖਣਾ ਹੈ। ਉਹਨਾਂ ਦੀ ਵਧ ਰਹੀ ਮਾਣ-ਪ੍ਰਤਿਸ਼ਠਾ ਦਾ ਉਹਨਾਂ ਦੇ ਭਰਾ ਹੋਣ ਦੇ ਬਾਵਜੂਦ ਕੋਈ ਲਾਭ ਨਹੀਂ ਲੈਣਾ। ਲੋੜ ਅਨੁਸਾਰ ਕੰਮ-ਕਾਰ ਵਿੱਚ ਸਤਿਗੁਰੂ ਜੀ ਦਾ ਹੱਥ ਵਟਾਉਣਾ ਹੈ। ਮਾਤਾ-ਪਿਤਾ ਦੀ ਸੇਵਾ ਕਰਨੀ ਹੈ। ਸੁੱਚੀ ਕਿਰਤ ਦਾ ਸੁਖ ਲੈਣਾ ਹੈ।

ਉਹਨਾਂ ਨੂੰ ਗੱਡਾ ਵਾਹ ਕੇ ਪ੍ਰਾਪਤ ਕੀਤੇ ਨਫ਼ੇ ਦੀ ਤਸੱਲੀ ਸੀ। ਉਹਨਾਂ ਨੂੰ ਅੱਡੇ ਉੱਤੇ ਬੈਠ ਕੇ ਬਣਾਏ ਸਮਾਨ ਨੂੰ ਵੇਚ ਕੇ ਮਿਲੇ ਪੈਸਿਆਂ ਵਿੱਚ ਬਰਕਤ ਦਿਸਦੀ ਸੀ। ਉਹਨਾਂ ਨੂੰ ਵਾਹੀ ਕਰਕੇ ਧਰਤੀ ਦੀ ਹਿੱਕ, ਪਾੜ ਕੇ ਬੀਜੀ ਫਸਲ ਲਹਿਲਹਾਉਂਦੀ ਵੇਖ ਕੇ ਮਸਤੀ ਆ ਜਾਂਦੀ ਸੀ ਅਤੇ ਦਾਣਿਆਂ ਦਾ ਬੋਹਲ ਘਰ ਲਿਆ ਕੇ, ਮੁੜ੍ਹਕੇ ਦੀ ਖ਼ੁਸ਼ਬੋ ਨਾਲ ਪ੍ਰਾਪਤ ਕੀਤੀ ਰੋਟੀ ਵਿੱਚ ਵੱਖਰੀ ਮਿਠਾਸ ਸੁਆਦ ਸੁਆਦ ਕਰ ਦੇਂਦੀ ਸੀ। ਉਹਨਾਂ ਦਾ ਕਿਰਤੀ ਹੋਣਾ ਆਲੇ ਦੁਆਲੇ ਵਿੱਚ ਉਹਨਾਂ ਦੀ ਖੁਸ਼ਬੂ ਫੈਲਾ ਰਿਹਾ ਸੀ।

***

# ਸਮਰਪਿਤ ਗੁਰਸਿੱਖ

ਸੰਨ 1857 ਈ. ਵਿੱਚ ਹਿੰਦੁਸਤਾਨ ਵਿੱਚ ਮਹਿੰਗਾਈ ਵਧ ਗਈ ਸੀ। ਮਹਿੰਗਾਈ ਵਧਣ ਦੇ ਕਾਰਨ ਅਕਾਲ ਪੈਣਾ, ਅੰਨ ਦੀ ਪੈਦਾਵਾਰ ਘੱਟ ਹੋਣਾ ਜਾਂ ਲੜਾਈ ਹੁੰਦੀ ਹੈ। ਐਸੇ ਸਮੇਂ ਖ਼ਰੀਦੋ-ਫਰੋਖ਼ਤ ਕਰਨ ਵਾਲਾ ਨਫ਼ੇ ਵਿੱਚ ਰਹਿੰਦਾ ਹੈ, ਇਸ ਨਫ਼ੇ ਲਈ ਗੁਰੂ ਹਰੀ ਸਿਘ ਜੀ ਨੇ ਨਿੱਤ ਵਾਂਗ ਗੱਡਾ ਵਾਹਿਆ।

ਇਸ ਸਾਲ ਪੰਜਾਬ ਦੇ ਲੋਕਾਂ ਦੀ ਦੋ ਪਾਸੀਂ ਸਫ਼ਬੰਦੀ ਹੋਣ ਲੱਗੀ। ਇੱਕ ਸੀ ਪਾਸਾ ਸਤਿਗੁਰ ਦਾ। ਸਤਿਗੁਰੂ ਰਾਮ ਸਿੰਘ ਜੀ ਨੇ 12 ਅਪਰੈਲ 1857 ਨੂੰ ਵਸਾਖੀ ਵਾਲੇ ਦਿਨ ਨਾਮਧਾਰੀ ਪੰਥ ਦੀ ਸਾਜਨਾ ਕੀਤੀ। ਇਹ ਸਾਜਨਾ ਅਸਲ ਵਿੱਚ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੀ ਪੁਨਰ ਸੁਰਜੀਤੀ ਸੀ। ਸ੍ਰੀ ਸਤਿਗੁਰੂ ਜੀ ਨੇ ਫ਼ੌਜ ਵਿੱਚ ਰਹਿੰਦਿਆਂ ਅਤੇ ਹੋਰ ਥਾਈਂ ਵਿਚਰਦਿਆਂ ਇਹ ਮਹਿਸੂਸ ਕੀਤਾ ਸੀ ਕਿ ਖ਼ਾਲਸਾ ਪੰਥ ਦੇ ਅਸੂਲਾਂ ਦਾ ਤਾਂ ਭੋਗ ਹੀ ਪੈ ਰਿਹਾ ਹੈ। ਸਿੱਖੀ ਰਹਿਤ ਮਰਯਾਦਾ ਤੋਂ ਲੋਕ ਦੂਰ ਜਾ ਚੁੱਕੇ ਹਨ। ਉਹਨਾਂ ਨੂੰ ਡੇਰੇਦਾਰਾਂ ਨੇ ਮਗਰ ਲਾ ਲਿਆ ਹੈ। ਕੋਈ ਰਾਮ ਰਾਈਆਂ ਦੇ ਪਿੱਛੇ ਲੱਗਾ ਹੈ ਕੋਈ ਗੁਲਾਬ ਦਾਸੀਆਂ ਦੇ। ਕੋਈ ਬਾਬੇ ਗੁਰਦਿੱਤੇ ਦੀ ਗੱਦੀ ਨੂੰ ਮੰਨਦਾ ਹੈ ਕੋਈ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੀ ਪੀੜ੍ਹੀ ਵਿੱਚੋਂ ਚੱਲੇ ਆਉਂਦੇ ਬੇਦੀਆਂ ਸੋਢੀਆਂ ਨੂੰ ਆਪਣੇ ਗੁਰ-ਬਾਬੇ ਸਮਝਦਾ ਹੈ। ਕੋਈ ਮੜ੍ਹੀਆਂ ਮਸਾਣਾਂ ਤੇ ਦੇਵੀ ਦੇ ਥਾਨ ਵੀ ਪੂਜਦਾ ਹੈ। ਉਹ ਬਾਬੇ ਤੇ ਡੇਰਿਆਂ ਦੇ ਮਹੰਤ ਉਹਨਾਂ ਨੂੰ ਨਾ ਗੁਰੂ ਨਾਨਕ ਦੀ ਗੱਦੀ ਨਾਲ ਜੋੜਦੇ ਹਨ ਨਾ ਸਿੱਖੀ ਰਹਿਤ ਮਰਯਾਦਾ ਧਾਰਨ ਕਰਨ ਲਈ ਕਹਿੰਦੇ ਹਨ। ਉਸ ਸਮੇਂ ਦੇ ਗੁਰੂ ਦੇ ਸਿੱਖਾਂ ਦੀ ਤਸਵੀਰ ਗਿਆਨੀ ਗਿਆਨ ਸਿੰਘ ਨੇ ਇੰਜ ਖਿੱਚੀ ਹੈ:

*ਜਾਗ ਜਿਨ ਕੇ ਬਡੇਰੇ, ਬਾਣੀ ਪੜਤ ਸਵੇਰੇ,*
*ਗੁਰੂ ਗ੍ਰੰਥ ਬਿਨ ਹੇਰੇ, ਅੰਨ ਜਲ ਪਾਨ ਨ ਕਰੈਂ।*

*ਤਿਨ ਹੀ ਕੇ ਨਾਤੀ ਧੂਪ ਦੀਪ ਕੀ ਕਹਾ ਬਿਖਿਆਤੀ,*
*ਪਾਇ ਹੈ ਨਾ ਝਾਤੀ, ਮੂਸ ਖਾਤ ਗ੍ਰੰਥ ਕੋ ਪਰੈ।*
*ਜਪੁਜੀ ਨਾ ਰਹਿਰਾਸ, ਸੁਨੇ ਪੜੇ ਕਬੀ ਖਾਸ,*
*ਔਰ ਜੋ ਪੜਤ ਪਾਸ, ਹਾਸ ਤਿਨ ਯੋ ਰਰੈ।*
*ਕਹਾ ਰਬ ਬਹਿਰਾ ਹੈ, ਗਹਿਰਾ ਪੁਕਾਰੈ ਜੋ ਤੂ*
*ਸਹਿਰਾ ਮੈ ਜਾਏ ਲੁਕਮੇ ਰਿਝਾਇ ਲੈ ਤਰੈ।*

*-ਔਰੈ ਰੀਤ ਔਰੈ ਮੀਤ, ਔਰੈ ਪਰਤੀਤ ਪ੍ਰੀਤ,*
*ਖਾਨ ਪਹਿਰਾਨ ਗਯਾਨ ਮਾਨ ਔਰੇ ਜਨ ਕੇ।*
*ਡਾਰੇ ਦਸਤਾਰੇ ਸਾਫੇ, ਭਾਰੇ ਹੈ ਸੰਭਾਰੇ ਅੱਛੇ,*
*ਕਛੈ ਤਜ ਗਏ ਧੋਤੀ, ਸੁਥੂ ਸੰਗ ਤਨ ਕੈ।*
*ਧਾਰੈ ਹੈ ਗਰਾਰੇ ਤੰਬੇ, ਤਹਿਮਤ ਅਧਿਕ ਲੰਬੇ,*
*ਜਿਨੇ ਦੇਖ ਸਿਖੀ ਗਊ, ਕੰਬੈ ਤੁਰਕ ਗਨ ਕੈ।*
*ਸਿਖੀ ਦਸਮੇਸ਼ ਕੀ, ਸੁ ਕੀ ਅਪਰ ਦੇਸ ਕੀ,*
*ਅਸਿਖੀ ਭਰੀ ਪੋਸ਼ਗੀ, ਛਿਨਾਰ ਬਨ ਠਨ ਕੈ।*

*-ਸ੍ਰੀ ਗੁਰੂ ਪੰਥ ਪ੍ਰਕਾਸ਼*

ਸਤਿਗੁਰੂ ਰਾਮ ਸਿੰਘ ਜੀ ਨੂੰ ਸਾਰੇ ਕਹਿੰਦੇ ਕਹਾਉਂਦੇ ਸਿੱਖ ਪੰਥ ਵਿੱਚੋਂ ਢਾਈ ਹੀ ਪੂਰਨ ਗੁਰਸਿੱਖ ਲੱਭੇ ਸਨ। ਉਹ ਸਨ:

ਬਾਬਾ ਜਮੀਅਤ ਸਿੰਘ-ਕਾਨ੍ਹਾਕਾਛਾ, ਸ. ਲਹਿਣਾ ਸਿੰਘ ਘਰਜਾਖ ਅਤੇ ਅੱਧਾ ਬਾਬਾ ਜਮੀਅਤ ਸਿੰਘ ਗਿੱਲ-ਉਹ ਅੱਧਾ, ਵਿਆਜੜੀਆ ਹੋਣ ਕਰਕੇ ਸੀ।

ਸਤਿਗੁਰੂ ਦੀ ਸੋਭਾ ਸੁਣ ਕੇ ਦੂਰੋਂ ਨੇੜਿਓਂ ਸਿੱਖ ਆਉਂਦੇ। ਉਹ ਆਪ ਜੀ ਦੇ ਦਰਸ਼ਨ ਕਰਦੇ, ਬਚਨ ਸੁਣਦੇ, ਆਪ ਦੇ ਲੰਗਰ ਵਿੱਚੋਂ ਪ੍ਰਸਾਦਾ ਛਕਦੇ, ਕਈ ਕੁਝ ਦਿਨ ਸੇਵਾ ਕਰਦੇ ਤੇ ਵਾਪਸ ਚਲੇ ਜਾਂਦੇ। ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ 1852 ਈ. ਤੱਕ ਖੇਤੀ ਕਰਦੇ ਰਹੇ। ਫਿਰ ਤਿੰਨ ਸਾਲ ਫ਼ਿਰੋਜ਼ਪੁਰ ਰਹਿ ਕੇ ਵਿਹਾਰ ਕੀਤਾ ਅਤੇ 1855 ਵਿੱਚ ਪੱਕੇ ਤੌਰ ਉੱਤੇ ਵਾਪਸ ਆ ਕੇ ਸਿੱਖੀ ਨੂੰ ਪੁਨਰ ਸੁਰਜੀਤ ਕਰਨ ਦੀ ਵਿਉਂਤਬੰਦੀ ਕੀਤੀ।

ਛੋਟੇ ਭਾਈ ਬੁੱਧ ਸਿੰਘ ਆਪਣੇ ਰੰਗ ਵਿੱਚ ਕਾਰ ਵਿਹਾਰ ਕਰਦੇ ਰਹੇ। ਪਰ ਜਦੋਂ ਉਹ ਸ੍ਰੀ ਭੈਣੀ ਸਾਹਿਬ ਹੁੰਦੇ ਕਥਾ ਕੀਰਤਨ ਸੁਣਦੇ। ਸਤਿਗੁਰੂ ਜੀ ਉਹਨਾਂ ਨਾਲ ਬਚਨ-ਬਿਲਾਸ ਕਰਦੇ ਤਾਂ ਉਹ ਅੱਗੋਂ ਸਤਿਬਚਨ ਹੀ ਕਹਿੰਦੇ।

1857 ਈ. ਵਿੱਚ ਸੰਗਤ ਤੇ ਪਰਵਾਰ ਦੇ ਜੀਆਂ ਨਾਲ, ਵਸਾਖੀ ਵਾਲੇ ਦਿਨ ਉਹ ਵੀ ਆਸਾ ਦੀ ਵਾਰ ਦੇ ਕੀਰਤਨ ਸਮੇਂ ਬੈਠੇ ਸਨ। ਸਤਿਗੁਰੂ ਜੀ ਨੇ ਅਪਣੀ ਵਿਉਂਤ ਅਨੁਸਾਰ ਪੰਜ ਬਾਣੀਆਂ ਪੜ੍ਹਨ ਲਈ ਸੁੱਚ ਸੋਧ ਦਾ ਸਣੇ ਕੇਸੀਂ ਇਸ਼ਨਾਨ ਕਰਕੇ ਬੈਠੇ ਸਿੱਖਾਂ ਨੂੰ ਬਿਠਾਇਆ। ਉਹਨਾਂ ਨੇ ਹੁਕਮ ਅਨੁਸਾਰ ਜਪੁ, ਜਾਪੁ, ਚੌਪਈ (ਪੁਨ ਰਾਛਸ ਕਾ ਕਾਟਾ ਸੀਸ਼ਾ) ਦਸ ਸ੍ਵੈਯੇ ਪਾਤਸ਼ਾਹੀ 10 (ਸ੍ਰਾਵਗ ਸੁਧ ਸਮੂਹ) ਅਤੇ ਪੂਰਾ ਅਨੰਦ ਸਾਹਿਬ ਦਾ ਪਾਠ ਕੀਤਾ। ਉਹ ਕਮਰਕੱਸੇ ਲਾ ਕੇ ਸਫ਼ਾਜੰਗ ਲਾ ਕੇ ਬੈਠੇ ਸਨ। ਉਹਨਾਂ ਵਿੱਚੋਂ ਇਕ ਸਿੰਘ ਨੇ ਲੋਹੇ ਦੇ ਬਾਟੇ ਵਿੱਚ ਸੋਧ ਦੇ ਜਲ, ਗੁੜ, ਵਿੱਚ ਸਰਬ ਲੋਹ ਦਾ ਖੰਡਾ ਫੇਰਿਆ। ਇੰਜ ਤਿਆਰ ਹੋਇਆ ਅੰਮ੍ਰਿਤ ਪਹਿਲਾਂ ਪੰਜਾਂ ਸਿੰਘਾਂ ਨੂੰ ਛਕਾਇਆ ਗਿਆ। ਉਹ ਸਿੰਘ ਸਨ:-

**1. ਕਾਹਨ ਸਿੰਘ ਨਿਹੰਗ**-ਉਹ ਵੱਡਾ ਚੱਕ ਰਿਆਸਤ ਮਲੇਰਕੋਟਲਾ ਦੇ ਸ. ਨੱਥਾ ਸਿੰਘ ਦੇ ਲੜਕੇ ਸਨ। ਉਹ ਖ਼ਾਲਸਾ ਫ਼ੌਜ ਵਿੱਚ ਕੰਵਰ ਨੌਨਿਹਾਲ ਸਿੰਘ ਦੀ ਰੈਜੀਮੈਂਟ ਵਿੱਚ ਬ੍ਰਿਗੇਡੀਅਰ ਮੇਜਰ ਮੈਕਸਨ ਦੀ ਕਮਾਨ ਹੇਠ ਹਵਾਲਦਾਰ ਸਨ। ਸਤਿਗੁਰੂ ਜੀ ਵੀ ਉਸੇ ਪਲਟਨ ਵਿੱਚ ਸਨ। ਉੱਥੇ ਹੀ ਆਤਮਿਕ ਸਾਂਝ ਪੈਦਾ ਹੋ ਗਈ। ਮੁੱਦਕੀ ਦੀ ਲੜਾਈ ਵਿੱਚ ਖ਼ਾਲਸਾ ਫ਼ੌਜ ਦੀ ਨਿਰਾਸ਼ਾਜਨਕ ਸਥਿਤੀ ਕਾਰਨ ਘਰ ਆ ਗਏ। ਉਹ 1856 ਈ. ਵਿੱਚ ਸ੍ਰੀ ਭੈਣੀ ਸਾਹਿਬ ਆਏ, ਸਤਿਗੁਰੂ ਦੀ ਸੋਭਾ ਸੁਣੀ, ਤੇ ਮੋਹੇ ਗਏ।

**2. ਲਾਭ ਸਿੰਘ**-ਇਹ ਪਿਤਾ ਸ. ਜੀਤ ਸਿੰਘ, ਨਵਾਂ ਸ਼ਹਿਰ ਜਲੰਧਰ ਦੇ ਵਸਨੀਕ ਸਨ। ਇਹਨਾਂ ਦੇ ਨੈਣਾਂ ਦੀ ਜੋਤ ਨਹੀਂ ਸੀ। ਇਹ ਰਾਗੀ ਬਹੁਤ ਸਿਆਣੇ ਸਨ, ਕਮਾਲ ਦਾ ਸਰੰਦਾ ਵਜਾਉਂਦੇ ਸਨ। ਇਹ ਸਤਿਗੁਰੂ ਬਾਲਕ ਸਿੰਘ ਤੋਂ ਦੀਖਿਆ ਲੈਣ ਗਏ ਸਨ। ਉਹਨਾਂ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਭੇਜ ਦਿੱਤਾ।

**3. ਆਤਮਾ ਸਿੰਘ**-ਇਹ ਪਿੰਡ ਆਲੋ ਮੁਹਾਰ ਜ਼ਿਲ੍ਹਾ ਸਿਆਲਕੋਟ ਦੇ ਸਨ। ਬੜੇ ਵਿਦਵਾਨ ਸਨ। ਘਰੋਂ ਕਿਸੇ ਪੂਰਨ ਸੰਤ ਦੀ ਭਾਲ ਵਿੱਚ ਨਿਕਲੇ ਵਜ਼ੀਰਾਬਾਦ, ਲਹੌਰ ਦੇ ਗੇੜੇ ਕੱਢਦੇ, ਸ੍ਰੀ ਭੈਣੀ ਸਾਹਿਬ ਪੁੱਜੇ ਤਾਂ ਆਪ ਜੀ ਦੇ ਪਵਿੱਤਰ ਬਚਨ ਸੁਣ ਕੇ ਆਤਮਿਕ ਸੁਖ ਦੇ ਅਨੁਭਵੀ ਬਣੇ।

**4. ਨੈਣਾ ਸਿੰਘ**-ਇਹ ਵਰਿਆਂਹ, ਜ਼ਿਲ੍ਹਾ ਅੰਮ੍ਰਿਤਸਰ ਦੇ ਸ. ਸਮੁੰਦ ਸਿੰਘ ਦੇ ਲਾਡਲੇ ਸਨ। ਇਹਨਾਂ ਰਾਗੀ ਲਾਭ ਸਿੰਘ ਤੋਂ ਸਤਿਗੁਰ ਦੀ ਸੋਭਾ ਸੁਣੀ ਸੀ ਜਦ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਸਭੋ ਭਟਕਣਾ ਦੂਰ ਹੋ ਗਈ।

**5. ਸੁਧ ਸਿੰਘ**–ਇਹਨਾਂ ਦਾ ਪਿੰਡ ਦੁਰਗਾਪੁਰ ਜ਼ਿਲ੍ਹਾ ਜਲੰਧਰ ਸੀ ਅਤੇ ਪਿਤਾ ਦਾ ਨਾਂ ਸ. ਜਗਤ ਸਿੰਘ। ਇਹ ਚੌਥੀ ਅਨਿਯਮ ਘੁੜਸਵਾਰ ਫ਼ੌਜ ਵਿੱਚ ਨੌਕਰੀ ਕਰ ਚੁੱਕੇ ਸਨ। ਸ੍ਰੀ ਭੈਣੀ ਸਾਹਿਬ ਆ ਕੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦੇ ਪਾਤਰ ਬਣੇ।

ਸਤਿਗੁਰ ਜੀ ਨੇ ਅੰਮ੍ਰਿਤ ਛਕਾ ਕੇ ਫਿਰ ਪੰਜਾਂ ਕਕਾਰਾਂ, ਸੁੱਚ ਸੋਧ ਤੇ ਭਜਨ ਬਾਣੀ ਦੀ ਮਰਯਾਦਾ ਦ੍ਰਿੜ੍ਹਾਈ। ਉਹਨਾਂ ਨਾਮ ਦਾ ਛੱਟਾ ਦੇ ਕੇ ਸਿੱਖੀ ਨੂੰ ਸਰਸਬਜ਼ ਕੀਤਾ।

ਫਿਰ ਤਾਂ ਇੰਜ ਲੱਗਾ ਜਿਵੇਂ ਗੋਮੁਖ ਤੋਂ ਨਾਮ ਦੀ ਗੰਗਾ ਵਹਿ ਤੁਰੀ ਹੋਏ। ਆਪ ਦੇ ਭਾਈ ਬੁੱਧ ਸਿਘ ਨੇ ਨਾਮ ਦੀ ਨਿਰਮਲ ਗੰਗਾ ਦੇ ਜਲ ਦੇ ਚੁਲੇ ਛਕੇ।

ਸ੍ਰੀ ਭੈਣੀ ਸਾਹਿਬ ਲੋਹ ਲੰਗਰ ਤਪਣ ਲੱਗਾ ਪਰ ਛੋਟੇ ਭਾਈ ਬੁੱਧ ਸਿੰਘ ਅਤੇ ਉਹਨਾਂ ਦਾ ਪਰਵਾਰ ਆਪਣੇ ਘਰ ਹੀ ਪਰਸ਼ਾਦਾ ਪਾਣੀ ਬਣਾਉਂਦੇ, ਛਕਦੇ ਤੇ ਆਪਣਾ ਸੌਖਾ ਗੁਜ਼ਾਰਾ ਕਰਦੇ ਰਹੇ।

ਦੂਜੇ ਪਾਸੇ ਦੇ ਸਿੱਖ ਸਨ ਜਗੀਰਦਾਰ, ਸਰਕਾਰ ਦੇ ਭਗਤ। ਜਿਸ ਅੰਗਰੇਜ਼ ਹਾਕਮ ਨੇ ਸਿੱਖ ਰਾਜ ਦੀਆਂ ਜੜ੍ਹਾਂ ਪੱਟੀਆਂ ਉਹਨਾਂ ਉਸੇ ਅੰਗਰੇਜ਼ ਰਾਜ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਦੇਸੀ ਫ਼ੌਜਾਂ ਵਿਰੁੱਧ ਲੜਾਈ ਕੀਤੀ ਤੇ ਅੰਗਰੇਜ ਵਲੋਂ ਲੜੇ। ਇਹ 1857 ਦੀ ਪਹਿਲੀ ਅਜ਼ਾਦੀ ਦੀ ਲੜਾਈ ਸਮੇਂ ਹੋਇਆ ਜਿਸ ਨੂੰ ਕੁਝ ਵਿਦਵਾਨ ਗਦਰ ਕਹਿੰਦੇ ਹਨ। ਇਹ 10 ਮਈ 1857 ਈ. ਨੂੰ (ਸੰਤ ਖ਼ਾਲਸਾ ਦੀ ਸਾਜਣਾ ਤੋਂ ਮਹੀਨਾ ਕੁ ਪਿੱਛੋਂ) ਸ਼ੁਰੂ ਹੋਇਆ। ਮੇਰਠ ਤੋਂ, ਭਾਰਤੀ ਫ਼ੌਜਾਂ ਨੇ ਬਗ਼ਾਵਤ ਕਰ ਦਿੱਤੀ ਸੀ। ਭਾਰਤੀ ਰਿਆਸਤਾਂ ਦੇ ਮੁਖੀ ਤਾਂਤਿਆ ਟੋਪੇ, ਨਾਨਾ ਫਰਨਵੀਸ, ਰਾਣੀ ਲਕਸ਼ਮੀ ਬਾਈ, ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜਫ਼ਰ ਆਦਿ ਫ਼ੌਜੀ ਬਗ਼ਾਵਤ ਦੀ ਪਿੱਠ ਉੱਤੇ ਸਨ। ਦੋ ਸਾਲ ਲੜਾਈ ਚੱਲਦੀ ਰਹੀ। ਅੰਤ ਫ਼ੌਜਾਂ ਤੇ ਰਾਜੇ, ਮਹਾਰਾਜੇ, ਨਵਾਬ, ਰਾਣੀ ਆਦਿ ਹਾਰ ਗਏ। ਕੁਝ ਸ਼ਹੀਦ ਹੋ ਗਏ, ਕੁਝ ਨੂੰ ਦੇਸ-ਬਦਰ ਕਰ ਦਿੱਤਾ ਗਿਆ ਜਿਥੋਂ ਉਹ ਵਾਪਸ ਨਾ ਆ ਸਕੇ।

ਇਸ 1857 ਦੇ ਗਦਰ ਵਿੱਚ ਹਾਰਨ ਕਾਰਨ ਇੱਕ ਪਾਸੇ ਭਾਰਤੀ ਕ੍ਰਾਂਤੀਕਾਰੀਆਂ ਦਾ ਲੱਕ ਟੁੱਟ ਗਿਆ, ਦੂਜੇ ਪਾਸੇ ਈਸਟ ਇੰਡੀਆ ਕੰਪਨੀ ਨੇ ਹਿੰਦੁਸਤਾਨ ਦੇ ਰਾਜ ਦੀ ਵਾਗਡੋਰ ਸਿੱਧੀ ਬਰਤਾਨਵੀ ਤਾਜ ਨੂੰ ਸੌਂਪ ਦਿੱਤੀ। ਤੀਜੇ ਪਾਸੇ ਮਹਿੰਗਾਈ ਨੇ ਲੋਕਾਂ ਦੀਆਂ ਲੋੜਾਂ ਥੋੜਾਂ ਪੂਰੀਆਂ ਕਰਨ ਲਈ ਔਖ ਪੈਦਾ ਕਰ ਦਿੱਤੀ। ਕਈ ਥਾਈਂ ਅਕਾਲ ਦੀ ਸਥਿਤੀ

ਪੈਦਾ ਹੋ ਗਈ ਸਤਿਗੁਰੂ ਜੀ ਨੇ ਅਨਾਜ ਇਕੱਠਾ ਕਰ ਲਿਆ। ਇਹ ਉਹਨਾਂ ਦੇ ਲੋਹ ਲੰਗਰ ਚਲਾਉਣ ਵਾਸਤੇ ਸੀ ਅਤੇ ਵਾਜਿਬ ਮੁਨਾਫੇ ਉੱਤੇ ਵੇਚਣ ਵਾਸਤੇ। ਸੰਤ ਸੰਤੋਖ ਸਿੰਘ ਬਾਹੋਵਾਲ ਦੇ ਸ਼ਬਦਾਂ ਵਿੱਚ :-

"ਚੌਦੇ (1914 ਬਿ. 1857 ਈ.) ਮੇ ਦਾਣੇ ਖਰੀਦੇ, ਸੋਲ੍ਹੇ ਮੇ ਅੰਨ ਘਟਿਆ। ਸਤਾਰੇ ਮੇ ਕਾਲ ਪਿਆ। ਸਤਾਰੇ ਮੇ ਪਹਿਲੇ ਦੋ ਮਣ (ਰੁਪਏ ਦਾ) ਦਾਣਾ ਵਿਕਿਆ। ਫੇਰ ਤੀਸ ਸੇਰ ਤਕ ਵਿਕਿਆ। ਖਾਤਾ ਪੁੱਟ ਕੇ ਵਿੱਚ ਦਾਣੇ ਰੱਖੇ ਹੋਏ ਸੇ। ਦੋ ਸੇਰ ਭਾਉ ਤੋਂ ਵੱਧ ਦੇਣਾ। ਨਾਲੇ ਆਏ ਗਏ ਸਿਖ ਕੋ ਪ੍ਰਸਾਦਾ ਛਕਾਵਣਾ। ਗ਼ਰੀਬ ਲੋਕਾਂ ਬਹੁਤ ਆਵਣਾ, ਸ਼ਹਿਰ ਥੀ ਬਗ਼ੈਰ ਦਾਣਾ ਕਿਤੇ ਹੱਥ ਨਹੀਂ ਆਉਂਦਾ ਹੈ। ਗ਼ਰੀਬ ਆ ਕੇ ਪ੍ਰਸਾਦਾ ਛਕਦੇ ਤੇ ਅਸੀਸਾਂ ਦਿੰਦੇ ਜਾਂਦੇ ਹੈਂ, ਕਹਿੰਦੇ ਹੈਂ ਏਹੋ ਜੇਹੀ ਗੱਲ ਕੌਣ ਕਰ ਸਕਦਾ ਹੈ ਜੋ ਭਾਉ ਥੀ ਦੋ ਸੇਰ ਜ਼ਿਆਦਾ ਦਿੰਦੇ ਹੈਂ ਨਾਲੇ ਪ੍ਰਸਾਦਾ ਭੀ ਛਕਾਉਂਦੇ ਹਨ।" -ਸਤਿਗੁਰੂ ਬਿਲਾਸ ਭਾਗ ਪਹਿਲਾ

ਨਫ਼ੇ ਦੀ ਗੱਲ ਤਾਂ ਗੁਰੂ ਹਰੀ ਸਿੰਘ ਦੇ ਦਾਣੇ ਵੇਚਣ ਤੋਂ ਪਤਾ ਲੱਗਦੀ ਹੈ। 1857 ਈ. ਵਿੱਚ ਉਹ ਸੋਭਾ ਸਿੰਘ ਸਪੁੱਤਰ ਸ੍ਰ. ਗੁਲਾਬ ਸਿੰਘ ਪਿੰਡ ਛੱਜਾਵਾਲ ਜ਼ਿਲ੍ਹਾ ਲੁਧਿਆਣਾ ਨਾਲ ਰਲ ਕੇ ਅਨਾਜ ਦਾ ਵਪਾਰ ਕਰਨ ਲੱਗੇ। ਦੋਹਾਂ ਨੇ ਕਿਤੋਂ ਭਾਅ-ਭੱਤਾ ਬਣਾ ਕੇ ਅਨਾਜ ਖ਼ਰੀਦ ਲਿਆ। ਉਹਨਾਂ ਸੋਚਿਆ ਕਿ ਅੰਬਾਲੇ ਜਾ ਕੇ ਵੇਚਿਆ ਜਾਵੇ। ਉੱਥੇ ਚਾਰ ਪੈਸੇ ਵੱਧ ਵੱਟੇ ਜਾਣਗੇ। ਦੋਵੇਂ ਅਨਾਜ ਦੇ ਗੱਡੇ ਭਰ ਕੇ ਅੰਬਾਲੇ ਗਏ। ਉੱਥੇ ਅਨਾਜ ਵੇਚਣ ਨਾਲ ਗੁਰੂ ਹਰੀ ਸਿੰਘ ਨੂੰ 16 ਰੁਪਏ ਅਤੇ ਸੋਭਾ ਸਿੰਘ ਨੂੰ 8 ਰੁਪਈਏ ਲਾਭ ਹੋਇਆ। ਸਤਿਗੁਰੂ ਜੀ ਨੇ ਜਦ ਉਹਨਾਂ ਦੇ ਦੱਸਣ ਤੋਂ ਪਹਿਲਾਂ ਹੀ ਮੁਨਾਫ਼ਾ ਦੱਸ ਦਿੱਤਾ ਤਾਂ ਗੁਰੂ ਹਰੀ ਸਿੰਘ ਜੀ ਹੱਥ ਬੰਨ੍ਹ ਕੇ ਕਹਿਣ ਲੱਗੇ, "ਇਹ ਆਪ ਜੀ ਦੀ ਹੀ ਦਇਆ ਹੈ ਤੁਸੀਂ ਅੰਤਰਜਾਮੀ ਸਭ ਕੁਝ ਜਾਣਦੇ ਹੋ"।

16 ਰੁਪਈਆਂ ਨੂੰ ਸੰਨ 2006 ਈ. ਦੇ ਹਿਸਾਬ ਸਿਰ ਗਿਣੀਏ ਤਾਂ, ਅਨਾਜ ਦੇ ਭਾਅ ਦਾ ਜੋੜ ਜਮ੍ਹਾਂ ਕਰੀਏ ਤਾਂ ਉਦੋਂ ਦੇ ਆਮ ਹਾਲਾਤ ਅਨੁਸਾਰ ਇਹ 16 ਰੁਪਈਆਂ ਦਾ ਲਾਭ ਅੱਜ ਦਾ 6-7 ਹਜ਼ਾਰ ਬਣਦਾ ਹੈ। ਉਦੋਂ ਦੇ ਤੇ ਅੱਜ ਦੇ ਅਨਾਜ ਦੇ ਭਾਅ ਦਾ ਮੁਕਾਬਲਾ ਕਰਕੇ ਵੇਖਿਆ ਜਾ ਸਕਦਾ ਹੈ। ਉਦੋਂ ਅਨਾਜ ਇੱਕ ਰੁਪਈਏ ਦਾ 50 ਕਿਲੋ ਬਣਦਾ ਸੀ ਜੋ ਅੱਜ 8-10 ਰੁਪਈਏ ਕਿਲੋ ਹੈ।

ਸ੍ਰੀ ਬੁਧ ਸਿੰਘ ਜੀ ਆਪਣੀ ਕਿਰਤ ਕਮਾਈ ਵਿੱਚੋਂ ਲੰਗਰ ਵਿੱਚ ਹਿੱਸਾ ਪਾਉਂਦੇ ਸਨ। ਉਹ ਆਏ ਗਏ ਨੂੰ ਪਰਸਾਦਾ ਪਾਣੀ ਵੀ ਛਕਾਉਂਦੇ

ਸਨ। ਬੀਬੀ ਸਾਹਿਬ ਕੌਰ ਖਿੜੇ ਮੱਥੇ ਸੇਵਾ ਕਰਦੀ ਸੀ।

1861 ਈ. ਵਿੱਚ ਵਸਾਖੀ ਉੱਤੇ ਹਰਿਦੁਆਰ ਅਰਧਕੁੰਭੀ ਦਾ ਮੇਲਾ ਸੀ। ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ ਆਪਣੇ ਇਸ ਪ੍ਰੋਗਰਾਮ ਬਾਰੇ ਦੱਸ ਦਿੱਤਾ। ਆਪ ਜੀ ਨਾਲ ਜਾਣ ਦੀ ਸਾਧ-ਸੰਗਤ ਨੇ ਵੀ ਆਪ ਜੀ ਤੋਂ ਇਜਾਜ਼ਤ ਲੈ ਲਈ ਸੀ।

ਪਰਵਾਰ ਵਿੱਚੋਂ ਬਾਬਾ ਜੱਸਾ ਸਿੰਘ, ਤਾਇਆ ਨੱਥਾ ਸਿੰਘ, ਵੀਰ ਬੁੱਧ ਸਿੰਘ ਤੇ ਸਤਿਗੁਰੂ ਜੀ ਦੀਆਂ ਦੋਵੇਂ ਲੜਕੀਆਂ ਬੀਬੀ ਨੰਦਾਂ ਤੇ ਦਇਆ ਕੌਰ ਵੀ ਨਾਲ ਚੱਲੀਆਂ। ਭਾਈ ਸੁੱਧ ਸਿੰਘ, ਲਾਭ ਸਿੰਘ ਸੂਰਮਾ ਅਤੇ ਦਿਤੂ ਦੇ ਰਾਗੀ ਜਥੇ ਨਾਲ ਸਨ। ਹਜ਼ਾਰੋਂ ਦੀ ਸੰਗਤ ਵੀ ਆਈ।

ਨਾਲ ਜਾਣ ਵਾਲੇ ਖ਼ਾਸ ਨਾਮਧਾਰੀ ਸਿੱਖ ਸਨ ਬਾਬਾ ਜਵਾਹਰ ਸਿੰਘ, ਕਾਹਨ ਸਿਘ ਨਿਹੰਗ, ਸੁੱਧ ਸਿੰਘ, ਦਸੌਂਧਾ ਸਿੰਘ, ਮਤਾਬ ਸਿੰਘ, ਗੁਪਾਲ ਸਿੰਘ, ਸਾਹਿਬ ਸਿੰਘ, ਨੈਣਾ ਸਿੰਘ ਆਦਿ। ਚੈਨ ਸਿੰਘ ਗੁਜਰਾਂਵਾਲੇ ਦੀ ਭੈਣ ਮਾਈ ਦੌਲੀ ਤੇ ਗੁਪਾਲ ਸਿੰਘ ਪਧਰੀਵਾਲੇ ਦੀ ਵੇਦਾਂਤ ਦੀ ਗਿਆਤਾ ਪਤਨੀ ਸਾਹਿਬ ਕੌਰ ਵੀ ਨਾਲ ਸੀ। ਇਸ ਤਰ੍ਹਾਂ ਇਹ ਇੱਕ ਤਗੜਾ ਵਹੀਰ ਬਣ ਗਿਆ। ਲੱਲਾਂ, ਉਟਾਲਾਂ ਤੋਂ ਹੁੰਦਿਆਂ ਪਹਿਲਾ ਪੜਾਅ ਖੰਨੇ ਕੀਤਾ। ਉੱਥੇ ਆਸਾ ਦੀ ਵਾਰ ਲੱਗੀ ਤੇ ਹਵਨ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਮਸਤੀ ਵਿੱਚ ਆ ਕੇ ਬਚਨ ਕੀਤਾ, ਰੂਸ ਕੋ ਚਾੜ੍ਹ ਕੇ ਲਿਆਵਾਂਗੇ, ਡੱਬੂ (ਅੰਗਰੇਜ਼) ਨੂੰ ਹਰਾਵਾਂਗੇ।

ਉਸ ਤੋਂ ਅਗਲਾ ਪੜਾ ਅੰਬਾਲੇ ਕੀਤਾ ਗਿਆ। ਉਥੋਂ ਦਰਸ਼ਨ ਮੇਲੇ ਲਈ ਮਾਰਕੰਡਾ ਦਰਿਆ ਪਾਰ ਕਰਕੇ ਜਥਾ ਕੁਰਖੇਤਰ ਪੁੱਜਾ। ਅਗਲਾ ਸਫ਼ਰ ਜਮਨਾ ਨਦੀ ਪਾਰ ਕਰਕੇ, ਸਹਾਰਨਪੁਰ ਰੁੜਕੀ ਦਾ ਸੀ।ਹੋਰ ਅਗੇਰੇ ਜਨਕ ਤਲਾ ਤੋਂ ਹੁੰਦੇ ਹੋਏ ਹਰਿਦੁਆਰ ਪਹੁੰਚੇ। ਰਾਹ ਵਿੱਚ ਸਤਿਗੁਰੂ ਜੀ ਭੁੱਲੇ ਭੱਟਕੇ ਲੋਕਾਂ ਨੂੰ ਧਰਮ ਕਰਮ ਦਾ ਉਪਦੇਸ਼ ਦੇਂਦੇ ਗਏ। ਉਹ ਆਪ ਦੀ ਰਾਮ ਕਾਰ ਵਿੱਚ ਆਉਂਦੇ ਗਏ।

ਆਪ ਡੇਰਿਆਂ ਦੇ ਮਹੰਤਾਂ, ਨਿਰਮਲੇ ਸਾਧਾਂ, ਅਵਧੂਤਾਂ ਤੇ ਹੋਰ ਧਰਮ ਦੇ ਨਾਂ ਉੱਤੇ ਲੋਕਾਂ ਨੂੰ ਮਗਰ ਲਾਉਣ ਵਾਲਿਆਂ ਨੂੰ ਤੜਕ ਭੜਕ ਛੱਡ ਕੇ ਸਾਦਾ ਜੀਵਣ ਜਿਉਣ, ਆਪਣੇ ਸੇਵਕਾਂ ਨੂੰ ਸਿੱਧੇ ਰਸਤੇ ਪਾਉਣ ਤੇ ਸ੍ਰੀ ਆਦਿ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਦੀ ਬਾਣੀ ਦਾ ਪਾਠ ਤੇ ਆਦਰ ਕਰਨ ਦਾ ਉਪਦੇਸ਼ ਦੇਂਦੇ ਸਨ।

ਇੱਕ ਵਾਰ ਆਪ ਵੀਰ ਬੁਧ ਸਿੰਘ ਤੇ ਸਿੱਖਾਂ ਨਾਲ ਵਿਚਰ ਰਹੇ ਸਨ ਕਿ ਕੋਲ ਹੀ ਦਿਆਰ ਦੀ ਗੇਲੀ ਪਈ ਸੀ। ਕੋਲ ਹੀ ਕੋਈ ਸਾਧ ਧੂਣੀ

ਪੁਖਾਈ ਬੈਠਾ ਸੀ। ਆਪ ਨੇ ਸੰਗਤ ਨੂੰ ਇਸ਼ਾਰਾ ਕੀਤਾ ਤੇ ਆਪ ਇੱਕ ਪਾਸਿਓਂ ਗੇਲੀ ਚੁੱਕ ਲਈ ਦੂਜੇ ਪਾਸਿਓਂ ਸੰਗਤ ਤੋਂ ਨਾ ਚੁੱਕੀ ਗਈ। ਸਤਿਗੁਰੂ ਜੀ ਕੋਲ ਖੜ੍ਹੇ ਭਾਈ ਬੁਧ ਸਿੰਘ ਨੂੰ ਸੰਕੇਤ ਕੀਤਾ। ਉਹ ਹੱਥ ਬੰਨ੍ਹੀਂ ਆ ਹਾਜ਼ਰ ਹੋਏ। ਆਪ ਨੇ ਇਸ਼ਾਰਾ ਕੀਤਾ ਤਾਂ ਇੱਕ ਪਾਸਿਓਂ ਉਹਨਾਂ ਗੇਲੀ ਚੁੱਕ ਲਈ ਦੂਜੇ ਪਾਸਿਓਂ ਸਤਿਗੁਰੂ ਜੀ ਨੇ। ਸਾਧ ਸੰਗਤ ਇਹ ਵੇਖ ਕੇ ਨਾਲੇ ਹੈਰਾਨੀ ਪ੍ਰਗਟ ਕਰੇ ਨਾਲੇ ਧੰਨ ਧੰਨ ਕਰੇ।

ਦੋਹਾਂ ਭਰਾਵਾਂ ਨੇ ਅਡੋਲ ਹੀ ਉਹ ਗੇਲੀ ਚੁੱਕ ਕੇ ਧੂਣੀ ਉੱਤੇ ਜਾ ਰੱਖੀ। ਉਹ ਸੁੱਕੀ ਸੀ, ਤੇਲ ਜਿਹੇ ਵਾਲੀ ਲੱਕੜ। ਛੇਤੀ ਹੀ ਉਸ ਨੇ ਅੱਗ ਫੜ੍ਹ ਲਈ ਅਤੇ ਬਲਣ ਲੱਗੀ। ਪਹਿਰੇ ਵਾਲੇ ਸੰਤਰੀ ਨੇ ਵੇਖਿਆ ਤਾਂ ਹੈਰਾਨ ਤੇ ਉਦਾਸ ਹੋ ਗਿਆ। ਉਸ ਨੇ ਆ ਕੇ ਅਰਜ਼ ਕੀਤੀ ਜੀ! ਇਹ ਮੇਰਾ ਰਿਜ਼ਕ ਸੀ। ਇਹ ਇੰਜ ਬਲ ਗਈ ਤਾ ਮੈਨੂੰ ਰਿਜ਼ਕ ਦਾ ਘਾਟਾ ਪਏਗਾ।

ਸਤਿਗੁਰੂ ਜੀ ਨੇ ਉਸ ਸੰਤਰੀ ਨੂੰ ਦੋ ਰੁਪਏ ਦਿੱਤੇ ਦੁੱਪੜ। ਉਹ ਤਾਂ ਆਪਣਾ ਘਰ ਪੂਰਾ ਹੋਇਆ ਜਾਣ ਕੇ ਪਾਸੇ ਹੋਇਆ। ਸਤਿਗੁਰੂ ਜੀ ਨੇ ਬਲਦੀ ਗੇਲੀ ਨੂੰ ਗੰਗਾ ਵਿੱਚ ਸੁੱਟ ਕੇ ਬੁਝਾਉਣ ਦਾ ਮਨ ਬਣਾਇਆ। ਸਿੱਖ ਸੋਚੀਂ ਪੈ ਗਏ। ਕੁਝ ਨੇ ਸਿਰ ਝੁਕਾ ਲਏ ਕਿਉਂਕਿ ਉਹ ਪਹਿਲਾਂ ਹੀ ਨਾ ਚੁੱਕ ਸਕਣ ਕਾਰਨ ਸ਼ਰਮਿੰਦਗੀ ਮਹਿਸੂਸ ਕਰ ਰਹੇ ਸਨ। ਕੁਝ ਜਵਾਨਾਂ ਹਿੰਮਤ ਵਿਖਾਈ ਪਰ ਗੇਲੀ ਅੰਗਦ ਦੇ ਪੈਰ ਵਾਂਗ ਅਡਿੱਗ ਟਿਕੀ ਰਹੀ, ਨਾ ਉਠਾਈ ਜਾ ਸਕੀ। ਸਤਿਗੁਰੂ ਜੀ ਨੇ ਬਚਨ ਕੀਤਾ:-

*ਹੋ ਜਾਓ ਇੱਕ ਪਾਸੇ।*
*ਆ ਭਰਾਵਾ ਬੁੱਧ ਸਿੰਘ।*
*ਮੇਰਾ ਤੇਰਾ ਜੋੜ ਜਨਮਾਂ ਜਨਮਾਂਤਰਾਂ ਤੋਂ।*
*ਚੁੱਕੀ ਨਹੀਂ ਜਾਣੀ ਇਹ ਗੇਲੀ।*
*ਗੱਡਾ ਨਹੀਂ ਰਿੜ੍ਹਨਾ ਤੇਰੇ ਬਿਨਾ।*
*ਕਰ ਕਮਰ ਕੱਸਾ,*
*ਆ ਅੱਗੇ।*

*ਸੀਤਲਤਾ ਦਾ ਸ੍ਰੋਤ-ਮਾਸਟਰ ਨਿਹਾਲ ਸਿੰਘ*

ਇਹਨਾਂ ਨੂੰ ਸਤਿਗੁਰੂ ਜੀ ਦੀ ਅਗਾਧ ਸ਼ਕਤੀ ਤੇ ਭਰੋਸਾ ਸੀ। ਇਹ ਸਤਿਗੁਰੂ ਜੀ ਦਾ ਕੋਈ ਚੋਜ ਸੀ। ਤਾਕਤ ਤਾਂ ਉਹਨਾਂ ਬਖ਼ਸ਼ਣੀ ਸੀ। ਦੋਹਾਂ ਭਰਾਵਾਂ ਨੇ ਅਡੋਲ ਹੀ ਬਲਦੀ ਗੇਲੀ ਚੁੱਕੀ ਤੇ ਨਾਲ ਲਗਦੀ ਗੰਗਾ ਵਿੱਚ ਵਗਾਹ ਮਾਰੀ। ਸੰਗਤ ਨੇ ਹੱਥ ਬੰਨ੍ਹ ਕੇ ਸਿਰ ਨਿਵਾਇਆ ਤੇ ਮਨ

ਵਿੱਚ ਸੋਚਿਆ ਕਿ ਛੋਟੇ ਭਾਈ ਵੀ ਬੇਅੰਤ ਸ਼ਕਤੀਆਂ ਦੇ ਮਾਲਕ ਹਨ।

ਇਹਨਾਂ ਨੂੰ ਸਤਿਗੁਰੂ ਜੀ ਨੇ ਸਿਦਕ ਭਰੋਸਾ ਦਿੱਤਾ ਸੀ। ਅਰਧ ਕੁੰਭੀ ਦੇ ਮੇਲੇ ਸਮੇਂ ਹੀ ਸਤਿਗੁਰੂ ਜੀ ਨੇ ਇਹਨਾਂ ਨੂੰ ਇੱਕ ਰੁਪਈਆ ਦਿੱਤਾ। ਇਹਨਾਂ ਖ਼ੁਸ਼ੀ-ਖ਼ੁਸ਼ੀ ਪਰਵਾਨ ਕਰ ਲਿਆ। ਉਹੀ ਰੁਪਈਆ ਇਹ ਆ ਕੇ ਦਇਆ ਕੌਰ ਨੂੰ ਦੇਣ ਲੱਗੇ। ਉਹ ਕਹਿਣ ਲੱਗੀ ਮੈਂ ਦੋ ਲਵਾਂਗੀ। ਇੰਜ ਦੋਹਾਂ ਦੇ ਸੁਭਾ ਦਾ ਫ਼ਰਕ ਸਾਮ੍ਹਣੇ ਆ ਗਿਆ।

ਏਸੇ ਮੇਲੇ ਵਿੱਚ ਸਤਿਗੁਰੂ ਜੀ ਨੇ ਇੱਕ ਹੋਰ ਕੌਤਕ ਕੀਤਾ ਸੀ। ਉਹਨਾਂ ਇੱਕ ਚਿਖਾ ਚਿਣੀ ਅਤੇ ਵੇਦਾਂਤਣ ਮਾਈ ਸਾਹਿਬ ਕੌਰ ਪਧਰੀ ਵਾਲੀ ਨੂੰ 4 ਸਾਲ ਦੇ ਪੁੱਤਰ ਲਾਲ ਸਿੰਘ ਨਾਲ ਚਿਖਾ ਉੱਤੇ ਬਿਠਾਲ ਦਿੱਤਾ। ਉਹ ਹੁਕਮ ਮੰਨ ਕੇ ਬੈਠ ਗਈ। ਆਪ ਨੇ ਉੱਤੇ ਕਾਲੀ ਕੰਬਲੀ ਪਾ ਦਿੱਤੀ। ਸਤਿਗੁਰੂ ਜੀ ਨੇ ਉਸਦਾ ਪੁੱਤਰ ਮੋਹ ਪਰਖਣ ਲਈ ਚਿਖਾ ਨੂੰ ਅੱਗ ਲਾ ਦਿੱਤੀ। ਉਹ ਡਰ ਗਈ ਤੇ ਮੁੰਡੇ ਨੂੰ ਬਾਹਰ ਸੁੱਟਣ ਲੱਗੀ ਤਾਂ ਸਤਿਗੁਰੂ ਜੀ ਬਚਨ ਕੀਤਾ, "ਸੁੱਟ ਬਾਹਰ ਏਥੇ ਹੀ ਉਸ ਦਾ ਢਿੱਡ ਪਾੜ ਦਿਆਂਗਾ।"

ਉਸਨੇ ਫਿਰ ਲੋਈ ਵਿੱਚ ਪੁੱਤਰ ਨੂੰ ਵਲ੍ਹੇਟ ਲਿਆ। ਸਾਰੀਆਂ ਲੱਕੜਾਂ ਸੜ ਕੇ ਕੋਇਲੇ ਹੋ ਗਈਆਂ ਪਰ ਮਾਂ-ਪੁੱਤਾਂ ਨੂੰ ਸੇਕ ਨਾ ਪੋਹਿਆ। ਚਿਖਾ ਤੋਂ ਬਾਹਰ ਆ ਕੇ ਮਾਈ ਸਾਹਬੋ ਚਰਨੀ ਪਈ, ਪੁੱਤ ਨੂੰ ਲੈ ਕੇ ਕਹਿਣ ਲੱਗੀ, ਤੂੰ ਬੇਅੰਤ! ਤੂੰ ਬੇਅੰਤ! ਸੰਗਤ ਵੀ ਮੂੰਹ ਵਿੱਚ ਉਂਗਲਾਂ ਪਾਈ ਖੜ੍ਹੀ ਸੀ। ਪਰ ਵੀਰ ਬੁੱਧ ਸਿੰਘ ਅਡੋਲ ਸਨ ਜਿਵੇਂ ਉਹਨਾਂ ਨੂੰ ਭਰੋਸਾ ਸੀ ਕਿ ਅੱਗ, ਪੌਣ, ਪਾਣੀ ਸਭ ਇਸ ਦੇ ਹੁਕਮ ਦੇ ਬੱਧੇ ਹੋਏ ਹਨ। ਉਹ ਕਿਸੇ ਦਾ ਕੁਝ ਨਹੀਂ ਵਿਗਾੜ ਸਕਦੇ।

ਸਤਿਗੁਰੂ ਜੀ ਸੰਸਾਰਕ ਬੰਧਨਾਂ ਮੋਹ, ਮਾਇਆ, ਪਿਆਰ ਤੋਂ ਉਤਲੀ ਅਵਸਥਾ ਵਿੱਚ ਸਨ ਪਰ ਜੇ ਕੋਈ ਸੰਸਾਰੀ ਦਾਤਾਂ ਮੰਗਦਾ, ਤਾਂ ਵਰ ਦੇਂਦੇ। ਬਾਬੇ ਜੱਸਾ ਸਿੰਘ ਨੇ ਵੀ, ਸੰਸਾਰੀ ਦਾਤ, ਪੋਤਰੇ ਦੀ ਮੰਗ ਕੀਤੀ। ੧੮੬੮ ਵਿੱਚ । ਉਹ ਸਮਝਦੇ ਸਨ ਕਿ ਸਤਿਗੁਰੂ ਜੀ ਤਾਂ ਪਹਿਲਾਂ ਹੀ ਬਚਨ ਕਰ ਚੁਕੇ ਹਨ ਬਿੰਦੀ ਪੁੱਤਰ ਨਹੀਂ ਰੱਖਣਾ, ਸਾਰੇ ਸਿੱਖ ਨਾਦੀ ਪੁੱਤਰ ਹਨ ਹੀ। ਉਹਨਾਂ ਇੱਕ ਵਾਰ ਸੁਭਾਵਕ ਹੀ ਬਾਬਾ ਜੱਸਾ ਸਿੰਘ ਦੀ ਖ਼ੁਸ਼ੀ ਬਾਰੇ ਪੁੱਛਿਆ ਤਾਂ ਉਹਨਾਂ ਆਪਣੀ ਰੀਝ ਪ੍ਰਗਟ ਕੀਤੀ ਕਿ ਪੋਤਰਾ ਹੋਵੇ। ਸਤਿਗੁਰੂ ਜੀ ਨੇ ਬਚਨ ਕੀਤਾ ਇਹ ਰੀਝ ਬੁੱਧ ਸਿੰਘ ਤੋਂ ਪੂਰੀ ਹੋਵੇਗੀ। ਬਾਬਾ ਸੰਤੋਖ ਸਿੰਘ ਬਾਹੋਵਾਲ ਰਚਿਤ ਸਤਿਗੁਰੂ ਬਿਲਾਸ ਭਾਗ ਪਹਿਲਾ ਵਿੱਚ ਦਰਜ ਹੈ:-

"ਏਕ ਸਮੇਂ ਗੜ੍ਹੀ ਵਾਲੇ ਕਾਨ੍ਹ ਸਿੰਘ ਨੂੰ ਬਚਨ ਕੀਤਾ ਪ੍ਰਤਾਪ ਸਿੰਘ ਹੋਵੇਗਾ ਵੱਡੇ ਪਰਤਾਪ ਵਾਲਾ। ਬਾਬੇ ਕਾਨ੍ਹ ਸਿੰਘ ਪੁਛਿਆ ਕਿਥੋਂ ਹੋਵੇਗਾ? ਗੁਰੂ ਜੀ ਬਚਨ ਕੀਤਾ ਏਕ ਸਮੇਂ ਮੈਂ ਬਾਬੇ ਜੱਸਾ ਸਿੰਘ ਨੂੰ ਪੁੱਛਿਆ ਸੀ, "ਬਾਬਾ ਤੂੰ ਰਾਜੀ ਖ਼ੁਸ਼ੀ ਹੈਂ?" ਬਾਬੇ ਨੇ ਕਹਿਆ ਤਾਂ ਮੈਂ ਰਾਜੀ ਖ਼ੁਸ਼ੀ ਹਾਂ ਕਿ ਤੁਹਾਡੇ ਘਰ ਬਾਲਕ ਹੋਵੇ ਜਾਂ ਬੁੱਧ ਸਿੰਘ ਦੇ ਘਰ ਖੇਡਦਾ ਦੇਖਾਂ, ਤਾਂ ਮੈਂ ਰਾਜੀ ਹਾਂ। ਮੈਂ ਕਹਿਆ ਬਾਬਾ ਮੇਰੇ ਤਾਂ ਨਹੀਂ ਪਰ ਬੁੱਧ ਸਿੰਘ ਦੇ ਘਰ ਸਮਾਂ ਪਾ ਕੇ ਹੋਵੇਗਾ।"

ਸਤਿਗੁਰੂ ਜੀ ਨੇ ਸੰਸਾਰਕ ਸਾਂਝ ਦੇ ਸੁਖ਼ ਦਾ ਵਰ ਛੋਟੇ ਭਾਈ ਨੂੰ ਦਿੱਤਾ। ਇਹ ਉਹਨਾਂ ਦੀ ਭਾਈ ਦੇ ਸੁਭਾਅ ਉਹਨਾਂ ਦੀ ਭਾਵਨਾ ਤੇ ਭਵਿਖਤ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਕਿਰਪਾ ਸੀ।

ਬਾਬਾ ਜੀ ਨੂੰ ਚਿੰਤਾ ਸੀ ਕਿ ਬੀਬੀ ਸਾਹਿਬ ਕੌਰ ਵਿੱਲੇ-ਮੱਠੇ ਰਹਿੰਦੇ ਹਨ। ਉਹਨਾਂ ਆਪਣੀ ਰੀਝ ਨੂੰ ਫੇਰ ਇੱਕ ਵਾਰ ਸ਼ੰਕਾ ਨਵਿਰਤੀ ਦੀ ਇੱਛਾ ਨਾਲ ਪੁੱਛਿਆ, ਸਾਹਬੋ ਕੇ ਹੋਊਗਾ। ਤੇ ਸਤਿਗੁਰੂ ਜੀ ਨੇ ਬਚਨ ਕੀਤਾ, "ਬਾਬਾ ਨਵੇਂ ਅਨੰਦ ਹੋਣਗੇ।"

ਆਪ ਜੀ ਨੇ 1869 ਈ. ਵਿੱਚ ਛੋਟੇ ਭਾਈ ਨਾਲ ਬਚਨ ਕੀਤਾ, "ਕਰ ਦੇਈਏ, ਤੇਰਾ ਹੋਰ ਵਿਆਹ ਕਰ ਦੇਈਏ", ਤਾਂ ਉਹ ਚੁਪ ਰਹੇ। ਉਹ ਸਮਝਦੇ ਸਨ ਕਿ ਉਹ ਉਹਨਾਂ ਦੇ ਭਾਈ ਤਾਂ ਹਨ ਹੀ ਉਹਨਾਂ ਦੇ ਸਿੱਖ ਵੀ ਹਨ। ਸੋ ਜੋ ਬਚਨ ਹੋਵੇ ਉਸ ਨੂੰ ਸੁਣਨ ਵਿੱਚ ਹੀ ਸੁਖ ਸਮਝਣਾ। ਉਹਨਾਂ ਦੇ ਬਚਨ ਪੂਰੇ ਤਾਂ ਹੋਣੇ ਹੀ ਹਨ। ਵਰਦਾਨ ਜੁ ਹੋਏ।

ਛੋਟੇ ਭਾਈ ਪਰਵਾਰਕ ਤੌਰ ਉੱਤੇ ਪੂਰੀ ਜ਼ੁੰਮੇਵਾਰੀ ਸਮਝਦੇ ਸਨ ਤੇ ਧਿਆਨ ਰੱਖਦੇ ਸਨ। ਉਹਨਾਂ ਨੂੰ ਪਤਾ ਸੀ ਕਿ ਸ੍ਰੀ ਸਤਿਗੁਰੂ ਜੀ ਤਾਂ ਆਪਣੇ ਧਾਰਮਿਕ ਸਦਾਚਾਰਕ ਅਤੇ ਰਾਜਨੀਤਿਕ ਪ੍ਰੋਗਰਾਮ ਨੂੰ ਅੱਗੇ ਵਧਾਉਣ ਲਈ ਚਿੰਤਨਸ਼ੀਲ ਰਹਿੰਦੇ ਹਨ, ਦੌਰੇ ਕਰਦੇ ਹਨ ਤੇ ਸਿੱਖਾਂ ਨੂੰ ਸੇਧ ਦੇਂਦੇ ਹਨ। ਸੋ ਉਹ ਮਾਤਾ ਜੱਸਾਂ ਤੇ ਨੰਦਾਂ ਤੇ ਦਇਆ ਕੌਰ ਦਾ ਧਿਆਨ ਰੱਖਦੇ। ਉਹ ਹੋਰਾਂ ਦੀ ਤੋਰ ਵੀ ਪਛਾਣ ਲੈਂਦੇ ਤੇ ਲੋੜ ਅਨੁਸਾਰ ਅਮਲ ਕਰਦੇ।

ਇੱਕ ਵਾਰ ਸ੍ਰੀ ਸਤਿਗੁਰੂ ਜੀ ਲੱਲ੍ਹ ਕਲਾਂ ਦਾ ਦੌਰਾ ਕਰ ਰਹੇ ਸਨ। ਬੀਬੀ ਨੰਦਾਂ ਸਤਿਗੁਰੂ ਜੀ ਵੱਲ ਕੁਝ ਬੀਬੀਆਂ ਲੈ ਕੇ ਤੁਰ ਪਈ। ਉਹਨਾਂ ਦੇ ਮਗਰ ਹੀ ਪੰਡਤ ਨਰਾਇਣ ਸਿੰਘ ਨਿਕਲਿਆ। ਰਾਹ ਵਿੱਚ ਸ੍ਰੀ ਬੁਧ ਸਿੰਘ ਹਲ ਵਾਹ ਰਹੇ ਸਨ। ਉਹਨਾਂ ਦੇ ਮਨ ਵਿੱਚ ਫੁਰਨਾ ਫੁਰਿਆ ਕਿ ਕਿਤੇ ਪੰਡਤ ਰਸਤੇ ਵਿੱਚ ਬੀਬੀਆਂ ਨੂੰ ਠੱਠਾ ਮਸ਼ਕਰੀ ਨਾ ਕਰੇ। ਉਹਨਾਂ

ਨੂੰ ਇਹ ਵੀ ਪਤਾ ਸੀ ਕਿ ਪੰਡਤ ਤਾਂ ਸਤਿਗੁਰੂ ਜੀ ਦੇ ਚਰਨਾਂ ਦੇ ਵਿਛੋੜੇ ਦੀ ਝੂਠੀ ਸਹੁੰ ਚੁੱਕ ਲੈਂਦਾ ਸੀ ਸੋ ਉਹ ਚੰਗਾ ਬੰਦਾ ਕਿਵੇਂ ਹੋਇਆ' ਉਹਨਾਂ ਦੇ ਮਨ ਵਿੱਚ ਆਈ ਇਸਦੀ ਭੁਗਤ ਸੁਆਰੀ ਜਾਏ।

ਦੇਵ ਨੇਤ ਉਥੋਂ ਹੀ ਸੂਬਾ ਲੱਖਾ ਸਿੰਘ ਲੰਘਣ ਲੱਗਾ ਤਾਂ ਆਪ ਨੇ ਉਸ ਨਾਲ ਗੱਲ ਕੀਤੀ ਕਿ ਪੰਡਤ ਨਰਾਇਣ ਸਿੰਘ ਕੁੜੀਆਂ ਦੇ ਮਗਰ ਗਿਆ ਹੈ ਇਸ ਦੀ ਖ਼ਬਰ ਲਈਏ। ਸੂਬਾ ਜੀ ਘੋੜਾ ਭਜਾ ਕੇ ਮਗਰ ਗਏ ਤੇ ਆਪਣੇ ਹੱਥ ਵਾਲੇ ਕੋਰੜੇ ਨਾਲ ਪੰਡਤ ਦੀ ਸੇਵਾ ਕੀਤੀ।

1871 ਈ. ਤੱਕ ਸ੍ਰੀ ਸਤਿਗੁਰੂ ਜੀ ਦੀ ਵਿਉਂਤ ਅਨੁਸਾਰ ਨਾਮਧਾਰੀ ਪੰਥ ਚੜ੍ਹਦੀ ਕਲਾ ਵਿੱਚ ਸੀ, ਪਿੰਡਾਂ ਦੇ ਪਿੰਡ ਨਾਮਧਾਰੀ ਬਣ ਰਹੇ ਸਨ। ਲੋਕ ਸਖੀ-ਸਰਵਰ, ਮੜ੍ਹੀਆਂ-ਮਸਾਣਾਂ, ਬਾਬਿਆਂ, ਮਹੰਤਾਂ, ਡੇਰੇ ਦਾਰਾਂ ਦੀ ਅਸਲੀਅਤ ਜਾਣ ਕੇ ਉਹਨਾਂ ਤੋਂ ਮੂੰਹ ਮੋੜ ਚੁਕੇ ਸਨ। ਉਹ ਫੀਮ, ਭੰਗ, ਪੋਸਤ, ਸ਼ਰਾਬ, ਮਾਸ ਤਮਾਕੂ ਆਦਿ ਛੱਡ ਕੇ ਭਜਨ ਲੈ ਕੇ, ਅੰਮ੍ਰਿਤ ਛਕ ਕੇ ਨਾਮ ਬਾਣੀ ਦੇ ਰਸੀਏ ਬਣ ਚੁਕੇ ਸਨ। ਉਹ ਵਿਦੇਸ਼ੀ ਹਾਕਮਾਂ ਤੋਂ ਦੇਸ ਨੂੰ ਆਜ਼ਾਦ ਕਰਾਉਣ ਦੀ ਸ਼ਾਂਤੀ ਸੈਨਾ ਦੇ ਸਿਪਾਹਸਲਾਰ ਸਨ, ਸਤਿਗੁਰੂ ਜੀ ਸ਼ਾਹਸਵਾਰ। ਨਾਮਿਲਵਰਤਨ, ਸੁਦੇਸ਼ੀ ਤੇ ਅਹਿੰਸਾ ਦੇ ਹਥਿਆਰਾਂ ਨਾਲ ਸਹਿਜੇ ਹੀ ਅਜ਼ਾਦੀ ਦੀ ਜੰਗ ਲੜੀ ਜਾ ਰਹੀ ਸੀ। ਆਪਣੀਆਂ ਕਾਰਵਾਈਆਂ ਨੂੰ ਸਰਕਾਰ ਦੀਆਂ ਬਦ-ਨਜ਼ਰਾਂ ਤੋਂ ਬਚਾਉਣ ਲਈ ਆਪਣਾ ਡਾਕ ਪ੍ਰਬੰਧ ਸ਼ੁਰੂ ਕੀਤਾ ਜਾ ਚੁੱਕਾ ਸੀ ਜਿਸ ਰਾਹੀਂ ਚਿਠੀ ਪੱਤਰ ਸੁਨੇਹੇ ਗੁਪਤ ਰੱਖੇ ਜਾ ਰਹੇ ਸਨ। ਨੇਪਾਲ, ਕਸ਼ਮੀਰ ਤੇ ਹਿੰਦੁਸਤਾਨ ਦੇ ਹੋਰ ਪ੍ਰਾਂਤਾਂ ਤੇ ਲੋਕਾਂ ਨਾਲ ਇਸ ਲੋਕ ਲਹਿਰ ਵਿੱਚ ਸ਼ਾਮਲ ਹੋਣ ਜਾਂ ਇਸ ਦੀ ਮਦਦ ਕਰਨ, ਸਪੋਰਟ ਕਰਨ ਲਈ ਲਗਾਤਾਰ ਸੰਬੰਧ ਰੱਖੇ ਜਾ ਰਹੇ ਸਨ।

ਬਰਤਾਨਵੀਂ ਹਾਕਮ ਤਾਂ ਸਮਝਦਾ ਸੀ ਕਿ ਇਹ ਸਾਰਾ ਕੁਝ ਉਸ ਦੀ ਮੰਜੀ ਹੇਠ ਅੱਗ ਬਾਲਣ ਲਈ ਕੀਤਾ ਜਾ ਰਿਹਾ ਹੈ। ਉਹ ਵੀ ਅਵੇਸਲੇ ਨਹੀਂ ਸਨ। ਉਹ ਹਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਦੀ ਨਿਗਰਾਨੀ ਹੇਠ ਰਿਪੋਰਟਾਂ ਇੱਕਠੀਆਂ ਕਰ ਰਹੇ ਸਨ ਅਤੇ ਮਹਿਸੂਸ ਕਰ ਰਹੇ ਸਨ ਕਿ ਕਿਸੇ ਵੀ ਵੇਲੇ 1857 ਤੋਂ ਭਿਆਨਕ, ਉਹਨਾਂ ਦੀ ਸਰਕਾਰ ਲਈ ਘਾਤਕ, ਕ੍ਰਾਂਤੀਕਾਰੀ ਕਦਮ ਉੱਠ ਸਕਦਾ ਹੈ। ਸੋ ਉਹ ਇਸ ਲਹਿਰ ਨੂੰ ਦਬਾਉਣ ਲਈ ਆਪਣੇ ਮਨਸੂਬੇ ਤਿਆਰ ਕਰ ਰਹੇ ਸਨ।

ਸਤਿਗੁਰੂ ਜੀ ਜਾਣਦੇ ਸਨ ਕਿ ਭਾਵੇਂ 10 ਲੱਖ ਸਿੱਖ ਉਹਨਾਂ ਦੇ ਝੰਡੇ ਹੇਠ ਆ ਚੁੱਕੇ ਹਨ ਪਰ ਸਰਕਾਰ ਉਹਨਾਂ ਨੂੰ ਨੁਕਸਾਨ ਪਹੁੰਚਾਉਣ

ਲਈ ਮੌਕੇ ਦੀ ਤਲਾਸ਼ ਵਿੱਚ ਸੀ।

ਸਰਕਾਰ ਸਿਰਕਰਦਾ ਨਾਮਧਾਰੀ ਬੰਦਿਆਂ, ਸੂਬਿਆਂ, ਜਥੇਦਾਰਾਂ ਦੀਆਂ ਸੂਚੀਆਂ ਵੀ ਤਿਆਰ ਕਰ ਰਹੀ ਸੀ। ਸਤਿਗੁਰੂ ਰਾਮ ਸਿੰਘ ਜੀ ਸਮਝਦੇ ਸਨ ਕਿ ਜਦੋਂ ਸਰਕਾਰ ਨੂੰ ਮੌਕਾ ਲੱਗਾ ਤਾਂ ਉਸ ਨੇ ਆਪ ਨੂੰ ਹੱਥ ਪਾਉਣਾ ਹੈ, ਨਾਲ ਹੀ ਮੁੱਖ ਆਗੂਆਂ ਨੂੰ ਵੀ ਦਬਾਉਣਾ ਹੈ। ਉਹਨਾਂ ਨੇ ਇਸ ਦੀ ਵਿਉਂਤਬੰਦੀ ਕੀਤੀ ਕਿ ਜੇ ਸਰਕਾਰ ਨੇ ਉਹਨਾਂ ਤੇ ਉਹਨਾਂ ਦੇ ਥਾਪੇ ਆਗੂਆਂ ਨੂੰ ਹੱਥ ਪਾਇਆ ਤਾਂ ਪੰਥ ਦਾ ਭਾਰ ਚੁੱਕਣ ਲਈ ਕਿਸ ਦੇ ਮੋਢਿਆਂ ਵਿੱਚ ਤਾਕਤ ਹੈ। ਸ੍ਰੀ ਸਤਿਗੁਰੂ ਜੀ ਨੇ ਫੌਰਨ ਆਪਣੇ ਛੋਟੇ ਵੀਰ ਬੁੱਧ ਸਿੰਘ ਬਾਰੇ ਚਿਤਾਰਿਆ।

ਸ੍ਰੀ ਬੁੱਧ ਸਿੰਘ ਦੀ ਸਾਧ ਸੰਗਤ ਵਿੱਚ ਇੱਕ ਸਧਾਰਨ ਗੁਰਸਿੱਖ ਵਾਲੀ ਥਾਂ ਸੀ। ਜਿਵੇਂ ਹੋਰ ਸਿੱਖ ਦਿਵਾਨਾਂ ਵਿੱਚ ਘਰੋਂ ਪ੍ਰਸਾਦਾ ਛਕ ਕੇ ਆਉਂਦੇ, ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਦੇ ਤਾਂ ਜਿੱਥੇ ਥਾਂ ਮਿਲਦੀ ਬੈਠ ਜਾਂਦੇ ਸਨ ਇੰਜ ਹੀ ਉਹ ਵੀ ਕਰਦੇ। ਉਹ ਭਾਵੇਂ ਲੁਹਾਰਾ ਤਰਖਾਣਾ ਕੰਮ ਕਰਨ, ਵਾਹੀ ਕਰਨ ਜਾਂ ਗੱਡਾ ਵਾਹੁਣ, ਆਪਣੀ ਦਸਾਂ ਨਵ੍ਹਾਂ ਦੀ ਕਿਰਤ ਕਰਕੇ ਚਹੁੰ ਜੀਆਂ ਦਾ ਪਰਵਾਰ ਪਾਲਦੇ ਸਨ ਅਤੇ ਗੁਰੂ ਕੇ ਲੰਗਰ ਲਈ ਦਾਨ ਦੇਂਦੇ ਸਨ। ਸਿੱਖ ਉਹਨਾਂ ਨੂੰ ਕੇਵਲ ਸਤਿਗੁਰੂ ਰਾਮ ਸਿੰਘ ਦੇ ਭਰਾ ਵਜੋਂ ਹੀ ਜਾਣਦੇ ਸਨ ਜਿਸ ਉੱਤੇ ਕੋਈ ਪੰਥਕ ਜ਼ੁੰਮੇਵਾਰੀ ਨਹੀਂ ਸੀ।

ਉਹਨਾਂ ਉੱਤੇ ਕੋਈ ਪੰਥਕ ਜ਼ੁੰਮੇਵਾਰੀ ਨਾ ਹੋਣ ਕਰਕੇ ਸਰਕਾਰ ਦੀਆਂ ਫ਼ਾਈਲਾਂ ਵਿੱਚ ਵੀ ਉਹ ਅਣਗੌਲੇ ਜਿਹੇ ਸਨ। ਉਹ ਆਗੂ ਨਹੀਂ ਸਨ।

ਸਤਿਗੁਰੂ ਜੀ ਨੂੰ ਆਪਣੇ ਵੀਰ ਤੇ ਸਮਰਪਿਤ ਸਿੱਖ ਦੀ ਸਮਰੱਥਾ ਤੇ ਗੁਣ ਭੁੱਲੇ ਹੋਏ ਥੋੜ੍ਹਾ ਸਨ। ਉਹਨਾਂ ਨੇ ਸੰਗਤ ਵਿੱਚ ਉਹਨਾਂ ਦੇ ਵਿਚਰਨ ਦਾ ਸਮਾਂ ਮਹਿਸੂਸ ਕਰਦਿਆਂ ਤੇ ਸੰਗਤ ਨਾਲ ਉਹਨਾਂ ਦੀ ਜਾਣ ਪਛਾਣ ਕਰਵਾਉਣ ਦੀ ਲੋੜ ਮਹਿਸੂਸ ਕਰਦਿਆਂ ਜੂਨ 1871 ਈ. ਵਿੱਚ ਹਲ ਵਾਹੁਣ ਜਾਂਦਿਆਂ ਨੂੰ ਰੋਕ ਲਿਆ।

ਭਾਈ ਬੁਧ ਸਿੰਘ ਜੀ ਮੋਢੇ ਤੇ ਹਲ ਰੱਖੀ, ਬਲਦਾਂ ਦੀ ਜੋੜੀ ਅੱਗੇ ਲਾਈ ਹਲ ਵਾਹੁਣ ਜਾ ਰਹੇ ਸਨ। ਸਤਿਗੁਰੂ ਜੀ ਅੰਮ੍ਰਿਤ ਵੇਲੇ ਅਕਾਲ ਬੁੰਗੇ, ਨਾਮ ਸਿਮਰਨ ਕਰਕੇ ਗੁਰਦੁਆਰੇ ਨੂੰ ਆ ਰਹੇ ਸਨ । ਉਹਨਾਂ ਬਚਨ ਕੀਤਾ:

> "*ਬੱਸ ਰੱਖ ਦਿਓ ਹਲ!*
> *ਹੁਣ ਨਹੀਂ ਲੋੜ*

*ਭਜਨ ਕਰਿਆ ਕਰੋ।*
*ਬਹੁਤ ਬਣਾ ਲਈ ਏ*
*ਹੁਣ ਨਹੀਂ ਮੁਕਦੀ,*
*ਭਾਵੇਂ ਖਾਣ ਖੂਹਣੀਆਂ ਅਸੰਖ*
*ਦੋ ਹਜ਼ਾਰ ਦਸ ਹਜ਼ਾਰ*
*ਜੁਗਾਂ ਜੁਗੰਤਰਾਂ ਤੀਕ"*

*-ਸੀਤਲਤਾ ਦਾ ਸ੍ਰੋਤ-ਮਾ.ਨਿਹਾਲ ਸਿੰਘ*

ਛੋਟੇ ਵੀਰ ਬੁੱਧ ਸਿੰਘ ਨੇ ਸਤਿਬਚਨ ਕੀਤਾ, ਓਥੇ ਹੀ ਹਲ ਰੱਖ ਦਿੱਤਾ। ਬਲਦ ਘਰ ਆ ਗਏ।

ਸਤਿਗੁਰੂ ਬਿਲਾਸ ਅਨੁਸਾਰ: ਸਤਿਗੁਰੂ ਜੀ ਓਥੇ ਹੀ ਬਾਂਹ ਫੜਕੇ ਲੰਗਰ ਮੇਂ ਲੈ ਆਏ। ਲਾਂਗਰੀਆਂ ਨੇ ਦੋ ਚੌਂਕੀਆਂ ਡਾਹ ਦਿੱਤੀਆਂ। ਦੋਨੋ ਭਾਈ ਚਿੱਟੀਆਂ ਪੁਸ਼ਾਕਾਂ ਪਾਇਕੇ ਚੌਂਕੀਆਂ ਪਰ ਬੈਠੇ। ਪ੍ਰਸਾਦਾ ਛਕਣ ਲੱਗੇ। ਦੀਨਾ ਨਾਥ ਜੀ ਸਿੱਖਾਂ ਨੂੰ ਪੁੱਛਿਆ ਸਾਡੇ ਦੋਹਾਂ ਮੇਂ ਕੋਈ ਫ਼ਰਕ ਲੱਗਦਾ ਹੈ? ਸਿਖਾਂ ਕਿਹਾ ਜੀ, "ਕੋਈ ਫਰਕ ਨਹੀਂ ਹੈ।"

ਮਹਾਰਾਜ (ਬੁੱਧ ਸਿੰਘ) ਜੀ ਉਸੀ ਦਿਨ ਤੋਂ ਲੰਗਰੋਂ ਪ੍ਰਸਾਦਾ ਛਕਣਾ। ਜਿਵੇਂ ਬਚਨ ਸ੍ਰੀ ਸਤਿਗੁਰੂ ਜੀ ਕਰਨ ਤਿਵੇਂ ਮੰਨਣਾ।

-ਸੰਤ ਸੰਤੋਖ ਸਿੰਘ ਬਾਹੋਵਾਲ ਸਤਿਗੁਰ ਬਿਲਾਸ ਹਿੱਸਾ ਪਹਿਲਾ

ਮਹਾਰਾਜ ਬੁੱਧ ਸਿੰਘ ਦਾ ਹੁਣ ਬਹੁਤਾ ਸਮਾਂ ਗੁਰਦੁਆਰੇ ਹੀ ਬੀਤਦਾ। ਉਹਨਾਂ ਨਾਲ ਕਦੀ ਆਲੇ ਦੁਆਲੇ ਵਾਪਰ ਰਹੇ, ਬਦਲ ਰਹੇ ਹਾਲਾਤ ਬਾਰੇ ਸਤਿਗੁਰੂ ਜੀ ਬਚਨ ਕਰਦੇ ਕਦੀ ਉਹ ਸੂਬਿਆਂ ਦੀ ਚਰਚਾ ਸੁਣਦੇ ਜਾਂ ਸਾਧ ਸੰਤਾਂ ਦੀ ਗੱਲਬਾਤ ਵੱਲ ਧਿਆਨ ਦੇਂਦੇ। ਉਹ ਸਥਿਤੀ ਨੂੰ ਪੂਰੀ ਤਰ੍ਹਾਂ ਸਮਝਦੇ ਤੇ ਨਜ਼ਰ ਰੱਖਦੇ।

ਉਹ ਵੀ ਹੁਣ ਅੰਗਰੇਜ਼ਾਂ ਦੀਆਂ ਕੁਟਿਲ ਚਾਲਾਂ ਨੂੰ ਨੇੜਿਓਂ ਸਮਝਣ ਲੱਗ ਪਏ ਸਨ। ਅੰਗਰੇਜ਼ਾਂ ਨੇ 1834 ਈ. ਨੂੰ ਲੁਧਿਆਣੇ ਜਿਹੜੀ ਮਿਸ਼ਨਰੀ ਖੋਲ੍ਹੀ ਹੋਈ ਸੀ ਉਹ ਇਸਾਈਅਤ ਦੇ ਪਰਚਾਰ ਲਈ ਸੀ। ਅੰਮ੍ਰਿਤਸਰ ਜਾਂ ਹੋਰ ਥਾਈਂ ਜੋ ਗਊਕਸ਼ੀ ਲਈ ਬੁੱਚੜਖਾਨੇ ਖੋਲ੍ਹੇ ਗਏ ਸਨ, ਹਿੰਦੂ ਸਿੱਖਾਂ ਦਾ ਧਰਮ ਭਰਿਸ਼ਟ ਕਰਨ ਲਈ ਖੋਲ੍ਹੇ ਗਏ ਸਨ ਜਾਂ ਮੁਸਲਮਾਨਾਂ ਨੂੰ ਸ਼ਹਿ ਦੇ ਕੇ ਹਿੰਦੂ ਸਿੱਖ ਮੁਸਲਮਾਨਾਂ ਵਿੱਚ ਫੁੱਟ ਪੈਦਾ ਕਰਨ ਲਈ। ਅੰਗਰੇਜ਼ ਰਾਜਿਆਂ ਮਹਾਰਾਜਿਆਂ, ਜਗੀਰਦਾਰਾਂ, ਸ਼ਾਹੂਕਾਰਾਂ, ਡੇਰੇਦਾਰਾਂ, ਮਹੰਤਾਂ, ਸਰਬਰਾਹਾਂ ਨੂੰ ਹਿੰਦੁਸਤਾਨੀਆਂ ਖਿਲਾਫ਼ ਹੀ ਹਥਿਆਰ ਵਜੋਂ ਵਰਤ ਰਿਹਾ ਸੀ। ਏਸੇ ਕਰਕੇ ਦੇਸ-ਭਗਤਾਂ ਦਾ ਗੁੱਸਾ

ਵਧ ਰਿਹਾ ਸੀ।

14-15 ਜੂਨ 1871 ਦੀ ਵਿਚਕਾਰਲੀ ਰਾਤ ਅਤੇ 15 ਜੁਲਾਈ 1871 ਈ. ਨੂੰ ਬੁੱਚੜਖਾਨੇ ਬੰਦ ਕਰਵਾਉਣ ਲਈ ਸਿੱਖਾਂ ਦੇ ਬੁੱਚੜਖਾਨਿਆਂ ਉੱਤੇ ਹਮਲੇ ਰੋਹ ਤੇ ਵਿਦਰੋਹ ਦਾ ਹੀ ਪ੍ਰਤੀਕ ਸਨ। ਸਰਕਾਰ ਨੇ ਸਖ਼ਤੀਆਂ ਵਧਾ ਦਿੱਤੀਆਂ ਸਨ। ਅੰਮ੍ਰਿਤਸਰ ਰਾਮ ਬਾਗ ਬੋਹੜ ਨਾਲ 4 ਨਾਮਧਾਰੀ ਸਿੰਘਾਂ ਨੂੰ, 15 ਸਤੰਬਰ 1871 ਈ. ਨੂੰ, ਰਾਏਕੋਟ 3 ਸਿੰਘਾਂ ਨੂੰ ਅਤੇ ਲੁਧਿਆਣੇ 26 ਨਵੰਬਰ 1871 ਈ. ਨੂੰ 2 ਸਿੰਘਾਂ ਨੂੰ ਬੁੱਚੜਬਧ ਦੇ ਦੋਸ਼ ਬਦਲੇ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁਕਿਆ ਸੀ। ਕੁਝ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ ਸੀ, ਕੁਝ ਭਗੌੜੇ ਕਰਾਰ ਦਿੱਤੇ ਗਏ ਸਨ। ਸਰਕਾਰ ਸਮਝਦੀ ਸੀ ਕਿ ਇਹ ਸਾਰਾ ਕੁਝ ਸਤਿਗੁਰੂ ਰਾਮ ਸਿਘ ਦੀ ਸ਼ਹਿ ਉੱਤੇ ਹੋ ਰਿਹਾ ਹੈ ਸੋ ਉਹਨਾਂ ਉੱਤੇ ਨਿਗਰਾਨੀ ਦਾ ਘੇਰਾ ਸੌੜਾ ਕਰ ਦਿੱਤਾ ਗਿਆ ਸੀ ਪਰ ਉਹਨਾਂ ਦੇ ਭਰਾ ਬੁੱਧ ਸਿੰਘ ਦਾ ਸ੍ਰੀ ਭੈਣੀ ਸਾਹਿਬ ਰਹਿਣ ਦੇ ਬਾਵਜੂਦ ਕਿਸੇ ਵਿਉਂਤਬੰਦੀ, ਕਿਸੇ ਘਟਨਾ ਨਾਲ ਕੋਈ ਵਾਸਤਾ ਨਹੀਂ ਸੀ ਸਮਝਿਆ ਜਾ ਰਿਹਾ।

ਸਤਿਗੁਰੂ ਜੀ ਤਾਂ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ, ਉਹਨਾਂ ਨੂੰ ਸਿੱਖੀ ਬਾਗ਼ ਨੂੰ ਹਰਾ ਭਰਾ ਰੱਖਣ ਲਈ ਤਿਆਰ ਕਰ ਰਹੇ ਸਨ। ਉਹਨਾਂ ਨੂੰ ਆਪਣੇ ਛੋਟੇ ਵੀਰ ਹੋਣ ਦੇ ਨਾਲ ਨਾਲ, ਸਤਿਬਚਨੀ, ਆਗਿਆਕਾਰ ਸਿੱਖ ਹੋਣ ਕਰਕੇ ਭਰੋਸਾ ਸੀ ਕਿ ਉਹਨਾਂ ਦੀ ਰਹਿਨੁਮਾਈ ਹੇਠ ਸਿੱਖੀ ਫੁਲਵਾੜੀ ਮੁਰਝਾਏਗੀ ਨਹੀਂ, ਅੰਗਰੇਜ਼ ਰਾਜ ਖਿਲਾਫ਼ ਬਾਲੀ ਮਸ਼ਾਲ ਦਾ ਨਾ ਚਾਨਣ ਘਟੇਗਾ ਨਾ ਤੇਜ। ਸਗੋਂ ਉਹ ਚੂਹੇ ਕੁਤਰ ਲਾਈ ਰੱਖਣਗੇ। ਉਹ ਇਸ ਗੱਲੋਂ ਬੇਫਿਕਰ ਸਨ ਕਿ ਸਰਕਾਰ ਜੇ ਉਹਨਾਂ ਨੂੰ ਹੱਥ ਪਾਉਣਾ ਚਾਹੁੰਦੀ ਹੈ ਤਾਂ ਪਾ ਲਵੇ। ਇਸ ਨਾਲ ਉਸਦੀ ਕਰਤੂਤ ਤੋਂ ਹੀ ਪੜਦਾ ਲਹੇਗਾ।

ਮਹਾਰਾਜ ਬੁੱਧ ਸਿੰਘ ਆਤਮਿਕ ਬਲ, ਸਰੀਰਕ ਸ਼ਕਤੀ ਤੇ ਬੌਧਿਕ ਤਾਕਤ ਕਰਕੇ ਆਪਣੇ ਆਪ ਨੂੰ ਆਉਣ ਵਾਲੇ ਸਮੇਂ ਲਈ ਤਿਆਰ ਕਰ ਰਹੇ ਸਨ।

***

# ਜਬਰ ਤੇ ਸਬਰ

ਜਬਰ ਉਹ ਹੀ ਕਰਦਾ ਹੈ ਜਿਹੜਾ ਤਾਕਤ ਦੇ ਨਸ਼ੇ ਵਿੱਚ ਗਲਤਾਨ ਹੋਵੇ। ਤਾਕਤ ਤਾਂ ਹਥਿਆਰਾਂ ਦੀ ਹੁੰਦੀ ਹੈ ਜਿਹੜੇ ਜੇਤੂ ਹਾਕਮਾਂ ਦੇ ਹੱਥਾਂ ਵਿੱਚ ਵੱਧ ਹੁੰਦੇ ਹਨ। ਜੇਤੂ ਨੂੰ ਆਪਣੀ ਸੱਤਾ ਦੇ ਖੁੱਸਣ ਦਾ ਸਦਾ ਭੈ ਬਣਿਆ ਰਹਿੰਦਾ ਹੈ ਸੋ ਉਹ ਸਦਾ ਹਥਿਆਰਾਂ ਨੂੰ ਸਾਣ ਉੱਤੇ ਚਾੜ੍ਹ ਕੇ ਰੱਖਦਾ ਹੈ ਤੇ ਕਿਤੋਂ ਵੀ ਉਸ ਦੇ ਰਾਜ ਨੂੰ ਖ਼ਤਰੇ ਦੀ ਗੰਧ ਆਵੇ ਤਾਂ ਵਾਹੁਣ ਤੋਂ ਗੁਰੇਜ਼ ਨਹੀਂ ਕਰਦਾ। ਇਹ ਹਥਿਆਰ ਵਰਤ ਕੇ, ਹਾਕਮਾਂ ਦੇ ਛੋਟੇ ਅਹਿਲਕਾਰ ਆਪਣੀ ਰਾਜ-ਭਗਤੀ ਤੇ ਵਫ਼ਾਦਾਰੀ ਦਾ ਸਬੂਤ ਦੇਂਦੇ ਹਨ।

ਸਬਰ ਦੀ ਤਾਕਤ ਵਿਖਾਉਂਦਾ ਹੈ, ਅਧਿਆਤਮਿਕ ਤਾਕਤ ਵਾਲਾ, ਸਹਿਨਸ਼ੀਲ ਮਹਾਂਪੁਰਸ਼ ਜਾਂ ਪੰਥ। ਆਮ ਵਿਅਕਤੀ ਜ਼ਾਲਮ ਦਾ ਜ਼ੁਲਮ ਤਾਂ ਸਹਿੰਦਾ ਹੈ ਪਰ ਸਬਰ ਨਾਲ ਭਾਣੇ ਨੂੰ ਮਿੱਠਾ ਕਰਕੇ ਨਹੀਂ ਮੰਨਦਾ। ਇਸ ਜਬਰ ਤੇ ਸਬਰ ਵਿਚਲੀ ਸਥਿਤੀ ਦਾ ਆਭਾਸ ਮਹਾਰਾਜ ਹਰੀ ਸਿੰਘ ਨੂੰ ਜਨਵਰੀ 1872 ਵਿੱਚ ਹੀ ਹੋ ਗਿਆ ਸੀ।

13 ਜਨਵਰੀ 1872 ਈ. ਨੂੰ ਜਦ ਸਿਰਲੱਥ ਸੂਰਿਆਂ ਦਾ ਸੌ-ਸਵਾ ਸੌ ਦਾ ਜਥਾ ਸ੍ਰੀ ਭੈਣੀ ਸਾਹਿਬ ਤੋਂ ਗਊ ਘਾਤੀ ਮਲੇਰ ਕੋਟਲੇ ਦੇ ਬੁੱਚੜ ਬੱਧ ਕਰਨ ਕਰਵਾਉਣ ਵਾਲਿਆਂ ਨੂੰ ਸੋਧਣ ਲਈ ਤੁਰਿਆ ਤਾਂ ਸਤਿਗੁਰੂ ਰਾਮ ਸਿੰਘ ਜੀ ਉਹਨਾਂ ਨੂੰ ਸ਼ਾਂਤ ਕਰਾਉਣਾ ਚਾਹੁੰਦੇ ਸਨ। ਪਰ ਉਹ ਆਪੇ ਤੋਂ ਬਾਹਰ ਸਨ। ਇਸ ਸਥਿਤੀ ਨੂੰ ਸ੍ਰੀ ਭੈਣੀ ਸਾਹਿਬ ਮਾਘੀ 1928 (11-13 ਜਨਵਰੀ 1872) ਦੇ ਮਾਤਾ ਜੱਸਾਂ ਦੀ ਯਾਦ ਵਿੱਚ ਕੀਤੇ ਜਾ ਰਹੇ ਮੇਲੇ ਦੀ ਸਿਪਾਹੀਆਂ ਨਾਲ ਨਿਗਰਾਨੀ ਕਰਨ ਆਏ ਡਿਪਟੀ ਇਨਸਪੈਕਟਰ ਸਰਫ਼ਰਾਜ਼ ਖਾਂ ਨੇ ਵੇਖਿਆ ਸੀ। ਪਰ ਉਸ ਨੇ ਉਹਨਾਂ ਨੂੰ ਰੋਕਣ ਲਈ ਕੋਈ ਠੋਸ ਕਦਮ ਨਾ ਚੁੱਕਿਆ। ਮਹਾਰਾਜ ਬੁੱਧ ਸਿੰਘ ਨੇ ਡੇਰੇ ਵਿੱਚ ਜਥੇ ਦੇ ਜਾਣ ਪਿੱਛੋਂ ਸਿੰਘਾਂ ਵਿੱਚ ਚਰਚਾ ਸੁਣੀ ਤਾਂ ਉਹਨਾਂ

ਨੂੰ ਲੱਗਾ ਕਿ ਕੁਝ ਵੀ ਅਣਸੁਖਾਵਾਂ ਵਾਪਰ ਸਕਦਾ ਹੈ।

ਸਿਰਲੱਥ ਸੂਰਿਆਂ ਦਾ ਇਹ ਜਥਾ ਸ਼ਹੀਦ ਹੀਰਾ ਸਿੰਘ-ਲਹਿਣਾ ਸਿੰਘ ਦੀ ਅਗਵਾਈ ਹੇਠ 14 ਜਨਵਰੀ 1872 ਈ. ਨੂੰ ਹਨੇਰੇ ਪਏ ਮਲੌਦ ਸਰਦਾਰ ਬਦਨ ਸਿੰਘ ਕੋਲ ਹਥਿਆਰ ਤੇ ਘੋੜੇ ਮੰਗਣ ਲਈ ਪੁੱਜਾ ਸੀ ਜਿਥੇ ਇਹਨਾਂ ਦੀ ਝੜਪ ਹੋਈ। 15 ਤਰੀਕ ਨੂੰ ਇਹ ਜਥਾ ਮੂੰਹ ਹਨੇਰੇ ਹੀ ਮਲੇਰ ਕੋਟਲੇ ਢਾਬੀ ਦਰਵਾਜੇ ਲਾਗਲੀ ਢੱਠੀ ਕੰਧ ਵਲੋਂ ਟੱਪ ਕੇ, ਇੱਕ ਸਿੰਘ ਰਾਹੀਂ ਦਰਵਾਜਾ ਖੋਲ੍ਹਣ ਉੱਤੇ ਅੰਦਰ ਆ ਵੜਿਆ, ਸਿੱਧਾ ਚਿੜੀਮਾਰਾਂ ਦੇ ਮਹੱਲੇ ਗਿਆ। ਏਥੇ ਗਊਆਂ ਦੇ ਵੱਗਾਂ ਦੇ ਵੱਗ ਜ਼ਿਬ੍ਹਾ ਕੀਤੇ ਜਾਂਦੇ ਸਨ। ਉੱਥੇ ਜਾ ਕੇ ਸਿੰਘਾਂ ਜੈਕਾਰੇ ਗਜਾਏ ਤਾਂ ਲੋਕ ਭੈ-ਭੀਤ ਹੋ ਗਏ। ਉਥੋਂ ਕੁਤਵਾਲੀ ਪੁੱਜੇ ਜਿੱਥੇ ਪੁਲਿਸ ਨਾਲ ਝੜਪ ਹੋਈ। ਕੋਤਵਾਲ ਅਹਿਮਦ ਖਾਂ ਅਤੇ ਸੱਤ ਸਿਪਾਹੀ ਮਾਰੇ ਗਏ, ਬਹੁਤ ਸਾਰੇ ਸਿਪਾਹੀ ਫੱਟੜ ਹੋਏ।

ਸਿੰਘਾਂ ਵਿੱਚੋਂ 7 ਸਿੰਘ ਖੇਤ ਰਹੇ, 2 ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਤੇ 31 ਨੂੰ ਮਾਮੂਲੀ ਸੱਟਾਂ ਲੱਗੀਆਂ। ਸਿੰਘ ਕੋਟਲਿਓਂ ਬਾਹਰ ਆ ਗਏ। ਉਹਨਾਂ ਨੇ ਰੜ ਪਿੰਡ ਦੇ ਬਾਹਰ ਟਿੱਬੇ ਉੱਤੇ ਖੂਹ ਲਾਗੇ ਉਤਾਰਾ ਕੀਤਾ। ਸ. ਹੀਰਾ ਸਿੰਘ ਦੇ ਭਾਵਪੂਰਤ ਸ਼ਬਦਾਂ ਵਿੱਚ ਕਹਿਣ ਉੱਤੇ ਕਿ ਹੁਣ ਜਿਹੜਾ ਚਾਹੇ ਜਾ ਸਕਦਾ ਹੈ, ਕੁਝ ਸਿੰਘ ਘਰੋ ਘਰੀ ਚਲੇ ਗਏ। 66 ਸਿੰਘਾਂ ਤੇ 2 ਬੀਬੀਆਂ ਨੇ ਉੱਥੇ ਹੀ ਸ਼ਬਦ ਪੜ੍ਹਦਿਆਂ ਭਰ ਸਰਦੀ ਦੀ ਰਾਤ ਕੱਟੀ। ਏਥੇ ਹੀ ਪਿੰਡੋਂ ਰਾਸ਼ਨ ਲਿਆ ਕੇ ਦਾਲ-ਪਰਸ਼ਾਦੇ ਨਾਲ ਕੜਾਹ-ਪਰਸ਼ਾਦ, ਖੀਰ ਤਿਆਰ ਕਰਕੇ ਛਕੇ ਗਏ।

ਰੜ ਪਿੰਡ ਦੇ ਖੂਹ ਤੋਂ 16 ਤਰੀਕ ਅੰਮ੍ਰਿਤ ਵੇਲੇ ਜਥਾ ਤੁਰਿਆ, 6 ਮੀਲ ਦਾ ਸਫ਼ਰ ਕਰਕੇ ਸ਼ੇਰਪੁਰ (ਰਿਆਸਤ ਪਟਿਆਲਾ) ਦੇ ਥਾਣੇ, ਬਰਤਾਨਵੀ ਹਕੂਮਤ ਵਿਰੁੱਧ ਨਾਅਰੇ ਬੁਲੰਦ ਕਰਦਾ ਪਹੁੰਚਿਆ। ਸ੍ਰ. ਹੀਰਾ ਸਿੰਘ ਨੇ ਮਲੇਰਕੋਟਲੇ ਕੀਤੀ ਕਾਰਵਾਈ ਬਾਰੇ ਮਾਣ ਨਾਲ ਦੱਸਿਆ। ਸ੍ਰ. ਹੀਰਾ ਸਿੰਘ-ਲਹਿਣਾ ਸਿੰਘ ਦੀ ਅਗਵਾਈ ਹੇਠ ਜਥੇ ਨੇ ਆਤਮ ਸਮਰਪਣ ਕੀਤਾ। ਰੜ ਪਿੰਡ ਤੋਂ ਤੁਰਨ ਸਮੇਂ ਜੈਮਲ ਸਿੰਘ ਤਮਾਸ਼ਬੀਨਾਂ ਵਾਂਗ ਨਾਲ ਨਾਲ ਤੁਰਿਆ ਆਇਆ, ਰਾਹ ਵਿੱਚ ਮਹਾਰਾਜਾ ਪਟਿਆਲਾ ਦਾ ਦਰਬਾਰੀ ਤੇ ਰਾਮ ਨਗਰ ਦਾ ਨੰਬਰਦਾਰ, ਪੰਜਾਬ ਸਿੰਘ ਮਿਲ ਗਿਆ ਸੀ। ਉਹ ਥਾਣੇ ਜਥੇ ਦੇ ਨਾਲ ਹੀ ਆਏ। ਏਥੇ ਮਹਾਰਾਜੇ ਦਾ ਨਾਜ਼ਮ ਨਿਆਜ਼ ਅਲੀ ਆਇਆ ਹੋਇਆ ਸੀ। ਥਾਣੇ ਵਿੱਚ ਕੂਕਿਆਂ ਨੂੰ ਫੜਨ

ਦੀ ਰਿਪੋਰਟ ਦਰਜ ਕੀਤੀ ਗਈ। ਇਸ ਅਨੁਸਾਰ ਉਹਨਾਂ ਕੋਲ 4 ਘੋੜੇ, 16 ਤਲਵਾਰਾਂ, 1 ਬਰਛਾ, ਬਹੁਤ ਸਾਰੇ ਗੰਡਾਸੇ, ਸਫਾਜੰਗ ਤੇ ਡਾਂਗਾਂ ਸਨ। ਇਹ ਜਥਾ ਨਾਜ਼ਮ ਦੇ ਹਵਾਲੇ ਕੀਤਾ ਗਿਆ ਜਿਸ ਨੇ ਉਮੇਰਗੜ੍ਹ ਦੇ ਕਿਲੇ ਕੈਦ ਕਰਕੇ ਮਹਾਰਾਜਾ ਪਟਿਆਲਾ ਨੂੰ ਹੋਰ ਲੋੜੀਂਦੀ ਕਾਰਵਾਈ ਲਈ ਜਾਣਕਾਰੀ ਦਿੱਤੀ। ਨਿਆਜ਼ ਅਲੀ ਮਲੇਰਕੋਟਲੇ ਵਾਪਰੀ ਘਟਨਾ ਦਾ ਹਵਾਲਾ ਦੇਣ ਲਈ, ਡਿਪਟੀ ਕਮਿਸ਼ਨਰ ਐਲ. ਕਾਵਨ ਕੋਲ ਲੁਧਿਆਣੇ ਗਿਆ ਤਾਂ ਕਿ ਦੱਸ ਸਕੇ ਕਿ ਉਸ ਨੇ ਬਾਗੀਆਂ ਦਾ ਟੋਲਾ ਫੜ ਕੇ ਵਫ਼ਾਦਾਰੀ ਦਾ ਸਬੂਤ ਦਿੱਤਾ ਹੈ।

ਕਾਵਨ ਨੇ ਮਲੇਰਕੋਟਲੇ ਦੀ ਲੜਾਈ ਨੂੰ ਵਧਾ ਚੜ੍ਹਾਅ ਕੇ ਪੇਸ਼ ਕਰਕੇ, ਨਾਭਾ, ਜੀਂਦ, ਪਟਿਆਲਾ, ਸੰਗਰੂਰ ਦੀਆਂ ਰਿਆਸਤਾਂ ਦੇ ਰਾਜਿਆਂ ਮਹਾਰਾਜਿਆਂ ਨੂੰ ਅਤੇ ਅੰਬਾਲੇ ਦੇ ਕਮਿਸ਼ਨਰ ਫੋਰਸਿਥ ਨੂੰ ਫੌਜੀ ਦਸਤੇ ਭੇਜਣ ਲਈ ਲਿਖਿਆ। 750 ਫੌਜੀਆਂ ਨਾਲ 9 ਤੋਪਾਂ ਮੰਗਵਾਈਆਂ ਗਈਆਂ। ਕਾਵਨ ਖ਼ੁਦ ਮਲੇਰ ਕੋਟਲੇ ਪੁੱਜਾ। ਜਮਾਲਪੁਰ ਦੇ ਰੱਕੜ ਵਿੱਚ ਤੋਪਾਂ ਗੱਡੀਆਂ ਗਈਆਂ। ਉਸ ਦੇ ਜ਼ਬਾਨੀ ਕਲਾਮੀ ਹੁਕਮ ਅਨੁਸਾਰ ਉਮੇਰਗੜ ਦੇ ਕਿਲੇ ਵਿੱਚੋਂ ਕੱਢ ਕੇ ਸ਼ੇਰਪੁਰ ਥਾਣੇ ਰਾਹੀਂ ਕੁਝ ਨੂੰ ਗੱਡਿਆਂ ਉੱਤੇ ਬਿਠਾ ਕੇ ਕੁਝ ਨੂੰ ਪੈਦਲ ਤੋਰ ਕੇ 17 ਜਨਵਰੀ ਸ਼ਾਮ 4 ਵਜੇ 66 ਸਿੰਘਾਂ ਤੇ ਦੋ ਸਿੰਘਣੀਆਂ ਦਾ ਜਥਾ ਜਮਾਲਪੁਰ ਦੇ ਰੱਕੜ ਪਹੁੰਚਾਇਆ ਗਿਆ। ਉਸੇ ਦਿਨ ਸੱਤ ਤੋਪਾਂ ਸਾਹਮਣੇ 7-7 ਨੂੰ ਖੜ੍ਹਾ ਕਰਕੇ ਸ਼ਹੀਦ ਕੀਤਾ ਗਿਆ। ਇੱਕ ਬਾਲਕ ਬਿਸ਼ਨ ਸਿੰਘ ਨੂੰ ਇਸ ਕਰਕੇ ਤਲਵਾਰ ਨਾਲ ਸ਼ਹੀਦ ਕੀਤਾ ਗਿਆ ਕਿਉਂਕਿ ਉਸ ਨੇ ਕਾਵਨ ਦੀ ਇਹ ਗੱਲ ਨਹੀਂ ਸੀ ਮੰਨੀ ਕਿ ਉਹ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ, ਜੇ ਉਹ ਕਹਿਣਾ ਮੰਨ ਜਾਂਦਾ ਕਿ ਉਹ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ ਤਾਂ ਉਸਨੂੰ ਛੱਡ ਦਿੱਤਾ ਜਾਂਦਾ।

ਮਲੇਰਕੋਟਲੇ ਜਦ ਸ਼ਹੀਦੀ ਸਾਕਾ ਵਾਪਰ ਰਿਹਾ ਸੀ ਤਾਂ ਸਤਿਗੁਰੂ ਜੀ ਨੇੜੇ ਸਿਆੜ੍ਹ ਪਿੰਡ ਸਨ। ਉਹਨਾਂ ਦੇ ਛੋਟੇ ਭਾਈ ਬੁੱਧ ਸਿਘ ਸ੍ਰੀ ਭੈਣੀ ਸਾਹਿਬ ਸਨ। ਸ੍ਰੀ ਸਤਿਗੁਰੂ ਜੀ ਨੇ, ਸੂਬਾ ਕਾਹਨ ਸਿੰਘ ਨਾਲ ਬਚਨ ਕੀਤਾ। ਇਹ ਤੋਪਾਂ ਚਲਦੀਆਂ ਹਨ:

"ਸਤਿਗੁਰੂ ਜੀ ਬਚਨ ਕੀਤਾ ਸਿੰਘ ਚੜ੍ਹ ਗਏ ਹੈ ਨਹੀਂ ਤੇ ਬੇਸਿਦਕ ਹੋਣਾ ਪੈਂਦਾ, ਹੁਣ ਚੰਗਾ ਹੋਇਆ।"

ਸਿਆੜ੍ਹ ਜਾ ਕੇ ਸੌਣ ਸਿੰਘ ਭਿਖੀ ਦੇ ਬਾਣੀਏ ਨੇ ਸਤਿਗੁਰੂ ਜੀ ਨੂੰ

ਸਾਰਾ ਹਾਲ ਸੁਣਾਇਆ, ਡਿਪਟੀ ਕਮਿਸ਼ਨਰ ਕਾਵਨ ਨੂੰ ਰਿਆਸਤ ਪਟਿਆਲਾ ਵਲੋਂ ਜਥੇ ਦੇ ਸਿੰਘਾਂ ਦੇ ਨਾਮ, ਪਿਤਾ ਦਾ ਨਾਮ, ਪਿੰਡ ਇਲਾਕੇ ਦੀ ਕੋਈ ਸੂਚੀ ਨਹੀਂ ਮਿਲੀ। ਨਾ ਹੀ ਉਸ ਨੇ ਕੋਈ ਕਚਹਿਰੀ ਲੁਆਈ, ਕੋਈ ਮੁਕੱਦਮਾ ਚਲਾਇਆ ਤੇ ਕੋਈ ਕਸੂਰ ਸਾਬਤ ਕੀਤਾ, ਬੱਸ ਸਿੱਧਾ ਤੋਪਾਂ ਨਾਲ ਉਡਾ ਦਿੱਤਾ। ਸਿੰਘ ਹੱਸ-ਹੱਸ ਕੇ ਤੋਪਾਂ ਸਾਹਮਣੇ ਆਏ ਤੇ ਸ਼ਹੀਦ ਹੋ ਗਏ। ਅੰਗਰੇਜ਼ਾਂ ਦੇ ਇੱਕ ਜ਼ਿਲ੍ਹੇ ਦੇ ਡੀ.ਸੀ. ਸਾਹਮਣੇ ਕੋਈ ਰਾਜਾ ਮਹਾਰਾਜਾ ਕੁਸਕ ਨਹੀਂ ਸੀ ਸਕਿਆ। ਉਸ ਦਾ ਐਨਾ ਭੈਅ ਐਸੀ ਦਹਿਸ਼ਤ ਤੇ ਉਸ ਦੇ ਨਿਹੱਥੇ ਸਿੰਘਾਂ ਉੱਤੇ ਕੀਤੇ ਜ਼ੁਲਮ ਜਬਰ ਨੂੰ ਵੇਖ ਕੇ ਲੋਕ ਮੂੰਹ ਵਿੱਚ ਉਂਗਲਾਂ ਪਾ ਗਏ। ਇਸ ਸ਼ਹੀਦੀ ਸਾਕੇ ਨੂੰ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਨੇ ਆਪਣੇ ਅੱਖੀਂ ਵੇਖਿਆ। ਉਸ ਨੇ ਕਿਹਾ ਕਿ ਸਿੰਘ ਦੀਵੇ ਉੱਤੇ ਪਤੰਗੇ ਦੇ ਆਉਣ ਵਾਂਗ, ਖ਼ੁਸ਼ੀ ਖ਼ੁਸ਼ੀ ਸ਼ਹੀਦੀ ਦੇਣ ਆਉਂਦੇ ਰਹੇ।

ਸ੍ਰੀ ਸਤਿਗੁਰੂ ਜੀ ਹਨੇਰੇ ਪਏ ਸਿਆੜ੍ਹ ਤੋਂ ਸੂਬਿਆਂ ਸਹਿਤ ਸ੍ਰੀ ਭੈਣੀ ਸਾਹਿਬ ਪੁੱਜੇ। ਉਹ ਡੀ. ਸੀ. ਐਲ. ਕਾਵਨ ਦੇ ਸੱਦੇ ਉੱਤੇ 16 ਜਨਵਰੀ 1872 ਨੂੰ ਮਲੌਦ ਪੁੱਜੇ ਸਨ। ਉਹਨਾਂ ਨਾਲ ਕਾਹਨ ਸਿੰਘ, ਜਵਾਹਰ ਸਿੰਘ, ਸਾਹਿਬ ਸਿੰਘ, ਖ਼ਜ਼ਾਨ ਸਿੰਘ, ਜੋਗਾ ਸਿੰਘ ਪੰਜ ਸੂਬੇ ਗਏ ਸਨ। ਉਥੋਂ ਵਾਪਸੀ ਉੱਤੇ ਰਾਹ ਵਿੱਚ ਸਿਆੜ੍ਹ ਰੁਕੇ ਸਨ।

ਇਹਨਾਂ ਨੂੰ ਸ੍ਰੀ ਭੈਣੀ ਸਾਹਿਬ ਉਦਾਸ ਅੱਖਾਂ ਵਿੱਚ ਸੰਗਤ ਉਡੀਕ ਰਹੀ ਸੀ। ਸ੍ਰੀ ਸਤਿਗੁਰੂ ਜੀ ਦੇ ਛੋਟੇ ਭਾਈ ਨੂੰ ਮਲੇਰਕੋਟਲੇ ਦੇ ਸਾਕੇ ਦਾ ਪਤਾ ਲੱਗਾ ਤਾਂ ਉਹਨਾਂ ਮਹਿਸੂਸ ਕੀਤਾ ਕਿ ਹੋਰ ਵੀ ਭਿਆਨਕ ਕਾਰਾ ਵਾਪਰ ਸਕਦਾ ਹੈ। ਸ੍ਰੀ ਸਤਿਗੁਰੂ ਜੀ ਨੂੰ ਵੀ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਉਹਨਾਂ ਇੱਕ ਵਿਉਂਤ ਸੋਚੀ ਤੇ ਸਤਿਗੁਰੂ ਜੀ ਨਾਲ ਬਚਨ ਕੀਤਾ ਕਿ ਇੰਜ ਨਹੀਂ ਹੋ ਸਕਦਾ ਕਿ ਉਹ ਬਿਆਨ ਦੇਣ ਕਿ ਸਾਰਾ ਕੁਝ ਉਹਨਾਂ ਕਰਵਾਇਆ ਹੈ।

ਸਤਿਗੁਰੂ ਜੀ ਦੇ ਮਗਰੇ ਮਗਰ ਸਬ ਇਨਸਪੈਕਟਰ ਸ਼ਾਹ ਵਲੀ, ਸਿਪਾਹੀਆਂ ਸਹਿਤ ਆ ਧਮਕਿਆ। ਉਸਨੇ ਫੋਰਸਿਥ, ਕਮਿਸ਼ਨਰ ਅੰਬਾਲਾ ਦਾ ਹੁਕਮ ਸੁਣਾਇਆ ਕਿ ਆਪ ਨੂੰ ਲੁਧਿਆਣੇ ਸੱਦਿਆ ਹੈ। ਸਤਿਗੁਰੂ ਜੀ ਨੇ ਗੁਰਦਿੱਤ ਸਿੰਘ ਨੂੰ ਗੱਡਾ ਜੋਣ ਦਾ ਹੁਕਮ ਕੀਤਾ।

ਇਸ ਸਮੇਂ ਕਿਸੇ ਦੇ ਮੂੰਹੋਂ ਕੋਈ ਬੋਲ ਨਹੀਂ ਸੀ ਨਿਕਲ ਰਿਹਾ, ਅੱਖਾਂ ਭਰੀਆਂ ਹੋਈਆਂ ਸਨ, ਨੀਂਦ ਉੱਡ ਗਈ ਸੀ। ਇੱਕੋ ਸੁਆਲ ਸੀ

ਕਿ ਪਤਾ ਨਹੀਂ ਕੀ ਭਾਣਾ ਵਰਤਣਾ ਹੈ। ਫਿਰ ਛੋਟੇ ਭਾਈ ਨੇ ਅੱਧੇ ਅਧੂਰੇ ਸ਼ਬਦਾਂ ਨੂੰ ਜ਼ੁਬਾਨ ਦੇਂਦਿਆਂ ਹੱਥ ਬੰਨ੍ਹ ਕੇ ਅਰਜ਼ ਕੀਤੀ, "ਹੇ! ਦੀਨਾ ਬੰਧੂ, ਮੈਂ ਚਲਾ ਜਾਂਦਾ ਹਾਂ ਲੁਧਿਆਣੇ। ਮੈਂ ਕਹਿੰਦਾ ਹਾਂ ਸਭ ਕਸੂਰ ਮੇਰੇ ਹਨ। ਸਤਿਗੁਰੂ ਬੇਦਾਗ਼ ਹਨ, ਬੇਕਸੂਰ।"

ਇਸ ਸਮੇਂ ਦੇ ਬਚਨਾਂ ਨੂੰ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਇੰਜ ਲਿਖਿਆ ਹੈ:

ਮਹਾਰਜ ਬੁੱਧ ਸਿਘ ਜੀ ਅਰਜ਼ ਕੀਤੀ ਦੀਨਾ ਨਾਥ ਜੀ ਏਹ ਸਭ ਕੁਛ ਮੈਂ ਆਪਣੇ ਸਿਰ ਤੇ ਮੰਨ ਲੈਂਦਾ ਹਾਂ ਕਿ ਮੈਂ ਕਰਾਇਆ ਹੈ। ਆਪ ਦੀ ਥਾਂ ਮੈਂ ਤੁਰ ਜਾਂਦਾ ਹਾਂ ਤੁਸੀਂ ਏਥੇ ਰਹੋ। ਆਪ ਤੋਂ ਬਗੈਰ ਸੰਗਤਾਂ ਨਹੀਂ ਬਚ ਸਕਦੀਆਂ। ਸਤਿਗੁਰੂ ਜੀ ਬਚਨ ਕੀਤਾ ਏਹ ਕੰਮ ਮੇਰੇ ਜਾਣ ਦਾ ਹੀ ਹੈ। ਮੇਰੇ ਗਿਆਂ ਬਗੈਰ ਕੰਮ ਨਹੀਂ ਸਰਨਾ।

-ਸਤਿਗੁਰੂ ਬਿਲਾਸ ਭਾਗ ਪਹਿਲਾ (ਸੰਪਾਦਕ ਜਸਵਿੰਦਰ ਸਿੰਘ)

ਠੰਢੀ ਯਖ ਰਾਤ ਵਿੱਚ ਸਰਦੀ ਤੋਂ ਬਚਣ ਲਈ ਤੰਬੂ ਵਾਂਗ ਗੱਡਾ ਤਿਆਰ ਕੀਤਾ ਗਿਆ। ਸਤਿਗੁਰੂ ਜੀ ਦੇ ਨਾਲ ਗੱਡੇ ਉੱਤੇ ਭਾਈ ਨਾਨੂੰ ਸਿੰਘ, ਸੂਬਾ ਜਵਾਹਰ ਸਿੰਘ ਤੇ ਸੂਬਾ ਸਾਹਿਬ ਸਿੰਘ ਬੈਠੇ। ਸਤਿਗੁਰੂ ਜੀ ਨੇ ਮਾਈ ਕਰਮੋ ਦੀ ਲਿਆਂਦੀ ਕਾਲੀ ਕੰਬਲੀ ਨੂੰ ਸਿਰ ਉੱਤੇ ਵਲ੍ਹੇਟ ਕੇ ਬੁੱਕਲ ਮਾਰੀ। ਗੁਰਦਿੱਤ ਸਿੰਘ ਨੇ ਲੁਧਿਆਣੇ ਵੱਲ ਨੂੰ ਗੱਡਾ ਹਿੱਕਿਆ ਤਾਂ ਨੈਣਾਂ ਦੇ ਡੱਕੇ ਵਹਿਣ ਵਹਿ ਤੁਰੇ। ਰੁਕੇ ਬੋਲ ਚੀਕਾਂ, ਕੂਕਾਂ, ਫਰਿਆਦਾਂ ਵਿੱਚ ਬਦਲ ਗਏ। "ਨਹੀਂ! ਨਹੀਂ! ਨਾ ਜਾਓ! ਨਾ ਜਾਓ!" ਕਹਿੰਦਿਆਂ ਸੈਂਕੜੇ ਸਿੰਘਾਂ ਸਿੰਘਣੀਆਂ ਦੇ ਕੇਸ ਗਲਾਂ ਵਿੱਚ ਖਿੱਲਰ ਗਏ। ਗੱਡੇ ਮਗਰ ਤੁਰਦੇ ਉਹ ਡਿੱਗ ਡਿੱਗ ਪੈਣ। ਬਾਬਾ ਜੱਸਾ ਸਿੰਘ ਅਵਾਕ ਖੜ੍ਹੇ ਸਨ। ਭਾਈ ਬੁੱਧ ਸਿੰਘ ਨੇ ਸਬਰ ਦਾ ਘੁੱਟ ਭਰ ਲਿਆ ਸੀ, ਨਾਲ ਚਿੰਤਾ ਸੀ ਹੁਣ ਕੀ ਬਣੇਗਾ। ਕੀ ਕਰਾਂਗੇ? ਹੋਰ ਕੀ ਜਬਰ ਹੋਵੇਗਾ?

ਸਤਿਗੁਰੂ ਜੀ ਨੇ ਖਰਾਸ ਕੋਲ ਗੱਡਾ ਰੁਕਵਾਇਆ। ਉਹਨਾਂ ਨੇ ਸੰਗਤ ਵੱਲ ਹੱਥ ਦਾ ਇਸ਼ਾਰਾ ਕੀਤਾ ਤੇ ਬਚਨ ਕੀਤਾ, "ਡਰਨਾ ਨਹੀਂ ਅਸੀਂ ਛੇਤੀ ਆਵਾਂਗੇ।" ਆਪ ਨੇ ਰਾਤ ਭਰ ਭਜਨ ਬਾਣੀ ਕਰਨ, ਜਾਗਦੇ ਰਹਿਣ, ਅੰਮ੍ਰਿਤ ਵੇਲੇ ਸਵਾ ਗਿਆਰਾਂ ਰੁਪਈਏ ਦਾ ਕੜਾਹ ਪ੍ਰਸਾਦ ਕਰ ਕੇ, ਅਰਦਾਸ ਕਰਕੇ ਘਰੋ ਘਰੀ ਜਾਣ ਦਾ ਹੁਕਮ ਕੀਤਾ। ਤੇ ਸੰਕੇਤ ਅਨੁਸਾਰ ਗੱਡਾ ਫੇਰ ਆਪਣੀ ਲੀਹੇ ਪੈ ਗਿਆ। ਚੀਨੀ ਵਾਲਾ ਮਾਹੀ, ਗੱਡੇ ਦੀ ਸਵਾਰੀ ਕਰਕੇ, ਧਰਵਾਸ ਦਾ ਪੱਲਾ ਫੜਾ ਗਿਆ। ਘੁੱਪ

ਹਨੇਰੀ ਰਾਤ ਵਿੱਚ ਆਪਣੇ ਆਪ ਨੂੰ ਸੰਭਾਲ ਕੇ ਆਪ ਜੀ ਦੇ ਭਾਈ ਦੇ ਕਦਮਾਂ ਪਿੱਛੇ ਤੁਰਦੇ, ਹਾਏ! ਹਾਏ! ਕਰਦੇ ਸਭ ਗੁਰਦੁਆਰੇ ਅੰਦਰ ਚਲੇ ਗਏ। ਇਹ ਸੰਜੋਗ ਸੀ ਕਿ 17 ਜਨਵਰੀ 1872 ਈ. ਨੂੰ ਬੁੱਧਵਾਰ ਸੀ। ਮਹਾਰਾਜ ਬੁੱਧ ਸਿੰਘ ਨੇ ਨਾਮਧਾਰੀ ਸਿੰਘਾਂ ਦੇ ਭਵਿਖਤ ਬਾਰੇ ਨਵੇਂ ਸਿਰਿਓਂ ਵਿਉਂਤਬੰਦੀ ਕਰਨੀ ਸੀ।

ਅਗਲੇ ਦਿਨ ਵੀਰਵਾਰ ਸੀ। 18 ਜਨਵਰੀ 1872 ਈ. ਇੱਕ ਵਜੇ ਦੇ ਕਰੀਬ ਡੀ. ਸੀ. ਐਲ ਕਾਵਨ ਦੇ ਦਫਤਰ ਲੁਧਿਆਣੇ ਪਹੁੰਚ ਕੇ ਗੱਡਾ ਵਾਪਸ ਮੋੜਿਆ ਗਿਆ। ਆਪ ਨੂੰ ਇਕੱਲਿਆਂ ਨੂੰ ਟੀ. ਡੀ. ਫੋਰਸਿਥ, ਕਮਿਸ਼ਨਰ ਅੰਬਾਲਾ ਸਾਹਮਣੇ ਪੇਸ਼ ਕੀਤਾ ਗਿਆ। ਸੂਬੇ ਤੇ ਸੇਵਕ ਬਾਹਰ ਰਹੇ। ਉਸ ਨੇ ਆਪ ਨਾਲ ਦੋ ਘੰਟੇ ਗੱਲਬਾਤ ਕੀਤੀ। ਉਸ ਗੱਲਬਾਤ ਦੇ ਆਧਾਰ ਉੱਤੇ ਹੇਠ ਲਿਖੇ ਸਿੱਟੇ ਕੱਢ ਕੇ ਸਰਕਾਰ ਨੂੰ ਲਿਖ ਭੇਜੇ:-

(ੳ) ਗੁਰੂ ਰਾਮ ਸਿੰਘ ਦੇ ਪੈਰੋਕਾਰਾਂ ਦੇ ਮਲੌਦ ਅਤੇ ਮਲੇਰਕੋਟਲੇ ਕੀਤੇ 'ਜ਼ੁਲਮ' ਵਿੱਚ ਆਪ ਦਾ ਹੱਥ ਹੋਣ ਦੀ ਤਾਣੀ ਅਜੇ ਉਲਝੀ ਹੋਈ ਹੈ।

(ਅ) ਗੁਰੂ ਰਾਮ ਸਿੰਘ ਨੇ ਭਾਵੇਂ ਹੀਰਾ ਸਿੰਘ, ਲਹਿਣਾ ਸਿੰਘ ਆਦਿ ਦੀ ਜੋਸ਼ ਅਤੇ ਗੁੱਸੇ ਵਿੱਚ ਭੈਣੀ ਸਾਹਿਬ ਤੋਂ ਤੁਰਨ ਦੀ ਖ਼ਬਰ ਸੂਬਾ ਲੱਖਾ ਸਿੰਘ ਹੱਥ ਭਿਜਵਾ ਦਿੱਤੀ ਸੀ ਫਿਰ ਵੀ ਪੁਲਿਸ ਨੇ ਉਹਨਾਂ ਨੂੰ ਰੋਕਣ ਲਈ ਲੋੜੀਂਦਾ ਪ੍ਰਬੰਧ ਕਰਨ ਦੀ ਥਾਂ, ਆਪ ਨੂੰ ਹਮਲਾ ਕਰਨ ਅਤੇ ਬਦਅਮਨੀ ਪੈਦਾ ਕਰਨ ਦਾ ਕਸੂਰਵਾਰ ਠਹਿਰਾਇਆ ਸੀ।

(ੲ) ਮਿਹਰ ਸਿੰਘ ਤੇ ਝੰਡਾ ਸਿੰਘ ਠੱਟਾ ਨੇ ਅੰਮ੍ਰਿਤਸਰ ਦੇ ਬੁੱਚੜਾਂ ਦੇ ਕਤਲ ਤੋਂ ਪਹਿਲਾਂ ਸਤਿਗੁਰੂ ਜੀ ਕੋਲੋਂ ਬੁੱਚਤ ਸੋਧਣ ਦੀ ਇਜਾਜ਼ਤ ਮੰਗੀ ਸੀ। ਆਪ ਨੇ ਦ੍ਰਿੜਤਾ ਨਾਲ ਉਹਨਾਂ ਨੂੰ ਉਹ ਕਾਰਾ ਕਰਨੋ ਰੋਕਿਆ ਸੀ ਫਿਰ ਵੀ ਆਪ ਨੇ ਸਰਕਾਰ ਵਲੋਂ ਉਹਨਾਂ ਦੀ ਭਾਵਨਾ ਦੀ ਸੂਚਨਾ ਨਾ ਦੇਣ ਦਾ ਜ਼ੁੰਮੇਵਾਰ ਠਹਿਰਾਇਆ ਗਿਆ।

(ਸ) ਕੁਝ ਸਮੇਂ ਬਾਅਦ ਦਲ ਸਿੰਘ, ਮੰਗਲ ਸਿੰਘ, ਅਤੇ ਦਿਵਾਨ ਸਿੰਘ ਆਪ ਕੋਲੋਂ ਰਾਇਕੋਟ ਬੁੱਚਤ-ਬਧ ਕਰਨ ਬਾਰੇ ਇਜਾਜ਼ਤ ਲੈਣ ਆਏ। ਆਪ ਨੇ ਭਾਵੇਂ ਸਾਫ਼ ਮਨ੍ਹਾ ਕਰ ਦਿੱਤਾ, ਫਿਰ ਵੀ ਆਪ ਕਸੂਰਵਾਰ ਸਨ।

(ਹ) ਆਪ ਨੇ ਸਰਕਾਰ ਨੂੰ ਕਦੇ ਕਿਸੇ ਤਰ੍ਹਾਂ ਦਾ ਕੋਈ ਸੁਰਾਗ ਨਹੀਂ ਦਿੱਤਾ ਅਤੇ ਹਨੇਰੇ ਵਿੱਚ ਰੱਖਿਆ ਜਿਸ ਕਰਕੇ ਸਰਕਾਰ ਅੰਮ੍ਰਿਤਸਰ ਦੇ ਦੋਸ਼ੀਆਂ ਬਾਰੇ ਕੋਈ ਠੋਸ ਕਦਮ ਨਾ ਪੁੱਟ ਸਕੀ।

(ਕ) ਉਤਲੀਆਂ ਬੁਨਿਆਦੀ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਕਮਿਸ਼ਨਰ ਟੀ. ਡੀ. ਫੋਰਸਿਥ ਨੇ ਸਤਿਗੁਰੂ ਰਾਮ ਸਿੰਘ ਅਤੇ ਸੂਬਿਆਂ ਦੀ ਨਜ਼ਰਬੰਦੀ ਦਾ ਸਰਕਾਰੀ ਹੁਕਮ ਦਿੱਤਾ। ਉਹਨਾਂ ਉੱਤੇ ੧੮੧੮ ਦਾ ਰੈਗੂਲੇਸ਼ਨ III ਲਾਗੂ ਕੀਤਾ ਗਿਆ। ਉਹਨਾਂ ਲਈ ਇਕ ਸਪੈਸ਼ਲ ਰੇਲ ਗੱਡੀ ਤਿਆਰ ਖੜ੍ਹੀ ਸੀ। ਜਿਸ ਰਾਹੀਂ ਸਤਿਗੁਰੂ ਜੀ, ਸੇਵਕ ਨਾਨੂੰ ਸਿੰਘ, ਸੂਬਾ ਲੱਖਾ ਸਿੰਘ, ਸੂਬਾ ਜਵਾਹਰ ਸਿੰਘ ਤੇ ਸੂਬਾ ਸਾਹਿਬ ਸਿੰਘ ਨੂੰ ਅਲਾਹਾਬਾਦ ਭੇਜਿਆ ਗਿਆ। ਯੂਰਪੀਅਨ ਅਫ਼ਸਰ ਜੈਕਸਨ ਅਤੇ 12 ਡੋਗਰਿਆਂ ਦੀ ਗਾਰਦ ਆਪ ਜੀ ਦੀ ਨਿਗਰਾਨੀ ਲਈ ਨਾਲ ਹੀ ਭੇਜੀ ਗਈ।

ਇਹ ਸਾਰਾ ਕੁਝ 4-5 ਦਿਨਾਂ ਵਿੱਚ ਨਹੀਂ ਹੋਇਆ ਨਾ ਇਸ ਦਾ ਕਾਰਨ ਕੇਵਲ ਅੰਮ੍ਰਿਤਸਰ, ਰਾਏਕੋਟ, ਮਲੌਦ ਜਾਂ ਮਲੇਰਕੋਟਲੇ ਦੀਆਂ ਘਟਨਾਵਾਂ ਸਨ। ਉਹ ਸਮੁੱਚੇ ਨਾਮਧਾਰੀ ਉਭਾਰ ਤੋਂ ਹੀ ਪਰੇਸ਼ਾਨ ਸਨ। ਉਹਨਾਂ ਨੂੰ ਸਤਿਗੁਰੂ ਜੀ ਪ੍ਰਤੀ ਵਧ ਰਹੀ ਸ਼ਰਧਾ ਤੋਂ ਭੈ ਵਿਆਪਣ ਲੱਗਾ ਸੀ। ੧੧ ਸਤੰਬਰ ੧੮੬੬ ਨੂੰ ਹੀ ਅੰਬਾਲਾ ਦੇ ਕਮਿਸ਼ਨਰ ਤੇ ਪੁਲਿਸ ਸੁਪਰਿੰਟੈਂਡੈਂਟ ਕਰਨਲ ਐਨ. ਜੀ. ਟੇਲਰ ਨੇ ਸਕੱਤਰ ਪੰਜਾਬ ਸਰਕਾਰ ਨੂੰ ਲਿਖਿਆ:

ਉਸ ਦੇ ਸੁਧਾਰਾਂ ਦਾ ਸਾਰਾ ਮੰਤਵ ਪ੍ਰਤੱਖ ਰੂਪ ਵਿੱਚ ਸਿੱਖੀ ਤਾਕਤ ਨੂੰ ਇਕੱਠਾ ਕਰਨਾ ਹੈ ਅਤੇ ਉਹ ਵੀ ਰਾਜਨੀਤਿਕ ਮੰਤਵ ਦੀ ਪ੍ਰਾਪਤੀ ਲਈ ਸੋ ਉਸ ਨੇ ਸਤਿਗੁਰੂ ਜੀ ਅਤੇ ਸੂਬਿਆਂ ਨੂੰ ਕੈਦ ਕਰਕੇ ਕਲਕੱਤੇ ਜਾਂ ਬੰਬਈ ਭੇਜਣ ਦੀ ਸਿਫ਼ਾਰਸ਼ ਕੀਤੀ।

ਇੱਕ ਅਖ਼ਬਾਰ ਰਹਿ-ਨੁਮਾਇ-ਪੰਜਾਬ, ਨੇ ਆਪਣੇ ੨੮ ਫਰਵਰੀ ੧੮67 ਦੇ ਅੰਕ ਵਿੱਚ ਲਿਖਿਆ :

"ਇਹ ਹੈਰਾਨੀ ਅਤੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬੀ ਦੁਬਾਰਾ ਆਪਣੀ ਸਲਤਨਤ ਬਾਰੇ ਸੋਚ ਰਹੇ ਹਨ ਅਤੇ ਹਕੂਮਤ ਦੇ ਖਿਲਾਫ਼ ਕੂਕਾਂ ਮਾਰ ਰਹੇ ਹਨ।"

ਜੇ. ਡਬਲਯੂ. ਮੈਕਨਬ ਕਮਿਸ਼ਨਰ ਅੰਬਾਲਾ ਦੀ ਰਿਪੋਰਟ ਸਰਕਾਰ ਦੀ ਭਾਵਨਾ ਨੂੰ ਹੋਰ ਸਪਸ਼ਟ ਕਰਦੀ ਹੈ:

"ਮੈਂ ਆਪਣੀਆਂ ਪਹਿਲੀਆਂ ਦਸਤਾਵੇਜ਼ਾਂ ਵਿੱਚ ਵੇਖਦਾ ਹਾਂ ਕਿ ਰਾਮ ਸਿੰਘ ਗੁਰੂ ਨਾਨਕ ਦਾ ਗੱਦੀ ਨਸ਼ੀਨ ਜਾਂ ਉਸਦਾ ਪ੍ਰਤੱਖ ਰੂਪ ਸੰਤ ਸਮਝਿਆ ਹੋਇਆ ਸੀ। ਹੁਣ ਉਹ (ਗੁਰੂ) ਗੋਬਿੰਦ (ਸਿੰਘ) ਸੂਰਬੀਰ ਦਾ ਪ੍ਰਤੀਨਿਧ ਹੈ।

ਮੈਂ ਪੱਕੀ ਰਾਇ ਦਾ ਹਾਂ ਕਿ ਰਾਮ ਸਿੰਘ ਨਾਲ ਸੁਰੱਖਿਆ ਪੂਰਨ ਕਰਨ ਵਾਲੀ ਕਾਰਵਾਈ ਉਸ ਨੂੰ ਉਮਰ ਭਰ ਲਈ ਅੰਡੇਮਾਨ ਭੇਜਣਾ ਹੀ ਹੈ।" -4 ਨਵੰਬਰ 1871

ਨਾਮਧਾਰੀ ਸਿੱਖ ਸਤਿਗੁਰੂ ਰਾਮ ਸਿੰਘ ਨੂੰ ਅਨੰਤ ਸ਼ਕਤੀਆਂ ਦੇ ਮਾਲਕ ਅਕਾਲਪੁਰਖ ਸਮਝਦੇ ਸਨ। ਹੋਰ ਕਿਸੇ ਧਾਰਮਿਕ ਆਗੂ ਲਈ ਓਨੀ ਸ਼ਰਧਾ ਨਹੀਂ ਸੀ ਰੱਖਦੇ। ਏਸੇ ਕਰਕੇ ਪਿੰਡਾਂ ਦੇ ਪਿੰਡ ਨਾਮਧਾਰੀ ਬਣ ਗਏ ਤੇ ਇਹਨਾਂ ਦੀ ਗਿਣਤੀ 10 ਲੱਖ ਤੱਕ ਪਹੁੰਚ ਗਈ ਸੀ। ਉਹ ਉਸ ਨੂੰ ਬਾਦਸ਼ਾਹ ਨਹੀਂ ਸੱਚਾ ਪਾਤਸ਼ਾਹ ਮੰਨਦੇ ਸਨ।

"ਜਦ ਮੈਂ ਪਹਿਲਾਂ ਉਸ ਬਾਰੇ (ਗੁਰੂ) ਬਾਲਕ (ਸਿੰਘ) ਦੇ ਹਜ਼ਰੋਂ ਵਾਲੇ ਦੇ ਗੱਦੀ ਨਸ਼ੀਨ ਹੋਣ ਬਾਬਤ ਸੁਣਿਆ ਤਾਂ ਉਹ ਰਾਮ ਸਿੰਘ ਮਹੰਤ ਦੇ ਨਾਂ ਨਾਲ ਜਾਣਿਆਂ ਜਾਂਦਾ ਸੀ। ਬਾਦ ਵਿੱਚ ਗੁਰੂ ਰਾਮ ਸਿੰਘ ਫਿਰ ਜਿਵੇਂ ਸਤਿਗੁਰੂ ਰਾਮ ਸਿੰਘ ਅਤੇ ਹੁਣ ਸਤਿਗੁਰੂ ਬਾਦਸ਼ਾਹ ਵਾਕੁਰ।"

ਉਸ ਦੇ ਜਿਵੇਂ ਪੈਰੋਕਾਰ ਵਧੇ ਹਨ, ਉਸ ਤਰ੍ਹਾਂ ਹੀ ਉਸਦੇ ਦੁਨਿਆਵੀ ਸਾਧਨ ਵਧੇ ਹਨ। ਹੁਣ ਉਹ ਦਰਬਾਰ ਵਿੱਚ ਸੇਵਾਦਾਰਾਂ ਵਿੱਚ ਘਿਰਿਆ ਸੁਭਾਇਮਾਨ ਹੁੰਦਾ ਹੈ। ਸੇਵਕਾਂ ਨੂੰ ਜੀ ਆਇਆਂ ਨੂੰ ਆਖਦਾ ਹੈ, ਦੇਸ ਦੇ ਸਾਰੇ ਹਿੱਸਿਆਂ ਦੀਆਂ ਖ਼ਬਰਾਂ ਲੈਂਦਾ ਹੈ।"

20 ਨਵੰਬਰ 1871 ਈ.-ਲੈਫਟੀਨੈਂਟ ਜਨਰਲ ਮੈਕ ਐਂਡਰਿਊਜ਼
ਡੀ. ਆਈ. ਜੀ ਪੁਲਿਸ ਅੰਬਾਲਾ ਸਰਕਲ

ਇਸ ਤਰ੍ਹਾਂ ਇੱਕ ਮਾਹੌਲ ਸਿਰਜਿਆ ਗਿਆ ਜਿਸ ਅਨੁਸਾਰ ਲੈਫਟੀਨੈਂਟ ਗਵਰਨਰ ਪੰਜਾਬ ਨੇ ਭਾਰਤ ਦੇ ਵਾਇਸਰਾਇ ਨੂੰ 16 ਜਨਵਰੀ 1872 ਈ. ਨੂੰ ਹੀ ਲਿਖ ਦਿੱਤਾ ਸੀ :

"ਦੇਸ ਸੁਰੱਖਿਅਤ ਨਹੀਂ, ਆਗੂ ਭਗੌੜੇ, ਇਸ ਕਰਕੇ ਮੈਂ ਫੋਰਸਿਥ ਨੂੰ ਅਧਿਕਾਰ ਦੇ ਦਿੱਤਾ ਹੈ ਕਿ ਉਹ (ਗੁਰੂ) ਰਾਮ ਸਿੰਘ ਅਤੇ ਉਸ ਦੇ ਮੁੱਖ ਸੂਬਿਆਂ ਨੂੰ ਫੜ੍ਹਨ ਲਈ ਕਾਰਵਾਈ ਕਰੇ।"

ਫਿਰ ਸਰਕਾਰ ਦੀ ਅਣਗਹਿਲੀ ਕਰਕੇ, ਲਾਪਰਵਾਹੀ ਕਰਕੇ ਜ
ਜਾਣ ਕੇ ਸੂਬਾ ਲੱਖਾ ਸਿੰਘ ਰਾਹੀਂ ਮਿਲੇ ਸੁਨੇਹੇ ਉੱਤੇ ਜਾਂ ਸਾਹਨੇਵਾਲ
ਥਾਣੇ ਦੇ ਸਾਰਜੰਟ ਵਲੋਂ ਇਹ ਸੁਨੇਹਾ ਮਿਲਣ ਦੇ ਬਾਵਜੂਦ ਕਿ ਕੁੱਝ ਬਾਗ਼
ਕੂਕੇ ਰਿਆਸਤ ਪਟਿਆਲਾ ਵਿੱਚ ਦਾਖ਼ਲ ਹੋ ਗਏ ਹਨ, ਕੋਈ ਠੋ
ਕਰਵਾਈ ਨਾ ਕੀਤੀ ਤੇ ਜੋ ਵਾਪਰਨਾ ਸੀ, ਵਾਪਰਨ ਦਿੱਤਾ ਗਿਆ
ਇਲਜ਼ਾਮ ਸਤਿਗੁਰੂ ਜੀ ਦੇ ਸਿਰ ਉੱਤੇ ਲਾਇਆ ਗਿਆ। ਉਹਨ
ਦੀ ਗ੍ਰਿਫ਼ਤਾਰੀ ਦਾ ਮਨਸੂਬਾ ਬਣਾਇਆ ਜਿਸ ਬਾਰੇ ਐਲ. ਐਚ
ਗ੍ਰਿਫਨ ਕਾਰਜਕਾਰੀ ਸਕੱਤਰ ਪੰਜਾਬ ਸਰਕਾਰ ਭਾਰਤ ਸਰਕਾਰ ਦੇ
ਸਕੱਤਰ ਈ. ਸੀ. ਬੇਲੀ ਨੂੰ ਵਿਸਤਾਰ ਸਹਿਤ ਜਾਣਕਾਰੀ ਦੇਂਦਿਆਂ ਇ
ਵੀ ਲਿਖਦਾ ਹੈ:

"ਲੈਫਟੀਨੈਂਟ ਗਵਰਨਰ ਨੇ (ਸਤਿਗੁਰੂ) ਰਾਮ ਸਿੰਘ, ਉਸਦੇ ਪ੍ਰਮੁੱ
ਤੇ ਪ੍ਰਭਾਵਸ਼ਾਲੀ ਸੂਬੇ ਸਾਹਿਬ ਸਿੰਘ, ਰੂੜ ਸਿੰਘ, ਲੱਖਾ ਸਿੰਘ, ਕਾਹ
ਸਿੰਘ, ਬ੍ਰਹਮਾ ਸਿੰਘ, ਜਵਾਹਰ ਸਿੰਘ, ਮਲੂਕ ਸਿੰਘ, ਮਾਨ ਸਿੰਘ ਅ
ਹੁਕਮਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿਤਾ ਹੈ। (ਗੁਰੂ) ਰਾ
ਸਿੰਘ ਨੂੰ ਛੇਤੀ ਤੋਂ ਛੇਤੀ ਗ੍ਰਿਫਤਾਰ ਕੀਤਾ ਜਾਏਗਾ। ਉਹਨਾਂ ਨੂੰ ਫੜ
ਲਈ ਵਿਸਤ੍ਰਿਤ ਕਾਰਵਾਈ ਜਨਰਲ ਟਾਈਟਲਰ, ਡਵੀਜ਼ਨ ਦੇ ਕਮਿਸ਼ਨ
ਦੀ ਜਾਣਕਾਰੀ ਅਨੁਸਾਰ ਕਰਨਗੇ।

ਉਪਰ ਲਿਖੇ ਵਿਅਕਤੀ ਫੜੇ ਜਾਣ ਉਪਰੰਤ ਤੁਰੰਤ ਅਲਾਹਾਬਾਦ ਭੇ
ਜਾਣਗੇ ਕਿਉਂਕਿ ਹਿਜ਼ ਆਨਰ ਉਹਨਾਂ ਨੂੰ ਪੰਜਾਬ ਵਿੱਚ ਰੱਖਣਾ ਠੀ
ਨਹੀਂ ਸਮਝਦੇ। ਉਹਨਾਂ ਦੇ ਭਵਿਖਤ ਦੇ ਟਿਕਾਣੇ ਬਾਰੇ ਲੈਫਟੀਨੈਂ
ਗਵਰਨਰ ਬਾਅਦ ਵਿੱਚ ਸਿਫ਼ਾਰਸ਼ ਕਰਨਗੇ। ਪਰ ਹੁਣ ਉਹ ਵਾਇਸਰਾਇ
ਕੌਂਸਲ ਅਤੇ ਗਵਰਨਰ ਜਨਰਲ ਨੂੰ ਬੇਨਤੀ ਕਰਦੇ ਹਨ ਕਿ ਇਹਨ
ਵਿਅਕਤੀਆਂ ਦੇ ਖਿਲਾਫ਼ ੧੮੧੮ ਈ. ਦੇ ਬੰਗਾਲ ਰੈਗੂਲੇਸ਼ਨ ਦੇ ਅਧੀ
ਵਰੰਟ ਕੱਢੇ ਜਾਣ।"

ਬਾਅਦ ਵਿੱਚ ਇਸ ਸੂਚੀ ਵਿੱਚ ਸੂਬਾ ਪਹਾੜਾ ਸਿੰਘ ਨੂੰ ਸ਼ਾਮ
ਕੀਤਾ ਗਿਆ। ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੇ ਆਪਣੀ ਹਉ
ਨੂੰ ਪੱਠੇ ਪਾਉਣ ਲਈ ਬਿਸ਼ਨਪੁਰੇ ਦੇ ਸਰਦਾਰ, ਜਗੀਰਦਾਰ ਮੰਗਲ ਸਿੰ
ਨੂੰ ਵੀ ਸਤਿਗੁਰੂ ਦਾ ਸ਼ਰਧਾਲੂ ਹੋਣ ਕਰਕੇ ਤੇ ਆਪਣੀ ਰੜਕ ਕੱਢ
ਲਈ ਸੂਬੇ ਸਾਹਿਬਾਨ ਨਾਲ ਅਲਾਹਾਬਾਦ ਭਿਜਵਾ ਦਿੱਤਾ। ਸਾਰਿਆਂ
ਗਰਿਫ਼ਤਾਰ ਕਰਨ ਲਈ ਅੰਬਾਲਾ ਸਰਕਲ ਦੇ ਕਮਿਸ਼ਨਰ ਟੀ. ਡੀ

ਫੋਰਸਿਥ ਨੇ ਲੁਧਿਆਣਾ ਸਰਕਲ ਦੇ ਡੀ. ਆਈ. ਜੀ. ਪੁਲਿਸ ਲੈਫਟੀਨੈਂਟ ਕਰਨਲ ਜੇ. ਪੀ. ਐਸ. ਬੇਲੀ ਦੀ ਜ਼ੁੰਮੇਵਾਰੀ ਲਾਈ ਸੀ। ਉਸੇ ਨੇ ਹੀ ਭੈਣੀ ਸਾਹਿਬ ਦੀ ਤਲਾਸ਼ੀ ਲੈਣੀ ਸੀ।

ਉਹ ਫ਼ੌਜੀ ਦਸਤੇ ਨਾਲ ਲੁਧਿਆਣਿਓਂ ਇੰਜ ਚੱਲਿਆ ਜਿਵੇਂ ਕੋਈ ਕਿਲ੍ਹਾ ਫ਼ਤਹਿ ਕਰਨ ਜਾ ਰਿਹਾ ਹੋਵੇ। ਉਸਦੀ ਚੜ੍ਹਾਈ ਬਾਰੇ ਸੰਤ ਸੰਤੋਖ ਸਿੰਘ ਬਾਹੋਵਾਲ ਲਿਖਦੇ ਹਨ:-

ਲੁਧਿਆਣੇ ਸੇ ਬੇਲੀ ਸਾਹਿਬ ਚੜ੍ਹਿਆ, ਨਾਲ ਤੋਪਾਂ ਭੀ ਲਿਆਇਆ। ਰਸਤੇ ਮੇਂ ਬੇਲੀ ਸਾਹਿਬ ਨੇ ਪੁਛਿਆ ਕਿਲ੍ਹਾ ਹੈ, ਗੜ੍ਹੀ ਹੈ, ਕੋਟ ਹੈ ਕੇ ਡੇਰਾ ਹੈ। ਕਹਾ ਜੀ ਪਿੰਡ ਦੇ ਲੋਕ ਹੁੱਕਾ ਪੀਂਦੇ ਹੈਂ ਇਸ ਕਰਕੇ ਡੇਰਾ ਹੈ ਕੂਕਿਆਂ ਦਾ ਜੁਦਾ। ਫ਼ਰੰਗੀ ਨੇ ਤੋਪਾਂ ਘੁਆਤੇ ਪੜਾਉ ਪਰ ਛੋਡ ਦਿੱਤੀਆਂ। ਆਗੇ ਜਾ ਪਿੰਡ ਦੀ ਹੱਦ ਪਰ ਪਹਿਰਾ ਖੜਾ ਕੀਤਾ। ਦਰਵਾਜੇ ਪਾਸ ਆਏ ਦੇਖੇ ਮਹਾਰਾਜ ਹਰੀ ਸਿੰਘ (ਬੁੱਧ ਸਿੰਘ) ਖੜੇ ਹੈਂ। ਪੁੱਛਨੇ ਲੱਗਾ ਤੁਮ ਕੌਨ ਹੋ! ਮਹਾਰਾਜ ਜੀ ਬਚਨ ਕੀਤਾ ਕਿ ਮੈਂ ਭਾਈ ਹਾਂ ਸਤਿਗੁਰੂ ਜੀ ਦਾ। ਫਰੰਗੀ ਨੇ ਕਹਾ ਕੇ ਤੁਮ ਭੀ ਨਾਲ ਹੀ ਜਾਓਗੇ। ਈਹਾਂ ਨਾ ਰਹੋਗੇ।" -ਸਤਿਗੁਰੂ ਬਿਲਾਸ-ਭਾਗ ਪਹਿਲਾ

ਅਸਲ ਵਿੱਚ ਕਰਨਲ ਬੇਲੀ ਨੇ ਸਵੇਰੇ ਸਵੇਰੇ ਹੀ ਗੁਰਦੁਆਰੇ ਨੂੰ ਆ ਕੇ ਘੇਰਾ ਪਾਇਆ। ਉਹਨਾਂ ਦੇ ਤਾਂ ਮੁਖ਼ਬਰਾਂ ਨੇ ਕੰਨ ਭਰੇ ਸਨ ਕਿ ਏਥੇ ਤੋਪਾਂ ਹਨ ਤੇ ਹੋਰ ਮਾਰੂ ਹਥਿਆਰ ਭਰੇ ਪਏ ਹਨ। ਦੋ ਲੱਖ ਤੋਂ ਵੱਧ ਦਾ ਖ਼ਜ਼ਾਨਾ ਹੈ। ਬਗ਼ਾਵਤ ਕਰਨ ਦਾ ਸਭ ਸਾਜੋ ਸਮਾਨ ਭਰਿਆ ਪਿਆ ਹੈ। ਇਹਨਾਂ ਕੋਲ ਬਹੁਤ ਸਾਰੇ ਮਹੱਤਵਪੂਰਨ ਦਸਤਾਵੇਜ਼ ਹਨ ਜਿਨ੍ਹਾਂ ਰਾਹੀਂ ਇਹਨਾਂ ਦੇ ਵਿਦੇਸ਼ਾਂ ਨਾਲ ਸੰਬੰਧਾਂ ਦਾ ਪਤਾ ਲੱਗ ਸਕਦਾ ਹੈ। ਸੋ ਕਰਨਲ ਬੇਲੀ ਪੂਰੇ ਰੋਅਬ ਤੇ ਤਿਆਰੀ ਨਾਲ ਆਇਆ ਸੀ। ਉਹ ਹਰ ਤਰ੍ਹਾਂ ਦਾ ਜਬਰ, ਜ਼ੁਲਮ ਤੇ ਤਸ਼ੱਦਦ ਕਰਨ ਦਾ ਮਨ ਬਣਾ ਕੇ ਆਇਆ ਸੀ। ਅੰਗਰੇਜ਼ ਹਕੂਮਤ ਦੀਆਂ ਜੜ੍ਹਾਂ ਪੁੱਟਣ ਵਾਲੇ ਕੂਕੇ ਉਸ ਦੇ ਕੀ ਲੱਗਦੇ ਸਨ? ਉਹਨਾਂ ਦੇ ਮੁਖ ਕੇਂਦਰ ਨਾਲ ਉਸ ਦੀ ਕੀ ਹਮਦਰਦੀ ਹੋ ਸਕਦੀ ਸੀ। ਫਿਰ ਕਰਨਲ ਸੀ, ਫ਼ੌਜੀ, ਜਿਹੜਾ ਹੁਕਮ ਚਾੜ੍ਹਨਾ ਜਾਣਦਾ ਹੈ ਤੇ ਦੋਸਤ ਵਾਲੀ ਅੱਖ ਰੱਖ ਹੀ ਨਹੀਂ ਸਕਦਾ, ਉਸ ਸਤਿਗੁਰੂ ਜੀ ਦੇ ਵੀਰ ਬੁੱਧ ਸਿੰਘ, ਬਿਰਧ ਪਿਤਾ ਬਾਬਾ ਜੱਸਾ ਸਿੰਘ, ਲੜਕੀ ਬੀਬੀ ਨੰਦਾਂ, ਹੱਟੀ ਦਾ ਮੈਨੇਜਰ ਵਰਿਆਮ ਸਿੰਘ, ਆਪ ਦੇ ਨਿਜੀ ਸੇਵਕ ਮੱਖਣ ਸਿੰਘ ਤੇ ਹੋਰ ਸੇਵਾਦਾਰਾਂ ਸ਼ਰਧਾਲੂਆਂ ਨੂੰ ਡੇਰਿਓਂ ਬਾਹਰ ਕੱਢ ਕੇ ਰਾਹ ਤੇ ਖੜ੍ਹਾ

ਕੀਤਾ। ਸਭ ਉਨੀਂਦਰੇ, ਉਦਾਸ, ਬਿਰਹਾ ਭੁਜੰਗਮ ਦੇ ਡੰਗੇ ਵੈਰਾਗੇ ਨੈਣ ਵਾਲੇ ਭੁੱਖੇ ਭਾਣੇ ਸਨ। ਉਹ ਬਿਨਾਂ ਕੋਈ ਭਾਰਾ ਕੱਪੜਾ ਲਿਆਂ ਠਰੂੰ ਠਰੂੰ ਕਰਦੇ ਡੌਰ ਭੌਰੇ, ਬਾਹਰ ਆ ਕੇ ਜਿਵੇਂ ਕਿਹਾ ਖਲੋ ਗਏ। ਵਿਛੋੜੇ ਨੇ ਉਹਨਾਂ ਨੂੰ ਪਹਿਲਾਂ ਹੀ ਹਾਲੋਂ-ਬੇਹਾਲ ਕੀਤਾ ਹੋਇਆ ਸੀ। ਕਿਸੇ ਅੰਦਰ ਸੱਤਿਆ ਹੀ ਨਹੀਂ ਸੀ। ਸਾਰੇ ਜਿਵੇਂ ਕਿਹਾ, ਬੈਠਦੇ ਗਏ।

ਕਰਨਲ ਬੇਲੀ ਨੇ ਵੇਖਿਆ ਕਿਸੇ ਕੋਲ ਕੋਈ ਛੋਟਾ-ਮੋਟਾ ਹਥਿਆਰ ਵੀ ਨਹੀਂ ਹੈ। ਨਾ ਮਰਨ ਮਾਰਨ ਵਾਲਾ ਗੁੱਸਾ ਹੈ। ਸਭ ਕੋਲ ਮਾਲਾ ਹਨ ਉੱਨ ਦੀਆਂ ਜੋ ਫੇਰ ਰਹੇ ਹਨ। ਉਸ ਨੇ ਉਹਨਾਂ ਨੂੰ ਫ਼ੌਜੀ ਸਿਪਾਹੀਆਂ ਦੀ ਨਿਗਰਾਨੀ ਹੇਠ ਗਰਮ ਕੱਪੜੇ ਲਿਆਉਣ ਦੀ ਇਜਾਜ਼ਤ ਦੇ ਦਿੱਤੀ। ਸਭ ਦਾ ਨਾਂ ਪਿੰਡ ਪੁੱਛ ਕੇ ਲਿਖਣੇ ਸਨ।

ਫ਼ੌਜੀ ਵੀ ਭੁੱਖੇ ਭਾਣੇ ਆਏ ਸਨ। ਕਰਨਲ ਬੇਲੀ ਨੇ ਵਰਿਆਮ ਸਿੰਘ ਕੋਲੋਂ ਰਸਦ ਬਾਰੇ ਪੁੱਛਿਆ। ਇਸ ਤੋਂ ਪਹਿਲਾਂ ਕਿ ਉਹ ਕੋਈ ਜੁਆਬ ਦੇਂਦਾ ਫ਼ਰੰਗੀ ਨੇ ਸਿਪਾਹੀਆਂ ਨੂੰ ਲੁੱਟ ਕੇ ਖਾਣ ਦੀ, ਛੁੱਟੀ ਦੇ ਦਿੱਤੀ। ਉਹ ਭੁੱਖੇ ਬਘਿਆੜਾਂ ਵਾਂਗ ਪਏ। ਹੱਟੀ ਵਿੱਚੋਂ ਘਿਓ ਗੁੜ ਸੱਕਰ ਫਲ ਜੋ ਵੀ ਉਹ ਖਾ ਸਕੇ ਖਾਧਾ, ਕੁਝ ਜੇਬਾਂ ਵਿੱਚ ਪਾਇਆ ਜ ਰੁਮਾਲਾਂ ਵਿੱਚ ਬੰਨ੍ਹ ਲਿਆ। ਗਰਮ ਗਰਮ ਕੜਾਹ ਪ੍ਰਸਾਦ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਕੁਝ ਬਣਿਆ ਪਿਆ ਸੀ। ਕੁਝ ਵਿੱਚ ਚਾਸ਼ਨੀ ਪਾਈ ਸੀ। ਉਹ ਤੱਤਾ ਤੱਤਾ ਖਾ ਨਾ ਸੱਕੇ ਤੇ ਕਪੜੇ ਵਿੱਚ ਬੰਨ੍ਹ ਲਿਆ। ਉਹ ਜੁੱਤੀਆਂ ਪਾ ਕੇ ਲੰਗਰ ਵਿੱਚ ਵੜ ਗਏ। ਪਰਸ਼ਾਦੇ ਤੇ ਹੋਰ ਖਾਣ ਵਾਲੀ ਚੀਜ਼ ਸਭ ਹਾਬੜਿਆਂ ਵਾਂਗ ਖਾਣ ਲੱਗੇ। ਹੋਰ ਵੀ ਜੋ ਮਿਲਿਆ ਇੱਕ ਤਰ੍ਹਾਂ ਨਾਲ ਖਾਧਾ ਲੁਟਿਆ ਤੇ ਵਰਾਨ ਕੀਤਾ। ਸਤਿਗੁਰੂ ਜੀ ਵਾਲੀ ਕੋਠੜੀ ਨੂੰ ਤਾਲਾ ਲੱਗਾ ਹੋਇਆ ਸੀ। ਸਿੰਘਾਂ ਅਨੁਸਾਰ ਉਸ ਵਿੱਚ ਪੰਜ-ਪੰਜ ਸੌ ਦੇ ਸਤਿਗੁਰੂ ਜੀ ਨੂੰ ਭੇਟ ਕੀਤੇ ਚੋਗੇ ਸਨ। ਫ਼ਰੰਗੀ ਨੇ ਫ਼ੌਜੀ ਬਾਹਰ ਸੱਦ ਲਏ ਤਾਂ ਉਹ ਚੋਗੇ ਲੁੱਟ ਤੋਂ ਬਚ ਗਏ।

ਨੇੜੇ ਦੇ ਪਿੰਡਾਂ ਦੇ ਤਿੰਨ ਨੰਬਰਦਾਰ ਸੱਦ ਕੇ ਉਹਨਾਂ ਦੇ ਸਾਹਮਣੇ ਬੇਲੀ ਨੇ ਡੇਰੇ ਦੀ ਤਲਾਸ਼ੀ ਲਈ। ਡੇਰੇ ਦਾ ਹਰ ਖੂੰਜਾ- ਖਰਲਾ ਪੜਛੱਤੀ-ਅਲਮਾਰੀ, ਆਲਾ-ਸਬਾਤ ਸਭ ਫਰੋਲੇ ਗਏ। ਜ਼ਮੀਨ ਥਾਂ ਥ ਤੋਂ ਪੁੱਟੀ ਗਈ। ਦਾਣਿਆਂ ਦੇ ਭੜੋਲਿਆਂ ਨੂੰ ਸੰਗੀਨਾਂ ਮਾਰ ਮਾਰ ਕੇ ਵੇਖਿਆ ਗਿਆ। ਜੰਦਰਾ ਖੁਲਵਾ ਕੇ, ਕਹੀਆਂ ਨਾਲ, ਸਤਿਗੁਰੂ ਜੀ ਵਾਲੀ ਕੋਠੀ ਵੀ ਪੁਟਵਾਈ ਗਈ।

19 ਜਨਵਰੀ 1872 ਈ. ਨੂੰ ਇਹ ਕਾਰਵਾਈ ਫਿਰ ਜਾਰੀ ਰਹੀ। ਭਾਵੇਂ ਘਰ ਸੀ ਭਾਵੇਂ ਤਬੇਲਾ ਸਭ ਥਾਵਾਂ ਦੀ ਸ਼ੱਕ ਦੇ ਬਿਨਾਂ ਤੇ ਪੁੱਟ-ਪੁਟਾਈ ਹੋਈ। ਸੁੱਖੂ ਨੰਬਰਦਾਰ ਨੇ ਸਭ ਕੁਝ ਕੋਲ ਖਲੋ ਕੇ ਕਰਵਾਇਆ। ਪਰ ਕਿਤੋਂ ਕੋਈ ਹਥਿਆਰ, ਤੋਪ, ਬੰਦੂਕ, ਬੰਬ, ਤਲਵਾਰ ਕੁਝ ਵੀ ਨਾ ਲੱਭਾ। ਕਰਨਲ ਬੇਲੀ ਸਮਝ ਗਿਆ ਕਿ ਮੁਖ਼ਬਰਾਂ ਨੇ ਕੋਰਾ ਝੂਠ ਬੋਲਿਆ ਹੈ।

ਰੁਪਈਏ ਪੈਸੇ ਅਤੇ ਹਥਿਆਰਾਂ ਆਦਿ ਸਭ ਦੀ ਸੂਚੀ ਤਿਆਰ ਕੀਤੀ ਗਈ। ਉਸ ਵਿੱਚ 36 ਕੁਹਾੜੀਆਂ, 6 ਗੰਡਾਸੇ, 2 ਖੋਖਰੀਆਂ, ਬਹੁਤ ਸਾਰੇ ਚੱਕਰ, ਸਫ਼ਾਜੰਗ ਅਤੇ ਡਾਂਗਾਂ ਸਨ। ਉਹ ਸਭ ਸਰਕਾਰ ਨੇ ਆਪਣੇ ਕਬਜ਼ੇ ਵਿੱਚ ਲੈ ਲਏ।

ਖ਼ਜ਼ਾਨੇ ਵਿੱਚ 1828 ਰੁਪਈਏ 8 ਆਨੇ ਸਨ। ਇਹਨਾਂ ਤੋਂ ਬਿਨਾਂ ਸੋਨਾ, ਚਾਂਦੀ, ਹੋਰ ਕੀਮਤੀ ਗਹਿਣੇ, ਲੋਈਆਂ, ਸ਼ਾਲਾਂ ਇੱਕ ਕਢਾਈ ਕੀਤਾ ਚੋਗਾ, ਨਾਪਿਆਂ ਦੀ ਮਾਲਾ ਸੀ। ਇਹ ਸਾਰਾ ਸਮਾਨ ਇੱਕ ਮਜ਼ਬੂਤ ਟਰੰਕ ਵਿੱਚ ਬੰਦ ਕਰਕੇ, ਜੰਦਰਾ ਮਾਰ ਕੇ ਲੁਧਿਆਣੇ ਖ਼ਜ਼ਾਨੇ ਵਿੱਚ ਭੇਜਿਆ ਗਿਆ। ਇਹ ਸਭ ਕੁਝ 5400 ਕੁ ਰੁਪਈਏ ਦਾ ਸੀ।

ਸਤਿਗੁਰੂ ਹਰੀ ਸਿੰਘ ਨੂੰ ਹਾਕਮਾਂ ਦੇ ਤਸ਼ੱਦਦ ਦਾ ਹੋਰ ਪਤਾ ਲੱਗਾ ਕਿ ਜਿਹੜੇ 18 ਸਿੰਘ ਮਲੇਰਕੋਟਲੇ ਵਿੱਚ ਪਹਿਲੇ ਦਿਨ ਹਨੇਰਾ ਹੋਣ ਕਰਕੇ ਤੋਪਾਂ ਨਾਲ ਨਹੀਂ ਸੀ ਉਡਾਏ, ਉਹਨਾਂ ਨੂੰ ਦੋ ਬੀਬੀਆਂ ਮਾਈ ਇੰਦ ਕੌਰ ਤੇ ਖੇਮ ਕੌਰ ਤੋਂ ਬਿਨਾਂ, ਤੋਪਾਂ ਨਾਲ ਉਡਾਇਆ ਗਿਆ। ਉਹਨਾਂ ਉੱਤੇ ਅਗਲੇ ਦਿਨ ਬਾਕਾਇਦਾ ਨਾਂ ਲਿਖ ਕੇ ਕੇਸ ਕੀਤਾ ਗਿਆ। ਇਹ ਮਿਸਲ ਓਥੇ ਪਹੁੰਚੇ ਕਮਿਸ਼ਨਰ ਟੀ. ਡੀ. ਫੋਰਸਿਥ ਅੱਗੇ ਰੱਖੀ ਗਈ। ਉਸ ਕੇਸ ਨੂੰ ਕਾਗਜ਼ਾਂ ਵਿੱਚ ਮਜ਼ਬੂਤ ਕਰਨ ਲਈ ਉਮੇਰਗੜ੍ਹ ਦੇ ਨਾਇਬ ਨਾਜ਼ਮ ਸਯਦ ਨਿਆਜ਼ ਅਲੀ, ਰਾਮ ਪੁਰ ਦੇ ਨੰਬਰਦਾਰ ਪੰਜਾਬ ਸਿੰਘ, ਮਲੌਦ ਦੇ ਮਿੱਤ ਸਿੰਘ ਤੇ ਮੁਖਤਿਆਰ ਨਰਾਇਣ ਸਿੰਘ ਦੀਆਂ ਗੁਆਹੀਆਂ ਪਾਈਆਂ ਗਈਆਂ। ਕਤਲ ਤੇ ਡਾਕੇ ਦਾ ਕੇਸ ਤਿਆਰ ਕੀਤਾ ਗਿਆ। ਉਹਨਾਂ ਕੋਲੋਂ 16 ਤਲਵਾਰਾਂ, ਇੱਕ ਬਰਛਾ, ਕਈ ਸਫ਼ਾਜੰਗ ਅਤੇ ਗੰਡਾਸੇ ਬਰਾਮਦ ਕੀਤੇ ਦਿਖਾਏ ਗਏ। 4 ਘੋੜੇ ਪਛਾਣ ਲਏ ਗਏ। ਸ਼ੇਰਪੁਰ ਥਾਣੇ ਵਾਲਿਆਂ ਵੀ ਸ਼ਨਾਖਤ ਕੀਤੀ। ਉਹਨਾਂ ਸਾਰੇ ਸਿੰਘਾਂ ਦੇ ਵੀ ਬਿਆਨ ਲਏ ਗਏ। ਉਹ ਇੱਕ ਦਿਨ ਪਹਿਲਾਂ ਸਿੰਘਾਂ ਨੂੰ ਤੋਪਾਂ ਨਾਲ ਉਡਾਏ ਜਾਣ ਨਾਲ ਫੈਲਾਈ ਦਹਿਸ਼ਤ ਤੋਂ ਡਰੇ ਨਹੀਂ ਤੇ ਮਾਣ ਨਾਲ ਕਿਹਾ, "ਅਸਾਂ

ਕੀਤਾ ਹੈ ਸਭ ਕੁਝ। ਅਸਾਂ ਜ਼ਾਲਮ ਗਊਘਾਤੀ ਬਦੇਸ਼ੀ ਸਰਕਾਰ ਨਹੀਂ ਰਹਿਣ ਦੇਣੀ।"

ਇਹਨਾਂ ਵਿੱਚੋਂ ਸ਼ਾਮ ਸਿੰਘ ਤੇ ਹੀਰਾ ਸਿੰਘ ਮਿਸਲ ਅਨੁਸਾਰ ਕੋਟਲੇ ਵਿੱਚ ਸਨ। ਸੋਭਾ ਸਿੰਘ ਰੱਬੋਂ, ਹਾਕਮ ਸਿੰਘ ਅਤੇ ਸੁਜਾਨ ਸਿੰਘ ਕੇਵਲ ਉਸ ਸਮੇਂ ਹੀ ਸ਼ਹੀਦੀ ਜਥੇ ਨਾਲ ਰਲੇ ਸਨ ਜਦ ਉਹ ਸ਼ੇਰਪੁਰ ਪੇਸ਼ ਹੋਣ ਲਈ ਗਿਆ ਸੀ। ਇਹ ਸਾਰਾ ਕੁਝ ਮਿਸਲ ਦਾ ਹਿੱਸਾ ਸੀ ਪਰ ਇਹ ਵੀ ਹਿਮਾਕਤ ਭਰੇ ਅਫ਼ਸਰਾਂ ਦੇ ਜ਼ੁਲਮ ਜਬਰ ਦਾ ਹਿੱਸਾ ਸੀ ਕਿ ਬੇਗੁਨਾਹਾਂ ਨੂੰ ਤੋਪਾਂ ਸਾਹਮਣੇ ਖਲ੍ਹਾਰ ਕੇ ਉਡਾ ਦਿੱਤਾ ਗਿਆ। 50 ਸਿੰਘ 17 ਜਨਵਰੀ ਨੂੰ ਸ਼ਹੀਦ ਕੀਤੇ ਗਏ ਸਨ।

ਹਰੀ ਲੈਂਡ ਬਰਕੇ ਮੈਂਬਰ ਬ੍ਰਿਟਿਸ਼ ਪਾਰਲੀਮੈਂਟ ਨੇ ਇਸ ਜ਼ੁਲਮ ਬਾਰੇ ਅਖ਼ਬਾਰਾਂ ਵਿੱਚ ਖ਼ਬਰ ਪੜ੍ਹੀ, ਖ਼ਾਸ ਕਰਕੇ 5 ਫਰਵਰੀ 1872 ਦੇ, ਦਾ ਟਾਈਮਜ਼, ਵਿੱਚ। ਇਸ ਦੀ ਅਸਲੀਅਤ ਨੂੰ ਜਾਨਣ ਲਈ ਉਸ ਨੇ 29 ਫ਼ਰਵਰੀ 1872 ਨੂੰ ਅੰਡਰ ਸੈਕਟਰੀ ਸਟੇਟ, ਗ੍ਰਾਂਟ ਡਫ ਨੂੰ ਸੁਆਲ ਪੁੱਛੇ। ਹੋਰ ਮੈਂਬਰਾਂ ਨੇ ਵੀ ਇਹ ਮਾਮਲਾ ਚੁੱਕਿਆ ਤਾਂ ਗ੍ਰਾਂਟ ਡਫ ਨੇ ਉੱਤਰ ਦਿੱਤਾ:

"ਜਿਥੋਂ ਤਕ ਮੈਨੂੰ ਜਾਣਕਾਰੀ ਹੈ ਕਾਵਨ ਨੇ ਕੋਈ ਅਦਾਲਤੀ ਮੁਕੱਦਮਾ ਨਹੀਂ ਚਲਾਇਆ। ਉਸ ਨੇ ਬਿਨਾਂ ਅਦਾਲਤੀ ਮੁਕੱਦਮਾ ਚਲਾਇਆਂ ਹੀ ਮੌਤ ਦੀ ਸਜ਼ਾ ਦੇ ਦਿੱਤੀ।"

ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਵੀ ਨਾਮਧਾਰੀ ਸ਼ਹੀਦਾਂ ਦੀ ਕੋਈ ਪੀੜ ਨਹੀਂ ਸੀ। ਉਸਨੇ ਡਿਪਟੀ ਕਮਿਸ਼ਨਰ ਤੇ ਕਮਿਸ਼ਨਰ ਦੀ ਪਿੱਠ ਹੀ ਨਹੀਂ ਠੋਕੀ ਸਗੋਂ ਇਸ ਗ਼ੈਰ ਮਨੁੱਖੀ ਕਾਰੇ ਨੂੰ ਮੌਤ ਦੀ ਸਜ਼ਾ ਦੇਣ ਦਾ ਪ੍ਰਭਾਵਸ਼ਾਲੀ ਤੇ ਦਇਆ ਭਰਪੂਰ ਤਰੀਕਾ ਦੱਸਿਆ।

ਗਵਰਨਰ ਜਨਰਲ ਦੀ ਕੌਂਸਲ ਦੇ ਮੈਂਬਰ ਲਾਰਡ ਨੈਪੀਅਰ ਨੇ ਲੈਫੀਟੀਨੈਂਟ ਗਵਰਨਰ ਦੀ ਇਸ ਗੱਲ ਉੱਤੇ ਇਤਰਾਜ਼ ਕੀਤਾ ਤੇ ਨਿੰਦਿਆ:

"ਇਸ ਤਰ੍ਹਾਂ ਦੀ ਸਜ਼ਾ ਨੂੰ ਦਿਆਲਤਾਪੂਰਨ ਹੋਣ ਦਾ ਨਾਂ ਦੇਣਾ ਭਾਸ਼ਾ ਦੀ ਅਜੀਬ ਦੁਰਵਰਤੋਂ ਹੈ....ਮਨੁੱਖਤਾ ਦੇ ਪ੍ਰਤੀਕੂਲ ਹੈ ਅਤੇ ਤਹਿਜ਼ੀਬ ਯਾਫਤਾ ਮਨੁੱਖਾਂ ਰਾਹੀਂ ਦਿੱਤੀ ਗਈ ਅਣਉਚਿਤ ਸਜ਼ਾ ਹੈ।"

ਨੈਪੀਅਰ ਨੇ ਤੋਪਾਂ ਨਾਲ ਉਡਾਉਣ ਦੀ ਕਾਰਵਾਈ ਨੂੰ ਦਿਆਲਤਾ ਪੂਰਨ ਕਹਿਣ ਨੂੰ ਨਿੰਦਿਆ ਸੀ। ਪਰ ਸਜ਼ਾ ਦੇਣ ਵਾਲੇ ਇਹਨਾਂ

ਸ਼ਹੀਦੀਆਂ ਨੂੰ ਹੋਰ ਛੁਟੇਰਾ ਕਰਨਾ ਚਾਹੁੰਦੇ ਸਨ। ਉਹਨਾਂ ਦੇ ਇਸ ਕਾਰਜ ਵਿੱਚ ਉਹਨਾਂ ਅੰਗਰੇਜ਼ ਹਾਕਮਾਂ ਦੇ ਵਫ਼ਾਦਾਰ ਇਤਿਹਾਸਕਾਰਾਂ ਨੇ ਵੀ ਹਿੱਸਾ ਪਾਇਆ ਜਿਨ੍ਹਾਂ ਨੇ ਲਿਖਿਆ ਕਿ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾਇਆ ਗਿਆ। ਸਿੱਖ ਇਤਿਹਾਸ ਦੀ ਮੱਹਤਵਪੂਰਨ ਕਲਮ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਉਹਨਾਂ ਨੇ ਇਹ ਸ਼ਹੀਦੀਆਂ ਦਾ ਨਜ਼ਾਰਾ ਆਪਣੇ ਅੱਖੀਂ ਵੇਖਿਆ ਹੈ। ਉਹਨਾਂ ਹੱਸ ਹੱਸ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਉਹ ਕਿਤਾਬਾਂ ਵਿੱਚੋਂ ਪੜ੍ਹੇ ਤੇ ਅੱਖੀਂ ਡਿੱਠੇ ਸ਼ਹੀਦਾਂ ਦੇ ਹਾਲ ਦੇ ਹਵਾਲੇ ਨਾਲ ਲਿਖਦੇ ਹਨ:-

ਦੋਹਿਰਾ

ਉਨ ਸਿੰਘਨ ਕਾ ਹਾਲ ਤੋ ਲਿਖਿਓ ਕਿਤਾਬਨ ਮਾਂਹਿ।
ਹਮ ਨਿਜ ਨੈਨਨ ਜੋ ਪਿਖਿਓ, ਸੋ ਅਬ ਸਾਚ ਸੁਨਾਂਹਿ।

ਚੌਪਈ

ਸੰਮਤ ਉਨੀ ਸੈ ਅਠਾਈ।
ਕੂਕੇ ਸਿੰਘ ਮਿਲੇ ਤਬ ਆਈ।
ਜੋ ਬੁੱਚੜ ਗਊਆਂ ਥੇ ਮਾਰਤ।
ਤਿਨਕੋ ਸੋ ਸਿੰਘ ਭਏ ਬਿਦਾਰਤ।
ਜਬ ਸਿੰਘ ਸਾਠ ਪਕੜੇ ਗਏ।
ਫੜੇ ਮਲੇਰ ਕੋਟਲੇ ਅਏ।
ਉਨ ਹਿਤ ਹੁਕਮ ਅੰਗਰੇਜ਼ੀ ਆਯੋ।
ਇਨ ਕੋ ਤੋਪਨ ਸੰਗ ਉਡਾਯੋ।
ਜਬ ਇਹੁ ਹੁਕਮ ਉਨੈਂ ਸੁਨ ਪਾਯੋ।
ਖੁਸ਼ੀ ਭਏ ਅਤਿ ਹੀਯ ਹੁਲਸਾਯੋ।
ਮੁਖ ਪਰ ਲਾਲੀ ਚਢੀ ਬਧੇਰੇ।
ਗਾਵਤ ਗੁਰ ਕੇ ਸ਼ਬਦ ਉਚੇਰੇ।
ਦੀਵੇ ਪਰ ਜਯੋਂ ਆਇ ਪਤੰਗੇ।
ਤਯੋਂ ਤੋਪਨ ਦਿਸ ਜਾਇ ਨਿਸੰਗੇ।
ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ।
ਜਰਾ ਨਾ ਕੀਨੇ ਪਰਾਨ ਪਯਾਰੇ।
ਇਹ ਹਮਨੇ ਖੁਦ ਨੈਨ ਨਿਹਾਰੇ।
ਦੇਖਤ ਥੇ ਜੋ ਲੋਗ ਅਪਾਰੇ।

ਰਹੇ ਹਿਰਾਨ ਤਿਨੈ ਪਿਖ ਸਾਰੇ।
ਇਹੁ ਸਿੰਘਨ ਕੀ ਰੀਤੀ ਵਰ ਹੈ।
ਸ਼ਸਤ੍ਰ ਕੀ ਮ੍ਰਿਤ ਤੈ ਨਾਹਿ ਡਰ ਹੈ।
ਸੰਮੁਖ ਸੱਤ੍ਰ ਜੰਗ ਮੈ ਜੈ ਹੈ।
ਮਰਨ ਮਾਰਨੋ ਨਾਹਿ ਟਰੈ ਹੈਂ।

-ਸ੍ਰੀ ਗੁਰੂ ਪੰਥ ਪ੍ਰਕਾਸ਼

ਕਰਨਲ ਬੇਲੀ ਨੇ ਨੋਟ ਕੀਤਾ ਕਿ ਗੁਰਦੁਆਰੇ ਦੇ ਤਬੇਲੇ ਵਿੱਚ ਗਊਆਂ, ਮੱਝਾਂ, ਊਠ, ਘੋੜੇ, ਕੱਟੇ, ਵੱਛੇ, ਬਲਦ ਆਦਿ ੪2 ਪਸ਼ੂ ਹਨ। ਉਸ ਨੇ ਉਹਨਾਂ ਦੀ ਸੰਭਾਲ ਲਈ 11 ਵਿਅਕਤੀ ਛੱਡੇ।

ਮਹਾਰਾਜ ਬੁੱਧ ਸਿੰਘ, ਉਹਨਾਂ ਦੇ ਪਿਤਾ ਬਾਬਾ ਜੱਸਾ ਸਿੰਘ, ਸਤਿਗੁਰੂ ਜੀ ਦੀ ਲੜਕੀ ਬੀਬੀ ਨੰਦਾਂ ਤੇ ਹੋਰ ਪਰਵਾਰ ਦੇ ਜੀਆਂ ਦੀ ਸੇਵਾ ਲਈ 3 ਪੁਰਸ਼ ਤੇ 2 ਇਸਤਰੀਆਂ ਨੂੰ ਡੇਰੇ ਰਹਿਣ ਦੀ ਇਜਾਜ਼ਤ ਦਿੱਤੀ ਗਈ। ਇਹਨਾਂ ਤੋਂ ਬਿਨਾਂ ਵਰਿਆਮ ਸਿੰਘ ਤੇ ਮੱਖਣ ਸਿੰਘ ਨੂੰ ਵੀ ਡੇਰੇ ਹੀ ਰਹਿਣ ਲਈ ਕਿਹਾ ਗਿਆ। ਉਹ ਸਭ ਗੁਰਦੁਆਰੇ ਦੇ ਅੰਦਰ ਭੇਜ ਦਿੱਤੇ ਗਏ।

ਬਾਕੀ ਸਭ ਵਿਅਕਤੀਆਂ ਨੂੰ ਠੰਢ ਵਿੱਚ ਠੁਰ ਠੁਰ ਕਰਦਿਆਂ ਨੂੰ ਪੈਦਲ ਲੁਧਿਆਣੇ ਤੋਰਿਆ ਗਿਆ। ਜਸਵਿੰਦਰ ਸਿੰਘ ਦੇ ਸ਼ਬਦਾਂ ਵਿੱਚ :

"ਕਰਨਲ ਬੇਲੀ ਨੇ 185 ਸਿੰਘ ਪਕੜ ਕੇ ਲੁਧਿਆਣੇ ਭੇਜੇ ਸਨ। ਇਹਨਾਂ ਵਿੱਚੋਂ ਸੂਬਾ ਬ੍ਰਹਮਾ ਸਿਘ, ਕਾਹਨ ਸਿਘ, ਪਹਾੜਾ ਸਿੰਘ ਤੇ ਹੁਕਮਾ ਸਿੰਘ ਨੂੰ ਅਲਾਹਾਬਾਦ ਭੇਜ ਦਿਤਾ। 122 ਸਿੰਘਾਂ ਨੂੰ ਤਾੜਨਾ ਕਰਕੇ ਘਰੋ ਘਰੀ ਭੇਜ ਦਿੱਤਾ। ਬਿਹੰਗਮਾਂ ਨੂੰ ਕਮਿਸ਼ਨਰ ਫੋਰਸਿਥ ਸਭ ਤੋਂ ਖ਼ਤਰਨਾਕ ਸਮਝਦਾ ਸੀ ਕਿਉਂਕਿ ਇਹ ਸਿੰਘ ਘਰ-ਘਾਟ ਜ਼ਮੀਨਾਂ ਵੇਚ ਕੇ ਗੁਰੂ ਜੀ ਪਾਸ ਆ ਗਏ ਸਨ ਅਤੇ ਉਹਨਾਂ ਦਾ ਹਰ ਹੁਕਮ ਮੰਨਣ ਲਈ ਹਰ ਵੇਲੇ ਤਿਆਰ ਰਹਿੰਦੇ ਸਨ। ਇਸ ਲਈ ਬਾਕੀ ਬਚੇ 50 ਬਿਹੰਗਮਾਂ ਨੂੰ ਰੋਕ ਲਿਆ ਗਿਆ ਤਾਂ ਜੋ ਉਹਨਾਂ ਦੀਆਂ ਜ਼ਮਾਨਤਾਂ ਲਈਆਂ ਜਾ ਸਕਣ, ਜੇ ਨਾ ਜ਼ਮਾਨਤਾਂ ਭਰਨ ਤਾਂ ਦੋ ਸਾਲ ਦੀ ਕੈਦ ਦਿੱਤੀ ਜਾ ਸਕੇ।" -ਫੁਟ ਨੋਟ ਸਤਿਗੁਰੂ ਬਿਲਾਸ ਭਾਗ ਪਹਿਲਾ

ਕੁਝ ਸਾਧਾਂ ਦੇ ਵਾਰਸਾਂ ਨੇ ਜ਼ਮਾਨਤਾਂ ਦੇ ਕੇ ਉਹਨਾਂ ਨੂੰ ਛੁਡਾ ਲਿਆ। ਲਹਿਣਾ ਸਿੰਘ ਦਾ ਕੋਈ ਜ਼ਮਾਨਤੀਆ ਨਹੀਂ ਸੀ ਉਸਦੀ ਜ਼ਮਾਨਤ ਬਾਬਾ ਦਰਬਾਰਾ ਸਿੰਘ ਰਾਏਸਰ ਨੇ ਦਿੱਤੀ। ਮਹਾਰਾਜ ਬੁੱਧ

ਸਿੰਘ ਦੀ ਜ਼ਮਾਨਤ ਉਹਨਾਂ ਦੇ ਮਾਮੇ ਦੀ ਨੂੰਹ, ਲੁਧਿਆਣੇ ਵਾਲੀ, ਭੋਲੀ ਨੇ ਦਿੱਤੀ। ਸੂਬਾ ਗੁਪਾਲ ਸਿੰਘ ਦੀ ਜ਼ਮਾਨਤ, ਮਸਤਾਨ ਸਿੰਘ ਰਾਈਆਂ ਨੇ ਦਿੱਤੀ। ਸਭ ਨੂੰ ਸਖ਼ਤ ਹਦਾਇਤ ਦਿੱਤੀ ਗਈ ਕਿ ਬਿਨਾਂ ਨੇੜੇ ਦੇ ਥਾਣੇ ਇਤਲਾਹ ਦਿੱਤੇ, ਕਿਤੇ ਨਹੀਂ ਜਾਣਾ।

ਟੀ. ਡੀ. ਫੋਰਸਿਥ ਕਮਿਸ਼ਨਰ, ਅੰਬਾਲਾ- 18-20 ਜਨਵਰੀ 1872 ਈ. ਦੀ ਗੁਰੂ ਰਾਮ ਸਿੰਘ ਅਤੇ ਉਸਦੇ ਸੂਬਿਆਂ ਨੂੰ ਭੇਜਣ ਸੰਬੰਧੀ ਸੈਕਟਰੀ ਪੰਜਾਬ ਸਰਕਾਰ ਨੂੰ ਲਿਖੀ ਰਿਪੋਰਟ ਵਿੱਚ ਸਾਰੇ ਵੇਰਵੇ ਤੇ ਆਪਣੀਆਂ ਦਲੀਲਾਂ ਦੇਂਦਾ ਹੈ। ਅਖੀਰ ਵਿੱਚ ਉਹ ਲਿਖਦਾ ਹੈ:-

"ਜਿਥੋਂ ਤਕ ਉਸ ਦੀ ਜਾਇਦਾਦ (ਚੱਲ-ਸੰਪਤੀ) ਦਾ ਸੰਬੰਧ ਹੈ, ਕਰਨਲ ਬੇਲੀ ਨੇ ਆਪਣਾ ਅਧਿਕਾਰ ਵਰਤ ਕੇ ਲੁਧਿਆਣੇ ਪਹੁੰਚਾ ਦਿੱਤੀ ਹੈ। ਮੇਰੀ ਬੇਨਤੀ ਹੈ ਕਿ ਇਸ ਬਾਰੇ ਆਦੇਸ਼ ਛੇਤੀ ਤੋਂ ਛੇਤੀ ਦਿੱਤੇ ਜਾਣ। ਕਰਨਲ ਬੇਲੀ ਨੇ ਹਥਿਆਰਾਂ ਦੀ ਭਾਲ ਬਾਕਾਇਦਾ ਅਤੇ ਸਹੀ ਤਰੀਕੇ ਨਾਲ ਕੀਤੀ"। ਇਸ ਦਾ ਮਤਲਬ ਹੈ ਕਿ ਚੱਲ-ਸੰਪਤੀ ਲੁਧਿਆਣੇ ਲੈ ਕੇ ਜਾਣਾ ਬੇਕਾਇਦਾ ਭਾਵ ਗ਼ੈਰ-ਕਾਨੂੰਨੀ ਸੀ। ਪਰ ਕੌਣ ਕਹੇ ਰਾਣੀਏ ਅੱਗਾ ਢੱਕ। ਅਤੇ ਹਥਿਆਰਾਂ ਦੀ ਭਾਲ ਕਰਨ ਨਾਲ ਕੋਈ ਹਥਿਆਰ ਨਹੀਂ ਮਿਲਿਆ।

ਡਿਪਟੀ ਕਮਿਸ਼ਨਰ ਲੁਧਿਆਣਾ ਐਲ.ਕਾਵਨ ਕਮਿਸ਼ਨਰ ਨੂੰ ਆਪਣੀ ਰਿਪੋਰਟ 26 ਜਨਵਰੀ 1872 ਨੂੰ ਭੇਜਦਾ ਹੈ ਅਤੇ ਲਿਖਦਾ ਹੈ:

"ਜੈਕਸਨ ਆ ਚੁੱਕਾ ਹੈ ਤੇ ਦੱਸ ਚੁੱਕਾ ਹੈ ਕਿ ਉਸਨੇ ਪੂਰੀ ਤਲਾਸ਼ੀ ਲਈ ਹੈ ਤੇ ਖੋਜ-ਭਾਲ ਕੀਤੀ ਹੈ। ਜਿੰਨਾ ਵੀ ਡੂੰਘਾ ਉਸਨੂੰ ਲੱਗਾ ਹੈ ਉਸ ਨੇ ਥਾਂ ਪੁੱਟੀ ਹੈ, ਉਸ ਥਾਂ ਉੱਤੇ ਜਿੱਥੇ ਉਸ ਨੂੰ ਲੱਗਾ ਹੈ ਹਥਿਆਰ ਜਾਂ ਮਾਲ ਖ਼ਜ਼ਾਨਾ ਹੋਵੇਗਾ ਪਰ ਉਥੇ ਕੁਝ ਵੀ ਨਹੀਂ ਲੱਭਾ।...

ਕਰਨਲ ਬੇਲੀ ਨੇ (ਗੁਰੂ) ਰਾਮ ਸਿੰਘ ਦੇ ਅਨਾਜ (ਬਹੁਤ ਜ਼ਿਆਦਾ ਭੰਡਾਰ ਨਹੀਂ) ਬਸਤਰ, ਗਹਿਣੇ ਆਦਿ ਜ਼ਬਤ ਕਰ ਲਏ ਹਨ ਅਤੇ ਮੈਨੂੰ ਕੁਝ ਦਿਨ ਪਹਿਲਾਂ ਹੀ ਹੈਰਾਨੀ ਭਰੀ ਗੱਲ ਪਤਾ ਲੱਗੀ ਹੈ ਕਿ ਭੈਣੀ ਸਾਹਿਬ ਤਾਇਨਾਤ ਸਥਾਨਕ ਪੁਲਿਸ ਅਧਿਕਾਰੀ ਉਸ ਜ਼ਖ਼ੀਰੇ ਵਿੱਚੋਂ, (ਗੁਰੂ) ਰਾਮ ਸਿੰਘ ਦੇ ਪਰਵਾਰ ਦੇ ਜੀਆਂ ਨੂੰ ਰਾਸ਼ਨ ਦੇਂਦਾ ਰਿਹਾ ਹੈ। ਮੇਰਾ ਵਿਸ਼ਵਾਸ ਹੈ ਕਿ ਇਹ ਕਾਰਵਾਈ ਤੁਹਾਡੀਆਂ ਹਦਾਇਤਾਂ ਤੋਂ ਵਧਾ ਕੇ ਕੀਤੀ ਹੈ ਅਤੇ ਗ਼ੈਰ-ਜ਼ਰੂਰੀ ਹੈ। ਮੈਂ ਹਦਾਇਤ ਦਿੱਤੀ ਹੈ ਕਿ ਅਨਾਜ, ਘਰ ਦੇ ਵਸਤ ਵਲੇਵੇਂ ਆਦਿ ਉਸ ਦੇ ਭੈਣੀ ਸਾਹਿਬ ਰਹਿਣ ਵਾਲੇ ਪਿਤਾ

ਜੀ, ਭਾਈ ਤੇ ਲੜਕੀ ਨੂੰ ਦਿੱਤੇ ਜਾਣ।"

ਇਸ ਵਿੱਚ ਵੀ ਡਾਢੇ ਦਾ ਸੱਤੀਂ ਵੀਹੀਂ ਸੌ ਹੈ, ਕੋਈ ਨੇਮ ਕਾਨੂੰਨ ਨਹੀਂ, ਨਾ ਉਲੰਘਣਾ ਕਰਨ ਵਾਲੇ ਨਾਲ ਸਖ਼ਤੀ ਹੈ। ਅਠੂੰਹੇਂ ਵਾਂਗ ਹਰ ਕੋਈ ਡੰਗ ਮਾਰਦਾ ਹੈ। ਉਸ ਦੇ ਜਬਰ ਨੂੰ ਸਬਰ ਨਾਲ ਸਹਿਣ ਦੀ ਹਦਾਇਤ ਗੁਰੂ ਹਰੀ ਸਿੰਘ ਜੀ ਦੇਂਦੇ ਹਨ।

ਸ੍ਰੀ ਭੈਣੀ ਸਾਹਿਬ ਸਤਿਗੁਰੂ ਦੇ ਡੇਰੇ ਅੱਗੇ ਪੁਲਿਸ ਚੌਕੀ ਬਿਠਾ ਦਿੱਤੀ ਗਈ ਜੋ ਡਿਓਢੀ ਵਿੱਚ ਬੈਠੀ। ਉਸ ਦਾ ਮੁਖੀ ਇੰਸਪੈਕਟਰ ਉਮਰਾਉ ਅਲੀ ਸ਼ਾਹ ਸੀ। ਉਸ ਨਾਲ 20 ਸਿਪਾਹੀ ਸਨ। ਇਹ ਚੌਕੀ ਕਰਨਲ ਬੇਲੀ ਨੇ 19 ਜਨਵਰੀ 1872 ਈ. ਤੋਂ ਬਿਠਾਈ ਸੀ।

ਸਤਿਗੁਰੂ ਦਾ ਘਰ ਕੈਦਖਾਨਾ ਬਣ ਗਿਆ ਸੀ। ਨਾ ਕੋਈ ਬਾਹਰੋਂ ਕਿਸੇ ਨੂੰ ਮਿਲਣ ਅੰਦਰ ਜਾ ਸਕਦਾ ਸੀ, ਨਾ ਹੀ ਡੇਰੇ ਦੇ ਅੰਦਰ ਰਹਿਣ ਵਾਲੇ ਕਿਸੇ ਨੂੰ ਮਿਲਣ ਜਾ ਸਕਦੇ ਸਨ, ਪ੍ਰਚਾਰ ਦੌਰੇ ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਬੜੀ ਦਹਿਸ਼ਤ ਪੈਦਾ ਕੀਤੀ ਗਈ ਸੀ। ਫਿਰ 5-5 ਸਿੰਘਾਂ ਨੂੰ ਮਿਲਣ ਆਉਣ ਦੀ ਇਜਾਜ਼ਤ ਮਿਲਣ ਲੱਗੀ।

ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ 8 ਮਾਰਚ 1872 ਨੂੰ ਇਕ ਗਸ਼ਤੀ ਚਿੱਠੀ ਸਾਰੇ ਡੀ. ਆਈ. ਜੀ. ਪੁਲਿਸ ਨੂੰ ਭਿਜਵਾਈ ਜਿਸ ਵਿੱਚ ਲਿਖਿਆ :

"ਬੇਨਤੀ ਹੈ ਕਿ ਉਹ ਸਾਰੇ ਜ਼ਿਲ੍ਹਿਆਂ ਦੇ ਪੁਲਿਸ ਸੁਪਰਿੰਟੈਂਡੈਂਟਾਂ ਨੂੰ ਹਦਾਇਤਾਂ ਦੇਣ ਕਿ ਉਹ ਉਹਨਾਂ ਪਰੰਪਰਾਵਾਦੀ ਸਿੱਖਾਂ ਵਿੱਚੋਂ ਹਰ ਇੱਕ ਦਾ ਨਾਂ, ਮਾਤਾ ਪਿਤਾ ਦਾ ਨਾਂ, ਲਿਖਣ ਜਾਂ ਕਿਸੇ ਹੋਰ ਵਿਅਕਤੀ ਬਾਰੇ ਲਿਖਣ ਜਿਹੜਾ ਆਪ ਨਾਮਧਾਰੀਆਂ ਨੂੰ ਸੁਰੱਖਿਅਤਾ ਦੇਂਦਾ ਹੈ ਜਾਂ ਉਹਨਾਂ ਦੀ ਰਕਮ ਨਾਲ ਜ਼ਮਾਨਤ ਦੇਂਦਾ ਹੈ।"

ਹੈ ਨਾ ਕੂਕਿਆਂ ਪ੍ਰਤੀ ਹਮਦਰਦੀ ਰੱਖਣ ਵਾਲਿਆਂ ਨੂੰ ਦਬਾਉਣ ਤੇ ਉਹਨਾਂ ਅੰਦਰ ਦਹਿਸ਼ਤ ਪੈਦਾ ਕਰਨ ਦੇ ਮਨਸੂਬੇ !

ਪੰਜਾਬ ਸਰਕਾਰ ਦੇ ਅੰਡਰ ਸੈਕਟਰੀ ਵੱਲੋਂ ਪਹਿਲਾਂ ਹੀ 23 ਜਨਵਰੀ 1872 ਨੂੰ ਇੱਕ ਪੱਤਰ ਜਾਰੀ ਕੀਤਾ ਗਿਆ ਸੀ ਕਿ ਜਿੱਥੇ ਵੀ ਕਿਸੇ ਦੇ ਘਰ ਵੀ 5 ਕੂਕੇ ਇਕੱਠੇ ਹੋਣਗੇ ਉਹਨਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਏਗੀ।

ਹੁਣ ਤਾਂ ਸਖ਼ਤੀਆਂ ਤੇ ਪੁੱਛਾਂ ਪਰਤੀਤਾਂ ਦਾ ਝੱਖੜ ਝੁੱਲ ਪਿਆ।

ਜਿਸ ਸਰਕਾਰੀਏ ਦਾ ਜੀਅ ਕਰਦਾ ਅਪਣੀ ਪੋਜੀਸ਼ਨ ਦਾ ਫ਼ਾਇਦਾ ਉਠਾ ਕੇ ਨਾਮਧਾਰੀ ਸਿੱਖਾਂ ਨੂੰ ਪਰੇਸ਼ਾਨ ਕਰਦਾ। ਪੰਜਾਬ ਸਿੰਘ, ਜਵਾਲਾ ਸਿੰਘ ਤੇ ਬਚਿੱਤਰ ਸਿੰਘ ਜੋਗੇ ਵਾਲਿਆਂ ਨੂੰ ਬਰਨਾਲੇ ਥਾਣੇ ਲੈ ਗਏ, ਪੁੱਛ ਗਿੱਛ ਕੀਤੀ। ਫਿਰ ਬੱਸੀ ਸਰਹਿੰਦ ਜਾ ਚਲਾਨ ਕੀਤਾ ਤੇ ਮਾਈ ਇੰਦ ਕੌਰ ਹੰਢਿਆਏ ਵਾਲੀ ਤੇ ਖੇਮ ਕੌਰ ਦਿੱਤੂਪੁਰੇ ਵਾਲੀ ਜਿਹੜੀਆਂ ਮਲੇਰਕੋਟਲੇ ਦੇ ਸਾਕੇ ਪਿਛੋਂ ਛੱਡੀਆਂ ਗਈਆਂ ਸਨ, ਦੀ ਗੁਆਹੀ ਲੈ ਕੇ 500-500 ਦੀਆਂ ਜ਼ਮਾਨਤਾਂ ਲੈ ਕੇ ਤੀਜੇ ਮਹੀਨੇ ਛੱਡਿਆ। ਆਲਮਪੁਰੇ ਦੇ ਤਿੰਨ ਸਿੰਘਾਂ ਨੇ ਡਰਦਿਆਂ ਕਿਹਾ ਕਿ ਉਹਨਾਂ ਨੇ ਕੂਕਪੁਣਾ ਛੱਡਿਆ ਹੈ।

ਬਰਮਾਲੀਪੁਰ (ਜ਼ਿਲਾ ਅੰਮ੍ਰਿਤਸਰ) ਦੇ ਸਿੰਘਾਂ ਨਾਲ ਜੋ ਵਾਪਰੀ ਉਸ ਨੂੰ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਇੰਜ ਲਿਖਿਆ ਹੈ:

"ਕਾਹਨ ਸਿੰਘ ਬਰਮਾਲੀ ਪੁਰੇ ਕੋ ਭੀ ਫੜ ਕੇ ਲੈ ਗਏ। ਥਾਣੇਦਾਰ ਕਹਿਣ ਲੱਗਾ ਕੂਕੀਆਂ ਕੂਕਿਆਂ ਕੇ ਨਾਮ ਲਿਖਾਵੋ, ਤੁਮ ਅਬ ਤੋਪ ਮੋਹਰੇ ਉਡੋਗੇ। ਹੀਰਾ ਸਿੰਘ ਬਰਮਾਲੀਪੁਰੀਆ ਸੂਬਾ ਸਾਹਿਬ ਸਿੰਘ ਦਾ ਸਕਾ ਭਾਈ ਕਹਿਣੇ ਲੱਗਾ ਇੱਕ ਫੇਰੀ ਉਡਾਂਗੇ ਕਿ ਦੋ? ਤਾਂ ਕਾਹਨ ਸਿੰਘ ਨੇ ਕਹਾ ਕਿ ਤੂੰ ਕੂਕੀਆਂ ਦੇ ਨਾਮ ਲਿਖਣ ਨੂੰ ਪੁੱਛਦਾ ਹੈਂ ਜਿੰਨਾਂ ਚਿਰ ਖਲੜੀ ਵਿੱਚ ਸੁਆਸ ਹੈ ਉਤਨਾ ਚਿਰ ਕੂਕੀਆਂ ਦੇ ਨਾਮ ਨਹੀਂ ਲਿਖਾਵਾਂਗੇ ਪਿੱਛੋਂ ਪਿਆ ਲਿਖੀਂ। ਅੰਮ੍ਰਿਤਸਰ ਕੋ ਚਲਾਨ ਕੀਤਾ ਸੱਤਾਂ ਸਿੰਘਾਂ ਦਾ, ਕੇ ਏਹ ਸਿੰਘ ਭੈਣੀ ਸੇ ਆਏ ਹੈਂ। ਰਾਤ ਸਿੰਘ ਅਰਦਾਸਾ ਕਰਕੇ ਬਰਾਜੇ। ਸ੍ਰੀ ਸਤਿਗੁਰੂ ਜੀ ਦਰਸ਼ਨ ਦੀਆ। ਹੁਕਮ ਕੀਤਾ ਦਿਨ ਚੜੇ ਤੁਸੀਂ ਛੁੱਟ ਜਾਓਗੇ। ਦੂਏ ਦਿਨ ਫਰੰਗੀ ਦੇ ਪੇਸ਼ ਕੀਤੇ। ਦੇਖਕੇ ਉਸ ਨੇ ਛੋਡ ਦੀਏ।"

-ਸਤਿਗੁਰੂ ਬਿਲਾਸ-ਭਾਗ ਪਹਿਲਾ

ਸਤਿਗੁਰੂ ਹਰੀ ਸਿੰਘ ਜਾਣਦੇ ਸਨ ਕਿ ਅੰਗਰੇਜ਼ ਹਾਕਮਾਂ ਤੋਂ ਵੀ ਵੱਧ ਜਾਬਰ ਤੇ ਨਾਮਧਾਰੀ ਸਿੱਖਾਂ ਦੇ ਵੈਰੀ ਸਨ, ਉਹਨਾਂ ਪ੍ਰਤੀ ਵਫ਼ਾਦਾਰੀ ਦਾ ਦਮ ਭਰਨ ਵਾਲੇ ਹਿੰਦੁਸਤਾਨੀ ਮੁਖਬਰ, ਚੌਕੀਦਾਰ, ਨੰਬਰਦਾਰ, ਜ਼ੈਲਦਾਰ। ਘੁਮੰਡੇ ਤੇ ਸੁੱਖੂ ਨੰਬਰਦਾਰਾਂ ਨੇ ਤਾਂ ਸਾਹਨੇਵਾਲ ਖ਼ਬਰਾਂ ਪਹੁੰਚਾਉਣ ਦੀ ਅੱਤ ਚੁੱਕੀ ਹੋਈ ਸੀ। ਉਹ ਕਹਿੰਦੇ ਕੂਕੇ ਰਾਤ ਬਰਾਤੇ ਚੋਰੀ ਆਉਂਦੇ ਹਨ। ਗੁਰੂ ਜੀ ਦੇ ਭਾਈ ਬੁੱਧ ਸਿੰਘ ਕੋਲੋਂ ਸਰਕਾਰ ਵਿਰੁੱਧ ਹਦਾਇਤਾਂ ਲੈ ਕੇ ਜਾਂਦੇ ਹਨ। ਇਨਾਂ ਨੇ ਹਥਿਆਰ ਵੀ ਲੁਕਾਏ ਅਤੇ ਦੱਬੇ ਹੋਏ ਹਨ।

ਨਵੇਂ ਡਿਪਟੀ ਕਮਿਸ਼ਨਰ ਮੇਜਰ ਜੇ. ਪਾਰਸਨਸ ਨੇ ਲੁਧਿਆਣੇ ਦਾ

ਚਾਰਜ ਲਿਆ। ਉਸ ਨੂੰ ਦੱਸਿਆ ਗਿਆ ਕਿ ਸੁਲਤਾਨਪੁਰੀਆਂ ਦੇ ਖੂਹ ਵਿੱਚ ਤਲਵਾਰਾਂ ਹਨ। ਉਹ ਇਸ ਦੀ ਤਹਿਕੀਕਾਤ ਲਈ 19 ਫਰਵਰੀ 1872 ਨੂੰ ਭੈਣੀ ਸਾਹਿਬ ਆਇਆ। ਖੂਹ ਵਿੱਚੋਂ ਨੌਂ ਤਲਵਾਰਾਂ ਨਿਕਲੀਆਂ ਪਰ ਉਹਨਾਂ ਨੂੰ ਜੰਗਾਲ ਲੱਗਾ ਹੋਇਆ ਸੀ। ਪੁੱਛ ਪੜਤਾਲ ਨਾਲ ਪਤਾ ਲੱਗਾ ਕਿ ਚੌਕੀਦਰ ਨੇ ਆਪ ਹੀ ਸੁੱਟੀਆਂ ਸਨ ਤੇ ਨਿੰਦਕਾਂ ਨੇ ਕੂਕਿਆਂ ਦੇ ਨਾਂ ਲਾ ਦਿੱਤਾ ਸੀ।

ਕੁਝ ਦਿਨਾਂ ਬਾਅਦ ਹਾਲਾਤ ਦਾ ਜਾਇਜ਼ਾ ਲੈਣ ਲਈ ਲੁਧਿਆਣੇ ਤੋਂ ਫੇਰ ਡੀ. ਸੀ. ਆਇਆ। ਹਰ ਥਾਂ ਸ਼ਾਂਤੀ ਵੇਖ ਕੇ ਖ਼ੁਸ਼ ਹੋਇਆ ਤੇ ਕਹਿਣ ਲੱਗਾ ਕਿ ਇਹ ਤਾਂ ਭਜਨ ਬੰਦਗੀ ਕਰਨ ਵਾਲੇ ਸਿੱਖ ਹਨ। ਸਮਾਂ ਵੇਖ ਕੇ ਅਗੋਂ ਬੁੱਧ ਸਿੰਘ ਨੇ ਕਿਹਾ, "ਇਹ ਗੁਰਦੁਆਰਾ ਹੈ। ਸਾਰੇ ਸਿੱਖਾਂ ਦੇ ਮੱਥਾ ਟੇਕਣ ਦੀ ਥਾਂ ਹੈ। ਸਤਿਗੁਰੂ ਜੀ ਏਥੇ ਭਜਨ ਬੰਦਗੀ ਕਰਦੇ ਸਨ। ਏਥੋਂ ਦਾ ਅਦਬ ਕਰਨਾ ਚਾਹੀਦਾ ਹੈ। ਇਥੇ ਨਾ ਹੁੱਕਾ ਪੀਣਾ ਚਾਹੀਦਾ ਹੈ ਨਾ ਜੋੜੇ ਪਾ ਕੇ ਅੰਦਰ ਜਾਣਾ ਚਾਹੀਦਾ ਹੈ।"

ਡੀ. ਸੀ., ਜੇ. ਪਾਰਸਨਸ ਇਸ਼ਾਰਾ ਸਮਝ ਗਿਆ ਕਿ ਪੁਲਿਸ ਅਦਬ ਕਾਇਮ ਨਹੀਂ ਰੱਖਦੀ। ਉਸ ਨੇ ਪੁਲਿਸ ਗਾਰਦ ਨੂੰ ਤਬੇਲੇ ਵਿੱਚ ਡੇਰਾ ਕਰਨ ਦੇ ਆਦੇਸ਼ ਦਿੱਤੇ।

ਬੀਬੀ ਨੰਦਾਂ ਮੰਦਰ ਵਿੱਚ ਪੋਚਾ ਦੇ ਕੇ ਘਿਓ ਦੇ ਦੀਵੇ ਰੋਜ਼ਾਨਾ ਜਗਾਉਣ ਲੱਗੀ।

ਸੂਬਾ ਗੁਪਾਲ ਸਿੰਘ ਨੇ ਮੱਖਣ ਸਿੰਘ ਨੂੰ ਗੁਰੂ ਕੀ ਹੱਟੀਓਂ ਪਦਾਰਥ ਚੋਰੀ ਕਰਨੋ ਰੋਕਿਆ ਤਾਂ ਉਸ ਨੇ, ਉਸ ਵਿਰੁੱਧ ਉਮਰਾਉ ਅਲੀ ਸ਼ਾਹ ਦੇ ਕੰਨ ਭਰੇ ਜਿਸ ਦੇ ਸਿੱਟੇ ਵਜੋਂ ਸੂਬਾ ਜੀ ਨੂੰ ਹੀ ਅੰਗਰੇਜ਼ ਵਿਰੋਧੀ ਹੋਣ ਕਰਕੇ ਪਿੰਡ ਭਿਜਵਾ ਦਿੱਤਾ ਗਿਆ।

ਸਤਿਗੁਰੂ ਰਾਮ ਸਿੰਘ, ਦਸ ਸੂਬਿਆਂ, ਸੇਵਕ ਨਾਨੂੰ ਸਿੰਘ ਅਤੇ ਸਰਦਾਰ ਮੰਗਲ ਸਿੰਘ ਨੂੰ ਅਲਾਹਾਬਾਦ ਪਹੁੰਚਾ ਕੇ ਕਿਲ੍ਹੇ ਵਿੱਚ ਨਜ਼ਰਬੰਦ ਕੀਤਾ ਗਿਆ। ਉਹਨਾਂ ਦੇ ਵਰੰਟ ਜੋ ਨਾਲ ਜਾਣੇ ਚਾਹੀਦੇ ਸਨ, ਅਲਾਹਾਬਾਦ ਦੇ ਮੈਜਿਸਟ੍ਰੇਟ ਨੂੰ 22 ਜਨਵਰੀ ਨੂੰ ਭੇਜੇ ਗਏ। ਇਸ ਦੀ ਸੂਚਨਾ ਈ. ਸੀ. ਬੇਲੀ ਸਕੱਤਰ ਭਾਰਤ ਸਰਕਾਰ ਨੂੰ ਪੰਜਾਬ ਸਰਕਾਰ ਦੇ ਸਕੱਤਰ ਐੱਲ. ਐੱਚ. ਗ੍ਰਿਫਨ ਨੇ, 22 ਜਨਵਰੀ 1872 ਦੀ ਚਿੱਠੀ ਵਿੱਚ ਦਿੱਤੀ।

ਇਹਨਾਂ ਸਭਨਾਂ ਉੱਤੇ 7 ਅਪਰੈਲ 1818 ਦਾ ਰਾਜਸੀ ਕੈਦੀਆਂ

ਲਈ, ਬੰਗਾਲ ਕੌਂਸਲ ਦੇ ਵਾਈਸ ਪ੍ਰੈਜ਼ੀਡੈਂਟ ਦਾ ਪਾਸ ਕੀਤਾ ਬੰਗਾਲ ਐਕਟ ਲਾਗੂ ਕੀਤਾ ਗਿਆ ਸੀ। ਇਸ ਕਾਨੂੰਨ ਅਨੁਸਰ:

"....ਸਰਕਾਰ ਉਹਨਾਂ ਵਿਅਕਤੀਆਂ ਨੂੰ ਆਪਣੀ ਨਿਜੀ ਹਿਰਾਸਤ ਵਿੱਚ ਰੱਖ ਸਕਦੀ ਹੈ ਜਿਨ੍ਹਾਂ ਵਿਅਕਤੀਆਂ ਖਿਲਾਫ਼ ਅਦਾਲਤੀ ਕਾਰਵਾਈ ਕਰਨ ਲਈ ਕੋਈ ਸਹੀ ਆਧਾਰ ਨਾ ਹੋਵੇ ਜਾਂ ਜਦੋਂ ਉਸ ਤਰ੍ਹਾਂ ਦੀ ਕਾਰਵਾਈ ਅਨੁਸਾਰ ਮੁਕੱਦਮਾ ਨਾ ਚਲਾਇਆ ਜਾ ਸਕਦਾ ਹੋਵੇ ਜਾਂ ਕਿਸੇ ਹੋਰ ਕਾਰਨ ਕਰਕੇ ਕੁਝ ਕਰਨਾ ਅਯੋਗ ਜਾਂ ਅਣਉੱਚਿਤ ਹੋਵੇ ਅਤੇ ਜਿੱਥੇ ਵੀ ਇਹ ਠੀਕ ਲੱਗੇ।"

ਕੁਦਰਤੀ ਤੌਰ ਉੱਤੇ ਐਸੇ ਰਾਜਸੀ ਕੈਦੀ ਦੇ ਸੁੱਖ ਅਰਾਮ, ਖਾਣ ਪੀਣ, ਰਿਹਾਇਸ਼ ਦਾ ਉਸ ਅਫ਼ਸਰ ਨੇ ਹੀ ਪ੍ਰਬੰਧ ਰੱਖਣਾ ਸੀ ਜਿਸ ਦੇ ਉਹ ਅਧੀਨ ਹੈ।

ਅਲਾਹਾਬਾਦ ਦਾ ਜ਼ੇਲ੍ਹ ਸੁਪਰਿੰਟੈਂਡੈਂਟ ਉਹਨਾਂ ਨੂੰ ਆਪਣੇ ਕੋਲ ਨਹੀਂ ਸੀ ਰੱਖਣਾ ਚਾਹੁੰਦਾ। ਉਸ ਨੇ 25 ਜਨਵਰੀ 1872 ਨੂੰ ਮੈਜਿਸਟ੍ਰੇਟ ਜੇ. ਸੀ. ਰੌਬਰਟਸਨ ਨੂੰ ਲਿਖਿਆ ਕਿ ਜੇਲ੍ਹ ਦੀ ਕੰਧ ਟੁੱਟੀ ਹੋਈ ਸੀ। ਪਹਿਰੇ ਤੇ ਇੱਕੋ ਸੰਤਰੀ ਸੀ, ਸੋ ਸੁਰੱਖਿਆ ਦੇ ਪੱਖੋਂ ਉਹਨਾਂ ਨੂੰ ਕਿਲ੍ਹੇ ਵਿੱਚ ਰੱਖਿਆ ਜਾਏ। ਮੈਜਿਸਟ੍ਰੇਟ ਰੌਬਰਟਸਨ ਨੇ ਜੱਜ ਰੋਕੈਟੱਸ ਨਾਲ ਜਾ ਕੇ ਜੇਲ੍ਹ ਦਾ ਮੁਆਇਨਾ ਕੀਤਾ ਅਤੇ 13 ਵਿਅਕਤੀਆਂ ਨੂੰ ਹੀ ਆਪਣੀ ਨਿਗਰਾਨੀ ਹੇਠ ਕਿਲ੍ਹੇ ਵਿੱਚ ਰੱਖਣ ਦਾ ਨਿਰਨਾ ਕੀਤਾ।

ਅਲਾਹਾਬਾਦ (ਪ੍ਰਯਾਗਰਾਜ) ਸਾਰਿਆਂ ਨਾਮਧਾਰੀ ਨਜ਼ਰਬੰਦਾਂ ਦੇ ਬਿਆਨ ਲਏ ਗਏ। ਸਾਰਿਆਂ ਨੇ ਕਿਹਾ ਅਸੀਂ ਕੂਕੇ ਹਾਂ, ਭਜਨ ਬੰਦਗੀ ਕੀਤੀ ਹੈ। ਸਾਰੀ ਜ਼ਿੰਦਗੀ ਇਹ ਹੀ ਕਰਨਾ ਹੈ, ਕੋਈ ਮਾੜਾ ਕੰਮ ਨਾ ਕੀਤਾ ਹੈ ਨਾ ਕਰਨਾ ਹੈ। ਸਭ ਦਾ ਇਕੋ ਬਿਆਨ ਸੁਣ ਕੇ ਸੰਬੰਧਿਤ ਅਧਿਕਾਰੀ ਖ਼ੁਸ਼ ਹੋਇਆ।

ਉਸ ਨੇ ਸ੍ਰੀ ਸਤਿਗੁਰੂ ਜੀ ਨੂੰ ਦੱਸਿਆ ਕਿ ਤੁਹਾਡੇ ਪੰਜਾਬੀਆਂ ਨੇ ਹੀ, ਤੁਹਾਡੇ ਦੇਸ ਨਿਕਾਲੇ ਲਈ ਲਿਖਿਆ ਹੈ। ਸੰਤ ਸੰਤੋਖ ਸਿੰਘ ਬਾਹੋਵਾਲ ਅਨੁਸਾਰ:-

"ਫੇਰ ਫਿਰੰਗੀ ਦੀਨਾ ਨਾਥ ਜੀ ਸੇ ਬੋਲਿਆ ਜੀ ਆਪ ਕੋ ਹਮ ਨਹੀਂ ਲਜਾਂਦੇ ਹੈਂ, ਧੁਹਾਡੇ ਪੰਜਾਬ ਕੇ ਜੋ ਹੈਂ ਸੋ ਸਾਨੂੰ ਲਿਖਦੇ ਹੈਂ ਜੇ ਤੁਸੀਂ ਏਸ ਨੂੰ ਛੋਡ ਦੀਆ ਨਾ ਸਾਨੂੰ ਛੱਡੇ ਨਾ ਧੁਆਨੂੰ ਛੱਡੇ। ਇਸ ਕੀ ਫੌਜ ਬਿਨਾ ਦਮਾਂ ਕੀ ਨੌਕਰ ਹੁੰਦੀ ਹੈ। ਜਿਧਰ ਰਹਿੰਦਾ ਹੈ ਓਧਰ ਹੀ ਅੱਗੇ ਹੋ

ਕੇ ਸੀਸ ਦੇਂਦੇ ਹੈਂ। ਤਨ ਮਨ ਧਨ ਕਰਕੇ ਪੂਰੇ ਸਿਦਕ ਵਾਲੇ ਹੈਂ। ਚਾਂਦੀ ਸੋਨਾ ਲਿਆਇਕੇ ਅੱਗੇ ਮਥਾ ਟੇਕਦੇ ਹੈਂ। ਕਹਿੰਦੇ ਹੈਨ ਹੇ ਗੁਰੂ ਜੀ ਸੰਗ ਤੁਸਾਂ ਦਾ ਹੈ। ਜਿਥੇ ਮਰਜੀ ਹੈ ਤਿਥੇ ਵਰਤੋ। ਸਤਿਗੁਰੂ ਜੀ ਬਚਨ ਕੀਤ ਜੋ ਮੇਰੇ ਪੰਜਾਬ ਆਉਨੇ ਮੈ ਨਰਾਜ ਹੈਂ ਤਿਨਾਂ ਕੇ ਨਾਮ ਔਰ ਮੋਹਰ ਲਾਈਆਂ ਹੋਈਆਂ ਸੁਣਾਓ। ਜਿਹੜੀਆਂ ਮੋਹਰਾਂ ਲਗੀਆਂ ਹੋਈਆਂ ਸੀਆ ਸੋਈ ਫਰੰਗੀ ਨੇ ਕੱਢ ਕੇ ਦਿਖਾਈਆਂ, ਸਭਨਾਂ ਕੇ ਨਾਮ ਸੁਣਾਏ। ਫਰੰਗੀ ਕਹਿਣੇ ਲੱਗਾ ਪੰਜਾਬੀ ਲੋਗੋਂ ਕੇ ਭਾਗ ਮਾੜੇ ਹੈਂ ਜਿਨ੍ਹਾਂ ਨੇ ਐਸੇ ਖੁਦਾਪ੍ਰਸਤ ਕੋ ਅਪਣੇ ਦੇਸ ਤੇ ਤੋਰ ਦੀਆ ਹੈ।" -ਸਤਿਗੁਰੂ ਬਿਲਾਸ ਭਾਗ ਦੂਜ

ਸਤਿਗੁਰੂ ਜੀ ਖਿਲਾਫ਼ ਜਿਨ੍ਹਾਂ ਗੁਆਹੀਆਂ ਦਿੱਤੀਆਂ ਉਹਨਾਂ ਵਿੱਚ ਮਲੇਰ ਕੋਟਲੇ ਦਾ ਨਿਜ਼ਾਮ, ਪਟਿਆਲੇ ਦਾ ਮਹਾਰਾਜਾ ਮਹਿੰਦਰ ਸਿੰਘ ਜਗੀਰਦਾਰ, ਸਰਦਾਰ ਤਾਂ ਸਨ ਹੀ, ਡੇਰੇਦਾਰ ਵੀ ਸਨ। ਪੰਜਾਬ ਦੇ ਡੇਰਿਆਂ ਵਿੱਚੋਂ ਕੇਵਲ ਤਿੰਨਾਂ ਨੂੰ ਛਡ ਕੇ ਸਭ ਨੇ ਸਤਿਗੁਰੂ ਜੀ ਨੂੰ ਜਲਾਵਤਨ ਕਰਨ ਦੀ ਤਾਈਦ ਕੀਤੀ। ਜਿਨ੍ਹਾਂ ਤਿੰਨਾਂ ਨੇ ਨਹੀਂ ਕੀਤ ਉਹ ਸਨ :

1. ਮਹੰਤ ਬ੍ਰਹਮ ਬੂਟਾ ਸ੍ਰੀ ਅੰਮ੍ਰਿਤਸਰ
2. ਸੰਤ ਨਰਾਇਣ ਸਿੰਘ ਸੇਖਵਾਂ ਜ਼ਿਲ੍ਹਾ ਫਿਰੋਜ਼ਪੁਰ
3. ਮਹੰਤ ਧਿਆਨਪੁਰੀਏ ਬੈਰਾਗੀ ਜ਼ਿਲ੍ਹਾ ਗੁਰਦਾਸਪੁਰ

ਸਾਰੇ ਪੰਜਾਬ ਦੇ ਸਿੱਖ ਸਰਦਾਰਾਂ, ਮਹੰਤਾਂ, ਰਾਜਿਆਂ ਮਹਾਰਾਜਿਆ ਨੇ ਸਰਕਾਰ ਦੀਆਂ ਸਖ਼ਤੀਆਂ ਦੀ ਪ੍ਰੋੜਤਾ ਕੀਤੀ। ਉਨ੍ਹਾਂ ਆਪਣੇ ਰਾਜ ਵਿੱਚ ਵੀ ਕੂਕਿਆਂ ਖ਼ਿਲਾਫ਼ ਸਖ਼ਤੀਆਂ ਸ਼ੁਰੂ ਕੀਤੀਆਂ।

ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੇ 20 ਜਨਵਰੀ 1872 ਈ ਦੀ ਚਿੱਠੀ ਵਿੱਚ ਆਪਣੇ ਰਾਜ ਵਿੱਚ ਵਸਦੇ ਕੂਕਿਆਂ ਉੱਤੇ ਸਖ਼ਤੀਆ ਕਰਨ, ਉਹਨਾਂ ਦੀ ਜ਼ਮੀਨ ਜਾਇਦਾਦ ਜ਼ਬਤ ਕਰਨ ਦਾ ਐਲਾਨ ਕੀਤਾ। ਉਸ ਨੇ 15 ਫ਼ਰਵਰੀ 1872 ਈ: ਨੂੰ ਸਰਕਾਰ ਨੂੰ ਚਿੱਠੀ ਲਿਖ ਕੇ ਕਿਹਾ:

"ਧਾਰਮਿਕ ਬਹਾਨੇ ਪਿਛੇ (ਗੁਰੂ) ਰਾਮ ਸਿੰਘ ਦਾ ਮੰਤਵ ਤੇ ਇੱਛ ਦੁਬਾਰਾ ਰਾਜ ਪ੍ਰਾਪਤ ਕਰਨਾ ਹੈ।"

22 ਮਾਰਚ 1872 ਈ: ਨੂੰ ਦਿਆਲ ਸਿੰਘ ਮਜੀਠੀਏ ਨੇ ਗ੍ਰੰਥੀਆਂ ਮਹੰਤਾਂ ਅਤੇ ਸਿੱਖ ਸਰਦਾਰਾਂ ਦੇ ਪ੍ਰਤੀਨਿਧਾਂ ਦੀ, ਅੰਮ੍ਰਿਤਸਰ, ਬੁਲਾਈ ਮੀਟਿੰਗ ਵਿੱਚ ਇੱਕ ਮਤਾ ਪੇਸ਼ ਕਰਕੇ ਕਿਹਾ ਕਿ ਕੂਕਿਆਂ ਨਾਲੋਂ ਉਹਨ ਦੀ ਮਰਯਾਦਾ ਵੱਖਰੀ ਸੀ, ਉਹਨਾਂ ਨਾਲ ਉਹਨਾਂ ਦੀ ਕੋਈ ਹਮਦਰਦੀ

ਨਹੀਂ ਸੀ, ਕੂਕਿਆਂ ਨੇ ਉਹਨਾਂ ਦੇ ਸਨਮਾਨ ਨੂੰ ਧੱਕਾ ਲਾਇਆ ਸੀ। 1857 ਵਿੱਚ ਅੰਗਰੇਜ਼ਾਂ ਪ੍ਰਤੀ ਵਿਖਾਈ ਵਫ਼ਾਦਾਰੀ ਨੂੰ ਘੱਟੇ-ਕੌਡੀ ਰੋਲਿਆ ਸੀ। ਉਨ੍ਹਾਂ ਸਰਕਾਰ ਦੀ ਕੂਕਿਆਂ ਖ਼ਿਲਾਫ਼ ਕੀਤੀ ਕਾਰਵਾਈ ਉਤੇ ਸਰਕਾਰ ਦਾ ਧੰਨਵਾਦ ਕੀਤਾ। ਇਸ ਮਤੇ ਉੱਤੇ 14 ਪ੍ਰਤੀਨਿਧਾਂ ਨੇ ਦਸਖ਼ਤ ਕੀਤੇ ਅਤੇ ਗਵਰਨਰ ਨੂੰ ਭੇਜ ਦਿੱਤਾ।

ਮਈ 1872 ਈ: ਵਿੱਚ ਜਲੰਧਰ ਦੇ, 28 ਜੂਨ 1872 ਈ: ਨੂੰ ਕਰਨਾਲ, ਜਗਾਧਰੀ, ਬਿਲਾਸਪੁਰ, ਮੁਸਤਫਾਬਾਦ, ਬੁਰੀਆ, ਅੰਬਾਲਾ, ਜ਼ਿਲ੍ਹੇ ਦੇ ਨਵਾਬਾਂ ਸ਼ਾਹੂਕਾਰਾਂ, ਨਗਰ ਪਾਲਿਕਾ ਦੇ 147 ਮੈਂਬਰਾਂ ਨੇ ਸਰਕਾਰੀ ਕਾਰਵਾਈ ਦੀ ਪੁਸ਼ਟੀ ਕੀਤੀ।

ਜ਼ਿਲ੍ਹਾ ਹੁਸ਼ਿਆਰਪੁਰ ਦੇ 140 ਪਤਵੰਤੇ ਵੀ ਸਰਕਾਰ ਭਗਤੀ ਦਾ ਸਬੂਤ ਦੇਣ ਲਈ ਇਕੱਠੇ ਹੋਏ। ਭਲਾ ਆਨੰਦਪੁਰ ਸਾਹਿਬ ਦੇ 500 ਸੋਢੀ, ਬੇਦੀ, ਰਾਇ ਪਿਛੇ ਕਿਉਂ ਰਹਿੰਦੇ? ਉਨ੍ਹਾਂ ਵੀ ਆਪਣੇ ਸਰਕਾਰ ਪ੍ਰਸਤ ਹੋਣ ਦਾ ਸਬੂਤ ਦਿੱਤਾ।

ਸੰਗਰੂਰ ਦੇ ਮਹਾਰਾਜਾ ਰਘਬੀਰ ਸਿੰਘ ਨੇ ਵੀ ਆਪਣੇ ਇਲਾਕੇ ਦੇ ਕੂਕਿਆਂ ਨੂੰ ਨਾਮਧਾਰੀਪੁਣਾ ਛੱਡਣ ਦਾ ਹੁਕਮ ਸੁਣਾ ਦਿੱਤਾ। ਆਪਣੀ ਈਨ ਮਨਾਉਣ ਲਈ ਬੱਦੋਮਲੀ ਦੇ ਸਰਦਾਰ ਸਾਹਿਬ ਸਿੰਘ ਅਤੇ ਉਸ ਦੀ ਪਤਨੀ ਨੂੰ ਜੇਲ੍ਹ ਡੱਕ ਦਿੱਤਾ। ਉਸਦੀ 120 ਏਕੜ ਜ਼ਮੀਨ ਜ਼ਬਤ ਕਰ ਲਈ।

ਮਹਾਰਾਜਾ ਫਰੀਦਕੋਟ ਵੀ ਕੂਕਿਆਂ ਨੂੰ ਜਮ ਹੋ ਕੇ ਚੰਬੜਿਆ। ਉਸ ਕੂਕਿਆਂ ਨੂੰ ਮਾਰਿਆ ਕੁੱਟਿਆ, ਰੁੱਖਾਂ ਨਾਲ ਪੁੱਠਾ ਲਟਕਾਇਆ ਤੇ ਹੋਰ ਵੀ ਭਾਂਤ ਭਾਂਤ ਦੇ ਤਸੀਹੇ ਦਿੱਤੇ।

ਉਸ ਸਮੇਂ ਦੀਆਂ ਅਖ਼ਬਾਰਾਂ, "ਦੀ ਇੰਗਲਿਸ਼ ਮੈਨ", "ਦੀ ਹਿੰਦੂ ਪੈਟਰੀਆਟ", "ਇੰਡੀਅਨ ਸਟੇਟਸ ਮੈਨ", "ਦੀ ਫਰੈਂਡ ਆਫ ਇੰਡੀਆ", ਦਾ ਰਵੱਈਆ ਵੀ ਕੂਕਿਆਂ ਪ੍ਰਤੀ ਹਮਦਰਦੀ ਪੂਰਨ ਨਹੀਂ ਸੀ। ਉਹਨਾਂ ਦਾ ਰਵੱਈਆ ਨਿਰਪੱਖ ਵੀ ਨਹੀਂ ਸੀ ਸਗੋਂ ਸਰਕਾਰ ਪੱਖੀ ਸੀ।

ਸਤਿਗੁਰੂ ਜੀ ਅਤੇ ਸੂਬਿਆਂ ਖਿਲਾਫ ਸਰਕਾਰ ਦਾ ਪੱਖ ਪੂਰੇ ਜਾਣ ਕਾਰਨ ਉਹਨਾਂ ਸਭ ਨਜ਼ਰਬੰਦਾਂ ਨੂੰ ਫਾਂਸੀ ਦਿੱਤੀ ਜਾਣੀ ਸੀ। ਇਹ ਗੱਲ ਇੱਕ ਅੰਗਰੇਜ਼ ਅਫ਼ਸਰ ਤੋਂ ਨਾਨੂੰ ਸਿੰਘ ਨੂੰ ਦੱਸੀ ਗਈ। ਇਹ ਗੱਲ ਸੂਬਾ ਜਵਾਹਰ ਸਿੰਘ ਨੇ ਸੁਣੀ ਤਾਂ ਡੋਲ ਗਏ। ਸੂਬਾ ਸਾਹਿਬ ਸਿੰਘ ਵੀ ਡੋਲ

ਗਿਆ। ਬਾਕੀ ਕਿਵੇਂ ਕਾਇਮ ਰਹਿੰਦੇ। ਪਰ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ 25-25 ਪਾਠ ਜਪੁਜੀ ਸਾਹਿਬ ਦੇ ਰੋਜ਼ ਕਰੋ, ਰੱਛਿਆ ਹੋਵੇਗੀ। ਨਾਨੂੰ ਸਿੰਘ ਨੂੰ ਕਿਹਾ ਤੂੰ ਲੰਗਰ ਪਾਣੀ ਦੀ ਸੇਵਾ ਕਰਦਾ ਰਹੁ ਅਸੀਂ ਤੇਰੀ ਮਦਦ ਕਰਾਂਗੇ। ਸਭ ਸਿੰਘ ਪਾਠ ਕਰਨ ਲੱਗੇ।

ਇੱਕ ਦਿਨ ਅੰਗਰੇਜ਼ ਅਫ਼ਸਰ ਨੇ ਸਤਿਗੁਰੂ ਜੀ ਨੂੰ ਪੁੱਛਿਆ ਤੁਹਾਡੇ ਡੇਰੇ ਦਾ ਕੁੰਜੀ ਬਰਦਾਰ ਕੌਣ ਹੋਵੇ। ਸਤਿਗੁਰੂ ਜੀ ਨੇ ਸੂਬਿਆਂ ਨੂੰ ਪੁੱਛਿਆ ਕੁੰਜੀਆਂ ਕਿਸ ਨੂੰ ਦਿੱਤੀਆਂ ਜਾਣ। ਭਾਵ ਉਹਨਾਂ ਦੀ ਗ਼ੈਰਹਾਜ਼ਰੀ ਵਿੱਚ ਪੰਥ ਦੀ ਵਾਗ ਡੋਰ ਕੌਣ ਸੰਭਾਲੇ। ਪਹਿਲਾਂ ਸੂਬਿਆਂ ਕਿਹਾ ਦੇਸ ਦੇਸ ਵਿੱਚ ਮਹੰਤ ਬਣਾ ਦੇਵੋ। ਉਹ ਸੂਬਾ ਗੁਪਾਲ ਸਿੰਘ ਨੂੰ ਜ਼ੁੰਮੇਦਾਰੀ ਸੌਂਪਣ ਦਾ ਵਿਕਲਪ ਵੀ ਰੱਖਦੇ ਸਨ। ਸੂਬਾ ਕਾਹਨ ਸਿੰਘ ਨਿਹੰਗ ਨੂੰ ਸਲਾਹ ਦੇਣ ਲਈ ਕਿਹਾ ਤਾਂ ਉਸ ਨੇ ਕਿਹਾ, "ਤੁਹਾਡਾ ਭਾਈ ਭਾਵੇਂ ਏਸ ਕਾਰ ਨੂੰ ਚਲਾਵੇ ਹੋਰ ਕਿਸੇ ਜੀਵ ਦੀ ਸ਼ਕਤ ਨਹੀਂ ਹੈ।" ਫਿਰ:

"ਦੀਨ ਦਿਆਲ ਜੀ ਬਚਨ ਕੀਤਾ ਪ੍ਰਸੰਨ ਹੋਇ ਕੈ ਸਾਡੀ ਭੀ ਏਹੋ ਰਾਇ ਸੀ ਕਿ ਓਹੀ ਚਲਾਵਣਗੇ। ਬਿੱਲੇ ਨੂੰ ਕਹਿ ਦੀਆ ਕੇ ਦੋ ਹੈਨ ਮੇਰੇ -ਬਾਬਾ ਜੱਸਾ ਸਿੰਘ ਤੇ ਭਾਈ ਬੁੱਧ ਸਿੰਘ। ਬਾਬੇ ਜਵਾਹਰ ਸਿਘ ਤੇ ਹੋਰ ਸੂਬਿਆਂ ਨੇ ਸੁਣਕੇ ਕੋਲੋਂ ਕਹਾ ਜੀ ਘਰ ਵੰਨੇ ਨਿਗ੍ਹਾ ਕੀਤੀ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਏਹ ਭਾਈ ਦੇ ਹੀ ਚੁਕਣੇ ਦਾ ਭਾਰ ਹੈ। ਏਹ ਕਾਰ ਏਸੇ ਕੇ ਚਲਾਵਣੇ ਕੀ ਹੈ। ਹੋਰ ਕਿਸੇ ਸੇ ਨਹੀਂ ਚਲ ਸਕਦੀ ਤਾਂ ਇਹਨਾਂ ਨੂੰ ਬਖ਼ਸ਼ੀ ਹੈ।ਏਸ ਦਿਨ ਵਾਸਤੇ ਗੁਪਤ ਰੱਖਿਆ ਹੋਇਆ ਸੀ। ਜੋ ਅਗੇ ਪ੍ਰਗਟ ਹੋਇਆ ਹੁੰਦਾ ਤਾਂ ਮੇਰੇ ਨਾਲ ਹੀ ਫੜ ਲਿਆਉਂਦੇ। ਏਸੇ ਵਾਸਤੇ ਲੁਕਾਇਕੇ ਰੱਖਿਆ ਹੋਇਆ ਸੀ।

-ਸਤਿਗੁਰੂ ਬਿਲਾਸ ਭਾਗ ਦੂਜਾ-ਲੇਖਕ ਸੰਤੋਖ ਸਿੰਘ ਬਾਹੋਵਾਲ,
ਸੰਪਾਦਕ ਜਸਵਿੰਦਰ ਸਿੰਘ

ਇਹ ਹੁਕਮ ਸਾਹਨੇਵਾਲ ਥਾਣੇ ਆਇਆ। ਥਾਣੇਦਰ ਨੇ ਭੈਣੀ ਸਾਹਿਬ ਦੋਹਾਂ -ਬਾਬਾ ਜੱਸਾ ਸਿੰਘ ਤੇ ਭਰਾ ਬੁੱਧ ਸਿੰਘ ਨੂੰ ਬੁਲਾ ਕੇ ਪੁੱਛਿਆ ਦੋਹਾਂ ਦੀ ਮਾਲਕੀ ਹੈ, ਕੁੰਜੀ ਬਰਦਾਰ ਕੌਣ ਹੋਵੇ? ਬਾਬਾ ਜੀ ਨੇ ਕਿਹਾ, "ਮੇਰੀ ਥਾਂ ਉਤੇ ਬੁੱਧ ਸਿੰਘ ਹੋਇਆ।"

ਕੋਲ ਬੀਬੀ ਨੰਦਾਂ ਖੜੀ ਸੀ ਉਸ ਨੇ ਵੀ ਜਾਤਾ ਕਿ ਚਾਚੇ ਨੂੰ ਕੁੰਜੀਆਂ ਮਿਲਣੀਆਂ ਠੀਕ ਹਨ ਤੇ ਉਹਨਾਂ ਜ਼ੁੰਮੇਵਾਰੀ ਸੌਂਪਣ ਦੀ ਹਾਮੀ

ਭਰੀ। ਮਹਾਰਾਜ ਬੁੱਧ ਸਿੰਘ ਨੂੰ ਅਠਾਰਵੇਂ, ਦਿਨ (5 ਫਰਵਰੀ 1872) ਨੂੰ ਕੁੰਜੀਆਂ ਮਿਲੀਆਂ। ਉਹਨਾਂ ਨੂੰ ਲੁਧਿਆਣੇ ਸੱਦਿਆ ਗਿਆ। ਸੂਚੀ ਅਨੁਸਾਰ ਦਰਜ ਸਾਰੀਆਂ ਚੀਜ਼ਾਂ ਇੱਕ-ਇੱਕ ਦਾ ਨਾਂ ਲੈ ਕੇ ਗਿਣਾ ਕੇ ਦਿੱਤੀਆਂ ਗਈਆਂ। ਜਿਸ ਟਰੰਕ ਵਿੱਚ ਖੁਖਰੀਆਂ ਸਨ ਉਸ ਦੀਆਂ ਕੁੰਜੀਆਂ ਨਾ ਲੱਭਣ ਕਰਕੇ ਬੰਦ ਬਕਸਾ ਹੀ ਦਿੱਤਾ ਗਿਆ। ਬਾਹੋਵਾਲ ਅਨੁਸਾਰ ਸਰਕਾਰ ਨੇ ਨਗਦ ਪੈਸਾ ਨਹੀਂ ਦਿਤਾ। ਸਾਧ ਸੰਗਤ ਵਿੱਚ ਇਹ ਖ਼ਬਰ ਵਾਸ਼ਨਾ ਵਾਂਗ ਫੈਲ ਗਈ ਤੇ ਮਹਿਕਾਂ ਵੰਡਣ ਲੱਗੀ। ਉਹਨਾਂ ਨੂੰ ਆਸਰਾ ਸੀ, ਆਪ ਜੀ ਦੀ ਰਹਿਨੁਮਾਈ ਹੋਣ ਦਾ। ਉਹਨਾਂ ਨੂੰ ਭਰੋਸਾ ਸੀ ਕਿ ਸਤਿਗੁਰੂ ਦੀ ਬਖ਼ਸ਼ੀ ਕਾਰ ਹੁਣ ਚੱਲੇਗੀ।

ਮਹਾਰਾਜ ਬੁੱਧ ਸਿੰਘ ਦੇ ਸਤਿਗੁਰੂ ਰਾਮ ਸਿੰਘ ਦੇ ਸਾਜੇ ਨਿਵਾਜੇ ਨਾਮਧਾਰੀ ਪੰਥ ਦੀ ਕਾਰ ਸੰਭਾਲਣ ਬਾਰੇ ਗਿਆਨੀ ਗਿਆਨ ਸਿੰਘ ਨੇ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਦੀ ਪਿੱਠ ਭੂਮੀ ਵਿੱਚ ਇੰਜ ਪੇਸ਼ ਕੀਤਾ ਹੈ:

ਸਰਦਾਰ ਰਾਜੇ ਤੈ ਮੁਸਾਹਿਬ ਸਾਹਿਬ ਬਡੇ
 ਅਚਰਜ ਥੀਏ ਹਹਿ ਕਾਰ ਤਿਨ ਕੇਰ ਪੈ।
ਦੋਸ਼ਹੀਨ ਓਸ ਸਮੇ ਰਾਮ ਸਿੰਘ ਕੋ ਰੰਗੂਨ,
 ਭੇਜ ਦੀਓ ਅੰਗਰੇਜੈਂ, ਖ਼ੂਬ ਸੋਚ ਫੇਰ ਪੈ।
ਔਰ ਹੁਤੇ ਸੂਬੇ ਜੇਈ ਕਹੂੰ ਕਹੂੰ ਭੇਜ ਤੇਈ,
 ਜੋਰ ਤੋਰ ਦੀਓ ਏਸ ਪੰਥ ਕੋ ਬਖੇਰ ਪੈ।
ਰਾਮ ਸਿੰਘ ਜੂ ਕੀ ਠੌਰ ਬੁੱਧ ਸਿੰਘ ਭਾਈ ਤਾਂਹੇ,
 ਅਬਿ ਹੈ ਮਹੰਤ ਕੰਤ ਕੂਕਿਓਂ ਕਾ ਹੇਰ ਪੈ।

-ਸ੍ਰੀ ਗੁਰੂ ਪੰਥ ਪ੍ਰਕਾਸ਼

ਮਹਾਰਾਜ ਬੁੱਧ ਸਿੰਘ ਜੀ ਦੀ ਗਰੂ ਕੀ ਕਾਰ ਸੰਭਾਲਣ ਬਾਅਦ ਪਹਿਲੀ ਲੋੜ ਸਿੱਖਾਂ ਦੇ ਉਦਾਸੇ ਚਿਹਰਿਆਂ ਅਤੇ ਵੈਰਾਗੇ ਨੈਣਾਂ ਵਿੱਚ ਚਮਕ ਲਿਆਉਣਾ ਸੀ। ਉਹਨਾਂ ਨਾਮ ਬਾਣੀ ਦਾ ਆਸਰਾ ਉੱਚਿਤ ਜਾਤਾ। ਨਾਮ ਤਾਂ ਜਪਾਉਣ ਲੱਗੇ ਪਰ ਔਕੜ ਸੀ ਬਾਣੀ ਦੇ ਪਾਠ ਕਿੰਜ ਹੋਣ? ਕਈ ਦਿਨ ਤੱਕ ਹੁੰਦਾ ਸਧਾਰਨ ਪਾਠ ਮੁਖ਼ਬਰਾਂ ਲਈ ਸ਼ਿਕਾਇਤ ਦਾ ਹਥਿਆਰ ਬਣ ਸਕਦਾ ਸੀ। ਸੋ ਆਪ ਨੇ ਅਖੰਡ ਪਾਠ ਦੀ ਰੀਤ ਤੋਰਨ ਦੀ ਵਿਉਂਤਬੰਦੀ ਕੀਤੀ। ਇੰਜ ਲਗਾਤਾਰ ਤੇ ਗੁਰ-ਮਰਯਾਦਾ ਨਾਲ ਕੀਤਾ ਪਾਠ ਸੋਲਾ ਪਹਿਰਾਂ ਤੋਂ ਪਹਿਲਾਂ ਹੋ ਸਕਦਾ ਸੀ। ਏਧਰ ਤਾਂ ਅਖੰਡ-ਪਾਠ ਸ਼ੁਰੂ ਕਰਨ ਦੀ ਸੋਚ ਸੀ ਓਧਰ ਜਿਹੜੇ ਮੁਖ਼ਬਰ ਤੇ ਚੁਗਲ ਜੋ ਸਮਝਦੇ

ਸਨ ਪੰਥ ਮਿਟ ਜਾਏਗਾ, ਉਹਨਾਂ ਵਿੱਚਾਰਿਆਂ, ਦਾ ਬੁਰਾ ਹਾਲ ਸੀ।

ਸਰਕਾਰ ਤੇ ਸਰਕਾਰ-ਭਗਤਾਂ ਨੂੰ ਇੱਕ ਹੋਰ ਲੱਕ ਤੋੜਵੀਂ ਸੱਟ ਲੱਗੀ। ਦੇਸ-ਭਗਤਾਂ ਘਰ ਦਿਵਾਲੀ ਵਰਗੀ ਖੁਸ਼ੀ ਸੀ। ਭਾਰਤ ਦਾ ਵਾਇਸਰਾਇ ਲਾਰਡ ਮਿਓ ਅੰਡੇਮਾਨ ਟਾਪੂ ਦੇ ਦੌਰੇ ਉੱਤੇ ਗਿਆ। ਉੱਥੇ ਇੱਕ ਪਿਸ਼ਾਵਰ ਦਾ ਪਠਾਣ ਗੁਲ ਸ਼ੇਰ ਖਾਂ ਉਮਰ ਕੈਦ ਭੋਗ ਰਿਹਾ ਸੀ। ਉਸ ਦੇ ਭਰਾ ਵਲੋਂ ਕੀਤੀ ਲਾਰਡ ਨੂੰ ਰਹਿਮ ਦੀ ਅਪੀਲ ਖ਼ਾਰਜ ਹੋ ਚੁਕੀ ਸੀ। ਉਸ ਨੂੰ ਡਰ ਸੀ ਕਿ ਹੁਣ ਸਾਰੀ ਉਮਰ ਇਸ ਕਾਲੇਪਾਣੀ ਵਿੱਚ ਬੀਤਣੀ ਹੈ। ਲਾਰਡ ਮਿਓ ਦੇ, ਸਮਾਨ ਚੁੱਕਣ ਵਾਲੇ, ਕੈਦੀਆਂ ਵਿੱਚ ਉਹ ਵੀ ਸੀ। ਜਦ ਅੰਡੇਮਾਨ ਟਾਪੂ ਵਿੱਚ ਜਾ ਕੇ ਸਮੁੰਦਰੀ ਜਹਾਜ਼ ਉੱਤੇ ਵਾਇਸਰਾਇ ਲਾਰਡ ਮਿਓ ਚੜ੍ਹਨ ਲੱਗਾ ਤੇ ਅੱਗੇ ਫੱਟੇ ਉੱਤੇ ਗੁਲ ਸ਼ੇਰ ਖਾਂ ਮਿਲ ਪਿਆ। ਉਸ ਨੇ ਗੁੱਸੇ ਦੇ ਮਾਰੇ ਨੇ ਛੁਰਾ ਕੱਢ ਕੇ ਲਾਰਡ ਮਿਓ ਦੇ ਢਿੱਡ ਵਿੱਚ ਖੁਭੋ ਦਿੱਤਾ। ਉਹ ਪਾਣੀ ਵਿੱਚ ਜਾ ਡਿੱਗਾ। ਇੱਕ ਮਲਵਈ ਸਿੱਖ ਨੇ ਛਾਲ ਮਾਰ ਕੇ ਉਸ ਨੂੰ ਕੱਢਿਆ। ਉਸ ਦਾ ਢਿੱਡ ਬੰਨ੍ਹ ਕੇ ਕਪੜੇ ਨਾਲ, ਉਸ ਨੂੰ ਜਹਾਜ਼ ਵਿੱਚ ਕਲਕੱਤੇ ਤੋਰਿਆ। ਪਰ ਰਾਹ ਵਿੱਚ ਹੀ ਉਹ 8 ਫਰਵਰੀ 1872 ਈ ਨੂੰ ਚਲਾਣਾ ਕਰ ਗਿਆ। ਉਸ ਨੇ ਸਿੰਘ ਦੀ ਬਹਾਦਰੀ ਵੇਖ ਕੇ ਕਿਹਾ, "ਏਥੇ ਸਿੰਘ ਸਿਪਾਹੀ ਰੱਖੋ।" ਇੱਕ ਸਿੰਘ ਚੇਤ ਸਿੰਘ ਜਿਸ ਨੇ ਭਜਨ ਲਿਆ ਹੋਇਆ ਸੀ, ਉਸ ਨੇ ਉਸਦੀ ਮੌਤ ਬਾਰੇ ਭੈਣੀ ਸਾਹਿਬ ਦੱਸਿਆ। ਇਹ ਖ਼ਬਰ ਅਲਾਹਾਬਾਦ ਵੀ ਪਹੁੰਚ ਗਈ ਕਿ ਮਾਰਨ ਵਾਲਾ ਫਰੰਗੀ ਮਾਰਿਆ ਗਿਆ ਹੈ। ਇਹ ਸਮਝਿਆ ਗਿਆ ਕਿ ਕੀਤੇ ਗਏ ਪਾਠਾਂ ਦਾ ਪ੍ਰਤਾਪ ਸੀ। ਸੁਲਹੀ ਤੇ ਨਾਰਾਇਣ ਰਾਖ।

ਸਰਕਾਰ ਨੇ ਇਹ ਸੋਚ ਕੇ ਕਿ ਸਤਿਗੁਰੂ ਜੀ ਨੂੰ ਅੱਗੇ ਭੇਜਣ ਬਾਰੇ ਨਾਲ ਦਿਆਂ ਨੂੰ ਕੁੱਝ ਪਤਾ ਨਾ ਲੱਗੇ ਅਤੇ ਸੂਬਿਆਂ ਨੂੰ ਵੱਖ ਵੱਖ ਥਾਈਂ ਭੇਜਣ ਲਈ ਵੱਖ ਵੱਖ ਤਰੀਕਾਂ ਤੇ ਦਿਸ਼ਾਵਾਂ, ਥਾਵਾਂ ਰੱਖੀਆਂ ਜਾਣ। ਕਾਰਵਾਈ ਸ਼ੁਰੂ ਕੀਤੀ ਗਈ।

ਸਤਿਗੁਰੂ ਜੀ ਨਾਲ ਨਾਨੂੰ ਸਿੰਘ ਨੂੰ ਸਖ਼ਤ ਪੁਲਿਸ ਪਹਿਰੇ ਹੇਠ 10 ਮਾਰਚ 1872 ਈ. ਨੂੰ, ਇੰਸਪੈਕਟਰ ਹੈਨਰੀ ਦੀ ਨਿਗਰਾਨੀ ਹੇਠ ਗੱਡੀ ਰਾਹੀਂ ਸਵੇਰੇ ਹਾਵੜਾ ਕਲਕੱਤੇ ਪਹੁੰਚਾਇਆ ਗਿਆ ਅਤੇ 11 ਮਾਰਚ ਨੂੰ ਅਗਲੇ ਦਿਨ ਰਾਤ ਸੱਤ ਵਜੇ ਯਾਂਗੋ (ਰੰਗੂਨ) ਲਈ ਸਮੁੰਦਰੀ ਜ਼ਹਾਜ਼ ਤੇ ਚੜ੍ਹਾਇਆ ਗਿਆ। ਇਸ ਬਾਰੇ ਥਾਂ ਪਰ ਥਾਂ ਸਰਕਾਰੀ ਸੂਚਨਾ ਦਿੱਤੀ

ਗਈ। ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਵਰੰਟ ਵੀ ਭੇਜੇ ਗਏ। ਆਪ 16 ਮਾਰਚ 1872 ਨੂੰ ਰੰਗੂਨ ਪਹੁੰਚੇ ਅਤੇ ਸੈਂਟਰਲ ਜੇਲ੍ਹ ਵਿੱਚ ਰੱਖੇ ਗਏ। ਇਥੇ ਆਪ ਲਈ ਨਾਨੂੰ ਸਿੰਘ ਤੋਂ ਬਿਨਾਂ ਤਿੰਨ ਉੱਚੀ ਜਾਤ ਦੇ ਹਿੰਦੂ ਨੌਕਰ ਸਨ। ਕਾਰਜਕਾਰੀ ਸੁਪਰਿੰਟੈਂਡੈਂਟ ਜੇਲ੍ਹ ਯਾਂਗੋ ਨੇ ਨਾਨੂੰ ਸਿੰਘ ਕੋਲੋਂ ਲਿਖਵਾ ਲਿਆ ਸੀ ਕਿ ਮੈਂ ਆਪਣੀ ਮਰਜ਼ੀ ਨਾਲ ਇਹਨਾਂ ਨਾਲ ਰਹਿ ਰਿਹਾ ਹਾਂ:

## ਨਾਨੂੰ ਸਿੰਘ ਦਾ ਇਕਰਾਰਨਾਮਾ

ਮੈਂ ਨਾਨੂੰ ਸਿੰਘ ਪੰਜਾਬ ਇਲਾਕਾ ਪਟਿਆਲਾ ਗਾਉਂ ਰੁੜਕੀ ਦਾ ਰਹਿਨੇਵਾਲਾ, ਹਾਲ ਮੁਕਾਮ ਰੰਗੂਨ ਜੇਲ ਯਹ ਇਕਰਾਰ ਕਰਤਾ ਹੂੰ ਔਰ ਸਨਦਨਾਮਾ ਭੀ ਲਿਖ ਦੇਤਾ ਹੂੰ। ਕਿਸ ਵਾਸਤੇ ਤੋ ਯਹ ਜੇਲ੍ਹ ਮੇਂ ਅਪਨੀ ਖ਼ੁਸ਼ੀ ਸੇ, ਰਾਜ਼ੀ-ਓ-ਰਜ਼ਾਮੰਦੀ ਕੇ ਸਾਥ ਯਹਾਂ ਰਹੂੰਗਾ। ਔਰ ਖਿਦਮਤ ਮੇਂ ਰਾਜਾ ਸਾਹਿਬ ਅਪਨੇ ਗੁਰੂ ਕੇ ਹਮਰਾਹ ਬਿਲਾ ਉਜਰ ਬਤੌਰ ਕੈਦ ਕੇ ਰਹੂੰਗਾ। ਕਭੀ ਕੋਈ ਬਾਤ ਕਾ ਉਜ਼ਰ ਨਹੀਂ ਕਰੂੰਗਾ ਔਰ ਜਿਧਰ ਯਹ ਰਾਜਾ ਸਾਹਿਬ ਰਹੇਂਗੇ, ਉਧਰ ਮੈਂ ਭੀ ਰਹੂੰਗਾ। ਕਭੀ ਕੋਈ ਬਾਤ ਕਾ ਉਜ਼ਰ ਕਰੂੰ ਤੋ ਬਾਤਲ ਹੈ। ਇਸ ਵਾਸਤੇ ਯਹ ਸਨਦਨਾਮਾ ਲਿਖ ਦੇਤਾ ਹੂੰ। ਲਿਹਾਜ਼ਾ ਸਰਕਾਰ ਕੇ ਕਾਮ ਆਵੇ।

ਨਾਨੂੰ ਸਿੰਘ ਦੇ ਅੰਗੂਠੇ ਦਾ ਨਿਸ਼ਾਨ ਮਾਰਚ 1872 ਈ.

ਨਾਨੂੰ ਸਿੰਘ ਸਿੱਖ ਨੇ ਮੇਰੀ ਹਾਜਰੀ ਵਿੱਚ ਦਸਖ਼ਤ ਕੀਤੇ

ਦਸਖ਼ਤ ਕਾਰਜਕਾਰੀ ਸੁਪਰਿੰਟੈਂਡੈਂਟ ਜੇਲ੍ਹ

ਇਹ ਉਸ ਨਾਨੂੰ ਸਿੰਘ ਦਾ ਇਕਰਾਰਨਾਮਾ ਸੀ ਜਿਸ ਬਾਰੇ ਅਫ਼ਵਾਹ ਫੈਲਾ ਦਿੱਤੀ ਗਈ ਸੀ ਕਿ ਉਹ ਸਰਕਾਰੀ ਜਾਸੂਸ ਸੀ ਤੇ ਕਲਕੱਤਿਓਂ ਵਾਪਸ ਆ ਗਿਆ ਸੀ।

ਸੂਬਿਆਂ ਨੂੰ ਹੇਠ ਲਿਖੇ ਅਨੁਸਾਰ ਵੱਖ ਵੱਖ ਥਾਈਂ ਜਾਂ 2-2, 3-3 ਕਰਕੇ ਨਜ਼ਰਬੰਦ ਕੀਤਾ ਗਿਆ:

1. ਸੂਬਾ ਮਾਨ ਸਿੰਘ ਤੇ ਸੂਬਾ ਹੁਕਮਾ ਸਿੰਘ, ਇਹ 1 ਦਸੰਬਰ 1872 ਈ. ਨੂੰ ਚੁਨਾਰ ਦੇ ਕਿਲ੍ਹੇ ਵਿੱਚ ਪਹੁੰਚਾਏ ਗਏ। ਨਜ਼ਰਬੰਦੀ ਅਣਮਿਥਿਆ ਸਮਾਂ।
2. ਸੂਬਾ ਰੂੜ ਸਿੰਘ, ਸੂਬਾ ਮਲੂਕ ਸਿੰਘ ਤੇ ਸੂਬਾ ਪਹਾੜਾ ਸਿੰਘ।

ਇਹ 15 ਦਸੰਬਰ 1872 ਈ. ਨੂੰ ਅਸੀਰਗੜ੍ਹ ਕਿਲ੍ਹੇ ਵਿੱਚ ਭੇਜੇ ਗਏ। ਉਹਨਾਂ ਨੂੰ ਮਿਲਟਰੀ ਦੀ ਨਿਗਰਾਨੀ ਹੇਠ ਰੱਖਿਆ ਗਿਆ। ਨਜ਼ਰਬੰਦੀ ਦਾ ਸਮਾਂ ਅਨਿਸਚਿਤ।

3. ਸੂਬਾ ਜਵਾਹਰ ਸਿੰਘ, ਸੂਬਾ ਲੱਖਾ ਸਿੰਘ ਤੇ ਸੂਬਾ ਬ੍ਰਹਮਾ ਸਿੰਘ। ਇਹ 14 ਦਸੰਬਰ 1872 ਨੂੰ ਕਲਕੱਤੇ ਪਹੁੰਚਾਏ ਗਏ। ਉਥੋਂ 22 ਦਸੰਬਰ 1872 ਨੂੰ ਸਮੁੰਦਰੀ ਜਹਾਜ਼ ਉੱਤੇ ਮੌਲਮੀਨ (ਬਰਮਾ) ਰਵਾਨਾ ਕੀਤੇ ਗਏ। ਉਹ 30 ਦਸੰਬਰ 1872 ਨੂੰ ਮੌਲਮੀਨ ਪਹੁੰਚੇ। ਨਜ਼ਰਬੰਦੀ ਦਾ ਸਮਾਂ ਅਨਿਸਚਿਤ ਪਰ ਲੰਮਾ।
4. ਸੂਬਾ ਸਾਹਿਬ ਸਿੰਘ ਤੇ ਸੂਬਾ ਕਾਹਨ ਸਿੰਘ: ਪਹਿਲਾਂ ਅਲਾਹਾਬਾਦ (ਪ੍ਰਯਾਗਰਾਜ) ਰੱਖਿਆ ਗਿਆ। 24 ਮਾਰਚ 1873 ਨੂੰ ਅਦਨ ਪਹੁੰਚਾਇਆ ਗਿਆ। ਓਥੇ ਸੂਬਾ ਸਾਹਿਬ ਸਿੰਘ ਨੂੰ ਹਵਾ ਪਾਣੀ ਨਾ ਸੁਖੋਣ ਕਰਕੇ ਉਹ ਬਿਮਾਰ ਹੋ ਗਏ। ਸੋ ਦੁਹਾਂ ਨੂੰ ਮਈ 1873 ਵਿੱਚ ਹਜ਼ਾਰੀ ਬਾਗ਼ ਜੇਲ੍ਹ ਵਿੱਚ ਲਿਆਂਦਾ ਗਿਆ।

   ਭਾਰਤ ਰਾਜ ਲਈ ਇੰਗਲੈਂਡ ਵਿੱਚ ਸਕੱਤਰ ਡਿਊਕ ਆਫ ਐਂਜਲ ਸੂਬਿਆਂ ਉੱਤੇ ਮੁਕਦਮਾ ਚਲਾ ਕੇ ਹੀ ਸਜਾ ਦੇਣ ਦੇ ਹੱਕ ਵਿੱਚ ਸੀ। ਪਰ ਭਾਰਤ ਸਰਕਾਰ ਕੋਲ ਉਹਨਾਂ ਦੇ ਗੁਨਾਹਗ਼ਾਰ ਹੋਣ ਦੇ ਠੋਸ ਸਬੂਤ ਨਹੀਂ ਸਨ ਸੋ ਉਹਨਾਂ ਨੂੰ ਰਾਜਸੀ ਕੈਦੀਆਂ ਵਾਂਗ ਰੱਖਣ ਲਈ ਉਹਨਾਂ ਨੇ ਡਿਊਕ ਨੂੰ ਵੀ ਮਨਾ ਲਿਆ।
5. ਮੰਗਲ ਸਿੰਘ: ਇਸ ਨੂੰ ਮਹਾਰਾਜਾ ਪਟਿਆਲਾ ਦੀ ਸਿਫ਼ਾਰਸ਼ ਪਹੁੰਚ ਜਾਣ ਕਰਕੇ 3 ਮਾਰਚ 1873 ਨੂੰ ਰਿਹਾ ਕੀਤਾ ਗਿਆ। ਉਸ ਨੂੰ ਚੇਤਾਵਨੀ ਦਿੱਤੀ ਗਈ ਕਿ ਉਹ ਕਦੀ ਭੈਣੀ ਸਾਹਿਬ ਨਹੀਂ ਜਾਵੇਗਾ। ਉਹ ਆਪਣੇ ਪਿੰਡ ਬਿਸ਼ਨਪੁਰੇ ਹੀ ਰਿਹਾ।

ਮਹਾਰਾਜ ਬੁੱਧ ਸਿੰਘ ਨੂੰ ਕਿਸੇ ਦਾ ਪਤਾ ਨਹੀਂ ਸੀ ਕਿ ਕੌਣ ਕਿੱਥੇ ਨਜ਼ਰਬੰਦ ਹੈ। ਉਹ ਇਹ ਜਾਨਣ ਲਈ ਯਤਨਸ਼ੀਲ ਸਨ। ਸੂਬੇ ਸਾਹਿਬਾਨ ਦੇ ਪਰਵਾਰ ਚਿੰਤਿਤ ਵੀ ਸਨ ਪਰ ਸੁਰਾਗ ਕਿਵੇਂ ਮਿਲੇ। ਸਭ ਸਬਰ ਕਰਕੇ ਉਚਿਤ ਸਮੇਂ ਦੀ ਉਡੀਕ ਕਰ ਰਹੇ ਸਨ।

ਸਤਿਗੁਰੂ ਰਾਮ ਸਿੰਘ ਨੇ ਹਾੜ ਵਦੀ ਚੌਥ ਸੰਮਤ 1929 (24 ਜੂਨ

1872) ਨੂੰ ਸੂਬਾ ਗੁਪਾਲ ਸਿੰਘ ਤੇ ਭਰਾ ਬੁੱਧ ਸਿੰਘ ਨੂੰ ਇੱਕ ਚਿੱਠੀ ਲਿਖੀ ਜਿਸ ਦਾ ਅੰਗਰੇਜ਼ੀ ਅਨੁਵਾਦ ਸਰਕਾਰੀ ਦਸਤਾਵੇਜ਼ਾਂ ਦਾ ਹਿੱਸਾ ਹੈ। ਇਸਦਾ ਸੁਤੰਤਰ ਅਨੁਵਾਦ ਹੇਠਾਂ ਦਿੱਤਾ ਜਾ ਰਿਹਾ ਹੈ:

ਲਿਖਤੁਮ ਰਾਮ ਸਿੰਘ ਨਾਨੂੰ ਸਿੰਘ ਅਗੇ ਭਾਈ ਗੋਪਾਲ ਸਿੰਘ ਅਤੇ ਬੁੱਧ ਸਿੰਘ ਜੀ। ਸਮੂਹ ਖਾਲਸੇ ਨੂੰ ਵਾਹਿਗੁਰੂ ਜੀ ਦੀ ਫਤਹ ਬੁਲਾਉਣੀ ਅਤੇ ਬੀਬੀ ਨੰਦਾਂ ਨੂੰ ਰਾਮ ਸੱਤ।

ਸਰੀਰਕ ਤੌਰ ਉਤੇ ਮੈਂ ਠੀਕ ਠਾਕ ਹਾਂ। ਸਰਕਾਰ ਸਾਨੂੰ ਅੰਨ ਤੇ ਕਪੜੇ ਦੇਂਦੀ ਹੈ। ਪਰ ਬਿਰਹੋਂ ਦੀ ਅੱਗ ਮੈਨੂੰ ਬੜਾ ਸਾੜਦੀ ਹੈ। ਸਾਨੂੰ ਕਲਕਤਿਓਂ ਸਾਢੇ ਚਾਰ ਦਿਨ ਯਾਤਰਾ ਕਰਨੀ ਪਈ। ਨਗਰ ਨੂੰ ਰੰਗੂਨ ਕਹਿੰਦੇ ਹਨ। ਇਹ ਬੰਦਰਗਾਹ ਹੈ। ਮੈਨੂੰ ਲਿਖੋ ਵੱਡੇ ਬਾਬਾ ਜੀ (ਬਾਬਾ ਜੱਸਾ ਸਿੰਘ) ਦਾ ਕੀ ਹਾਲ ਹੈ। ਕੀ ਗੁਜਰ ਤਾਂ ਨਹੀਂ ਗਏ? ਸਾਨੂੰ ਇਕੋ ਗੁਰੂ ਤੇ ਭਰੋਸਾ ਹੈ। ਜਿਸ ਨੇ ਸਾਡੀ ਅੱਜ ਵਾਲੀ ਬਦਕਿਸਮਤੀ ਭਾਗਾਂ ਵਿੱਚ ਲਿਖੀ ਹੈ, ਸਾਨੂੰ ਸਾਰਾ ਕੁਝ ਆਪਣੇ ਆਪ ਦਸੋ। ਇਹ ਵੀ ਦਸੋ ਕਿ ਸਰਕਾਰ ਨੇ ਸਾਰੀ ਜਾਇਦਾਦ, ਜਿਸ ਨੂੰ ਉਸ ਨੇ ਜ਼ਬਤ ਕਰ ਲਿਆ ਸੀ ਵਾਪਸ ਦੇ ਦਿਤੀ ਹੈ ਜਾਂ ਉਸ ਦਾ ਕੁਝ ਹਿੱਸਾ ਰਖਿਆ ਹੈ?

ਕੀ ਰਾਇਪੁਰ ਤੇ ਸਢੌਰੇ ਦੇ ਲੋਕਾਂ ਅਤੇ ਕਾਹਨ ਸਿੰਘ ਵਿੱਚੋਂ ਕਿਸੇ ਨੂੰ ਰਿਹਾ ਕਰ ਦਿਤਾ ਹੈ? ਅਤੇ ਉਹ ਕਿੱਥੇ ਹਨ?

ਤੁਹਾਨੂੰ ਦੋਹਾਂ (ਗੁਪਾਲ ਸਿੰਘ ਤੇ ਬੁੱਧ ਸਿੰਘ) ਨੂੰ ਮਿਤਰਤਾ ਪੂਰਬਕ ਰਹਿਣਾ ਚਾਹੀਦਾ ਹੈ। ਨਾਸ਼ਵਾਨ ਆਤਮਾਵਾਂ ਦਾ ਮਿਲਣਾ ਤੇ ਵਿਛੜਨਾ ਤਾਂ ਕਰਮਾਂ ਦੇ ਵੱਸ ਹੈ।

ਜਿਹੜੀਆਂ ਵੀ ਮਝਾਂ, ਬਲਦ ਜਾਂ ਗਾਵਾਂ ਤੁਹਾਨੂੰ ਦਾਨ ਦੇ ਰੂਪ ਵਿੱਚ ਮਿਲਣ ਉਹਨਾਂ ਨੂੰ ਗੁਰੂ ਦੇ ਨਾਂ ਤੇ ਲਾ ਦੇਣਾ ਉਹਨਾਂ ਨੂੰ ਨਾ ਰਖਣਾ। ਨੰਦਾਂ ਨੂੰ ਸੁਖੀ ਰੱਖਣਾ।

ਆਪਣੀ ਚਿਠੀ ਮੈਨੂੰ ਇਸ ਤਰ੍ਹਾਂ ਲਿਖਣਾ-

ਸੇਵਾ ਵਿਖੇ

ਰਾਮ ਸਿੰਘ ਰੰਗੂਨ,<br>
ਜੇਲ੍ਹ ਦਫਤਰ<br>
ਮਾਰਫਤ ਸੁਪਰਿੰਟੈਂਡੈਂਟ।

ਪਤਾ ਗੁਰਮੁਖੀ ਅਤੇ ਅੰਗਰੇਜ਼ੀ ਦੋਹਾਂ ਵਿੱਚ ਲਿਖਣਾ।

ਨਾਨੂੰ ਸਿੰਘ ਦੇ ਪਰਵਾਰ ਬਾਰੇ ਵੀ ਲਿਖਣਾ। ਆਪਣੀ ਚਿਠੀ ਨਾਲ

ਰੁੜਕੀ ਤੋਂ ਨਾਨੂੰ ਸਿੰਘ ਦੇ ਚਾਚੇ ਦੇ ਹੱਥਾਂ ਦੀ ਲਿਖੀ ਚਿਠੀ ਵੀ ਭੇਜਣੀ। ਉਸ ਵਿੱਚ ਨਾਨੂੰ ਸਿੰਘ ਦੇ ਪਰਵਾਰ ਦਾ ਹਾਲ ਵੀ ਲਿਖਣਾ। ਸਤਿਗੁਰੂ ਬਾਬਤ ਵੀ ਲਿਖਣਾ ਕਿ ਹਜ਼ਰੋ ਸਭ ਠੀਕ ਠਾਕ ਹੈ ਜਾਂ ਨਹੀਂ। (ਕਿਉਂਕਿ ਸਤਿਗੁਰੂ ਬਾਲਕ ਸਿੰਘ ਜੀ 1862 ਈ: ਵਿੱਚ ਹੀ ਚੜ੍ਹਾਈ ਕਰ ਗਏ ਸਨ ਸੋ ਇਸ ਦਾ ਭਾਵ ਉਨ੍ਹਾਂ ਦੇ ਪਰਵਾਰ ਤੋਂ ਸੀ।) ਸਭ ਕੁਝ ਬਾਰੇ ਪੂਰੀ ਤਰ੍ਹਾਂ ਲਿਖਣਾ।

ਮੇਰੇ ਭਲੇ ਲਈ ਗ੍ਰੰਥ ਸਾਹਿਬ ਦੇ ਪਾਠ ਕਰੋ। ਮੇਰੇ ਫਾਇਦੇ ਲਈ ਦਾਨ ਕਰੋ, ਅਕਾਲ ਪੁਰਖ ਅਗੇ ਅਰਦਾਸ ਕਰੋ।

ਭੋਲੀ ਨੂੰ ਦਸ ਦੇਣਾ ਕਿ ਚੰਦੋ ਕੋਲੋਂ ਉਸ ਦੇ ਰੁਪਏ ਵਾਪਸ ਮਿਲਣ ਦੀ ਕੋਈ ਆਸ ਨਹੀਂ। ਉਹ ਸਮਝ ਲਵੇ ਕਿ ਉਸ ਨੇ ਆਪਣੇ ਭਲੇ ਲਈ ਚੰਦੋ ਨੂੰ ਪੈਸੇ ਪੁੰਨ-ਦਾਨ ਲਈ ਦਿਤੇ ਸਨ।

ਬੁੱਧ ਸਿੰਘ ਅਤੇ ਨੰਦਾਂ ਮੇਰੇ ਵਾਲੇ ਕਮਰੇ ਵਿੱਚ ਰਹਿਣ, ਜਿਹੜਾ ਕਦੀ ਖ਼ਾਲੀ ਨਾ ਛੱਡਿਆ ਜਾਵੇ।

ਸਭ ਅਕਾਲ ਪੁਰਖ ਦੇ ਹੁਕਮ ਵਿੱਚ ਹੋਇਆ ਹੈ।

ਚਿੱਠੀ ਦਾ ਜੁਆਬ ਜ਼ਰੂਰ ਦੇਣਾ। ਨਾਨੂੰ ਸਿੰਘ ਦੇ ਪਰਵਾਰ ਦਾ ਹਾਲ ਲਿਖਣਾ ਨਾ ਭੁਲਣਾ।

ਹਾੜ ਵਦੀ ਚੌਥ ਸੰਮਤ 1929 ਬਿਕਰਮੀ।

ਇਹ ਚਿੱਠੀ ਮੋਹਰਬੰਦ ਕਰਕੇ, ਬ੍ਰਿਟਿਸ਼ ਬਰ੍ਹਮਾ ਦੇ ਚੀਫ ਕਮਿਸ਼ਨਰ ਦੇ ਸਕੱਤਰ ਨੇ, ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ, ਸੀ. ਯੂ. ਐਚੀਸਨ ਨੂੰ 15 ਜੁਲਾਈ 1872 ਈ. ਨੂੰ ਭੇਜੀ ਤਾਂ ਕਿ ਸਰਕਾਰ ਉਚਿਤ ਕਾਰਵਾਈ ਕਰੇ। ਭਾਰਤ ਸਰਕਾਰ ਦੇ ਅੰਡਰ ਸੈਕਟਰੀ ਨੇ 29 ਅਗਸਤ 1872 ਨੂੰ ਉਹ ਚਿੱਠੀ ਭੈਣੀ ਸਾਹਿਬ ਭੇਜਣ ਬਾਰੇ ਪੰਜਾਬ ਸਰਕਾਰ ਦੀ ਰਾਏ ਮੰਗੀ। ਉਹਨਾਂ ਨੇ ਇਤਰਾਜ ਜਤਾਇਆ ਤਾਂ ਚਿੱਠੀ ਠੱਪ ਦਿੱਤੀ ਗਈ।

ਰੰਗੂਨ (ਮਾਂਗੋ) ਸ੍ਰੀ ਸਤਿਗੁਰੂ ਜੀ ਨੂੰ ਆਪ ਜੀ ਦੀ ਗ਼ੈਰ-ਮਨਕੂਲਾ ਤੇ ਮਨਕੂਲਾ ਜਾਇਦਾਦ ਦੀ ਮਾਲਕੀ ਬਾਰੇ ਪੁੱਛਿਆ। ਆਪ ਨੇ ਭਾਈ ਬੁੱਧ ਸਿੰਘ ਦਾ ਨਾਂ ਲਿਆ ਜਿਸ ਬਾਰੇ ਲੋੜੀਂਦੇ ਦਸਤਾਵੇਜ਼ ਤਿਆਰ ਕੀਤੇ ਗਏ। ਜਿਨ੍ਹਾਂ ਤੇ ਆਇਆ 16 ਰੁਪਈਏ ਖ਼ਰਚਾ ਖ਼ਜ਼ਾਨੇ ਪਈ ਸਤਿਗੁਰੂ ਜੀ ਦੀ ਰਕਮ ਵਿੱਚੋਂ ਲਿਆ ਗਿਆ। ਪਹਿਲਾਂ ਵੀ ਸਤਿਗੁਰੂ ਜੀ ਦੇ ਮੰਗਵਾਏ 100 ਰੁਪਈਏ ਉਸੇ ਰਕਮ ਵਿੱਚੋਂ ਲਏ ਗਏ ਸਨ।

ਸਤਿਗੁਰੂ ਜੀ ਯਾਂਗੋਂ ਰਾਜਸੀ ਕੈਦੀ ਦੀਆਂ ਸਹੂਲਤਾਂ ਦੇ ਕੇ ਰੱਖੇ ਗਏ ਸਨ। ਕੁਝ ਮਹੀਨੇ ਜੇਲ੍ਹ ਵਿੱਚ ਰੱਖਣ ਤੋਂ ਬਾਅਦ ਉਹਨਾਂ ਦੀ ਮੰਗ ਉੱਤੇ ਉਹਨਾਂ ਨੂੰ ਓਥੋਂ ਲਿਆਂਦਾ ਗਿਆ। ਅੱਧ ਅਸੂ ਦੀ ਸੰਗਰਾਂਦ ਵਾਲੇ ਦਿਨ (16 ਸਤੰਬਰ 1872) ਨੂੰ ਵਾਇਲੰਜ਼ ਰੋਡ (ਉਵਿਜਾਰਾ ਰੋਡ) ਉੱਤੇ ਡਾਕਖਾਨੇ ਵਾਲੇ ਥਾਂ ਲਿਆਂਦੇ ਗਏ। ਏਥੇ ਹੀ ਹਿੰਦ ਦੇ ਆਖ਼ਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਆਖ਼ਰੀ ਦਮ ਤੱਕ ਰਹੇ ਸਨ। ਇਹ ਬੰਗਲਾ ਖੁੱਲ੍ਹਾ ਸੀ ਇਸ ਦੁਆਲੇ ਚੌਵੀ ਘੰਟੇ ਦਾ ਸਖ਼ਤ ਪਹਿਰਾ ਸੀ। ਸ਼ਾਇਦ ਕੋਈ ਪਰਿੰਦਾ ਪਰ ਵੀ ਨਹੀਂ ਸੀ ਮਾਰ ਸਕਦਾ।

ਏਧਰ ਪੰਜਾਬ, ਆਪਣੇ ਦਿਸਦੇ ਸਿੱਖ ਵੀ ਨਾਮਧਾਰੀਆਂ ਵਿਰੁੱਧ ਸਨ। ਥਾਂ ਥਾਂ ਡੌਂਡੀ ਪਿਟਵਾਈ ਜਾਂਦੀ ਰਹੀ। ਬਗਲੀ ਪਿੰਡ ਕਿਹਾ ਗਿਆ ਜੋ ਕਹੇਗਾ ਰਾਮ ਸਿੰਘ ਆਏਗਾ ਉਸਨੂੰ ਸਜ਼ਾ ਦੇਵਾਂਗੇ। ਸੁਧ ਸਿੰਘ ਸਪੁੱਤਰ ਸੁਖਾ ਸਿੰਘ ਨੇ ਐਸਾ ਕਹਿਣ ਵਾਲੇ ਨੂੰ ਝਿੜਕਿਆ।

ਪਟਿਆਲੇ, ਨਾਭਾ, ਜੀਂਦ, ਫਰੀਦਕੋਟ, ਕਪੂਰਥਲਾ ਦੇ ਰਾਜਿਆਂ ਮਹਾਰਾਜਿਆਂ ਨੇ ਪਿੰਡਾਂ ਦੇ ਨਾਮਧਾਰੀ ਸੱਦ ਕੇ ਕਿਹਾ ਕੂਕਪੁਣਾ ਛਡੋ, ਬੋਕੇ ਦਾ ਪਾਣੀ ਪੀਓ, ਕਛਹਿਰੇ ਲਾਹੋ, ਇਕੱਠੇ ਹੋਏ ਕੇ ਸ਼ਬਦ ਨਾ ਪੜ੍ਹੋ। ਅੰਮ੍ਰਿਤਸਰੋਂ ਲਿਖਵਾ ਕੇ ਲਿਆਉਣ ਲਈ ਕਿਹਾ। ਪੰਜੀ ਸਿਖ ਨਰਾਇਣ ਸਿੰਘ ਕੋਲ ਨਾਭੇ ਭੇਜੇ ਕਿ ਇਹਨਾਂ ਨੂੰ ਅੰਮ੍ਰਿਤ ਛਕਾਓ। ਭਗਵਾਨ ਸਿੰਘ ਤੇ ਹੋਰ ਸਿੰਘ ਅੜ ਗਏ। ਸਾਹਲਿਆਂ ਪੁਰ (ਗੁਜਰਾਂਵਾਲਾ) ਭੀ ਸਿੰਘ ਫੜੇ। ਕਹਿਣ ਹੁਣੇ ਪੰਥ ਬੰਦ ਹੋਵੇਗਾ।

ਅੰਗਰੇਜ਼ ਵੀ ਕਹਿਣ :

"ਪਹਿਲੇ ਪਹਿਲੇ ਫ਼ਰੰਗੀ ਨੇ ਮਹਾਰਾਜ ਬੁੱਧ ਸਿੰਘ ਜੀ ਨੂੰ ਕਿਹਾ ਕਿ ਅਸਾਂ ਛੋਟਾ ਹੀ ਬੂਟਾ ਪੁੱਟ ਦਿਤਾ ਹੈ, ਵੱਡਾ ਤੇ ਕਹੀਆਂ ਕੁਹਾੜੀਆਂ ਨਾਲ ਵੱਢਣਾ ਪੈਣਾ ਸੀ। ਮਹਾਰਾਜ ਜੀ ਚੁੱਪ ਕਰ ਰਹੇ।"

-ਸਤਿਗੁਰੂ ਬਿਲਾਸ ਭਾਗ ਦੂਜਾ,
ਲੇਖਕ ਸੰਤੋਖ ਸਿੰਘ ਬਾਹੋਵਾਲ।

ਹਜ਼ਰੋਂ ਸਾਹਿਬ ਵੀ ਜਾ ਪੁਛਿਆ ਕਿ ਤੁਸੀਂ ਕੂਕੇ ਹੋ ਤਾਂ ਅਮਰ ਸਿੰਘ, ਹਰਨਾਮ ਸਿੰਘ ਆਦਿ ਨੇ ਕਿਹਾ, "ਹਾਂ ਕੂਕੇ ਹਾਂ ਕਰ ਜੋ ਕਰਨਾ ਜੇ।"

ਦੁਸਹਿਰੇ ਉੱਤੇ 1872 ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਨਮਿਤ ਮਹਾਰਾਜ ਬੁੱਧ ਸਿੰਘ ਨੇ ਪੰਜ ਅਖੰਡ ਪਾਠ ਕੀਤੇ ਇਹ ਇਤਿਹਾਸ ਵਿੱਚ ਹੋਏ ਮਰਯਾਦਾ ਅਨੁਸਾਰ ਸਭ ਤੋਂ ਪਹਿਲੇ ਅਖੰਡ-ਪਾਠ ਗਿਣੇ ਗਏ ਹਨ।

ਸਤਿਗੁਰੂ ਹਰੀ ਸਿੰਘ ਜੀ ਪਾਠ ਸੁਣਾ ਕੇ ਕਰਨ ਤੇ 48 ਘੰਟਿਆਂ ਵਿੱਚ ਮੁਕਾਉਣ ਦਾ ਹੁਕਮ ਕੀਤਾ। ਬੀੜ ਲਿਖਤੀ ਰੱਖੀ ਪਰ ਉਸ ਦੀ ਚਮੜੇ ਦੀ ਜਿਲਦ ਨਾ ਹੋਵੇ। ਰੁਮਾਲੇ ਆਦਿ ਧੋ ਕੇ ਖੂਹ ਦੇ ਜਲ ਨਾਲ ਸੋਧ ਦੇ ਹੀ ਵਰਤਣੇ ਜਰੂਰੀ ਸਨ, ਰੌਲ ਲਾਉਣ ਲੱਗਿਆਂ ਬੈਠਣ ਲਈ, ਜੇ ਸੌਂ ਕੇ ਉੱਠਿਆ ਹੋਵੇ ਜਾਂ ਜੰਗਲ ਜਾ ਕੇ ਆਇਆ ਹੋਵੇ ਤਾਂ ਪਾਠੀ ਲਈ ਸਣਕੇਸੀ ਸੋਧ ਦਾ ਇਸ਼ਨਾਨ ਜ਼ਰੂਰੀ ਸੀ।

ਅਖੰਡ ਪਾਠ ਕਰਨ ਦੀ ਮੁਖਬਰਾਂ ਨੇ ਸ਼ਿਕਾਇਤ ਕੀਤੀ। ਜੇ. ਪੀ. ਬਾਰਬਟਨ ਡਿਪਟੀ ਸੁਪਰਿੰਟੈਂਡੈਂਟ ਪੁਲਿਸ ਲੁਧਿਆਣਾ ਤਤਕਾਲ ਆ ਗਿਆ। ਉਹ ਪਾਠ ਕਰਨੋ ਇਹ ਕਹਿ ਕੇ ਰੋਕ ਗਿਆ ਕਿ ਨਾ ਰੁਕੇ ਤਾਂ ਵਿਦੇਸ਼ ਭਿਜਵਾ ਦੇਵਾਂਗਾ।

ਪਾਠਾਂ ਦੇ ਭੋਗਾਂ ਦਾ ਇੱਕ ਮੰਤਵ ਸੰਗਤ ਵਿੱਚ ਸੁਨੇਹਾ ਪਹੁੰਚਾਉਣਾ ਸੀ ਕਿ ਸਿੱਖਾਂ ਕੋਲ ਖ਼ਬਰ ਜਾਏ ਕਿ ਸਤਿਗੁਰੂ ਜੀ ਦੀ ਕਾਰ ਚੱਲਦੀ ਹੈ ਸੋ ਗਈ। ਪਰ ਸੁੱਖੂ ਵਰਗੇ ਨੰਬਰਦਾਰ ਤੇ ਸਫ਼ੈਦ ਪੋਸ਼ ਸ਼ਿਕਾਇਤਾਂ ਵੀ .ਕਰਦੇ ਰਹੇ। ਫਿਰ ਵੀ ਦਿਵਾਲੀ ਉੱਤੇ ਵੀ ਇਹ ਸੋਚ ਕੇ ਕਿ ਦੂਜੀ ਮੂਰਤੀ ਗੱਦੀ ਉੱਤੇ ਬੈਠੀ ਹੈ, ਸਿੰਘ ਦਰਸ਼ਨ ਕਰਨ ਆਏ।

ਚੌਂਕੀ ਵਿੱਚ ਇੱਕ, ਹਵਾਲਦਾਰ ਆਇਆ ਉਹ ਕਾਣਾ ਸੀ। ਉਸਦੀ ਇੱਕ ਰਗ ਵੱਖਰੀ ਸੀ। ਉਹ ਦਰਸ਼ਨ ਕਰਨ ਵਾਲੇ ਸਿੰਘਾਂ ਨੂੰ ਸ੍ਰੀ ਭੈਣੀ ਸਾਹਿਬ ਦੀ ਹੱਦ ਵਿੱਚ ਵੜਨੋ ਰੋਕਦਾ ਸੀ। ਇੱਕ ਮੁਨਸ਼ੀ ਰੋਜ਼ਨਾਮਚਾ ਲਿਖਦਾ। ਪੰਜਾਂ ਪੰਜਾਂ ਨੂੰ ਹੀ ਦਰਸ਼ਨ ਕਰਨ ਜਾਣ ਦੇਂਦਾ। ਜੇ ਕੋਈ ਹੋਰ ਆਉਂਦਾ ਤਾਂ ਫੜ ਲੈਂਦਾ। ਸਿੱਖਾਂ ਨੇ ਬਾਹਰ ਟਿੱਬਿਆਂ ਉੱਤੇ ਵਾਰੀ ਦੀ ਉਡੀਕ ਵਿੱਚ ਬੈਠੇ ਰਹਿਣਾ। ਉਹਨਾਂ ਨੂੰ ਮਹਾਰਾਜ ਬੁੱਧ ਸਿੰਘ ਨੇ ਦਰਸ਼ਨ ਦੇ ਆਉਣੇ।

ਸਿੱਖਾਂ ਨੇ ਭੁੱਖਿਆਂ ਤਿਹਾਇਆਂ ਨੇ ਸਮਾਂ ਕੱਟਣਾ ਕਿਉਂਕਿ ਪੁਲਿਸ ਗਾਰਦ ਪਰਸ਼ਾਦਾ ਵੀ ਨਹੀਂ ਸੀ ਛਕਣ ਦੇਂਦੀ। ਸਿਆਲ ਦੀਆਂ ਰਾਤਾਂ ਉਹਨਾਂ ਜੇ ਕੋਈ ਕੱਟਣ ਦੇਵੇ, ਤਾਂ ਨਾਲ ਦੇ ਪਿੰਡੀਂ ਰਾਤਾਂ ਕੱਟਣੀਆਂ। ਸਿਰ ਉੱਤੇ ਮੀਂਹ ਹਨੇਰੀ, ਲੂ ਸਹਾਰਨੀ।

ਮਹਾਰਾਜ ਜੀ ਨੇ ਜੰਗਲ ਮੈਦਾਨ ਦੇ ਬਹਾਨੇ ਗੜਵਾ ਕੜਾਹ ਪਰਸ਼ਾਦ ਦਾ ਭਰ ਕੇ ਲੈ ਜਾਣਾ, ਸਿੰਘਾਂ ਦੀਆਂ ਅਰਜ਼ਾਂ ਵੀ ਸੁਣਨੀਆਂ।

ਪਿੰਡ ਦਾ ਨੰਬਰਦਾਰ ਸੀਹਾਂ ਸੁੱਖੂ ਅਣਮਨੁੱਖੀ ਸੁਭਾ ਦਾ ਸੀ। 1874 ਈ. ਵਿੱਚ ਬਾਬਾ ਜੱਸਾ ਸਿੰਘ ਜੀ ਗੁਜ਼ਰ ਗਏ। ਰਾਮਸਰ ਕੋਲ ਉਹਨਾਂ ਦੇ

ਸਸਕਾਰ ਲਈ ਚਿਤਾ ਤਿਆਰ ਕੀਤੀ ਗਈ। ਉਸ ਨੇ ਸਸਕਾਰ ਨਾ ਕਰਨ ਦਿੱਤਾ ਜੋ ਮਨਸਾ ਰਾਮ ਦੀ ਸਮਾਧ ਕੋਲ ਰਾਈਆਂ ਲਾਗੇ ਕੀਤਾ ਗਿਆ। ਬਾਬਾ ਜੀ ਦੇ ਭੋਗ ਲਈ ਅਰਜ਼ੀ ਦੇ ਕੇ ਇਜਾਜ਼ਤ ਲੈਣੀ ਪਈ।

ਪਿੰਡ ਦਾ ਮਰਾਸੀ ਦਰਵਾਜੇ ਉੱਤੇ ਆ ਕੇ ਮੰਦਾ ਬੋਲੇ। ਸਿੰਘ ਗੁੱਸੇ ਵਿੱਚ ਮਾਰਨ ਪਏ ਤਾਂ ਸਤਿਗੁਰੂ ਜੀ ਨੇ ਰੋਕਿਆ। ਮਰਾਸੀ ਦੇ ਦੁਰਵਿਹਾਰ ਵਿਰੁੱਧ ਅਰਜ਼ੀ ਦਿੱਤੀ ਗਈ ਤੇ ਸੀਹੇ ਸੁੱਖੂ ਵਿਰੁੱਧ ਵੀ ਕਿ ਬਾਬਾ ਜੀ ਦਾ ਸਸਕਾਰ ਨਹੀਂ ਕਰਨ ਦਿੱਤਾ। ਦੋਹਾਂ ਨੂੰ ਹੱਥਕੜੀ ਲਾ ਕੇ ਲੈ ਗਏ। ਮਰਾਸੀ ਨੂੰ ਤਿੰਨ ਮਹੀਨੇ ਦੀ ਸਜ਼ਾ ਤੇ 20 ਰੁਪਏ ਜੁਰਮਾਨਾ ਹੋਇਆ। ਸੀਹੇ ਨੇ ਸਤਿਗੁਰੂ ਜੀ ਤੋਂ ਮਾਫੀ ਮੰਗੀ, ਰਾਜੀਨਾਵਾਂ ਕੀਤਾ। ਨਹੀਂ ਤੇ 6 ਮਹੀਨੇ ਕੈਦ ਹੋਣੀ ਸੀ। ਫਿਰ ਵੀ ਉਹਨਾਂ ਨੇ ਸਰਕਾਰ ਦੇ ਕੰਨ ਭਰਨੇ ਨਾ ਛੱਡੇ।

ਇੱਕ ਵੇਰ ਸੂਬਾ ਖੁਸ਼ਹਾਲ ਸਿੰਘ ਥਰਾਜ ਵਾਲੇ ਦਰਸ਼ਨ ਕਰਨ ਆਏ। ਉਹਨਾਂ ਨੂੰ ਮਹਾਰਾਜਾ ਬੁੱਧ ਸਿੰਘ ਨੇ ਇੱਕ ਕੌਤਕ ਸਤਿਗੁਰੂ ਦੇ ਵਿਛੋੜੇ ਵਿੱਚ ਅੱਖਾਂ ਭਰ ਕੇ ਦੱਸਿਆ ਕਿ ਕਿਵੇਂ ਉਹ ਉਦਾਸ ਅੱਖਾਂ ਪੂੰਝਦੇ ਟਿੱਬਿਆਂ ਵੱਲ ਗਏ ਕਿ ਕਿਵੇਂ ਗੁਰੂ ਕੀ ਕਾਰ ਚਲਾਵਾਂ, ਖ਼ਰਚ ਕਿਥੋਂ ਆਏ? ਲੰਗਰ ਕਿਵੇਂ ਚਲੇ? ਉਹ ਬੜਾ ਰੋਏ। ਉਦੋਂ ਹੀ ਸਤਿਗੁਰੂ ਜੀ ਨੇ ਪ੍ਰਗਟ ਹੋ ਕੇ ਬਚਨ ਕੀਤਾ :

"ਭਾਈ ਤੂੰ ਕਿਉਂ ਉਦਾਸ ਹੋਇਆ ਹੈਂ। ਮੈਂ ਤੇਰੇ ਪਾਸ ਹਾਂ, ਗਿਆ ਨਹੀਂ, ਤੂੰ ਲੰਗਰ ਤੋਰ ਤੇ ਚਿੰਤਾ ਨਾ ਕਰ।" ਇੰਜ ਇਹਨਾਂ ਦੀ ਚਿੰਤਾ ਮੁੱਕੀ।

1875 ਈ. ਦੇ ਸ਼ੁਰੂ ਵਿੱਚ ਰਾਈਆਂ ਵਾਲੇ ਮਹੰਤ ਨਿਹਾਲ ਦਾਸ ਨਾਲ ਲੜਨ ਕਰਕੇ ਇਕ ਸੂਰਦਾਸ ਸੇਵਕ ਨੇ ਲੁਧਿਆਣੇ ਜਾ ਕੇ ਸਰਕਾਰੇ ਸ਼ਕਾਇਤ ਕੀਤੀ ਕਿ ਡੇਰੇ ਵਿੱਚ ਤੋਪ ਦੇ ਗੋਲੇ ਦੱਬੇ ਹੋਏ ਹਨ। ਸਾਹਨੇਵਾਲ ਤੋਂ ਥਾਣੇਦਾਰ ਆਇਆ, ਥਾਂ ਪੁੱਟੀ ਗਈ, ਗੋਲੇ ਨਿਕਲੇ ਪਰ ਪਤਾ ਲੱਗਾ ਕਿ 1794 ਵਿੱਚ ਬਾਬਾ ਸਾਹਿਬ ਸਿੰਘ ਬੇਦੀ ਗਊ ਘਾਤ ਕਰਨੋਂ ਨਾ ਰੁਕਣ ਵਾਲੇ, ਮਲੇਰਕੋਟਲੇ ਵਾਲਿਆਂ ਨੂੰ ਸੋਧਣ ਲਈ ਆਇਆ ਸੀ। ਬਚੇ ਗੋਲੇ ਉਸ ਨੇ ਏਥੇ ਦੱਬੇ ਸਨ।

ਨੰਬਰਦਾਰ ਨੇ ਝੂਠੇ ਗੁਆਹ ਬਣਾਏ ਕਿ ਕੂਕਿਆਂ ਦੇ ਗਾਡੀ ਗੁਰਦਿੱਤ ਸਿੰਘ ਤੇ ਲਹਿਣਾ ਸਿੰਘ ਨੇ ਗੋਲੇ ਦੱਬੇ ਹਨ। ਪਰ ਮਹੰਤ ਤੇ ਹਰਨਾਮ ਸਿੰਘ ਨੇ ਝੂਠੀ ਗਵਾਹੀ ਨਾ ਦਿਤੀ ਤਾਂ ਕੂਕਿਆਂ ਦੀ ਜਾਨ ਛੁੱਟੀ। ਉਹਨਾਂ ਦੋਹਾਂ ਨੂੰ ਏਸੇ ਕਰਕੇ ਤਸੀਹੇ ਦਿੱਤੇ ਗਏ।

ਰਾਮਗੜ੍ਹ ਦੇ ਨੰਬਰਦਾਰ ਨੇ ਵੀ ਗੋਲਾ ਵਿਖਾ ਕੇ ਕੂਕਿਆਂ ਨੂੰ ਪਰੇਸ਼ਾਨ ਕਰਨਾ ਚਾਹਿਆ ਪਰ ਸ਼ਰਮਿੰਦਾ ਹੋਇਆ।

ਭਾਗਪੁਰ ਦੇ ਨੰਬਰਦਾਰ ਨੇ ਕਿਹਾ ਸੀ ਸ੍ਰੀ ਭੈਣੀ ਸਾਹਿਬ ਤੋਂ ਗੋਲੇ ਆਏ ਹਨ। ਸਾਧੂ ਸਿੰਘ ਨੂੰ ਝੂਠੀ ਗਵਾਹੀ ਦੇਣ ਲਈ ਤੰਗ ਕਰਨ ਲੱਗੇ। ਉਸਨੇ ਡਰਦੇ ਨੇ ਖੂਹ ਵਿੱਚ ਛਾਲ ਮਾਰ ਕੇ, ਡੁੱਬ ਕੇ ਜਾਨ ਦਿੱਤੀ। ਇਹ ਸੁਣਕੇ ਤੁਰਕਾਂ ਦੇ ਸਾਹ ਸੁੱਕੇ। ਤੁਰਕਾਂ ਦੀ ਗਾਰਦ ਜੁ ਸੀ।

ਇਹ ਸਖ਼ਤੀਆਂ ਕਿਉਂ ਸਨ? ਇਸ ਬਾਰੇ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਲਿਖਿਆ ਹੈ :

"ਅੰਗਰੇਜ਼ ਸਰਕਾਰ ਦਾ ਮਨੋਰਥ ਨਾ ਕੇਵਲ ਕੂਕਾ ਲਹਿਰ ਨੂੰ ਦਬਾਉਣਾ ਹੀ ਸੀ, ਸਗੋਂ ਆਮ ਜਨਤਾ ਉੱਤੇ ਸਰਕਾਰੀ ਦਹਿਸ਼ਤ ਰਾਹੀਂ ਅਜੇਹਾ ਪ੍ਰਭਾਵ ਪਾਉਣਾ ਸੀ ਕਿ ਕੋਈ ਵੀ ਲਹਿਰ ਵਿਦੇਸ਼ੀ ਗ਼ੁਲਾਮੀ ਵਿਰੁੱਧ ਅਵਾਜ਼ ਨਾ ਉਠਾ ਸਕੇ। ਇਸ ਮਨੋਰਥ ਲਈ ਸਰਕਾਰ ਨੇ ਬਹੁ-ਪੱਖੀ ਨੀਤੀ ਨੂੰ ਅਪਣਾਇਆ।" -ਤਵਾਰੀਖ਼ ਸੰਤ ਖ਼ਾਲਸਾ

ਉਹਨਾਂ ਵਿੱਚੋਂ ਇਕ ਪੱਖ ਸਰਕਾਰ ਪੱਖੀ ਪਰ ਨਾਮਧਾਰੀ ਸਿੱਖਾਂ ਦੀਆਂ ਵਿਰੋਧੀ ਸੰਸਥਾਵਾਂ ਖੜ੍ਹੀਆਂ ਕਰਨਾ ਜਾਂ ਉਹਨਾਂ ਨੂੰ ਹੱਲਾਸ਼ੇਰੀ ਦੇਣਾ ਸੀ।

ਨਾਮਧਾਰੀ ਸਿੱਖਾਂ ਉੱਤੇ ਜਬਰ ਕਰਨ ਲਈ ਸਰਕਾਰ ਨੇ ਅਸਿੱਧੇ ਤਰੀਕੇ ਨਾਲ ਇੱਕ ਹੋਰ ਹਥਕੰਡਾ ਅਪਣਾਇਆ। 1873 ਈ. ਵਿੱਚ ਅੰਮ੍ਰਿਤਸਰ ਸਿੰਘ ਸਭਾ ਬਣਾਈ ਗਈ। ਉਸ ਦੇ ਪ੍ਰਧਾਨ ਠਾਕਰ ਸਿੰਘ ਸੰਧਾਵਾਲੀਆ ਬਣੇ ਜੋ ਦੇਸ਼-ਭਗਤ ਸਨ। ਦੂਜੇ ਮੈਂਬਰ ਕੰਵਰ ਬਿਕਰਮ ਸਿੰਘ ਸੁਧਾਰਵਾਦੀ ਸਨ। ਤੀਜੇ ਸਨ ਖੇਮ ਸਿੰਘ ਬੇਦੀ। ਅਮਰ ਭਾਰਤੀ ਅਨੁਸਾਰ:

ਬਾਬਾ ਖੇਮ ਸਿੰਘ ਜੀ ਬੇਦੀ ਆਪਣੀਆਂ ਸਾਰੀਆਂ ਹਲਚਲਾਂ ਨੂੰ ਧਾਰਮਿਕ ਰੂਪ ਵਿੱਚ ਪੇਸ਼ ਕਰਨਾ ਚਾਹੁੰਦੇ ਸਨ ਜਿਨ੍ਹਾਂ ਦੀ ਬੁਨਿਆਦੀ ਸ਼ਰਤ ਦੇਹਧਾਰੀ ਗੁਰੂ ਦੀ ਮਾਨਤਾ ਸੀ।

-ਸਿਖ ਇਤਿਹਾਸ ਤੇ ਕੂਕੇ ਤੁਲਨਾਤਮਕ ਅਧਿਐਨ।

ਉਹ ਗੁਰੂ ਰਾਮ ਸਿੰਘ ਨੂੰ ਸਿੱਖਾਂ ਦਾ ਬਾਰ੍ਹਵਾਂ ਗੁਰੂ ਮੰਨਦੇ ਸਨ। ਪਰ ਇਸ ਸਿੰਘ ਸਭਾ ਤੋਂ ਵੱਡੀ ਲਾਹੌਰ ਦੀ ਸਿੰਘ ਸਭਾ ਖੜ੍ਹੀ ਕੀਤੀ ਗਈ ਜਿਸ ਦੇ ਆਗੂ ਅੰਗਰੇਜ਼ ਸਰਕਾਰ ਦੇ ਭਗਤ ਪ੍ਰੋ. ਗੁਰਮੁਖ ਸਿੰਘ ਸਨ। ਸ. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਇਸ ਦੇ ਆਦਰਸ਼ ਸਨ :

ਅੰਗਰੇਜੀ ਹਕੂਮਤ ਨਾਲ ਜੁੜ ਕੇ ਚਲਣਾ। ਕਈ ਸਰਕਾਰੀ ਆਦਮੀ ਵੀ ਜਿਨ੍ਹਾਂ ਵਿੱਚੋਂ ਰਾਏ ਮੂਲ ਸਿੰਘ ਜੀ ਮੁਖ ਸਨ, ਇਸ ਸਭਾ ਦੇ ਮੈਂਬਰ ਲਏ ਗਏ।....ਇਸ ਤੋਂ ਪਿਛੋਂ ਸਿੱਖਾਂ ਵਲੋਂ ਦਰਖ਼ਾਸਤ ਕਰਨ ਤੇ ਪਹਿਲਾਂ ਸਰ ਰਾਬਰਟ ਈਜ਼ਰਟਨ ਲਾਟ ਸਾਹਿਬ ਪੰਜਾਬ ਤੇ ਫੇਰ ਸਰ ਚਾਰਲਸ ਐਡੀਸਨ, ਸ੍ਰੀ ਗੁਰੂ ਸਿੰਘ ਸਭਾ ਦੇ ਸਰਪ੍ਰਸਤ ਬਣੇ। ਇਨ੍ਹਾਂ ਤੋਂ ਇਲਾਵਾ ਕਈ ਹੋਰ ਚੋਣਵੇਂ ਅੰਗਰੇਜ਼ ਅਫਸਰਾਂ ਨੇ ਵੀ ਸਿੰਘ ਸਭਾ ਦੀ ਵਿਦਿਅਕ ਬ੍ਰਾਂਚ ਦੇ ਮੈਂਬਰੀ ਫਾਰਮ ਭਰੇ।" -ਪੰਜਾਬ ਦੀਆਂ ਲਹਿਰਾਂ

ਸਰਕਾਰ ਦੀ ਨਿਮਕ ਹਲਾਲੀ ਤੇ ਫ਼ਰਮਾਬਰਦਾਰੀ ਵਾਲਿਆਂ ਅੰਗਰੇਜ਼ਾਂ ਦੇ ਇਸ਼ਾਰੇ ਉੱਤੇ ਗ੍ਰੰਥ ਗੁਰੂ ਦਾ ਸਿਧਾਂਤ ਘੜਿਆ ਤੇ ਕੂਕਿਆਂ ਦਾ ਵਿਰੋਧ ਕੀਤਾ।

ਮਹਾਰਾਜ ਬੁੱਧ ਸਿੰਘ ਜੀ ਅੰਗਰੇਜ਼ ਤੇ ਗ਼ੈਰ-ਅੰਗਰੇਜ਼ ਪਰ ਅੰਗਰੇਜ਼ਾਂ ਦੇ ਵਫਾਦਾਰ ਲੋਕਾਂ ਵਲੋਂ ਜ਼ੁਲਮ, ਜਬਰ ਅੱਤਿਆਚਾਰ ਤੇ ਵਿਰੋਧ ਨੂੰ ਬੜੇ ਧੀਰਜ ਨਾਲ ਸਹਿਣ ਕਰਦੇ ਰਹੇ।

ਉਹਨਾਂ ਸਤਿਗੁਰੂ ਜੀ ਨਾਲ ਸੰਪਰਕ ਕਰਨ ਲਈ ਪੰਜਾਬ ਸਰਕਾਰ ਨੂੰ ਆਪ ਜੀ ਲਈ ਇੱਕ ਚਿੱਠੀ ਵੀ ਲਿਖੀ ਜੋ ਨਵੰਬਰ 1872 ਈ. ਵਿੱਚ ਰੰਗੂਨ ਪਹੁੰਚਾਈ। ਸਰਕਾਰ ਦੇ, ਸਰਕਾਰੀ ਰਿਕਾਰਡ ਅਨੁਸਾਰ ਉਸਦਾ ਉੱਤਰ ਫ਼ਰਵਰੀ 1873 ਵਿੱਚ ਪਹੁੰਚਾਇਆ ਪਰ ਇਸ ਨਾਲ ਸਤਿਗੁਰੂ ਜੀ ਨਾਲ ਕੋਈ ਸਾਂਝ ਸਥਾਪਤ ਹੋਣ ਦੇ ਸੰਕੇਤ ਨਹੀਂ ਮਿਲਦੇ।

ਸਖ਼ਤੀਆਂ ਦੇ ਇਸ ਝੱਖੜ ਦਾ ਆਪ ਨੇ ਕਿੰਜ ਮੁਕਾਬਲਾ ਕੀਤਾ, ਕਿੰਜ ਹਰ ਜਬਰ ਦਾ ਜਵਾਬ ਸਬਰ ਨਾਲ ਦੇ ਕੇ ਅੰਗਰੇਜ਼ਾਂ ਵਲੋਂ ਨਾਮਧਾਰੀ ਸਿੱਖਾਂ ਵਿਰੁੱਧ ਲਿਆਂਦੇ ਭੁਚਾਲ ਵਿੱਚ ਢਹਿ ਢੇਰੀ ਹੋਈ ਨਾਮਧਾਰੀ ਪੰਥ ਰੂਪ ਅਬਾਦੀ ਦੇ ਮਲਬੇ ਵਿੱਚੋਂ ਫਿਰ ਨਵਉਸਾਰੀ ਸ਼ੁਰੂ ਕੀਤੀ, ਇਹ ਆਪ ਦੇ ਧੀਰਜ, ਠਰ੍ਹੰਮੇ, ਸਹਿਜਤਾ, ਸ਼ਾਂਤ ਸੁਭਾ ਦੇ ਹੀ ਹਿੱਸੇ ਆਈ ਹੈ।

***

# ਮਿਲਿਆ ਮਿੱਤ ਮਾਹੀ

ਸਤਿਗੁਰੂ ਰਾਮ ਸਿੰਘ ਦੇ ਪ੍ਰਦੇਸ ਗਵਨ ਤੋਂ ਬਾਅਦ ਜਿਸ ਤਰ੍ਹਾਂ ਦੇ ਸਿੱਟੇ ਸਰਕਾਰ ਹਿੰਦ ਸਮਝਦੀ ਸੀ, ਉਸ ਨੂੰ ਉਹਨਾਂ ਦੇ ਨਿਕਲਣ ਵਿੱਚ ਕੋਈ ਸ਼ੱਕ ਨਹੀਂ ਸੀ। ਨਾਮਧਾਰੀ ਸਿੱਖ ਪੂਰੀ ਤਰ੍ਹਾਂ ਦਬਾਏ ਜਾ ਰਹੇ ਸਨ, ਨਾਮਧਾਰੀ ਕੇਂਦਰ ਨਾਲੋਂ ਉਹਨਾਂ ਦਾ ਸੰਪਰਕ ਤੋੜਿਆ ਜਾ ਰਿਹਾ ਸੀ। ਮੁਖ਼ਬਰਾਂ ਰਾਹੀਂ ਪਤਾ ਲੱਗਣ ਕਰਕੇ ਛੋਟੀ ਤੋਂ ਛੋਟੀ ਹਿੱਲਜੁਲ ਵੀ ਉਹਨਾਂ ਤੋਂ ਲੁਕੀ ਨਹੀਂ ਸੀ ਰਹਿੰਦੀ। ਉਹਨਾਂ ਨੂੰ ਗੁਰਦੁਆਰਾ ਭੈਣੀ ਸਾਹਿਬ ਇੱਕ ਕੇਂਦਰ ਨਹੀਂ, ਘਰ ਲੱਗਦਾ ਸੀ, ਡੇਰਾ ਜਿਸ ਵਿੱਚ ਸਤਿਗੁਰੂ ਜੀ ਦੇ ਭਾਈ ਬੁੱਧ ਸਿੰਘ ਦੀ ਅਗਵਾਈ ਹੇਠ ਉਸਦਾ ਪਰਵਾਰ ਰਹਿੰਦਾ ਸੀ ਨਾਲ ਉਸ ਦੇ ਕੁਝ ਸੇਵਕ। ਪੁਰਾਣੀ ਕ੍ਰਾਂਤੀਕਾਰੀ ਧਰਤੀ ਹੋਣ ਕਰਕੇ ਭਾਵਨਾਤਮਿਕ ਤੌਰ ਉੱਤੇ ਲੋਕ ਇਸ ਥਾਂ ਪ੍ਰਤੀ ਸ਼ਰਧਾ ਸਤਿਕਾਰ ਰੱਖਦੇ ਸਨ ਏਸੇ ਕਰਕੇ ਆਉਂਦੇ ਸਨ। ਕਿਸੇ ਨੂੰ ਪਤਾ ਨਹੀਂ ਸੀ ਲੱਗਣ ਦਿੱਤਾ ਗਿਆ ਕਿ ਉਹਨਾਂ ਦਾ ਰਹਿਨੁਮਾ ਕਿਥੇ ਹੈ? ਉਸ ਤੱਕ ਰਸਾਈ ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਸਰਕਾਰ ਦੇ ਮੁਖਬਰ ਕੋਈ ਸਹੀ ਖ਼ਬਰ ਵੀ ਦੇਂਦੇ ਹੋਣਗੇ ਪਰ ਉਹ ਦੁਸ਼ਮਣੀਆਂ ਕੱਢ ਰਹੇ ਸਨ ਜਾਂ ਆਪਣਾ ਦਬਦਬਾ ਕਾਇਮ ਕਰਨ ਲਈ, ਕੁਝ ਕਰਦੇ ਸਨ। ਅਤੇ ਪੁਲਿਸ ਗਾਰਦ ਤਾਂ ਇਕ ਸੱਪ ਦੂਜਾ ਉੱਡਣਾ ਸੀ।

ਪਰ ਸਰਕਾਰ ਭੁਲੇਖੇ ਵਿੱਚ ਸੀ। ਉਸ ਨੂੰ ਨਹੀਂ ਸੀ ਧਿਆਨ ਕਿ ਇਹ ਕੋਈ ਇੱਕਾ-ਦੁੱਕਾ ਕ੍ਰਾਂਤਕਾਰੀ ਨਹੀਂ ਸੀ ਸਗੋਂ ਇੱਕ ਸੰਸਥਾ ਸੀ ਇੱਕ ਪੰਥ ਸੀ ਜਿਸ ਦਾ ਆਪਣਾ ਕਿਰਦਾਰ ਸੀ, ਆਪਣਾ ਦੀਨ-ਇਮਾਨ ਸੀ। ਬੱਸ ਕੁਝ ਭੁਚਾਲ ਦੇ ਝਟਕੇ ਤੋਂ ਸੰਭਲਣ ਵਿੱਚ ਵਕਤ ਲੱਗ ਰਿਹਾ ਸੀ; ਉਹਨਾਂ ਨੂੰ ਆਪਣੇ ਰਹਿਬਰ ਸਤਿਗੁਰੂ ਰਾਮ ਸਿੰਘ ਜੀ ਦੀ ਸੂਹ ਮਿਲਣ ਦੀ ਲੋੜ ਸੀ, ਉਹਨਾਂ ਵਹੀਰਾਂ ਘੱਤ ਦੇਣੀਆਂ ਸਨ। ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਹੋਣ, ਜਾ ਮਿਲਣਾ ਸੀ, ਮਿੱਤਰ ਮਾਹੀ ਉਹ ਉਹਨਾਂ

ਦਾ ਕੇਵਲ ਲੀਡਰ ਨਹੀਂ ਸੀ ਸਭ ਕੁਝ ਸੀ, ਉਹ ਉਹਨਾਂ ਦਾ ਮਾਂ-ਬਾਪ ਸੀ, ਮਿੱਤਰ ਪਿਆਰਾ ਸੀ। ਉਹ ਉਹਨਾਂ ਦੇ ਕਲਬੂਤ ਦੀ ਰੂਹ ਸੀ, ਉਹਨਾਂ ਦਾ ਉਸ ਨਾਲ ਇਸ਼ਕ ਸੀ, ਇਸ਼ਕ ਹਕੀਕੀ। ਉਹ ਉਹਨਾਂ ਦਾ ਅਕਾਲ ਪੁਰਖ, ਪਰਮ ਪਿਤਾ ਪਰਮਾਤਮਾ ਸੀ। ਉਹ ਗੁਰੂ ਨਾਨਕ ਦੀ ਗੱਦੀ ਉੱਤੇ ਸੁਭਾਇਮਾਨ ਬਾਰ੍ਹਵਾਂ ਅਵਤਾਰ ਸੀ। ਉਸ ਦੀ ਭਾਲ ਵਿੱਚ ਮਹਾਰਾਜ ਹਰੀ ਸਿੰਘ ਜੀ ਦੀ ਆਗਿਆ ਅਨੁਸਾਰ ਪ੍ਰੋਗਰਾਮ ਬਣ ਰਹੇ ਸਨ। ਬੱਸ! ਕਿਤੋਂ ਟਾਹਣ ਨਿਉਣ ਦੀ ਆਸ ਤੇ ਉਡੀਕ ਸੀ। ਇਹ ਪਤਾ ਲੱਗਣ ਦੀ ਲੋੜ ਸੀ ਕਿ ਉਹ ਕਿਸ ਦੇਸ-ਨਗਰ ਵਿੱਚ, ਕਿਸ ਇਲਾਕੇ ਵਿੱਚ ਹੈ। ਇਹ ਸਮੱਸਿਆ ਹਲ ਹੋਣ ਦਾ ਢੋਅ ਵੀ ਢੁਕ ਗਿਆ, ਸਬੱਬ ਬਣ ਗਿਆ।

ਬਾਬਾ ਦਰਬਾਰਾ ਸਿੰਘ ਗਰੇਵਾਲ ਰਾਏਪੁਰ ਰਿਆਸਤ ਪਟਿਆਲਾ ਦਾ ਸਰਦਾਰ ਸੀ, ਨੰਬਰਦਾਰ ਸੀ। ਉਹ ਗੁਰੂ ਘਰ ਦੇ ਕੰਮ ਕਾਰ ਲਈ, ਗੱਲਬਾਤ ਕਰਨ ਲਈ ਲੁਧਿਆਣੇ ਜਾਂਦਾ ਹੁੰਦਾ ਸੀ। ਓਥੇ ਉਹ ਲੋੜ ਅਨੁਸਾਰ ਸੁਪਰਿੰਟੈਂਡੈਂਟ ਪੁਲਿਸ ਜੇ. ਪੀ. ਬਾਰਬਟਨ ਨੂੰ ਵੀ ਮਿਲਦਾ ਹੁੰਦਾ ਸੀ। ਉਹ ਸ. ਮਹਿਤਾਬ ਸਿੰਘ ਦਾ ਲਾਡਲਾ ਪੁੱਤਰ ਸੀ। ਜਵਾਨੀ ਵੇਲੇ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਨੌਕਰੀ ਕਰਦਾ ਰਿਹਾ ਸੀ। ਜ਼ਮੀਨ ਜਾਇਦਾਦ ਦਾ ਮਾਲਕ, ਰੱਜ ਕੇ ਨਸ਼ਈ ਤੇ ਵਿਸ਼ਈ ਰਿਹਾ ਸੀ। ਪਰ ਸਤਿਗੁਰੂ ਜੀ ਨੇ ਐਸੀ ਰੇਖ ਵਿੱਚ ਮੇਖ ਮਾਰੀ ਕਿ ਸਭ ਨਸ਼ੇ ਵਿਸ਼ੇ-ਵਿਕਾਰ ਛੱਡ ਕੇ ਸਾਰੀ ਜ਼ਮੀਨ ਵੇਚ ਕੇ ਸਤਿਗੁਰੂ ਦੇ ਚਰਨਾਂ ਦੀ ਮੌਜ ਮਾਨਣ ਲਈ, ਸ੍ਰੀ ਭੈਣੀ ਸਾਹਿਬ ਆ ਗਿਆ। ਪਰ ਸਤਿਗੁਰੂ ਜੀ ਨੂੰ ਦੇਸ-ਨਿਕਾਲਾ ਮਿਲਣ ਨੇ ਇਸਨੂੰ ਦਿਵਾਨਾ ਕਰ ਦਿੱਤਾ। ਸਦਾ ਨੇਤਰੀਂ ਨੀਰ ਵਹੇ, ਉਦਾਸੀ ਛਾਈ ਰਹੇ। ਇੱਕ ਦਿਨ 1874 ਦੇ ਸਿਆਲ ਵਿੱਚ ਕਿਸੇ ਕੰਮ ਬਾਰਬਟਨ ਘਰ ਗਿਆ ਤਾਂ ਉਸ ਦੀ ਮੇਮ ਨੇ ਘੋਰ ਉਦਾਸੀ ਦਾ ਕਾਰਨ ਪੁੱਛਿਆ। ਇਸ ਦੀਆਂ ਅੱਖਾਂ ਵਹਿ ਤੁਰੀਆਂ, ਹਟਕੋਰੇ ਭਰਨ ਲੱਗਾ ਤਾਂ ਮੇਮ ਪਸੀਜ ਗਈ। ਉਸ ਨੇ ਤਰੀਕੇ ਨਾਲ ਜੇ. ਪੀ. ਬਾਰਬਟਨ ਤੋਂ ਸ੍ਰੀ ਸਤਿਗੁਰੂ ਜੀ ਦਾ ਥਹੁ ਟਿਕਾਣਾ ਪੁੱਛਿਆ ਤੇ ਕਿਸੇ ਹੋਰ ਦਿਨ ਇਸ ਨੂੰ ਚੋਰੀ ਦੱਸ ਦਿੱਤਾ। ਇਸ ਦੇ ਨੈਣਾਂ ਵਿੱਚ ਚਮਕ ਆ ਗਈ। ਇਸ ਨੇ ਆ ਕੇ ਇਕੱਲਿਆਂ ਮਹਾਰਾਜ ਬੁੱਧ ਸਿੰਘ ਨਾਲ ਗੱਲ ਕੀਤੀ। ਮਿਲਣ ਜੁਗਤ ਸੋਚੀ ਜਾਣ ਲੱਗੀ।

ਇਹ ਤਾਂ ਸਮਝਿਆ ਹੀ ਜਾ ਰਿਹਾ ਸੀ ਕਿ ਸਿੱਧੀ ਉਂਗਲ ਨਾਲ ਘਿਉ ਨਹੀਂ ਨਿਕਲਣਾ। ਮਹਾਰਾਜ ਬੁੱਧ ਸਿੰਘ ਨੇ 13 ਜਨਵਰੀ 1873 ਨੂੰ

ਸਤਿਗੁਰੂ ਜੀ ਨੂੰ ਮਿਲਣ ਦੀ ਅਰਜ਼ੀ ਦਿੱਤੀ ਸੀ ਜੋ ਰੱਦ ਹੋ ਗਈ ਸੀ। ਕਿਸੇ ਕੂਕੇ ਨੂੰ ਸੂਹ ਤਕ ਨਹੀਂ ਸੀ ਦਿੱਤੀ ਕਿ ਸਤਿਗੁਰੂ ਜੀ ਕਿੱਥੇ ਹਨ?. ਪਰ ਹੁਣ ਮੰਜਿਲ ਦਿਸ ਪਈ ਸੀ। ਪਰ ਇਹ ਲੱਗਦਾ ਸੀ ਕਿ ਬਾਣਾ ਤੇ ਬਾਣੀ ਦਾ ਓਹਲਾ ਰੱਖਣਾ ਪੈਣਾ ਹੈ। ਬੇਪਛਾਣ ਹੋਣਾ ਪੈਣਾ ਹੈ।

ਬਾਬਾ ਜੀ ਨੇ ਸਾਰੀ ਸਲਾਹ ਕਰਕੇ ਪਿੰਡ ਜਾਣ ਲਈ ਇੱਕ ਮਹੀਨੇ ਦੀ ਛੁੱਟੀ ਲਈ। ਬਾਬਾ ਸੰਤੋਖ ਸਿੰਘ ਬਾਹੋਵਾਲ ਦੇ ਸ਼ਬਦਾਂ ਵਿੱਚ:

"ਪਟਿਆਲੇ ਜਾ ਕੇ ਪੁੱਤਰ ਨੂੰ ਕਹਿ ਦਿੱਤਾ ਕਿ ਜੇ ਕੋਈ ਪੁੱਛੇ ਤਾ ਕਹਿ ਦੇਈਂ ਅੰਦਰ ਨਿਤਨੇਮ ਕਰਦਾ ਹੈ, ਬੋਲਦਾ ਨਹੀਂ ਕਿਸੇ ਨਾਲ। ਏਹ ਬਚਨ ਕਰਕੇ ਬਾਬਾ ਦਰਬਾਰਾ ਸਿੰਘ ਅਰਦਾਸਾ ਕਰਕੇ ਰੇਲ ਪਰ ਚੜ ਕੇ ਕਲਕੱਤੇ ਜਾਇ ਉਤਰਿਆ। ਉਥੋਂ ਜਹਾਜ਼ ਪਰ ਚੜ੍ਹ ਕੇ ਰੰਗੂਨ ਜਾਇ ਉਤਰਿਆ, ਜਾ ਬੰਗਲਾ ਸਤਿਗੁਰੂ ਜੀ ਕਾ ਦੇਖਿਆ ਤਾਂ ਮੱਥਾ ਟੇਕਿਆ ਬਾਬੇ ਦਰਬਾਰਾ ਸਿੰਘ ਨੇ। ਉਹਨਾਂ ਲੋਕਾਂ ਨੇ ਸਮਝਿਆ ਜੋ ਗੌਤਮ ਕੇ ਮੰਦਰ ਕੋ ਮੱਥਾ ਟੇਕਿਆ ਹੈ। ਬਾਬੇ ਦਰਬਾਰਾ ਸਿੰਘ ਨੇ ਉਹਨਾਂ ਲੋਕਾਂ ਨੂੰ ਪੁੱਛਿਆ ਏਥੇ ਕੌਣ ਹੈ? ਉਹਨਾਂ ਕਿਹਾ ਪੰਜਾਬ ਸੇ ਆਏ ਹੈਂ, ਬੜੇ ਕਲਾ ਵਾਲੇ ਹੈਂ; ਬਾਬੇ ਦਰਬਾਰਾ ਸਿੰਘ ਨੇ ਕਹਿਆ ਜੇ ਕਲਾ ਵਾਲਾ ਹੁੰਦਾ ਤਾਂ ਏਥੇ ਕਿਉਂ ਆਉਂਦਾ। ਉਹਨਾਂ ਲੋਕਾਂ ਕਹਿਆ ਕੇ ਜੇ ਏਥੇ ਨਾ ਆਉਂਦਾ ਤਾਂ ਅਸਾਂ ਲੋਕਾਂ ਦਾ ਭਲਾ ਕਿਵੇਂ ਹੁੰਦਾ। ਪ੍ਰਮੇਸਰ ਨੇ ਕਲਾ ਧਾਰੀ ਹੈ ਕਲੂ ਕਾਲ ਮੇਂ ਅਸਾਂ ਪਾਪੀਆਂ ਦੇ ਉਧਾਰ ਵਾਸਤੇ।" -ਸਤਿਗੁਰੂ ਬਿਲਾਸ ਭਾਗ ਦੂਜਾ

ਬਾਬਾ ਜੀ ਨਾ ਸਿੱਧੇ ਪੁੱਜੇ ਸਨ ਤੇ ਨਾ ਹੀ ਸੌਖੇ। ਉਹਨਾਂ ਨੇ ਭੇਸ ਬਦਲਿਆ ਸੀ। ਪਟਿਆਲਾ ਸ਼ਾਹੀ ਦਾੜ੍ਹੀ ਚੜ੍ਹਾ ਲਈ ਸੀ ਠੋਕਵੀਂ ਪੱਗ ਬੰਨ੍ਹ ਲਈ। ਗਲ ਰੇਸ਼ਮੀ ਕੁੜਤਾ ਤੇੜ ਰੇਬ ਪਜਾਮਾ, ਚਾਂਦੀ ਦੇ ਸੰਮ ਵਾਲੀ ਡਾਂਗ, ਪੈਰੀਂ ਪੋਠੋਹਾਰੀ ਜ਼ਰਈ ਜੁੱਤੀ। ਉਹ ਪਟਿਆਲਿਓਂ ਅੰਬਾਲੇ ਗਿਆ, ਓਥੋਂ ਕਲਕੱਤੇ ਤੇ ਕਲਕੱਤਿਓਂ ਸਮੁੰਦਰੀ ਜਹਾਜ਼ ਰਾਹੀਂ ਰੰਗੂਨ (ਯਾਂਗੋ) ਪੁਜਾ। ਉਥੋਂ ਪੁੱਛਦਾ ਪੁਛਾਉਂਦਾ ਡਰਦਾ ਤ੍ਰਹਿੰਦਾ ਕਿ ਕਿਤੇ ਪਤਾ ਨਾ ਲੱਗ ਜਾਏ ਕਿ ਉਹ ਕੌਣ ਹੈ, ਵਾਇਲਜ਼ ਰੋਡ (ਊਵਿਜਾਰਾ) ਰੋਡ ਪੁੱਜਾ। ਬੰਗਲਾ ਵੇਖਿਆ ਚਾਰ ਚੁਫੇਰੇ ਖਾਈ, ਸੰਗੀਨਾਂ ਦਾ ਪਹਿਰਾ।

ਤਸੱਲੀ ਕਰਕੇ ਕਿ ਠੀਕ ਥਾਂ ਪਹੁੰਚਿਆ ਹਾਂ, ਮੌਕਾ ਤਾੜ ਕੇ, ਰਾਤ ਵੇਲੇ ਸਤਿਗੁਰ ਦੇ ਚਰਨਾਂ ਤੇ ਜਾ ਮੱਥਾ ਟੇਕਿਆ। ਗੁਰੂ ਤੇ ਸਿੱਖ ਦੋਵੇਂ ਪੰਘਰ ਗਏ। ਪਰ ਪਹਿਲਾਂ ਕਮਰੇ ਵਿੱਚ ਜਾ ਬੂਹਾ ਬੰਦ ਕੀਤਾ। ਫਿਰ ਗੱਲਾਂ ਹੋਈਆਂ ਪਰ ਹੌਲੀ ਹੌਲੀ। ਸਤਿਗੁਰੂ ਜੀ ਨੇ ਗਿਲਾ ਕੀਤਾ ਕਿ

ਉਹਨਾਂ ਦੀ ਗੁਆਚੀ ਵੱਛੀ ਜਿੰਨੀ ਵੀ ਭਾਲ ਨਹੀਂ ਹੋਈ। ਪਰ ਜਦ ਬਾਬਾ ਜੀ ਨੇ ਸਖ਼ਤੀਆਂ ਦੇ ਝੱਖੜ ਬਾਰੇ ਦੱਸਿਆ ਤਾਂ ਸਤਿਗੁਰੂ ਜੀ ਧਿਆਨ ਮਗਨ ਹੋ ਗਏ ਕਿ ਪੱਤਾ ਪੱਤਾ ਕੂਕਿਆਂ ਦਾ ਵੈਰੀ। ਉਹਨਾਂ ਵਿਉਂਤਬੰਦੀ ਕੀਤੀ। ਪਹਿਲਾ ਕੰਮ ਕੀਤਾ ਭਾਈ ਬੁੱਧ ਸਿਘ ਨੂੰ ਜ਼ੁੰਮੇਵਾਰੀ ਦੇਂਦਿਆਂ ਸੰਖੇਪ ਹੁਕਮਨਾਮਾ ਲਿਖਿਆ ਅਤੇ ਦੀਵੇ ਦੀ ਲੋਅ ਵਿੱਚ ਪੜ੍ਹ ਕੇ ਸਾੜ ਦੇਣ ਦਾ ਹੁਕਮ ਕੀਤਾ।

ਸਤਿਗੁਰੂ ਜੀ ਪਿਛਲੇ ਪਹਿਰ ਬੱਘੀ ਉੱਤੇ ਸੈਰ ਨੂੰ ਨਿਕਲਦੇ ਸਨ। ਬਾਬਾ ਦਰਬਾਰਾ ਸਿੰਘ ਭਾਵੇਂ ਹੁਕਮਨਾਮਾ ਲੈ ਚੁੱਕਾ ਸੀ ਪਰ ਦਰਸ਼ਨ ਕਰਕੇ ਉਸ ਨੂੰ ਰੱਜ ਨਾ ਆਇਆ। ਉਹ ਪਿਛਲੇ ਪਹਿਰ ਬਜ਼ਾਰ ਰੋਡ ਉੱਤੇ ਜਾ ਬੈਠਦਾ ਤੇ ਦਰਸ਼ਨ ਕਰ ਲੈਂਦਾ। ਕਈ ਵਾਰ ਉਹ ਬੱਘੀ ਨਾਲ ਤੁਰਿਆ ਜਾਂਦਾ। ਬੱਘੀ ਵਿੱਚ ਸ੍ਰੀ ਸਤਿਗੁਰੂ ਜੀ ਦੇ ਨਾਲ ਨਾਨੂੰ ਸਿੰਘ ਤੇ ਪੁਲਿਸ ਸਾਰਜੰਟ ਹੁੰਦੇ। ਸਾਰਜੰਟ ਨੂੰ ਜੇ ਬਚਨ ਕਰਦੇ ਤਾਂ ਗੱਲ ਤਾਂ ਸਮਝ ਨਾ ਆਉਂਦੀ ਪਰ ਬੋਲਦਿਆਂ ਨੂੰ ਕਹਿੰਦਾ ਗੱਲਬਾਤ ਨਾ ਕਰੋ। ਉਂਜ ਉਹ ਜਾਣਦਾ ਨਹੀਂ ਸੀ ਕੌਣ ਕਿਥੋਂ ਆਇਆ ਹੈ? ਸਾਰਜੰਟ ਇਹ ਵੀ ਸੋਚਦਾ ਜੇ ਕੋਈ ਸ਼ਾਹੀ ਕੈਦੀ ਦਾ ਹਮਵਤਨੀ ਮਿਲਿਆ ਹੈ, ਉਸ ਦੀ ਭਾਸ਼ਾ ਵਿੱਚ ਗੱਲ ਕਰਦਾ ਹੈ ਤਾਂ ਕੀ ਮਾੜੀ ਗੱਲ ਹੈ। ਸੋ ਉਹ ਬਾਬਾ ਜੀ ਨੂੰ ਸਖ਼ਤੀ ਨਾਲ, ਉਥੋਂ ਚਲੇ ਜਾਣ ਲਈ ਨਾ ਕਹਿੰਦਾ।

ਸਤਿਗੁਰੂ ਜੀ ਨੇ ਇੱਕ ਦਿਨ ਹੁਕਮ ਕੀਤਾ, "ਵਾਪਸ ਜਾ ਕੇ ਬੁੱਧ ਸਿੰਘ ਨੂੰ ਕਹੀਂ ਮੋਟਾ ਪ੍ਰਸਾਦਾ ਤੇ ਕਰੜਾ ਦਾਲਾ ਰੱਖੇ, ਦੇਗ ਚਲਦੀ ਰਹੇ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਕਰਕੇ ਭੋਗ ਪਾਓ। ਜਿੰਨਾ ਚਿਰ ਅਸੀਂ ਨਹੀਂ ਆਉਂਦੇ, ਸਧਾਰਨ ਜਾਂ ਅਖੰਡ-ਪਾਠ ਕਰ ਕਰ ਕੇ, ਭੋਗ ਪੁਆਈ ਜਾਓ। ਮੈਂ ਰੋਜ਼ ਬੰਗਲੇ ਵਿੱਚ ਬਾਹਰ ਬੈਠਾਂਗਾ ਤੇ ਹਫਤੇ ਵਿੱਚ 3-4 ਦਿਨ ਬੱਘੀ ਉਤੇ ਸ਼ਾਮ ਨੂੰ ਸੈਰ ਕਰਨ ਜਾਵਾਂਗਾ।"

ਸਤਿਗੁਰੂ ਜੀ ਨੇ ਦਰਬਾਰਾ ਸਿੰਘ ਨੂੰ ਵਾਪਸ ਜਾਣ ਦਾ ਹੁਕਮ ਕੀਤਾ। ਬੈਠਣ ਬਾਰੇ ਦੱਸਣ ਦਾ ਮਤਲਬ ਇਹ ਵੀ ਸੀ ਕਿ ਹੋਰ ਜਿਹੜਾ ਵੀ ਆਵੇ ਉਸ ਨੂੰ ਭਟਕਣਾ ਨਾ ਪਵੇ ਸੌਖੇ ਦਰਸ਼ਨ ਹੋ ਜਾਣ।

ਬਾਬਾ ਜੀ ਵਿਛੜਨ ਦਾ ਦਰਦ ਦਿਲ ਵਿੱਚ ਲੈ ਕੇ ਨੇਤਰ ਭਰ ਕੇ, ਤੱਕ ਕੇ, ਡੁਬ ਡੁਬਾਈਆਂ ਅੱਖਾਂ ਨਾਲ, ਹਟਕੋਰੇ ਭਰਦੇ ਵਾਪਸ ਮੁੜੇ।

ਬਾਬਾ ਦਰਬਾਰਾ ਸਿੰਘ ਇੰਜ ਮੁੜਿਆ ਜਿਵੇਂ ਮੱਕੇ ਦਾ ਹਾਜੀ ਹੱਜ ਕਰਕੇ ਮੁੜਦਾ ਹੈ। ਸੱਖਣਾ ਸੱਖਣਾ ਗਿਆ ਸੀ ਭਰਿਆ ਭਰਿਆ

ਆਇਆ। ਉਹ ਗੁਰਦੁਆਰੇ ਸ੍ਰੀ ਭੈਣੀ ਸਾਹਿਬ ਗੁਰਮੁਖੀ ਬਾਣੇ ਵਿੱਚ ਪੁੱਜਾ। ਗੁਰਦੁਆਰੇ ਦੇ ਅੰਦਰ ਰਹਿੰਦੇ ਸਿੱਖ ਇਕੱਠੇ ਹੋਏ ਹੁਕਮਨਾਮਾ ਪੜ੍ਹਿਆ ਗਿਆ:-

"ਅੱਜ ਤੋ ਇਹ ਹਰੀ ਸਿੰਘ ਹੋਇਆ।
ਇਹਨੂੰ ਸਿਰ ਕਰਤਾ ਜਾਨਣਾ।
ਬਖ਼ਸ਼ ਸਕੇਗਾ ਮੇਰੇ ਧੱਕਿਆਂ ਨੂੰ ਇਹ
ਮੈਂ ਨਹੀਂ ਸਕਾਂਗਾ ਬਖ਼ਸ਼
ਇਹਦੇ ਧੱਕਿਆਂ ਨੂੰ।"

ਸੀਤਲਤਾ ਦਾ ਸ੍ਰੋਤ-ਮਾ.ਨਿਹਾਲ ਸਿੰਘ

ਸੰਗਤ ਨੇ ਹੁਕਮ ਅਨੁਸਾਰ ਮਹਰਾਜ ਬੁੱਧ ਸਿੰਘ ਨੂੰ ਤਖ਼ਤ ਚਵਰ ਦੇ ਮਾਲਕ ਸਤਿਗੁਰੂ ਹਰੀ ਸਿੰਘ ਸਵੀਕਾਰ ਕੀਤਾ ਤੇ ਨਮਸਕਾਰ ਕੀਤੀ।

ਦੀਵੇ ਦੀ ਲੋਅ ਭਾਵੇਂ ਘਟ ਸੀ ਪਰ ਸਿੱਖਾਂ ਦੇ ਚਿਹਰੇ ਦੀ ਖ਼ੁਸ਼ੀ ਪੜ੍ਹੀ ਜਾ ਸਕਦੀ ਸੀ। ਇਹ ਖ਼ੁਸ਼ੀ ਤਿੰਨ ਸਾਲਾਂ ਬਾਅਦ ਜਨਵਰੀ 1875 ਈ. ਵਿੱਚ ਨਸੀਬ ਹੋਈ ਸੀ। ਇਹ ਖ਼ੁਸ਼ੀ ਕੰਨੋ ਕੰਨ, ਦਰਸ਼ਨ ਕਰਨ ਆਏ ਸਿੱਖਾਂ ਰਾਹੀਂ ਸਾਰੇ ਪੰਜਾਬ ਦੇ ਨਾਮਧਾਰੀ ਸਿੱਖਾਂ ਦੇ ਕੰਨਾਂ ਵਿੱਚ ਮਿਸ਼ਰੀ ਘੋਲਣ ਲੱਗੀ। ਪਰ ਉਹ ਸਰਕਾਰ ਤੋਂ ਡਰਦੇ ਅਜੇ ਵੀ ਹਰ ਇੱਕ ਸਾਹਮਣੇ ਗੱਲ ਨਹੀਂ ਸਨ ਕਰਦੇ। ਉਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਥਹੁ-ਠਿਕਾਣਾ ਪਤਾ ਲੱਗਣ ਦੀ ਵੀ ਖ਼ੁਸ਼ੀ ਸੀ। ਇਹ ਖ਼ੁਸ਼ੀ ਕਿਉਂ ਸੀ, ਇਸ ਬਾਰੇ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਲਿਖਿਆ ਹੈ:

ਭਾਰਤ ਦੇ ਅਧਿਆਤਮਕ ਸਾਹਿਤ ਵਿੱਚ ਮਹਾਂ-ਪੁਰਸ਼ਾਂ, ਭਗਤਾਂ, ਦਰਵੇਸ਼ਾਂ ਅਤੇ ਗੁਰੂਆਂ ਦੇ ਦਰਸ਼ਨ ਦਾ ਬਹੁਤ ਮਹਾਤਮ ਦੱਸਿਆ ਗਿਆ ਹੈ। ਦਰਸ਼ਨ ਕਰਨ ਨਾਲ ਦਰਸ਼ਨਾਰਥੀਆਂ ਦੇ ਹਿਰਦੇ ਨੂੰ ਅਥਾਹ ਸ਼ਾਂਤੀ ਮਿਲਦੀ ਹੈ ਅਤੇ ਆਤਮਕ ਵਿਸ਼ਵਾਸ ਅਨੁਸਾਰ ਜਨਮਾਂ-ਜਨਮਾਂਤਰਾਂ ਦੇ ਪਾਪ ਸੰਤਾਪ ਕੱਟੇ ਜਾਂਦੇ ਹਨ। ਸੋ ਬਾਬਾ ਦਰਬਾਰਾ ਸਿੰਘ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਜਾ ਕੇ ਦਰਸ਼ਨ ਕਰਨ ਦੀ ਖਿੱਚ ਹੋਰ ਵੀ ਪ੍ਰਬਲ ਹੋ ਗਈ। -ਤਵਾਰੀਖ਼ ਸੰਤ ਖ਼ਾਲਸਾ

ਸਤਿਗੁਰੂ ਜੀ ਵਾਲੇ ਬੰਗਲੇ ਵਿੱਚ 1858 ਤੋਂ 1862 ਤੱਕ ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜਫਰ ਰਿਹਾ ਸੀ। ਉਸ ਦੇ ਫੌਤ ਹੋ ਜਾਣ ਬਾਅਦ 1866 ਈ. ਤੱਕ ਉਸਦੀ ਬੇਗਮ ਜ਼ੀਨਤ ਮਹਿਲ, ਆਪਣੇ ਫਰਜ਼ੰਦਾਂ ਨਾਲ ਰਹੀ, ਬੰਗਲੇ ਤੋਂ ਵਾਇਲਜ਼ ਰੋਡ ਵਲ ਮੂੰਹ ਕਰਿਆਂ ਬੰਗਲੇ

ਦੇ ਸੱਜੇ ਹੱਥ (ਦੱਖਣ ਦਿਸ਼ਾ ਵਲ) ਕੁਝ ਦੂਰ ਜ਼ਫ਼ਰ ਨੂੰ ਦਫਨਾ ਦਿੱਤਾ ਗਿਆ ਸੀ। ਜ਼ੀਨਤ ਮਹਿਲ ਨੇ ਉਸ ਦੀ ਮਜ਼ਾਰ ਦੇ ਨੇੜੇ ਮਕਾਨ ਲੈ ਲਿਆ। ਬੰਗਲੇ ਵਾਲੀ ਥਾਂ ਛਾਉਣੀ ਇਲਾਕੇ ਦਾ ਡਾਕਘਰ ਬਣਾਇਆ ਗਿਆ। 1872 ਵਿੱਚ ਉਹ ਥਾਂ ਖ਼ਾਲੀ ਕਰਵਾ ਕੇ ਉਸ ਨੂੰ ਬਣਾ ਸਵਾਰ ਕੇ ਸਤਿਗੁਰੂ ਜੀ ਦੀ ਰਿਹਾਇਸ਼ਗਾਹ ਬਣਾਈ ਗਈ।

ਜਸਵਿੰਦਰ ਸਿੰਘ ਨੇ ਇਸ ਬੰਗਲੇ ਦਾ ਨਕਸ਼ਾ ਇੰਜ ਖਿੱਚਿਆ ਹੈ:-

ਵਾਇਲਜ਼ ਰੋਡ (ਹੁਣ ਇਸ ਸੜਕ ਦਾ ਨਾਂ ਊ-ਵਿਜ਼ਾਰਾ ਰੋਡ ਹੈ) ਤੇ ਸਥਿਤ ਇਹ ਬੰਗਲਾ 44 ਫੁਟ ਲੰਮਾ ਅਤੇ ਇੰਨਾਂ ਹੀ ਚੌੜਾ ਸੀ, ਜਿਸ ਵਿੱਚ ਚਾਰ ਵੱਡੇ ਕਮਰੇ, ਇਕ ਗੁਸਲਖ਼ਾਨਾ ਅਤੇ ਰਸੋਈ ਸੀ। ਸੜਕ ਵਾਲੇ ਪਾਸੇ ਪੱਛਮ ਦਿਸ਼ਾ ਨੂੰ ਇਸ ਬੰਗਲੇ ਦਾ ਮੂੰਹ ਸੀ ਪਰ ਆਉਣ ਜਾਣ ਲਈ ਗੇਟ ਸੜਕ ਵੱਲ ਨਾ ਹੋ ਕੇ ਦੱਖਣ ਵੱਲ ਨੂੰ ਖੁੱਲ੍ਹਦਾ ਸੀ ਜਿਸ ਪਾਸੇ ਸੰਤਰੀ ਰਹਿੰਦੇ ਸਨ। ਇਹਨਾਂ ਨੂੰ ਮੇਨ ਗਾਰਡ ਕਿਹਾ ਜਾਂਦਾ ਸੀ। ਗੇਟ ਦੇ ਨਾਲ ਖੂਹੀ ਸੀ ਜੋ ਸਰਕਾਰ ਨੇ ਲਗਪਗ ਛੇ ਸੌ ਰੁਪਏ ਖ਼ਰਚ ਕਰਕੇ ਉਚੇਚੇ ਤੌਰ ਤੇ ਸਤਿਗੁਰੂ ਜੀ ਲਈ ਲੁਆਈ ਸੀ।

ਬੰਗਲੇ ਦੇ ਚਾਰ ਚੁਫੇਰੇ ਲਗਪਗ ਸਤਾਈ ਸਤਾਈ ਫੁੱਟ ਥਾਂ ਛੱਡ ਕੇ ਸੁਰੱਖਿਆ ਲਈ 8 ਫੁਟ 6 ਇੰਚ ਉੱਚਾ ਜੰਗਲਾ ਲੱਗਾ ਹੋਇਆ ਸੀ ਅਤੇ ਜੰਗਲੇ ਤੋਂ ਅਗੇ 5 ਫੁਟ ਚੌੜੀ ਖਾਈ ਸੀ। ਖਾਈ ਤੋਂ ਬਾਹਰ ਪਹਿਰੇ ਲਈ ਸੰਤਰੀਆਂ ਦੇ ਤੁਰਨ ਫਿਰਨ ਲਈ ਥੋੜ੍ਹੀ ਥਾਂ ਛੱਡ ਕੇ ਚਾਰੇ ਪਾਸੇ ਉੱਚੀ ਕੰਧ ਕੀਤੀ ਹੋਈ ਸੀ ਜਿਸ ਦੇ ਚਾਰਾਂ ਕੋਨਿਆਂ ਵਿੱਚ ਸੰਤਰੀਆਂ ਦੀਆਂ ਹੱਟਾਂ (Huts) ਬਣੀਆਂ ਹੋਈਆਂ ਸਨ। ਬੰਗਲੇ ਦੇ ਖੱਬੇ ਪਾਸੇ ਉੱਤਰ ਦਿਸ਼ਾ ਵਿੱਚ ਇਕ ਛੋਟੀ ਸੜਕ ਸੀ ਜਿਸ ਨੂੰ ਬਜ਼ਾਰ ਰੋਡ ਆਖਦੇ ਹਨ।

-ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ।

ਸਤਿਗੁਰੂ ਜੀ ਨੂੰ ਇੱਕ ਦੁਧਾਰੂ ਗਾਂ ਵੀ ਮਿਲੀ ਹੋਈ ਸੀ। ਖੁਰਾਕ ਵਿੱਚ ਚੌਲ, ਸਬਜ਼ੀ, ਲੂਣ, ਤੇਲ, ਦਾਲ, ਆਟਾ, ਘਿਉ, ਖੰਡ, ਸ਼ੱਕਰ, ਕਾਲੀ ਮਿਰਚ, ਮਿਸਰੀ, ਇਲਾਇਚੀ, ਗਰਮ ਮਸਾਲਾ, ਬਦਾਮ ਆਦਿ ਸਭ ਕੁਝ ਰੋਜ਼ਾਨਾ ਦਿੱਤਾ ਜਾਂਦਾ ਸੀ। ਸੰਨ 1873 ਦਾ ਔਸਤ ਖਰਚਾ 31 ਰੁਪਏ 1 ਆਨਾ ਤੇ ਚਾਰ ਪਾਈ, ਪ੍ਰਤੀ ਮਹੀਨਾ ਸੀ। ਹੋਰ ਵੀ ਕਹਿਣ ਅਨੁਸਾਰ ਮਿਲਦਾ ਸੀ।

ਪਰ ਕਰੜਾਈ ਬਹੁਤ ਸੀ। ਚੌਵੀ ਘੰਟੇ ਦਾ ਪਹਿਰਾ ਸੀ। ਸਿੱਖਾਂ ਨੇ ਮਿਲਣ ਦੇ ਮਨਸੂਬੇ ਬਣਾ ਲਏ ਸਨ। ਹਰਨਾਮ ਸਿੰਘ ਤੇ ਉਸਦੀ ਪਤਨੀ

ਚੰਦੋ ਨੇ ਦਸੰਬਰ 1874 ਵਿੱਚ ਅਰਜ਼ੀ ਦਿੱਤੀ ਕਿ ਉਹਨਾਂ ਨੂੰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦਿਦਾਰ ਕਰਨ ਦੀ ਇਜਾਜ਼ਤ ਮਿਲੇ। ਉਹਨਾਂ ਨੂੰ ਰੰਗੂਨ ਜਾ ਕੇ ਦਰਸ਼ਨ ਕਰਨ ਦੀ ਇਜਾਜ਼ਤ ਮਿਲ ਗਈ। ਉਹਨਾਂ ਨੇ ਚਾਈਂ ਚਾਈਂ, ਸਤਿਗੁਰੂ ਜੀ ਨੂੰ ਮਿਲਣ ਜਾਣ ਸਮੇਂ ਮੱਥਾ ਟੇਕਣ ਲਈ 300 ਰੁਪਏ, ਮਣਕਿਆਂ ਦੀ ਮਾਲਾ, ਉਹਨਾਂ ਦੇ ਚਰਨਾਂ ਲਈ ਜੋੜਾ ਤੇ ਹੋਰ ਬਹੁਤ ਕੁਝ ਪੱਲੇ ਬੰਨ੍ਹ ਲਿਆ ਤੇ ਰੰਗਨ ਪਹੁੰਚੇ। ਉਹ ਮਾਰਚ 1875 ਵਿੱਚ ਭਾਣਾ (ਫਰੀਦਕੋਟੋਂ) ਚੱਲੇ ਸਨ। ਗੱਡੀ ਰਾਹੀਂ ਕਲਕੱਤਾ ਤੇ ਫੇਰ ਸਮੁੰਦਰੀ ਜਹਾਜ਼ ਜਾਂ ਸਟੀਮਰ। 16 ਅਪਰੈਲ 1875 ਨੂੰ ਉਹਨਾਂ ਨੇ ਚੀਫ ਕਮਿਸ਼ਨਰ ਨੂੰ ਅਰਜ਼ੀ ਦਿੱਤੀ ਤੇ ਪੰਜਾਬ ਸਰਕਾਰ ਦੀ ਪ੍ਰਵਾਨਗੀ ਵਿਖਾਈ। ਅਧਿਕਾਰੀਆਂ ਨੇ ਦਰਸ਼ਨ ਕਰਵਾਉਣ ਦੀ ਥਾਂ ਦੋਹਾਂ ਨੂੰ ਹਿਰਾਸਤ ਵਿੱਚ ਲੈ ਲਿਆ। 25 ਅਪਰੈਲ, 1875 ਈ. ਨੂੰ ਦੋਹਾਂ ਨੂੰ ਇੱਕ ਸਿਪਾਹੀ ਮੁਹੰਮਦ ਸਾਹਿਬ ਦੀ ਨਿਗਰਾਨੀ ਹੇਠ, ਸਟੀਮਰ ਵਿੱਚ ਬਿਠਾ ਕੇ ਕਲਕੱਤੇ ਮੋੜ ਲਿਆਂਦਾ।

ਉਹਨਾਂ ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰੂ ਹਰੀ ਸਿੰਘ ਜੀ ਨੂੰ ਆਪਣੀ ਖ਼ੱਜਲ ਖੁਆਰੀ ਤੇ ਪਰੇਸ਼ਾਨੀਆਂ ਭਰੀ ਵਾਰਤਾ ਸੁਣਾਈ। ਇਹ ਸਾਫ਼ ਹੋ ਗਿਆ ਕਿ ਸਰਕਾਰ ਦੇ ਇਜਾਜ਼ਤ ਦੇਣ ਦੇ ਵੀ ਕੋਈ ਅਰਥ ਨਹੀਂ ਸੀ। ਸਤਿਗੁਰੂ ਜੀ ਨੇ ਇਸਦਾ ਬਦਲ ਲੱਭ ਲਿਆ। ਹੁਣ ਤਾਂ ਭੇਸ ਬਦਲ ਕੇ ਨੀਤੀ ਵਰਤ ਕੇ ਹੀ ਜਾਇਆ ਜਾ ਸਕਦਾ ਸੀ।

ਸਤਿਗੁਰੂ ਜੀ ਦਾ ਇਹ ਵੀ ਹੁਕਮ ਸੀ ਕਿ ਅਮਾਨਤਾਂ ਮੋੜ ਦਿਤੀਆਂ ਜਾਣ। ਸੰਤ ਸੰਤੋਖ ਸਿੰਘ ਅਨੁਸਾਰ:-

"ਜੇਹੜਾ ਸਤਿਗੁਰੂ ਜੀ ਬਚਨ ਕੀਤਾ ਸੀ ਕਿ ਧਰੋਹਰਾਂ ਮੋੜ ਦਿਓ ਗੁਰੂ ਹਰੀ ਸਿੰਘ ਜੀ ਨੇ ਸਭ ਕੋ ਸੱਦ ਕੇ ਗਹਿਣੇ ਮੋੜ ਦੀਏ। ਉਤਮ ਸਿੰਘ ਰਾਇਪੁਰ ਵਾਲੇ ਦੀ ਧੀ ਦੇ ਗਹਿਣੇ ਸੇ ਗੁਰੂ ਜੀ ਨੇ ਸਦ ਕੇ ਸਾਰੇ ਗਹਿਣੇ ਅਗੇ ਰੱਖੇ ਤੇ ਬਚਨ ਕੀਤਾ ਜੇੜੇ ਤੇਰੇ ਹੈਨ ਚੁਣ ਲੈ, ਉਸ ਨੇ ਚੁੱਕ ਲਏ। ਪੰਜ ਕੁ ਸੌ ਰਾਈਆਂ ਵਾਲਿਆਂ ਦਾ ਸੀ ਸੋ ਲੈ ਗਏ। ਇੱਕ ਮਾਈ ਨਿਰਮਲਿਆਂ ਬਿੱਚੋਂ ਆਈ ਸੀ, ਨਾਮ ਮਤਾਬੋ ਸੀ। ਉਸ ਦੇ ਗਹਿਣੇ ਸੀ. ਉਸਨੇ ਭੀ ਲੈ ਲਏ। ਪਿੰਡ ਬਿਚੋਂ ਭੀ ਲੈ ਗਏ। ਜਿਸ ਜਿਸ ਦੀ ਧਰੋਹਰ ਧਰੀ ਹੋਈ ਸੀ ਸੋ ਸਭ ਲੈ ਗਏ ਅਰ ਦੇਨਾ ਕਿਸੇ ਨਾ ਦਿੱਤਾ। ਗੁਰੂ ਮਹਾਰਾਜ ਜੀ ਜਿਸ ਥੀ ਮੰਗਨਾ ਸੋਈ ਕਹਿ ਦੇਵੇ, ਜੀ ਮੈਂ ਤਾਂ ਦੇ ਦਿੱਤਾ ਸੀ ਨਾਮਾ ਨਹੀਂ ਉਤਾਰਿਆ ਹੋਣਾ। ਸਭ ਮੁਕਰ ਗਏ।"

-ਸਤਿਗੁਰੂ ਬਿਲਾਸ ਭਾਗ ਦੂਜਾ

ਫਲੌਰ ਦਾ ਨਰਾਇਣ ਸਿੰਘ ਉਰਦੂ ਫਾਰਸੀ ਜਾਣਦਾ ਸੀ। ਉਹ ਕੁੱਲੇ ਵਾਲੀ ਟੋਪੀ, ਲੁੰਗੀ, ਪਠਾਣੀ ਤੰਬਾ ਬੰਨ੍ਹ ਕੇ ਹਿੰਗ, ਜ਼ੀਰਾ, ਕਾਲੀ-ਮਿਰਚ ਵੇਚਣ ਵਾਲਾ ਬਣ ਕੇ ਗਿਆ ਤੇ ਦਰਸ਼ਨ ਕਰਕੇ ਹੁਕਮਨਾਮਾ ਲੈ ਮੁੜਿਆ। ਅੰਮ੍ਰਿਤਸਰ ਦਾ ਸੱਦਾ ਸਿੰਘ ਮੱਥੇ ਤਿਲਕ ਸੰਧੂਰੀ ਲਾ, ਤਿਲ-ਚੌਲ ਜੜ ਗੰਗਾ ਦਾ ਪਾਂਡਾ ਬਣ ਗਿਆ। ਉਹ ਬਰ੍ਹਮੀਆਂ ਦੇ ਟੇਵੇ ਤੇ ਜੋਤਸ਼ ਲਾਉਣ ਲੱਗਾ।

ਭਗਵਾਨ ਸਿੰਘ ਅੜਬੰਗੀ ਭੇਸ ਬਦਲ ਕੇ, ਨਾਂ ਬਦਲ ਕੇ ਮਿੱਤਰ ਮਾਹੀ ਦੇ ਦਰਸ਼ਨ-ਦਿਦਾਰ ਕਰ ਆਇਆ। ਸਿੰਘਾਂ ਦਾ ਝਾਕਾ ਤੇ ਰਾਹ ਖੁੱਲ੍ਹ ਗਿਆ। ਇੱਕ ਆਉਂਦਾ ਸਤਿਗੁਰੂ ਹਰੀ ਸਿੰਘ ਨੂੰ ਹੁਕਮਨਾਮਾ ਦੇਂਦਾ ਤੇ ਜ਼ਬਾਨੀ ਜੇ ਕੋਈ ਬਚਨ ਹੁੰਦਾ ਤਾਂ ਦਸ ਦੇਂਦਾ ਅਤੇ ਖ਼ੁਸ਼ੀਆਂ ਝੋਲੀ ਪੁਆ ਕੇ ਘਰ ਜਾਂਦਾ। ਸਿੰਘ ਸਮਝਦੇ ਸਨ ਕਿ ਉਹ ਚੌਥੇ ਪਾਤਸ਼ਾਹ ਦੀ ਲਿਖੀ ਬਾਣੀ ਨੂੰ ਇਤਿਹਾਸ ਵਿੱਚ ਪਹਿਲੀ ਵਾਰ ਸਾਰਥਕ ਕਰ ਰਹੇ ਸਨ:-

**ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥**
**ਸਮੁੰਦੁ ਸਾਗਰੁ ਹੋਵੈ ਬਹੁ ਖਾਰਾ**
**ਗੁਰਸਿਖੁ ਲੰਘਿ ਗੁਰ ਪਹਿ ਜਾਈ॥ -ਸੂਹੀ ਮਹਲਾ 4**

ਪਹਿਲਾਂ ਸਿੱਖਾਂ ਦਾ ਖਾਰੇ ਸਾਗਰ ਪਾਰ ਕਰਕੇ ਕਿਸੇ ਗੁਰੂ ਦੇ ਦਰਸ਼ਨ ਕਰਨ ਜਾਣ ਦਾ ਹਵਾਲਾ ਨਹੀਂ ਮਿਲਦਾ। ਐਸੇ ਸ਼ਰਧਾਵਾਨ ਤੇ ਧੁਨ ਦੇ ਪੱਕੇ ਤਾਂ ਮੌਤ ਦੇ ਫਰਿਸ਼ਤੇ ਦੀ ਵੀ ਪਰਵਾਹ ਨਹੀਂ ਸਨ ਕਰਦੇ। ਉਹਨਾਂ ਉੱਤੇ ਇਹ ਦੋਹਿਰਾ ਬੜਾ ਢੁਕਦਾ ਹੈ:

*ਨਾਗਾਂ ਵਾੜ ਸਮੁੰਦ ਘਰ ਕੇਹਰ ਖੜੇ ਬੁਕੰਨ।*
*ਜੇ ਜਮ ਹੋਵੇ ਪਾਹਰੂ ਪ੍ਰੇਮੀ ਜਾਣੇ ਮਿਲੰਨ।*

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਭਾਵੇਂ 1872 ਤੋਂ ਅਖੰਡ-ਪਾਠ ਕਰਵਾ ਰਹੇ ਸਨ ਪਰ ਆਪ ਨੇ, ਸਤਿਗੁਰੂ ਰਾਮ ਸਿੰਘ ਵਲੋਂ ਪ੍ਰਮਾਣਿਤ ਤੇ ਪ੍ਰਾਪਤ ਵਿਧੀ ਅਨੁਸਾਰ 1875 ਈ. ਤੋਂ ਅਖੰਡ-ਪਾਠ ਸ਼ੁਰੂ ਕਰਵਾ ਦਿੱਤੇ। ਪਾਠ ਛੇਤੀ ਤੋਂ ਛੇਤੀ ਅਤੇ ਮਰਯਾਦਾ ਅਨੁਸਾਰ ਕਰਨੇ ਸਨ ਸੋ ਧੂਪ, ਦੀਪ, ਕੁੰਭ, ਸਮਗਰੀ, ਧੂਪੀਏ, ਸਹਿਤ ਅਖੰਡ-ਪਾਠ ਗੁਰੂ ਹਰੀ ਸਿੰਘ ਨੇ ਕਰਵਾਏ।

ਆਪ ਨੇ 1875 ਈ. ਵਿੱਚ 101 ਅਤੇ 1876 ਈ. ਵਿੱਚ ਵੀ 101 ਅਖੰਡ ਪਾਠ ਕਰਵਾਏ। ਉਂਜ ਪਾਠ ਤੁਰੇ ਰਹਿੰਦੇ ਸਨ।

ਆਪ ਨੇ ਅਰਦਾਸ ਦਾ ਮਿਆਰੀਕਰਨ ਕੀਤਾ। ਪਹਿਲਾਂ ਕੋਣ
ਪਾਤਸ਼ਾਹੀ ਦਸ, ਕੋਈ ਗਿਆਰਾਂ, ਕਹਿ ਅਰਦਾਸ ਕਰਦਾ ਸੀ। ਆਪ ਨੇ
ਪਾਤਸ਼ਾਹੀ ਬਾਰਵੀਂ ਕਹਿ ਅਰਦਾਸ ਸ਼ੁਰੂ ਕਰਵਾਈ। ਅਰਦਾਸ:

ੴ ਵਾਹਿਗੁਰੂ ਜੀ ਕੀ ਫਤੇ
ਸ੍ਰੀ ਭਗਉਤੀ ਜੀ ਸਹਾਇ
ਪਾਤਸ਼ਾਹੀ 12

ਨਾਲ ਸ਼ੁਰੂ ਕਰਨ, ਚੰਡੀ ਦੀ ਵਾਰ ਦੀ ਪਹਿਲੀ ਪਉੜੀ ਤੋਂ ਬਾਅਦ
ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਭ ਥਾਈਂ ਹੋਏ ਸਹਾਇ
ਸਤਿਗੁਰੂ ਬਾਲਕ ਸਿੰਘ ਜੀ ਸਿਮਰੀਐ ਜਿਨ ਮਾਰਗ ਦੀਆ ਬਤਾਇ
ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਨ ਜਮ ਤੋਂ ਲੀਅ
ਛੁਡਾਇ ਅਨੁਸਾਰ ਕਰਕੇ ਅੱਗੇ ਅਰਦਾਸ ਕਰਨ ਦਾ ਹੁਕਮ ਕੀਤਾ।

ਅਰਦਾਸ ਵਿੱਚ ਸਤਿਗੁਰੂ ਹਰੀ ਸਿੰਘ ਦਾ ਨਾਂ ਸਤਿਗੁਰੂ ਪ੍ਰਤਾਪ
ਸਿੰਘ ਜੀ ਦੇ ਹੁਕਮ ਅਨੁਸਾਰ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨ
ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਲਿਆ ਜਾਂਦਾ ਹੈ
ਵਰਤਮਾਨ ਸਤਿਗੁਰੂ ਜੀ ਦੀ ਗ਼ੈਰ-ਹਾਜ਼ਰੀ ਵਿੱਚ ਉਹਨਾਂ ਦਾ ਨਾਂ ਵ
ਲਿਆ ਜਾਂਦਾ ਹੈ, ਮੌਜੂਦਗੀ ਵਿੱਚ ਨਹੀਂ।

ਭਗਉਤੀ ਦੀ ਮਾਲਾ ਫੇਰਨ ਸਮੇਂ ਵਰਤਮਾਨ ਸਤਿਗੁਰੂ ਜੀ, ਤੱਕ ਨ
ਲਏ ਜਾਂਦੇ ਹਨ।

ਆਪ ਨੇ ਹਵਨ ਦੀਆਂ ਪੰਜ ਬਾਣੀਆਂ ਵਿੱਚ ਦੋ ਹੋਰ ਬਾਣੀਆਂ ਚੰਡ
ਦੀ ਵਾਰ ਤੇ ਉਗ੍ਰਦੰਤੀ ਦਾ ਪਾਠ ਕਰਨ ਦਾ ਹੁਕਮ ਕੀਤਾ।

ਮੁਖਬਰ ਤਾਂ ਪਾਠਾਂ ਦੀ ਵੀ ਚੁਗਲੀ ਲਾਉਂਦੇ ਸਨ। ਇੱਕ ਵਾ
ਗੁਰਦਿੱਤ ਸਿੰਘ ਮਹੰਤ ਸਪੁਤਰ ਸੰਤ ਮਸਾ ਸਿੰਘ ਮੋਰੋਂ ਜ਼ਿਲ੍ਹਾ ਜਲੰਧਰ
ਰਾਘੋ ਸਿੰਘ ਲਾਂਗਰੀ ਸਪੁਤਰ ਬਦਨ ਸਿੰਘ ਤੇ ਨਰਾਇਣ ਸਿੰ
ਸਿਆੜ੍ਹੀਆ ਸਪੁੱਤਰ ਸੰਤ ਧਰਮ ਸਿੰਘ ਪਿੰਡ ਗੰਗੋਰ ਰਿਆਸ
ਪਟਿਆਲਾ ਨੇ ਸੰਕਲਪ ਕਰਕੇ ਪੰਜ ਅਖੰਡ-ਪਾਠ ਰਖਵਾਏ। ਮੁਖ਼ਬ
ਪੁਲਿਸ ਸੁਪਰਿੰਟੈਂਡੈਂਟ ਜੇ. ਪੀ. ਬਾਰਬਟਨ ਨੂੰ ਲੁਧਿਆਣਿਓਂ ਮੌਕਾ ਦਿਖਾ
ਲਈ ਲੈ ਆਏ। ਸਤਿਗੁਰੂ ਜੀ ਨੂੰ ਉਹਨਾਂ ਦੀ ਦੁਰਭਾਵਨਾ ਦਾ ਪਤਾ ਸ
ਸੋ ਉਹਨਾਂ ਚੁਬਾਰੇ ਵਿੱਚ ਵੀ ਬੀੜ ਦਾ ਪ੍ਰਕਾਸ਼ ਕਰਵਾਇਆ ਹੋਇਆ
ਸੀ। ਜਦੋ ਬਾਰਬਟਨ ਆਉਣ ਦਾ ਪਤਾ ਲੱਗਾ ਉਹਨਾਂ ਪਾਠ ਦੀ ਤੁ
ਉੱਚੀ ਬੋਲ ਹੇਠਾਂ ਜਿੱਥੇ ਪਾਠ ਰੱਖਿਆ ਸੀ ਛੱਡ ਦਿੱਤੀ ਤੇ ਚੁਬਾਰੇ ਵਿੱ

ਤਾਬਿਆ ਬੈਠੇ ਪਾਠੀ ਨੇ ਪਾਠ ਅੱਗੋਂ ਜਾਰੀ ਰੱਖਿਆ। ਹੇਠਾਂ ਬੀੜ ਸੰਤੋਖ ਦਿੱਤੀ, ਉੱਤੇ ਰੁਮਾਲਾ ਪਾ ਦਿੱਤਾ। ਜੋਤ, ਹਵਨ ਬੁਝਾ ਦਿੱਤਾ। ਉਹ ਰੰਗੇ ਹੱਥੀਂ ਫੜਨ ਆਏ ਸਨ, ਸ਼ਰਮਿੰਦੇ ਹੋ ਕੇ ਗਏ।

ਗਾਰਦ ਦੀ ਹੇਠੀ ਹੋਈ। ਉਹਨਾਂ ਗੁੱਸੇ ਵਿੱਚ ਆ ਕੇ ਸਖ਼ਤੀ ਵਧਾ ਦਿੱਤੀ। ਉਹ ਬਾਹਰ ਦੂਰ ਸਤਿਗੁਰੂ ਜੀ ਦੇ ਦਰਸ਼ਨ ਲਈ ਵਾਰੀ ਦੀ ਉਡੀਕ ਵਿੱਚ ਬੈਠੇ ਸਿੰਘਾਂ ਲਈ ਪਰਸ਼ਾਦਾ-ਪਾਣੀ ਨਾ ਲੈ ਜਾਣ ਦੇਂਦੇ। ਡੇਰੇ ਦੇ ਸਿੰਘ ਫਿਰ ਵੀ ਝਕਾਨੀ ਦੇ ਕੇ ਲੈ ਜਾਂਦੇ।

ਇੱਕ ਵਾਰ ਰਾਗਾ ਸਿੰਘ ਸ਼ਰਦਾਈ ਦਾ ਗੜ੍ਹਵਾ ਲੈ ਜਾ ਰਿਹਾ ਸੀ। ਮਗਰ ਕਾਣਾ ਹਵਾਲਦਾਰ ਲੱਗ ਗਿਆ। ਰਾਗਾ ਸਿੰਘ ਚੀਤਾ ਭਜਾਉਣ (ਪਿਸ਼ਾਬ ਕਰਨ) ਦਾ ਬਹਾਨਾ ਬਣਾ ਕੇ ਬੈਠ ਗਿਆ। ਹਵਾਲਦਾਰ ਮੁੜ ਗਿਆ ਤਾਂ ਉਸ ਨੇ ਸਿੰਘਾਂ ਨੂੰ ਜਾ ਕੇ ਸ਼ਰਦਾਈ ਦਿੱਤੀ। ਇੰਜ ਹੀ ਪੁਲਸੀਆਂ ਦੀ ਅੱਖ ਬਚਾ ਕੇ ਪਰਸ਼ਾਦੇ ਪਹੁੰਚਾ ਦੇਂਦੇ ਸਨ।

ਇੱਕ ਵਾਰ ਰਾਗਾ ਸਿੰਘ ਆਸਣ ਕੱਛੇ ਲਪੇਟ ਕੇ ਤੁਰਿਆ। ਪੁਲਿਸ ਨੇ ਪ੍ਰਸ਼ਾਦੇ ਲਈ ਜਾਂਦਾ ਸਮਝਕੇ ਤਲਾਸ਼ੀ ਲਈ ਤਾਂ ਸ਼ਰਮਿੰਦੇ ਹੋਏ।

ਸਤਿਗੁਰੂ ਜੀ ਦੇ ਮਾਮੇ ਦੀ ਨੂੰਹ ਭੋਲੀ ਇੱਕ ਸ਼ਾਮ ਨੂੰ ਮੰਗਤੀ ਬਣ ਕੇ ਪਰਸ਼ਾਦਾ ਮੰਗਣ ਆਈ ਤਾਂ ਬੀਬੀ ਭਾਗੋ ਨੇ ਪਛਾਣਿਆ ਨਾ, ਉਸ ਦੇ ਦੱਸਿਆਂ ਹੀ ਪਤਾ ਲੱਗਾ।

ਮਾਈ ਅਤਰੀ ਮਾਈਸਰਖਾਨੇ ਵਾਲੀ ਵੀ ਭੇਸ ਬਦਲ ਕੇ ਕਿਸੇ ਸਰਦਾਰ ਦੀ ਰਾਣੀ ਬਣ ਕੇ ਰੱਥ ਉੱਤੇ ਦਰਸ਼ਨ ਕਰਨ ਆਈ ਸੀ। ਸਿਪਾਹੀ ਸ਼ੱਕ ਵਿੱਚ ਲੁਧਿਆਣੇ ਲੈ ਗਏ। ਉਹਨਾਂ ਉਸ ਨੂੰ ਜੇ. ਪੀ. ਬਾਰਬਟਨ ਸੁਪਰਿੰਟੈਂਡੈਂਟ ਪੁਲਿਸ ਦੇ ਪੇਸ਼ ਕੀਤਾ। ਉਸਨੇ ਪਛਾਣ ਲਿਆ ਤੇ ਵੀਹ ਦਿਨ ਹਵਾਲਾਤ ਵਿੱਚ ਰੱਖਿਆ। ਸਤਿਗੁਰੂ ਹਰੀ ਸਿੰਘ ਜੀ ਨੂੰ ਪਤਾ ਲੱਗਾ ਤਾਂ ਬੜਾ ਮਹਿਸੂਸ ਹੋਇਆ। ਉਹ ਮਾਈ ਅਤਰੀ ਦਾ ਆਦਰ ਕਰਦੇ ਸਨ। ਮਾਈ ਜੀ ਦੇ ਪਿਤਾ ਨੇ ਮਾਤਾ ਜੱਸਾਂ ਦੇ ਗੁਜ਼ਰਨ ਬਾਅਦ ਉਸ ਨੂੰ ਸਤਿਗੁਰੂ ਜੀ ਦੇ ਮਹਿਲ ਬਣਾਉਣ ਦੀ ਇੱਛਾ ਪ੍ਰਗਟ ਕੀਤੀ ਸੀ। ਏਸੇ ਕਰਕੇ ਮਾਈ ਨੇ ਅਨੰਦ ਨਹੀਂ ਸੀ ਕਰਵਾਇਆ। ਸੋ ਹੋਰ ਸਿੱਖ ਵੀ ਉਸ ਦਾ ਸਤਿਕਾਰ ਕਰਦੇ ਸਨ ਪਰ ਪੁਲਿਸ ਤਾਂ ਦੁੱਖ ਤਕਲੀਫ਼ ਦੇਣ ਲਈ ਸੀ।

ਸਿੰਘ ਹਨੇਰੇ ਸਵੇਰੇ, ਗਾਰਦ ਤੋਂ ਚੋਰੀ ਦਰਸ਼ਨ ਕਰਨ ਆ ਜਾਂਦੇ ਸਨ। ਉਹ ਛੋਟੀ ਕਟਾਣੀ ਵੀ ਰਹਿੰਦੇ ਸਨ। ਸਤਿਗੁਰੂ ਜੀ ਦੇ ਸ਼ਾਂਤ

ਸੁਭਾਅ ਕਰਕੇ ਸਰਕਾਰ ਉਹਨਾਂ ਨੂੰ ਆਪਣੇ ਸਾਮਰਾਜ ਲਈ ਬਹੁਤਾ ਖ਼ਤਰਨਾਕ ਨਹੀਂ ਸੀ ਸਮਝਦੀ। ਇੱਕ ਵਾਰ ਪੰਜਾਬ ਦਾ ਲੈਫਟੀਨੈਂਟ ਗਵਰਨਰ ਆਇਆ, ਉਹ ਵੀ ਆਪ ਤੋਂ ਪ੍ਰਭਾਵਿਤ ਹੋ ਕੇ ਗਿਆ।

ਅਖੰਡ-ਪਾਠਾਂ ਦੀ ਲੜੀ ਤੇ ਲੰਗਰ ਪ੍ਰਸ਼ਾਦਾ ਚੱਲਦਾ ਸੀ, ਲਗਾਤਾਰ ਖ਼ਰਚ ਸੀ। ਜਦ ਮਾਇਆ ਦੀ ਥੁੜ ਮਹਿਸੂਸ ਹੋਣ ਲੱਗੀ ਤਾਂ ਸਤਿਗੁਰੂ ਰਾਮ ਸਿੰਘ ਜੀ ਦਾ ਤਬੇਲੇ ਵਿੱਚ ਦੱਬਿਆ 6000 ਰੁਪਈਆ ਕੱਢ ਕੇ ਵਰਤਿਆ ਜਾਣ ਲੱਗਾ। ਇਸ ਦੇ ਦੱਬੇ ਹੋਣ ਦਾ ਬਾਬਾ ਦਰਬਾਰਾ ਸਿੰਘ ਤੇ ਮਹੰਤ ਗੁਰਦਿਤ ਸਿੰਘ ਨੂੰ ਪਤਾ ਸੀ। ਮਾਇਆ ਦੀ ਲੋੜ ਦੇ ਬਾਰੇ ਸੰਗਤ ਨੂੰ ਦੱਸਿਆ ਗਿਆ। ਸਾਧ ਸੰਗਤ ਸਤਿਗੁਰੂ ਹਰੀ ਸਿੰਘ ਨੂੰ ਖੁਲ੍ਹੀ ਮਾਇਆ ਮੱਥਾ ਟੇਕਣ ਲੱਗੀ। ਜਿਵੇਂ: ਕਾਹਨ ਸਿੰਘ ਪਿੰਡ ਬੁਰਜ, ਬਘੇਲ ਸਿੰਘ ਪਿੰਡ ਨਾਰਲੀ, ਤੇ ਨੱਥਾ ਸਿੰਘ ਪਿੰਡ ਗਾਧੜੀ ਵਾਲੇ ਇੱਕ ਇੱਕ ਹਜ਼ਾਰ ਰੁਪਈਆ ਮੱਥਾ ਟੇਕਿਆ ਉਸ ਸਮੇਂ ਦਾ ਹਜ਼ਾਰ ਰੁਪਈਆ ਅੱਜ ਦੇ ਦੋ ਲੱਖ ਤੋਂ ਵਧ ਕੀਮਤੀ ਸੀ। ਸੁਬੇਗ ਸਿੰਘ ਮਰ੍ਹਾਣੇ ਵਾਲੇ ਨੇ ਪੰਜ ਸੌ ਰੁਪਈਆ ਮੱਥਾ ਟੇਕਿਆ। ਬਾਬਾ ਬੂਟਾ ਸਿੰਘ ਲਾਖਣਾ ਹੁਕਮ ਅਨੁਸਾਰ ਉਗਰਾਹੀ ਕਰਕੇ ਲਿਆਉਂਦੇ ਸਨ। ਉਹਨਾਂ ਨੇ ਜੀਵਨ ਹੀ ਗੁਰੂ ਘਰ ਨੂੰ ਅਰਪਣ ਕਰ ਦਿੱਤਾ ਸੀ।

ਇਸ ਤਰ੍ਹਾਂ ਸਤਿਗੁਰੂ ਜੀ ਦੀ ਸੋਭਾ ਤੇ ਸ੍ਰੀ ਭੈਣੀ ਸਾਹਿਬ ਆਵਾਜਾਈ ਹੋਰ ਵਧਣ ਲੱਗੀ। ਮੁਖਬਰ ਤੇ ਸਾਰੇ ਤੁਰਕ ਸਿਪਾਹੀ ਭਾਵੇਂ ਪਾਠਾਂ ਦੇ ਖਿਲਾਫ਼ ਸਨ, ਪਰ ਉਹਨਾਂ ਦੇ ਪੱਲੇ ਕੁਝ ਨਾ ਪਿਆ।

ਸੰਤ ਸੰਤੋਖ ਸਿੰਘ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦਿਬ-ਦ੍ਰਿਸ਼ਟੀ ਨਾਲ ਗੁਰਦੁਆਰਾ ਭੈਣੀ ਸਾਹਿਬ ਹੁੰਦਾ ਸਾਰਾ ਕੁਝ ਵੇਖ ਸਕਦੇ ਸਨ:

"ਏਕ ਦਿਨ ਰੰਗੂਨ ਮੇਂ ਸ੍ਰੀ ਸਤਿਗੁਰੂ ਜੀ ਨਾਨੂੰ ਸਿੰਘ ਨੂੰ ਬਚਨ ਕੀਤਾ ਦੇਖ ਆਖਦੇ ਹੋਣਗੇ ਹੁਣ ਸਾਨੂੰ ਕੌਣ ਦੇਖਦਾ ਹੈ। ਤੈਨੂੰ ਮੈਂ ਦਿਖਾਂਵਦਾ ਹਾਂ। ਨਾਨੂੰ ਸਿੰਘ ਕੋਲ ਬਠਾਲ ਲਿਆ। ਐਸੀ ਉਸਦੀ ਦ੍ਰਿਸ਼ਟੀ ਕੀਤੀ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਕੇ ਸਭ ਉਠੇ ਬੈਠੇ ਫਿਰਦੇ ਸੁੱਤੇ ਸਭ ਦਿੱਸਣ ਲੱਗੇ। ਸੀਸੇ ਕੀ ਤਰ੍ਹਾਂ ਦੇਖਿਆ ਸਾਰਾ ਕੌਤਕ ਜੋ ਬਰਤਦਾ ਸੀ। ਫੇਰ ਬਚਨ ਕੀਤਾ ਮੈਥੋਂ ਕੀ ਛੁਪਿਆ ਹੋਇਆ ਹੈ।"

-ਸਤਿਗੁਰੂ ਬਿਲਾਸ ਭਾਗ ਦੂਜਾ

ਬੀਬੀ ਨੰਦਾਂ ਦੇ ਲੜਕੇ ਬਸੰਤ ਸਿਘ ਦੇ ਅਨੰਦ ਕਾਰਜ ਸਮੇਂ ਲੜਕੀ ਈਸਰੀ ਦੇ ਪਿਤਾ ਨੇ ਸਤਿਗੁਰੂ ਜੀ ਤੇ 99 ਹੋਰ ਸਿੰਘਾਂ ਨੂੰ ਦੁਰਗਾਪੁਰ

ਸੱਦਣ ਦੀ ਮਨਜ਼ੂਰੀ ਲੈ ਲਈ। ਇਸ ਲਈ ਉਹਨੇ ਲਾਹੌਰ ਤੋਂ ਪ੍ਰਵਾਨਗੀ ਲੈ ਕੇ ਲੁਧਿਆਣੇ ਅਰਜ਼ੀ ਦਿੱਤੀ ਕਿ ਸੰਗਤ ਦੁਰਗਾਪੁਰ ਤੋਂ ਨਵਾਂ ਸ਼ਹਿਰ ਜਾਵੇਗੀ। ਇਹ ਇੱਕ ਤਰ੍ਹਾਂ ਦਾ ਦੁਆਬੇ ਦਾ ਸਤਿਗੁਰੂ ਜੀ ਦੇ ਗੁਰਗੱਦੀ ਉੱਤੇ ਸੁਭਾਇਮਾਨ ਹੋਣ ਬਾਅਦ ਪਹਿਲਾ ਦੌਰਾ ਸੀ। ਸਾਧ ਸੰਗਤ ਨੇ ਰੱਜ ਰੱਜ ਕੇ ਦਰਸ਼ਨ ਕੀਤੇ।

ਏਸੇ ਤਰ੍ਹਾਂ ਲੋਹਗੜ੍ਹ ਦੇ ਪੰਜਾਬ ਸਿੰਘ ਦੀ ਲੜਕੀ ਦੇ ਅਨੰਦ ਕਾਰਜ ਸਮੇਂ ਆਪ ਛੁੱਟੀ ਲੈਕੇ ਗਏ। ਲੜਕਾ ਮੁੰਡੀਆਂ ਜ਼ਿਲ੍ਹਾ ਲੁਧਿਆਣੇ ਦੇ ਬਚਿੱਤਰ ਸਿੰਘ ਦਾ ਸੀ। ਚਾਰ ਕੁ ਸੌ ਸਰੀਰ ਇੱਕਠਾ ਹੋਇਆ। ਸੰਗਤ ਨੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਦੇਣ ਬਾਰੇ ਪੁੱਛਿਆ ਤਾਂ ਬਚਨ ਕੀਤਾ, ਨਾਮ ਜਪੋ, ਬਾਣੀ ਪੜ੍ਹੋ, ਸ਼ਤਾਬੀ ਦਰਸ਼ਨ ਦੇਣਗੇ। ਏਥੇ ਬੀਬੀਆਂ ਨੇ ਗਹਿਣੇ ਭੀ ਲਾਹ ਕੇ ਮੱਥਾ ਟੇਕੇ। ਬੀਰ ਸਿੰਘ ਮੋਹੀ ਦੇ ਲੜਕੇ ਗੁਰਦਿਤ ਸਿੰਘ ਦੇ ਅਨੰਦ ਸਮੇਂ ਇਜਾਜ਼ਤ ਲੈ ਕੇ ਲੱਖੇ ਗਹਿਲਾਂ ਕੋਲ ਲੁਧਿਆਣੇ ਸੰਗਤ ਇਕੱਠੀ ਹੋਈ। ਦਿਵਾਨ ਵਿੱਚ ਸਿਪਾਹੀ ਤੇ ਪੰਡਤ ਵੀ ਮਸਤਾਨੇ ਹੋ ਗਏ। ਲੋਕ ਕਹਿਣ ਗੁਰੂ ਬਲੀ ਹੈ। ਬਾਰਬਟਨ ਦੇ ਭਾਰੀ ਇਕੱਠ ਕਹਿ ਕੇ ਕੰਨ ਭਰੇ ਗਏ। ਉਸ ਨੇ ਕਿਹਾ ਫੌਰਨ ਭੈਣੀ ਸਾਹਿਬ ਲੈ ਆਓ। ਥਾਣੇਦਾਰ ਗਿਆ। ਉਸ ਦਿਵਾਨ ਬੰਦ ਕਰਵਾ ਦਿੱਤਾ। ਗੁਰੂ ਜੀ ਨੂੰ ਅੰਦਰ ਡੱਕ ਦਿੱਤਾ। ਨੰਗੀਆਂ ਤਲਵਾਰਾਂ ਦਾ ਪਹਿਰਾ ਲਾ ਦਿੱਤਾ। ਸੱਚੇ ਪਾਤਸ਼ਾਹ ਝੋਰੜੀਂ ਪਧਾਰੇ। ਉਥੋਂ ਲੰਗਰ ਪਾਣੀ ਛਕ ਕੇ ਭੈਣੀ ਸਾਹਿਬ ਆ ਕੇ ਕਮਰਕੱਸੇ ਖੋਲ੍ਹੇ।

ਹੀਰਾ ਸਿੰਘ ਸਢੌਰੇ (ਅੰਬਾਲਾ) ਵਾਲੇ ਦੇ ਪੁੱਤ ਦੇ ਅਨੰਦ ਸਮੇਂ ਫੇਰ ਛੁੱਟੀ ਮਿਲ ਗਈ। ਆਪ ਮੈਨ ਦੁਆਬ ਸੰਗਤ ਨੂੰ ਦਰਸ਼ਨ ਦੇ ਕੇ ਸਢੌਰੇ ਪਧਾਰੇ ਤਾਂ ਓਥੇ ਸੰਤ ਸੁੱਧ ਸਿੰਘ ਗੁਰਬਾਬਾ ਬਣੀ ਬੈਠਾ ਸੀ। ਉਸ ਨੇ ਸਤਿਗੁਰੂ ਹਰੀ ਸਿਘ ਦਾ ਸਤਿਕਾਰ ਨਾ ਕੀਤਾ। ਉਹ ਮੰਜੀ ਉੱਤੇ ਬੈਠਾ ਸੀ। ਉਹਨਾਂ ਦੇ ਆਦਰ ਲਈ ਖੜ੍ਹਾ ਵੀ ਨਾ ਹੋਇਆ। ਆਪ ਉਸਦੇ ਆਦਰ ਲਈ ਪਹਿਲਾਂ ਉਸ ਦੀ ਮੰਜੀ ਤੇ ਬੈਠੇ ਫੇਰ ਉਸਦੇ ਪੈਰੀਂ ਹਥ ਲਾ ਕੇ ਚਲ ਪਏ। ਉਸ ਦੀ ਸੱਤਿਆ ਖਿੱਚੀ ਗਈ ਜਿਹੜਾ ਪੰਜਾਂ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਵਸ ਵਿੱਚ ਸਮਝਦਾ ਸੀ, ਕਾਮ ਹੀ ਉਸ ਦੇ ਪੈਰ ਨਾ ਲੱਗਣ ਦੇਵੇ। ਸੰਗਤ ਵਿੱਚ ਉਸਦੀ ਬਦਨਾਮੀ ਹੋਣ ਲੱਗੀ। ਸਤਿਗੁਰੂ ਜੀ ਸਢੌਰੇ ਹੀਰਾ ਸਿੰਘ ਘਰ ਦਰਸ਼ਨ ਦਿੱਤੇ। ਸਾਧ ਸੰਗਤ ਨੇ ਚਰਨ ਪਰਸੇ। ਜੰਜ ਨਾਲ ਲੇਦਾ ਪਿੰਡ ਗਏ। ਓਥੇ ਵੀ ਵੇਦੀ ਗੱਡ ਕੇ ਹਵਨ

ਕਰਕੇ, ਦਰਬਾਰ ਸਾਹਿਬ ਤੋਂ ਲਾਵਾਂ ਪੜ੍ਹ ਕੇ ਗੁਰਮਤਿ ਅਨੁਸਾਰ ਅਨੰਦ ਕਾਰਜ ਹੋਏ। ਏਥੇ ਲਾਲ ਸਿੰਘ ਗੁੰਮਟੀ ਵਾਲਾ ਵੀ ਨਾਲ ਸੀ।

ਵਾਪਸ ਆਪ ਸਢੌਰੇ ਤੋਂ ਕੋਟ ਕਛੂਏ ਆਏ। ਸੁਧ ਸਿੰਘ ਨੇ ਅਪਣੀ ਪੂਜਾ ਕਾਇਮ ਰੱਖਣ ਲਈ ਸ਼ਿਕਾਇਤ ਕੀਤੀ ਕਿ ਦੌਰਾ ਨਾ ਕਰਨ। ਇਨਸਪੈਕਟਰ ਤੇ ਇੱਕ ਥਾਣੇਦਾਰ ਨੇ ਆ ਕੇ ਸਤਿਗੁਰੂ ਜੀ ਨੂੰ ਕਿਹਾ ਵਾਪਸ ਚੱਲੋ। ਪਰ ਜਿੰਨੇ ਦਿਨ ਦੀ ਛੁੱਟੀ ਮਿਲੀ ਸੀ ਅਜੇ ਕੁਝ ਦਿਨ ਬਾਕੀ ਸਨ। ਦਾਨ ਸਿੰਘ ਦੇ ਅਰਜ਼ ਕੀਤਿਆਂ ਦੌਰੇ ਦਾ ਇਲਾਕਾ ਬਦਲ ਲਿਆ। ਉਹ ਰਾਜੋ ਮਾਜਰਾ ਚੁਨੀ ਵਿੱਚੋਂ ਹੁੰਦੇ ਭੈਣੀ ਸਾਹਿਬ ਪੁੱਜੇ। ਪਰ ਸੁੱਧ ਸਿੰਘ ਦੀ ਦੁਕਾਨਦਾਰੀ ਤਾਂ ਖ਼ਰਾਬ ਹੋ ਹੀ ਗਈ ਸੀ, ਹੰਕਾਰ ਕਾਰਨ।

ਸੰਗਤ ਨੂੰ ਸਤਿਗੁਰੂ ਜੀ ਦੇ ਆਪਣੇ ਇਲਾਕੇ ਵਿੱਚ ਦਰਸ਼ਨ ਕਰਨ ਦਾ ਸਾਧਨ ਲੱਭ ਗਿਆ। ਉਹ ਪਹਿਲਾਂ ਸਤਿਗੁਰੂ ਜੀ ਤੋਂ ਪ੍ਰਵਾਨਗੀ ਲੈਂਦੇ ਫਿਰ ਆਪਣੇ ਬੱਚੇ ਬੱਚੀ ਦੇ ਅਨੰਦ ਕਾਰਜ ਸਮੇਂ ਛੁੱਟੀ ਮਨਜ਼ੂਰ ਕਰਵਾ ਲੈਂਦੇ। ਇੰਜ ਸ੍ਰੀ ਸਤਿਗੁਰੂ ਜੀ ਦਾ ਦੌਰਾ ਹੁੰਦਾ।

ਜੂਨ 1877 ਈ. ਵਿੱਚ ਅਰਜ਼ੀ ਦਿੱਤੀ ਗਈ ਕਿ ਸ੍ਰੀ ਭੈਣੀ ਸਾਹਿਬ ਸੰਗਤ ਨੂੰ ਆਉਣ ਦੀ ਖੁਲ੍ਹ ਹੋਵੇ ਤਾਂ ਪੰਜ ਪੰਜ ਦੀ ਥਾਂ ਦਸ ਦਸ ਕਰ ਕੇ ਏਥੇ ਆਉਣ ਦੀ ਇਜਾਜ਼ਤ ਮਿਲੀ। ਸਾਧ ਸੰਗਤ ਨੇ ਖ਼ੁਸ਼ੀ ਮਨਾਈ। ਸਿੰਘਾਂ ਦਾ ਵਹੀਰ ਦਰਸ਼ਨ ਕਰਕੇ ਆਉਣੈ ਲੱਗਾ।

ਲੋਹਗੜ੍ਹ ਹੀਰਾ ਸਿੰਘ ਮੁੰਡੀਆਂ ਦੇ ਅਨੰਦ ਕਾਰਜ ਸਮੇਂ, ਮਨੀ ਸਿੰਘ ਮਾਈ ਅਤਰੀ ਦਾ ਚਾਚਾ ਮਿਲਿਆ। ਉਹ ਰੰਗੂਨ ਤੋਂ ਸਤਿਗੁਰੂ ਜੀ ਦਾ ਹੁਕਮਨਾਮਾ ਲੈ ਕੇ ਆਇਆ ਸੀ ਕਿ ਬੁੱਧ ਸਿੰਘ ਦੌਰੇ ਕਰੇ ਪਰ ਮਰਯਾਦਾ ਪੂਰੀ ਰੱਖੇ। ਮਨੀ ਸਿੰਘ ਨੂੰ ਸਤਿਗੁਰੂ ਜੀ ਨੇ 500 ਰੁਪਈਏ ਗੁਰੂ ਹਰੀ ਸਿੰਘ ਨੂੰ ਦੇਣ ਲਈ ਦਿੱਤੇ ਸਨ। ਉਸ ਨੇ ਹੁਕਮ ਤਾਂ ਸੁਣਾ ਦਿਤਾ, ਰੁਪਈਏ ਉਹ ਆਪ ਹੀ ਡਕਾਰ ਗਿਆ।

ਸਤਿਗੁਰੂ ਜੀ ਨੇ ਛੁੱਟੀ ਲੈ ਕੇ ਦੌਰੇ ਅਰੰਭ ਕੀਤੇ। ਉਹ 1878 ਈ. ਵਿੱਚ ਮਾਘੀ ਉੱਤੇ ਮੁਕਤਸਰ ਪਧਾਰੇ। ਨਾਲ ਬੀਬੀ ਨੰਦਾਂ ਵੀ ਸੀ। ਦੋ ਮਹੀਨੇ ਦਾ ਦੌਰਾ ਸੀ। ਠੰਢ ਬੜੀ ਸੀ। ਸਤਿਗੁਰੂ ਜੀ ਨੇ ਬੀਬੀ ਨੂੰ ਕਿਹਾ ਸਾਧ ਸੰਗਤ ਦੇ ਦਿੱਤੇ ਹੋਏ ਗੁੜ ਦਾ ਗੱਡਾ ਭਰਿਆ ਪਿਆ ਹੈ, ਸਿੰਘਾਂ ਨੂੰ ਪਾਈਆ-ਪਾਈਆ ਗੁੜ ਦਿਓ। ਬੀਬੀ ਨੰਦਾਂ ਨਾ ਦਿੱਤਾ। ਸਿੰਘਾਂ ਨੇ ਆਪ ਜੀ ਨੂੰ ਸ਼ਿਕਾਇਤ ਕੀਤੀ ਤਾਂ ਹੁਕਮ ਅਨੁਸਾਰ ਲੁੱਟ ਕੇ ਖਾਧਾ। ਬੀਬੀ ਨਰਾਜ਼ ਹੋ ਗਈ। ਮੁਕਤਸਰ ਸਤਿਗੁਰੂ ਜੀ ਨੇ ਪੰਜ

ਅਖੰਡ-ਪਾਠ ਕਰਵਾਏ।

ਵਿਸਾਖੀ 1878 ਈ: ਆਪ ਨੇ ਦਮਦਮੇ ਸਾਹਿਬ ਦਰਸ਼ਨ ਦਿੱਤੇ। ਏਥੇ ਪੰਜ ਅਖੰਡ-ਪਾਠ ਕਰਾਏ ਗਏ। ਸੂਬਾ ਖੁਸ਼ਹਾਲ ਸਿੰਘ ਥਰਾਜਵਾਲਾ ਆਪ ਨੂੰ ਮਾਈਸਰਖਾਨੇ ਵਲੋਂ ਹੋ ਕੇ ਘਰ ਲੈ ਗਿਆ।

ਸਤਿਗੁਰੂ ਜੀ ਦੇ ਦੌਰਿਆਂ ਕਾਰਨ ਸੰਗਤ ਦਾ ਮਨ ਹਰਿਆ ਹੋਣ ਲੱਗਾ। ਨਵੇਂ ਸਿੱਖ ਸਜਣ ਲੱਗੇ। ਮੁਖਬਰਾਂ ਨੇ ਲੁਧਿਆਣੇ ਸਰਕਾਰੇ ਦਰਬਾਰੇ ਖ਼ਬਰ ਦਿੱਤੀ ਕਿ ਇਹ ਵੀ ਸਰਕਾਰ ਲਈ ਗੁਰੂ ਰਾਮ ਸਿੰਘ ਵਾਂਗ ਖ਼ਤਰਨਾਕ ਹੈ। ਪੰਥ ਵਧ ਰਿਹਾ ਹੈ। ਕੋਈ ਰੋਕਣ ਦਾ ਬੰਦੋਬਸਤ ਕਰੋ, ਨਹੀਂ ਤਾਂ ਜੇ ਇਸ ਨੇ ਹੁਕਮ ਦੇ ਦਿੱਤਾ ਤਾਂ ਗਦਰ ਮੱਚ ਜਾਏਗਾ। ਉਹਨਾਂ ਦੇ ਲਾਏ ਪਲੀਤੇ ਕਾਰਨ ਪੁਲਿਸ ਸੁਪਰਿੰਟੈਂਡੈਂਟ ਜੇ. ਪੀ. ਬਾਰਬਟਨ ਲੋਹਾ ਲਾਖਾ ਹੋ ਗਿਆ। ਉਹ ਤਿੰਨ ਥਾਣੇਦਾਰ ਲੈ ਕੇ ਲਖੇ (ਲੁਧਿਆਣਾ) ਜਿਥੇ ਆਪ ਦਿਵਾਨ ਵਿੱਚ ਸੁਭਾਇਮਾਨ ਸਨ, ਪੁੱਜਾ। ਅੰਦਰ ਨਾ ਗਿਆ। ਦਾਨ ਸਿੰਘ ਨੇ ਸਤਿਗੁਰੂ ਜੀ ਨੂੰ ਦੱਸਿਆ ਤੇ ਭੈਣੀ ਸਾਹਿਬ ਦੀ ਤਿਆਰੀ ਕਰ ਲਈ। ਆਪ ਦਾਖੀਂ, ਮੰਡਿਆਲੀ, ਧਰੋੜ ਤੋਂ ਹੁੰਦੇ ਭੈਣੀ ਸਾਹਿਬ ਪੁੱਜੇ।

ਨੰਬਰਦਾਰ ਸੁੱਖੂ ਤੇ ਘੁਮੰਡੇ ਦਾ ਪਰਵਾਰ ਤਾਂ ਸਰਕਾਰ ਨੂੰ ਸ਼ਿਕਾਇਤਾਂ ਲਾਉਂਦੇ ਹੀ ਸਨ। ਪੁਲਿਸ ਗਾਰਦ ਦਾ ਪਹਿਰਾ ਵੀ ਸਖ਼ਤ ਸੀ। ਬਾਹਰ ਬੈਠੇ ਸਿੰਘਾਂ ਲਈ ਕੋਈ ਪਿਛਲੇ ਪਾਸਿਓਂ ਉੱਤਰ ਕੇ ਹਨੇਰੇ ਸਵੇਰੇ ਪਰਸ਼ਾਦੇ ਲੈ ਕੇ ਜਾਂਦਾ ਤਾਂ ਉਸ ਦਾ ਵੀ ਪੁਲਿਸ ਪਿੱਛਾ ਕਰਦੀ। ਇੰਜ ਹੀ ਬਿਸ਼ਨ ਸਿੰਘ ਬਿਲਗੇ ਵਾਲੇ ਨਾਲ ਹੋਈ। ਉਹ ਝਾੜੀਆਂ ਵਿੱਚ ਪਰਸ਼ਾਦੇ ਲੁਕਾ ਕੇ ਭੱਜ ਕੇ ਬਚਿਆ। ਸਿੰਘਾਂ ਨੂੰ ਵੀ ਬਚਣ ਲਈ ਲੁਕਣ ਲਈ ਕਿਹਾ। ਸੋ ਥਾਣੇਦਾਰ ਦੇ ਪੱਲੇ ਕੁਝ ਨਾ ਪਿਆ। ਮਹੰਤ ਮਾਘਾ ਸਿੰਘ ਨਹਿਰ ਤੇ ਜਾਂਦਿਆਂ ਵੀ ਪਰਸ਼ਾਦੇ ਨਾਲ ਲੈ ਕੇ ਜਾਣੇ ਤੇ ਲੋੜ ਅਨੁਸਾਰ ਵਰਤਾ ਦੇਣੇ। ਬਾਰਬਟਨ ਨੇ ਲੰਗਰ ਬੰਦ ਕਰਾਉਣ ਲਈ ਗੱਡਿਆਂ ਦੇ ਦਾਣੇ ਲੈ ਕੇ ਡੇਰੇ ਆਉਣ ਉੱਤੇ ਰੋਕ ਲੁਆ ਦਿੱਤੀ।

ਸਤਿਗੁਰੂ ਹਰੀ ਸਿੰਘ ਦਾ ਵਧਦਾ ਪ੍ਰਤਾਪ ਵੇਖ ਕੇ ਬੀਬੀ ਨੰਦਾਂ ਲੜਾਈ ਰੱਖਣ ਲੱਗੀ। ਉਹ ਆਪ ਨੂੰ ਬੋਲ ਕੁਬੋਲ ਬੋਲਦੀ। ਹਰ ਵਕਤ ਕਲਹ ਰੱਖਦੀ। ਖ਼ਾਸ ਕਰਕੇ ਜਦ ਆਪ ਪਰਸ਼ਾਦਾ ਛਕਣ ਬੈਠਦੇ ਤਾਂ ਉਹ ਬੂਹੇ ਵਿੱਚ ਖਲੋ ਕੇ ਜਿੰਨਾ ਚਿਰ ਉਹ ਛਕ ਨਾ ਲੈਂਦੇ, ਮੰਦਾ ਬੋਲਦੀ ਰਹਿੰਦੀ। ਸਤਿਗੁਰੂ ਜੀ ਇਹ ਕਹਿ ਕੇ ਹਫਤਾ ਹਫਤਾ ਪਰਸ਼ਾਦਾ ਛਕਣ

ਨਾ ਆਉਣਾ ਕਿ ਕੁੜੀ ਔਖੀ ਹੁੰਦੀ ਹੈ। ਕੀ ਛਕਣਾ ਹੈ।

ਸਤਿਗੁਰੂ ਜੀ ਕਿਸੇ ਗੱਲ ਦਾ ਜੁਆਬ ਨਾ ਦੇਂਦੇ, ਨਾ ਰੋਕਦੇ। ਸ਼ਾਂਤ ਅਡੋਲ ਰਹਿੰਦੇ। ਸੰਗਤ ਤੇ ਡੇਰੇ ਦੇ ਸਿੰਘ ਤਕਲੀਫ਼ ਮੰਨਦੇ ਪਰ ਉਹ ਸਤਿਗੁਰ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਹੁੰਦੇ ਆਪਣੇ ਦੁੱਖਾਂ ਦੇ ਹੱਲ ਲਭਦੇ, ਸੰਸੇ ਨਵਿਰਤ ਕਰਦੇ ਤੇ ਮਿੱਤਰ ਮਾਹੀ ਸਤਿਗੁਰ ਦਾ ਸ਼ੁਕਰਾਨਾ ਕਰਦੇ।

ਸਤਿਗੁਰੂ ਹਰੀ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ ਸਿੱਖੀ ਨੂੰ ਹਰੀ ਰੱਖਣ ਲਈ ਸੇਧ ਦੇਣ ਵਿੱਚ, ਕੁਝ ਵਿਅਕਤੀਆਂ ਨਾਲ ਵਿਹਾਰ ਰੱਖਣ ਵਿੱਚ, ਸਰਕਾਰ ਤੇ ਉਸ ਦੇ ਮੁਖਬਰਾਂ ਬਾਰੇ ਸਜਗ ਰਹਿਣ ਤੇ ਅੰਗਰੇਜ਼ ਵਿਰੋਧੀਆਂ ਨਾਲ ਸੰਬੰਧ ਕਾਇਮ ਰੱਖਣ ਲਈ ਦਿਸ਼ਾ ਦੇਂਦੇ ਸਨ। ਉਹਨਾਂ ਵਿੱਚ ਭਜਨ ਬਾਣੀ ਕਰਨ ਦੀ ਵੀ ਹਦਾਇਤ ਹੁੰਦੀ।

ਹੁਕਮਨਾਮੇ ਪ੍ਰਾਪਤ ਕਰਨ ਲਈ ਭਗਵਾਨ ਸਿੰਘ ਛੋਕਰਾਂ, ਹਰਨਾਮ ਸਿੰਘ ਮੋਰੋਂ ਰੰਗੂਨ ਗਏ। ਵਾਪਸ ਆ ਕੇ ਉਹਨਾਂ ਨੇ ਗੁਰੂ ਹਰੀ ਸਿੰਘ ਨੂੰ ਹੁਕਮਨਾਮੇ ਸੁਣਾਏ ਤੇ ਆਗਿਆ ਅਨੁਸਾਰ ਹੋਰ ਸਿੱਖਾਂ ਨੂੰ ਵੀ ਸੁਣਾਏ।

ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਣ ਵਾਲੇ ਸਿੱਖ ਵੱਡੀ ਗਿਣਤੀ ਵਿੱਚ ਰੰਗੂਨ ਜਾਂਦੇ ਸਨ। ਕਈ ਬੀਬੀਆਂ ਦੇ ਜਾਣ ਦਾ ਵੀ ਪਤਾ ਲਗਦਾ ਹੈ। ਸਤਿਗੁਰੂ ਜੀ ਕਲਮ ਦੁਆਤ ਕਾਗ਼ਜ਼ ਲੁਕਾ ਕੇ ਰੱਖਦੇ ਸਨ। ਏਥੋਂ ਸਿੱਖਾਂ ਦੀਆਂ ਗਈਆਂ ਅਰਦਾਸਾਂ ਵੀ ਲੁਕਾ ਕੇ ਪੜ੍ਹਦੇ। ਉਹਨਾਂ ਨੂੰ ਡਰ ਸੀ ਕਿ ਜਿਹੜੇ ਦੋ ਨੌਕਰ ਸਰਕਾਰ ਨੇ ਉਹਨਾਂ ਨੂੰ ਟਹਿਲ-ਸੇਵਾ ਲਈ ਦਿੱਤੇ ਹਨ ਨੰਦ ਰਾਮ (ਨੰਦੂ) ਤੇ ਮੁੰਨਾ ਬ੍ਰਾਹਮਣ, ਉਹ ਸਰਕਾਰ ਨੂੰ ਰਿਪੋਰਟ ਨਾ ਦੇ ਦੇਣ। ਆਪ ਨੂੰ ਭੁਲੇਖਾ ਨਹੀਂ ਸੀ ਕਿ ਉਹ ਦੋਵੇਂ ਸੇਵਾ ਤੋਂ ਵੱਧ ਮੁਖਬਰੀ ਲਈ ਹਨ। ਉਂਜ ਉਹ ਉਮਰ ਕੈਦੀ ਸਨ। ਜਦੋਂ ਸਿੰਘਾਂ ਦੀ ਆਵਾਜਾਈ ਸ਼ੁਰੂ ਹੋਈ ਤਾਂ ਉਹਨਾਂ ਨੇ ਅਫ਼ਸਰਾਂ ਨੂੰ ਖ਼ਬਰ ਦਿੱਤੀ ਤਾਂ ਕਿਹਾ ਸਬੂਤ ਵੀ ਪੇਸ਼ ਕਰਾਂਗੇ। ਫ਼ਰੰਗੀ ਅਫ਼ਸਰ ਨੇ ਉਹਨਾਂ ਨੂੰ ਕਿਹਾ ਕਿ ਜੇ ਇੰਜ ਕਰੋਗੇ ਤਾਂ ਤੁਹਾਡੀ ਸਜ਼ਾ ਮਾਫ਼ ਹੋ ਜਾਵੇਗੀ "ਰਾਜਾ ਰਾਮ ਸਿੰਘ" ਨੂੰ ਸਜ਼ਾ ਮਿਲੇਗੀ। ਨੰਦ ਰਾਮ ਤਾਂ ਕੁਝ ਭੈਅ ਰਖਦਾ ਸੀ ਰੱਬ ਦਾ ਪਰ ਮੁੰਨਾ ਬੜਾ ਕਾਈਆਂ ਸੀ। ਸਤਿਗੁਰੂ ਜੀ ਨੇ ਅੰਗਰੇਜ਼ ਅਫ਼ਸਰ ਨੂੰ ਕਿਹਾ ਇਸ ਨੂੰ ਲੈ ਜਾਓ। ਇਸ ਲਈ ਸਾਡੇ ਕੋਲ ਕੋਈ ਕੰਮ ਨਹੀਂ ਪਰ ਉਹ ਟਾਲ ਮਟੋਲ ਕਰ ਗਿਆ।

ਇੱਕ ਦਿਨ ਮੁੰਨੇ ਤੇ ਨੰਦੇ ਨੇ ਸਤਿਗੁਰੂ ਜੀ ਨੂੰ ਸਿੱਖਾਂ ਦੀਆਂ ਆਈਆਂ ਅਰਦਾਸਾਂ ਤੇ ਕਲਮ ਦੁਆਤ ਰੱਖਦਿਆਂ ਵੇਖ ਲਿਆ। ਨੰਦੇ ਨੇ

ਮੁੰਨੇ ਦੀ ਅੱਖ ਬਚਾ ਕੇ ਉਹ ਆਪਣੇ ਸਰ੍ਹਾਣੇ ਵਿੱਚ ਰਖ ਲਏ। ਮੁੰਨਾ ਝੱਟ ਅੰਗਰੇਜ਼ ਅਫ਼ਸਰ ਕੋਲ ਗਿਆ। ਉਸ ਨੇ ਸਾਰੀ ਗੱਲਬਾਤ ਦੱਸੀ ਤੇ ਕਿਹਾ ਚਲੋ ਰੰਗੇ ਹੱਥੀਂ ਫੜਾਉਂਦਾ ਹਾਂ। ਉਸ ਨੇ ਪੱਕੀ ਕਰਨ ਲਈ ਨੰਦੇ ਨੂੰ ਸੱਦਿਆ। ਉਹ ਅਫ਼ਸਰ ਨੂੰ ਮਿਲਣ ਜਾ ਰਿਹਾ ਸੀ ਕਿ ਰਸਤੇ ਵਿੱਚ ਉਸਦਾ ਮਿੱਤਰ ਨੰਦ ਲਾਲ ਤੇ ਇਕ ਹੋਰ ਪੰਜਾਬੀ ਕਾਲਾ ਚੰਦ ਮਿਲੇ। ਦੋਹਾਂ ਨੇ ਉਸਨੂੰ ਧਿਕਾਰਿਆ। ਉਹਨਾਂ ਕਿਹਾ ਪਾਪੀਓ ਉਹ ਗੁਰੂ ਹੈ ਮਾੜਾ ਨਾ ਬੀਜੋ। ਉਹ ਜੜ੍ਹਾਂ ਪੱਟ ਦੇਵੇਗਾ। ਹੁਣ ਚੰਗਾ ਖਾਂਦੇ ਹੋ, ਚੰਗਾ ਪਹਿਨਦੇ ਹੋ, ਉਮਰ ਕੈਦੀ ਹੋਣ ਦੇ ਬਾਵਜੂਦ ਖੁਲ੍ਹੇ ਫਿਰਦੇ ਹੋ। ਨੰਦਾ ਬ੍ਰਾਹਮਣ ਤਾਂ ਨਰਮ ਹੋਇਆ ਤੇ ਅੰਗਰੇਜ਼ ਅਫਸਰ ਸਾਹਮਣੇ ਮੁੱਕਰ ਗਿਆ ਪਰ ਮੁੰਨਾ ਬ੍ਰਾਹਮਣ ਅੜਿਆ ਰਿਹਾ। ਆਪਣੇ ਤੋਂ ਵੱਡੇ ਅਫ਼ਸਰ ਨੂੰ ਨਾਲ ਲੈਣ ਦੀ ਥਾਂ ਉਹ ਗੋਰਾ ਅਫ਼ਸਰ ਆਪ ਹੀ ਤਲਾਸ਼ੀ ਲੈਣ ਤੁਰ ਪਿਆ ਕਿ ਜੇ ਝੂਠ ਨਿਕਲੇ ਤਾਂ ਨਮੋਸ਼ੀ ਨਾ ਹੋਵੇ।

ਨੰਦਾ ਜਦ ਬਾਹਰ ਨਿਕਲਿਆ ਤਾਂ ਉਸ ਨੂੰ ਬੰਗਲੇ ਦਾ ਮਾਲੀ ਖ਼ੁਦਾ ਬਖ਼ਸ਼ ਮਿਲ ਗਿਆ ਸੀ। ਉਸ ਨੇ ਉਸ ਨੂੰ ਸੁਨੇਹਾ ਦਿੱਤਾ ਕਿ ਨਾਨੂੰ ਉਸ ਦੇ ਸਰਾਣੇ ਹੇਠੋਂ ਚਿੱਠੀਆਂ ਕੱਢ ਲਵੇ। ਨਾਨੂੰ ਨੇ ਕਢ ਕੇ, ਸਤਿਗੁਰੂ ਜੀ ਦੇ ਦੱਸੇ ਅਨੁਸਾਰ ਚੁੱਲ੍ਹੇ ਵਿੱਚ ਬਾਲ ਦਿਤੀਆਂ ਤੇ ਉੱਤੇ ਰੋਟੀਆਂ ਬਣਾਉਣ ਲੱਗਾ। ਓਥੇ ਕੀ ਮਿਲਣਾ ਸੀ। ਅਫ਼ਸਰ ਨੇ ਮੁੰਨੇ ਨੂੰ ਫੇਰ ਜੇਲ੍ਹ ਸੁੱਟ ਦਿੱਤਾ ਤੇ ਚੱਕੀ ਪੀਹਣ ਦੀ ਸਜ਼ਾ ਦਿੱਤੀ।

ਨਾਨੂੰ ਸਿੰਘ ਨੂੰ ਲੱਗੇ ਏਥੇ ਕੋਈ ਜਾਦੂ ਟੂਣਾ ਵੀ ਕਰਦਾ ਹੈ। ਇੱਕ ਦਿਨ ਇੱਕ ਰੁੱਖ ਸੁੱਕ ਗਿਆ ਤਾਂ ਉਹ ਭਸਮ ਹੋ ਗਿਆ। ਦੂਜੇ ਦਿਨ ਸੁੱਕੀਆਂ ਲਕੜਾਂ ਦੀਆਂ ਲਗਰਾਂ ਫੁਟ ਪਈਆਂ। ਇੱਕ ਹੋਰ ਦਿਨ ਮੱਛਰ ਪੈਦਾ ਕਰਦੇ ਬੂਟਿਆਂ ਨੂੰ ਪੁਟਦਾ ਬੇਲਦਾਰ ਮਾਲੀ ਬੇਹੋਸ਼ ਹੋ ਗਿਆ। ਨਾਨੂੰ ਸਿੰਘ ਇੱਕ ਮਦਰਾਸੀ ਨੂੰ ਪੁੱਛਿਆ ਤਾਂ ਉਸ ਨੇ ਕਿਹਾ ਕਿਸੇ ਨੇ ਜਾਦੂ ਕੀਤਾ ਹੈ। ਗੁਰੂ ਜੋਰਾਵਰ ਮਹਾਂਪੁਰਸ਼ ਹੈ ਸੋ ਉਸ ਉਤੇ ਜਾਦੂ ਨਹੀਂ ਚੱਲਿਆ। ਨਾਨੂੰ ਸਿੰਘ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਤਾਂ ਉਹਨਾਂ ਨੇ ਬਚਨ ਕੀਤਾ ਭਗੌਤੀ ਦਾ ਪਾਠ ਕਰ ਸਭ ਬਲਾਵਾਂ, ਜਾਦੂ ਟੂਣੇ ਨਿਹਫਲ ਰਹਿਣਗੇ। ਉਸ ਇੰਜ ਹੀ ਕੀਤਾ ਤੇ ਸੁਖੀ ਹੋ ਗਿਆ।

ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ ਸਿੱਖਾਂ ਨੂੰ ਮੌਲਮੀਨ (ਬਰ੍ਹਮਾ) ਵਿੱਚ ਕੈਦ ਸੂਬਾ ਲੱਖਾ ਸਿੰਘ, ਜਵਾਹਰ ਸਿੰਘ, ਬਰ੍ਹਮਾ ਸਿੰਘ ਦਾ ਪਤਾ ਲੱਗ ਗਿਆ ਸੀ। ਕਈ ਸਿੱਖ ਉਹਨਾਂ ਨੂੰ ਮਿਲ ਕੇ ਸੁਖ ਸਾਂਦ ਲੈ ਕੇ

ਆਉਂਦੇ ਸਨ।

ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਦੇ ਨਾਂ ਇਕੱਲੇ ਇਕੱਲੇ ਸਿੱਖ ਨੂੰ ਜਾਂ 20-20 ਸਿੱਖਾਂ ਦੇ ਨਾਂ ਇੱਕਠਾ ਹੁਕਮਨਾਮਾ ਲਿਖਦੇ ਸਨ। ਪਰ ਕਿਸੇ ਸਰਕਾਰੀ ਬੰਦੇ ਕੋਲ ਤਲਾਸ਼ੀ ਸਮੇਂ ਫੜੇ ਜਾਣ ਬਾਰੇ ਸੁਚੇਤ ਰਹਿਣ ਲਈ ਉਹ ਆਪਣਾ ਨਾਂ ਦਿਆਲ ਸਿੰਘ ਤੇ ਨਾਨੂੰ ਸਿੰਘ ਦਾ ਨਾਂ ਕਿਰਪਾਲ ਸਿੰਘ ਲਿਖਦੇ ਸਨ। ਹਰੀ ਸਿੰਘ ਵੀ ਬੁੱਧ ਸਿੰਘ ਤੋਂ ਬਦਲਿਆ ਨਾਂ ਸੀ।

"ਮੇਰਾ ਨਾਉ ਦਇਆਲ ਸਿੰਘ ਤੇ ਨਾਨੂੰ ਸਿੰਘ ਦਾ ਨਾਉ ਕ੍ਰਿਪਾਲ ਸਿੰਘ ਲਿਖਣਾ" ਹੁਕਮਨਾਮਾ ਨੰਬਰ 13। ਸਤਿਗੁਰੂ ਜੀ ਦੇ ਭੇਜੇ 63 ਹੁਕਮਨਾਮੇ ਅਤੇ ਇੱਕ 1863 ਈ. ਵਿੱਚ ਜਾਰੀ ਕੀਤਾ ਰਹਿਤਨਾਮਾ, ਸ. ਜਸਵਿੰਦਰ ਸਿੰਘ ਐਮ.ਏ. ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਪੁਸਤਕ ਵਿੱਚ ਸੰਕਲਿਤ ਕੀਤੇ ਹਨ। ਇਹਨਾਂ ਵਿੱਚੋਂ 11 ਹੁਕਮਨਾਮਿਆਂ ਵਿੱਚ ਸਿਧਾ ਹਰੀ ਸਿੰਘ ਨੂੰ ਸੰਬੋਧਿਤ ਕੀਤਾ ਗਿਆ ਹੈ ਤੇ ਇੱਕ ਬੁੱਧ ਸਿੰਘ ਨੂੰ। ਬਾਕੀ ਇੱਕਲੇ ਇਕੱਲੇ ਸਿੱਖ ਨੂੰ, ਬੀਬੀ ਨੰਦਾਂ ਨੂੰ ਜਾਂ ਸਿੱਖਾਂ ਸੰਗਤਾਂ ਨੂੰ ਸੰਬੋਧਿਤ ਹਨ। ਨਮੂਨੇ ਵੱਜੋਂ ਸਤਿਗੁਰੂ ਹਰੀ ਸਿੰਘ ਨੂੰ ਲਿਖਿਆ ਇੱਕ ਹੁਕਮਨਾਮਾ ਹੇਠਾਂ ਦਿੱਤਾ ਜਾ ਰਿਹਾ ਹੈ। ਇਸ ਤੋਂ ਇਸ ਦਾ ਵਿਸ਼ਾ ਵੀ ਸਪਸ਼ਟ ਹੋ ਜਾਏਗਾ।

ਹੁਕਮਨਾਮਾ 12

ਹੋਰ ਭਾਈ ਹਰੀ ਸਿੰਘ ਜੀ ਆਦਮੀ ਐਤਕੀਂ ਦੂਰ ਆਉਦਾ ਬੀ ਹੈ ਤੁਸੀ ਅਛੀ ਤਰਾ ਸਭ ਬਾਤ ਲਿਖ ਕੇ ਨਹੀ ਦਿੰਦੇ। ਕੁਛ ਮਖਣੇ ਦੀ ਬਾਤ ਨਹੀ ਲਿਖੀ। ਹੋਰ ਏਹੁ ਬੀ ਨਹੀ ਲਿਖਿਆ ਜੋ ਰੁਪਏ ਮਾਝੇ ਤੇ ਲੈਣੇ ਥੇ ਸੋ ਲੈ ਲਏ ਹੈਨ ਕਿ ਨਹੀ। ਔਰ ਬੀ ਕੁਛ ਸਾਰਾ ਹਵਾਲ ਨਹੀ ਲਿਖਦੇ। ਦੇਖੋ ਤਾ ਮੈ ਕੈਸੀ ਕੈਸੀ ਬਾਤਾ ਲਿਖਦਾ ਹਾ।

ਹੋਰ ਭਾਈ ਹਰੀ ਸਿੰਘ ਜਦੋ ਅਸੀ ਐਧਰ ਆਏ ਹਾ ਤਦੋ ਜੇਹੜਾ ਗ੍ਰੰਥ ਦੇਵਾ ਸਿੰਘ ਲਿਖਦਾ ਸੀ, ਜੋ ਓਸ ਗ੍ਰੰਥ ਦੀਆਂ ਸੰਚੀਆ ਲਿਖੀਆ ਹੈਨ ਅਰ ਜੋ ਅਣਲਿਖੀਆ ਹੈ, ਸੋ ਸਾਰੀਆਂ ਭਾਈ ਮਨੀ ਸਿੰਘ (ਮਾਈ ਅਤਰੀ ਦਾ ਚਾਚਾ) ਨੂੰ ਦੇ ਦੇਣੀਆ ਜਰੂਰ, ਮੈ ਹੀ ਤੈਨੂ ਏਹ ਆਖਿਆ ਹੈ। ਆਪ ਹੀ ਦਿਤੀਆ ਹੈਨ, ਤੇ ਮਨੀ ਸਿਘ ਜੀ ਸੈਚੀਆ ਲੈ ਕੇ ਦੋਮੇ ਗ੍ਰੰਥ ਸਾਹਿਬ ਸੰਪੂਰਣ ਕਰਾਇ ਲੈਣੇ ਕਿਸੇ ਚੰਗੇ ਲਖਾਰੀ ਤੇ ਅਰ ਦੋਨੋ ਗ੍ਰੰਥ ਸਾਹਿਬ ਸੰਪੂਰਣ ਹੋ ਗਏ ਤਾ ਓਸਦੀ ਗਊ ਕੇ ਭੈਸ ਲੈ ਲੈਣੀ। ਸਤਿ

ਏਹ ਹੋਈ ਜੋ ਦੇਵਾ ਸਿੰਘ ਲਿਖ ਦੇਵੇ ਤਾ ਦੇਵਾ ਸਿੰਘ ਤੇ ਲਿਖਾ ਲਈ।

ਅਗੇ ਮਨੀ ਸਿੰਘ ਜੀ ਤੁਸੀ ਅਤਰੀ ਦੇ ਮਾ ਪਿਉ ਨੂੰ ਆਖਣਾ ਮੇਰਾ ਕਹਿਣਾ ਤੁਸੀ ਕਿਉ ਨਹੀ ਸਮਝਦੇ? ਕਿਉ ਕਮਲੇ ਹੋਏ ਹੋ? ਅਤਰੀ ਦਾ ਅਨੰਦ ਕਿਸੇ ਸਿਖ ਦੇ ਲੜਕੇ ਨਾਲ ਕਿਉ ਨਹੀ ਪੜਾ ਦਿੰਦੇ। ਅਤਰੀ ਤਾਂ ਇਆਣੀ ਹੈ ਤੁਸੀ ਵੀ ਇਆਣੇ ਹੋ? ਏਸ ਦੀ ਏਸ ਤਰ੍ਹਾਂ ਕਦ ਤਕ ਨਿਭੂਗੀ। ਹੋਰ ਕੀ ਮੈਂ ਬਹੁਤਾ ਕਾਗਤ ਕਾਲਾ ਕਰਾ। ਥੋੜਾ ਲਿਖਾ ਬਹੁਤਾ ਕਰਕੇ ਜਾਣਨਾ। ਜਿਉ ਤਿਉ ਕਰਕੇ ਭਾਈ ਮਨੀ ਸਿੰਘ ਜੀ ਅਤਰੀ ਦਾ ਸੰਜੋਗ ਕਰ ਦੇਣਾ। ਮੈ ਆਪਣੀ ਬਲੋਂ ਥੁਆਨੂ ਆਖ ਦਿੱਤਾ ਹੈ ਅਗੇ ਤੁਸੀ ਜਾਣੋ। ਜੇ ਮਨੀ ਸਿੰਘ ਤੇਰਾ ਆਖਿਆ ਨਾ ਮੰਨਣ ਤਾ ਤੂੰ ਫੇਰ ਕੁਛ ਨਾ ਆਖੀ। ਆਪਣੀ ਨੂੰ ਕੁਮਾਰੀ ਰਖਣ ਚਾਹੇ ਵਿਆਹਿ ਦੇਵਣ ਚਾਹੇ ਮੇਲੇ ਲੈ ਜਾਵਣ, ਚਾਹੇ ਏਸਦੇ ਨਾਲ ਜਾਵਣ।

ਸਭਨੂ ਕੁੜੀ ਮੁੰਡੇ ਨੂ ਅਖਰ ਪੜਾਇ ਦੇਣੇ ਗੁਰਮੁਖੀ। ਹੋਰ ਭਾਈ ਤੂ ਜੋ ਲਿਖਾ ਹੈ ਔਗੁਣਹਾਰ ਹਾ, ਸੋ ਜੀ ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ। ਭਾਈ ਭਜਨ ਬਾਣੀ ਕਰਕੇ ਏਹੁ ਮੰਗਣਾ, ਹੇ ਗੁਰੂ ਬਖਸ ਲੈ। ਤੇਰਾ ਪਤਿਤ ਪਾਵਨ ਵਿਰਦ ਹੈ। ਦੁਖ ਸੁਖ ਮੈ ਵਿਸਰ ਨਾ ਜਾਈ ਗੁਰਮਤਿ ਦਾ ਖੈਰੁ ਪਾਈ ਆਪਣੀ ਦਰਗਾਹੋ। ਮਨਮਤਿ ਤੇ ਰਖ ਲਈ। ਹਰਿ ਵੇਲੇ ਏਹੁ ਅਰਜ ਕਰਨੀ ਅਗੇ ਜੋ ਕਰਤੇ ਪੁਰਖ ਨੂ ਭਾਵੇ।

ਏਹੁ ਭੀ ਸਭ ਕੋ ਸੁਣਾਇ ਦੇਈ ਜੂਠਾ ਨਾ ਕੋਈ ਕਿਸੇ ਨੂ ਦੇਵੇ ਨਾ ਕੋਈ ਜੂਠਾ ਲੇਵੇ। ਏਹੁ ਕਾਸਦਾ ਸੀਤ ਪ੍ਰਸਾਦਿ ਹੈ? ਜੀਅ ਦਾ ਜੂਠਾ ਖਾਧੇ ਤੇ ਕੀਧੇ ਕੁਬਾੜ ਖੁਲ ਗਏ ਹੈਨ, ਕੌਡੇ ਮਾਗੂ, ਮੈ ਤਾ ਭਾਈ ਬਥੇਰਾ ਮਨੇ ਕੀਤਾ, ਨਾ ਹਟੇ। ਹਾਰ ਕੇ ਮੈ ਬੀ ਚੁਪ ਕਰ ਰਿਹਾ। ਪਰ ਮੈ ਰਾਜੀ ਨਹੀ ਥੀ, ਕਿਸ ਕਿਸ ਨੂੰ ਹਟਾਮਾ। ਜੂਠਾ ਖਾਣਾ ਭਜਨ ਬਾਲਿਆ ਦਾ ਕੰਮ ਨਹੀ। ਹੋਰ ਜੋ ਕੌਲੀ ਚੀਤੇ ਨੂ ਲੈ ਜਾਵੇ ਜਲੁ ਸੋ ਉਹ ਕੌਲੀ ਸੁਚੀ ਨਹੀ। ਏਹੁ ਸਭ ਨੂ ਸੁਨਾਇ ਦੇਣਾ। ਅਗੇ ਰਲਾਇ ਦਿੰਦੇ ਥੇ ਕੌਲੀ।

ਹੋਰ ਭਾਈ ਮਨੀ ਸਿਘ ਏਹੁ ਬਾਤ ਜਰੂਰ ਚੇਤੇ ਰਖਣੀ ਜੀਨੂ ਏਥੇ ਦੀ ਬਾਤ ਤੂੰ ਸੁਣਾਮੇ, ਓਸਨੂ ਬਹੁਤ ਤਾਗੀਦ ਕਰੀ। ਕਿਸ ਕਰਕੇ? ਮੁਕਬਰ ਵਿੱਚ ਫਿਰਦੇ ਰਹਿੰਦੇ ਹੈਨ? ਜੇ ਇਕ ਮੁਕਬਰ ਨੇ ਗੋਰੇ ਨੂ ਜਾ ਕੇ ਆਖ ਦਿਤਾ ਸਾਹਿਬ ਰਾਮ ਸਿੰਘ ਨੂ ਰਾਮ ਸਿੰਘ ਦੇ ਆਦਮੀ ਮਿਲ ਮਿਲ ਆਉਦੇ ਹੈਨ ਤਾ ਪੰਜਾਬ ਦਾ ਗੋਰਾ ਜਿਲੇ ਬਾਲਾ ਐਥੇ ਤੁਰਤ ਲਿਖ ਕੇ ਭੇਜ ਦੇਊਗਾ। ਆਖੇਗਾ ਤੁਸੀ ਰਾਮ ਸਿਘ ਦੀ ਕਿਆ ਖਵਰਦਾਰੀ ਕਰਦੇ ਹੋ?

ਰਾਮ ਸਿੰਘ ਦੇ ਆਦਮੀ ਰਾਮ ਸਿੰਘ ਨੂ ਮਿਲ ਜਾਦੇ ਹੈਨ, ਤਾ ਏਥੋ ਬਾਲ੍ਹੇ ਨੀਚ ਸਾਨੂ ਖਬਰ ਨਹੀ ਕਿਧਰ ਲੈ ਜਾਣਗੇ। ਏਹੁ ਤਾ ਚੰਗੀ ਜਗਾ ਹੈ। ਜੇਹੜਾ ਏਥੇ ਆਉਦਾ ਹੈ ਸੋ ਮਿਲ ਜਾਦਾ ਹੈ। ਤਾਗੀਦ ਕਰੀ ਤੇਤੋ ਸੁਣਕੇ ਏਥੇ ਦੀਆ ਬਾਤਾ ਬਹੁਤ ਨਾ ਬਕਦੇ ਫਿਰਨ। ਅਗੇ ਅਸੀ ਏਮੇ ਈ ਨਹੀ ਲਿਖਿਆ ਥਾ ਬਹੁਤ, ਅਰੁ ਏਨਾ ਲੋਕਾ ਦਾ ਤਾ ਕੁਛ ਨਹੀ ਜਾਣਾ, ਸਾਨੂ ਕਿਤੇ ਹੋਰ ਦੁਖ ਵਿਚਿ ਪਾਇ ਦੇਣ। ਦੇਖੀ ਤੂੰ ਜਾਣ, ਜਿਹੜਾ ਸੁਣੇ ਮਨ ਮੈ ਰਖੇ।

ਹੋਰ ਭਾਈ ਜੋ ਤੁਸੀ ਪੁਛੀ ਹੈ ਸੋ ਮੈ ਸਮਝੀ। ਭਾਈ ਮੇਰੀ ਤਾ ਸਾਦੀ ਕਰਨ ਦੀ ਸਲਾਹਿ ਨਾ ਅਗੇ ਥੀ ਨਾ ਹੁਣ ਹੈ। ਜਿਤਨਾ ਦਿਨ ਜਿਉਣਾ ਹੈ ਓਤਨੇ ਦਿਨ ਏਹੁ ਗੁਰੂ ਪਾਸੋ ਖੈਰ ਮੰਗਦਾ ਹਾ ਹੇ ਗੁਰੂ ਮੇਰੇ ਪਾਸੋ ਸਾਸ ਸਾਸ ਆਪਣਾ ਨਾਮ ਜਪਾਓ। ਅਗੇ ਜੋ ਗੁਰੂ ਨੇ ਕਰਨੀ ਹੈ ਸੋ ਗੁਰੂ ਜਾਣੇ। ਅਤਰੀ ਦੇ ਮਾ ਪਿਉ ਨੂੰ ਮੈ ਹਮੇਸਾ ਏਹੁ ਲਿਖਦਾ ਹਾ ਤੁਸੀ ਏਨੂ ਕਿਉ ਨਹੀ ਪ੍ਰਨਾ ਦਿੰਦੇ। ਫੇਰ ਫਲਾਣੇ ਦੀ ਉਧਲ ਗਈ, ਫਲਾਣੇ ਦਾ ਨਕ ਬਢਾ। ਥੁਆਨੂ ਫਿਟ ਫਿਟ ਹੋਊ। ਤੈਨੂ ਬੀ ਕਹਾ ਥਾ ਜਾਇ ਕਹੀ, ਏਹੁ ਤਾ ਬਾਤ ਮੁਕੀ। ਅਗੇ ਕੁਸਾਲ ਸਿੰਘ (ਪਿੰਡ ਮਰ੍ਹਾਣਾ ਜ਼ਿਲ੍ਹਾ ਅੰਮ੍ਰਿਤਸਰ) ਦੀ ਬਡੀ ਬਦਨਾਮੀ ਸੁਣੀ ਹੈ, ਪਰ ਜੇ ਹੁਣ ਸੁਧਰ ਗਿਆ ਹੈ ਤਾਂ ਸੰਗਤ ਓਸ ਨੂ ਬੀ ਮੇਲ ਲੈਣਾ। ਨ੍ਰਿਦੋਖ ਤਾ ਇਕ ਗੁਰੂ ਈ ਹੀ ਹੈ।

ਹੋਰ ਜੀ ਜੇਹੜਾ ਗੁਰੂ ਦਾ ਹੁਕਮੁ ਹੈ ਸੋ ਸਮੇ ਸਮੇ ਸਿਰ ਸਭ ਹੁੰਦਾ ਆਇਆ ਹੈ ਸਹਿਜੇ ਹੀ। ਅਗੇ ਭਾਈ ਗੁਰੂ ਜਾਣੇ। ਪਿਛੇ ਤਾ ਪੂਰਾ ਹੁੰਦਾ ਆਇਆ ਹੈ, ਅਵ ਬੀ ਆਸ ਹੈ। ਹੋਰ ਜੀ ਲੰਗਰ ਦੀ ਬਾਤ ਏਹੁ ਹੈ ਜਿਤਨਾ ਕੁਛ ਸਰੇ ਕਿਸੇ ਤੇ ਸੋ ਲੰਗਰ ਪਾਵੇ। ਲਿਖਣ ਕੀ ਹੈ, ਹੋਰ ਕੀ ਲਿਖਣਾ ਹੈ? ਗੁਰੂ ਸਾਹਿਬ ਜੀ ਸਰਬ ਦਾਨਾ ਤੇ ਉਪਰ ਅੰਨ ਦਾ ਦਾਨ ਬਡਾ ਲਿਖਾ ਹੈ ਸਾਖੀਆ ਮੈ। ਜੋ ਲੰਗਰ ਦੀ ਟਹਿਲ ਕਰੂਗਾ ਓਸਦਾ ਬਹੁਤ ਭਲਾ ਹਊਗਾ। ਸਤਿ ਕਰ ਮੰਨਣਾ। ਐਥੇ ਸਾਨੂ ਕੁਛ ਨਹੀ ਚਾਹੀਦਾ, ਰਾਮਦਾਸਪੁਰੇ ਲੰਗਰ ਪਾਓ। ਅਛਾ ਕਰਾ ਨਾ ਸਿਟਾ ਪਦਾਰਥ।

ਹੋਰ ਭਾਈ ਸੀਤ ਪ੍ਰਸਾਦਿ ਦੀ ਤਾ ਮੈ ਬਾਤਿ ਅਗੇ ਕਈ ਬਾਰ ਲਿਖੀ ਹੈ ਜੋ ਜੂਠਾ ਨਾ ਕੋਈ ਕਿਸੇ ਦਾ ਖਾਵੇ ਨਾ ਕੋਈ ਕਿਸ ਨੂ ਦੇਵੇ। ਤੁਸੀ ਨਹੀ ਸੁਣੀ, ਸੀਤ ਪ੍ਰਸਾਦਿ ਤਾਂ ਬਹੁਤ ਬਚਨ ਮੰਨਣਾ ਹੈ। ਗੁਰੂ ਜੀ ਨੇ ਤਾ ਏਹੁ ਸੀਤ ਪ੍ਰਸਾਦਿ ਕਹਾ ਹੈ ਅਜ ਦੇ ਸਮੇ। ਮੈ ਤਾ ਜੂਠਾ ਟੁਕ ਖਾ ਕੇ ਕੋਈ ਨਹੀ ਡਿਠਾ ਬਬਾਨਾ ਉਤੇ ਚੜਾ ਜਾਦਾ। ਬਚਨ ਮਨ ਕੇ ਤਾ ਅਨੇਕ

ਉਧਰੇ ਹੈ। ਸੋ ਜੀ ਗੁਰੂ ਜੀ ਦਾ ਜੋ ਬਚਨ ਹੈ ਭਾਈ ਓਸਦੇ ਮੰਨਣ ਦੀ ਕਰੋ। ਗੁਰੂ ਅਗੇ ਬੇਨਤੀ ਕਰਨੀ• ਹੇ ਗੁਰੂ ਜੀ ਆਪਣਾ ਹੁਕਮ ਮਨਾਓ। ਅਗੇ ਗੁਰੂ ਦਾਤਾ ਹੈ। ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ਏਹੁ ਸੀਤ ਪ੍ਰਸਾਦਿ ਛਕੋ। ਭਾਈ ਜੂਠੇ ਟੁਕਾ ਮੈ ਕੁਛ ਨਹੀ ਫਾਇਦਾ। ਸੋ ਮੈ ਲਿਖਦਾ ਹਾ ਜੋ ਗੁਰੂ ਜੀ ਨੇ ਹੁਕਮ ਦੀਆ ਹੈ। ਆਪਣੇ ਮਨ ਤੇ ਨਹੀ ਲਿਖਦਾ।

ਜੇ ਤੁਸੀ ਕਹਾ ਹੈ ਪੰਥ ਰੁਲ ਨਾ ਜਾਵੇ, ਸੋ ਸਾਡੀ ਬੀ ਤਾ ਏਹੁ ਅਰਜ ਹੈ ਗੁਰੂ ਸਾਹਿਬ ਅਗੇ ਬਾਰ ਬਾਰ ਹੇ ਗੁਰੂ ਜੀ, ਸਾਰੀ ਸੰਗਤ ਨੂ ਬਖਸ ਲੈ। ਸਭ ਤੇਰੇ ਜੀਅ ਹਾ ਬੁਰੇ ਭਲੇ। ਅਗੇ ਜੋ ਗੁਰੂ ਨੂ ਭਾਵੇ। ਗੁਰੂ ਭਾਣੇ ਦਾ ਮਾਲਕੁ ਹੈ।

ਹੋਰ ਭਾਈ ਗੁਰੂ ਤਾ ਕਦੇ ਬੁਢਾ ਨਹੀ ਹੋਇਆ, ਏਸ ਬਾਤ ਦੀ ਬੇਦ ਸਾਸਤ੍ਰ ਉਗਾਹੀ ਦਿੰਦੇ ਹੈ। ਕੁਝ ਸਾਡੇ ਈ ਕਰਮਾ ਬਿਖੇ ਨੂਣਤਾਈ ਹੈ। ਸੁਕਰ ਹੈ ਜੇ ਗੁਰੂ ਦੇ ਦਰਬਾਜੇ ਤੇ ਆਇ ਡਿਗੇ ਹਾ। ਗੁਰੂ ਜੀ ਦੀ ਸਾਖ ਏਹੁ ਬੀ ਹੈ ਜੋ ਗੁਰੂ ਸਦਾ ਬਖਸਿੰਦ ਹੈ। ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਏਹੁ ਬਿਰਦੁ ਸੁਆਮੀ ਸੰਦਾ।

ਤੁਮਾਰੇ ਲਿਖੇ ਕਾ ਉਤਰ ਸਭ ਦੀਆ ਮਾੜਾ ਮੋਟਾ ਜੋ ਬੁਧ ਮੈ ਆਵਾ। ਮੇਰੀ ਅਕਲ ਤੁਛ ਹੈ।

ਇਸ ਤੋਂ ਬਿਨਾਂ ਹੁਕਮਨਾਮਾ ਨੰਬਰ 5, 11, 15, 17, 24, 36, 40, 52, 56, 63 ਤੇ 65 ਸਿੱਧੇ ਸਿੱਧੇ ਗੁਰੂ ਹਰੀ ਸਿੰਘ ਜੀ ਨੂੰ ਸੰਬੋਧਿਤ ਹਨ। ਕਈ ਹੁਕਮਨਾਮਿਆ ਹੇਠ ਤਾਕੀਦ ਵੀ ਹੈ। ਕਿਸ ਲਈ ਹੈ, ਉਹਨਾਂ ਨੂੰ ਸਮਝਣ ਵਿੱਚ ਭੁਲੇਖਾ ਨਹੀਂ ਰਹਿੰਦਾ।

ਹੁਕਮਨਾਮੇ ਲੈਣ ਲਈ ਸਿੰਘ ਕਈ ਕਈ ਦਿਨ ਰੰਗੂਨ ਰਹਿੰਦੇ। ਸਤਿਗੁਰੂ ਜੀ ਹਰ ਰੋਜ਼ ਸਵੇਰੇ 7 ਵਜੇ, ਦੁਪਹਿਰ 12 ਵਜੇ ਤੇ ਪਿਛਲੇ ਪਹਿਰ 4 ਵਜੇ ਬੰਗਲੇ ਦੇ ਬਾਹਰ ਉੱਚੀ ਥਾਂ ਬੈਠ ਕੇ ਦਰਸ਼ਨ ਦੇਂਦੇ। ਹਫਤੇ ਵਿੱਚ ਤਿੰਨ ਦਿਨ ਬੱਘੀ ਤੇ ਸੈਰ ਕਰਨ ਜਾਂਦੇ। ਉਦੋਂ ਸਿੰਘਾਂ ਨਾਲ ਕੋਈ ਗੱਲ ਹੁੰਦੀ ਤਾਂ ਪੰਜਾਬੀ ਵਿੱਚ ਹੋਣ ਕਰਕੇ, ਨਾਲ ਗਏ ਪੁਲਿਸ ਦੇ ਬੰਦਿਆਂ ਨੂੰ ਸਮਝ ਨਾ ਆਉਂਦੀ। ਬਹਾਦਰਸ਼ਾਹ ਜ਼ਫ਼ਰ ਦੀ ਬੇਗਮ ਨੇੜੇ ਹੀ ਬੰਗਲੇ ਵਿੱਚ ਪੁੱਤਰ ਨਾਲ ਰਹਿੰਦੀ ਸੀ। ਉਸ ਨੂੰ ਆਪ ਦੇ ਦੈਵੀ ਦਰਸ਼ਨ ਹੁੰਦੇ। ਉਹ ਸਮਝਦੀ ਇਹ ਵੀ ਉਸ ਦੇ ਖਾਵੰਦ ਦੀ ਸ਼ਾਨ ਵਾਲਾ ਰਾਜਾ ਮਹਾਰਾਜਾ ਹੀ ਹੈ ਜਾਂ ਰੱਬੀ ਨੂਰ ਹੈ।

ਸਤਿਗੁਰੂ ਜੀ ਦੇ ਹੁਕਮਨਾਮੇ ਸਤਿਗੁਰੂ ਹਰੀ ਸਿੰਘ ਤੇ ਸਿੱਖਾਂ ਲਈ ਭਾਵੇਂ ਅੰਮ੍ਰਿਤ ਦੀਆਂ ਘੁੱਟਾਂ ਸਨ ਪਰ ਸਰਕਾਰ ਨੂੰ ਵਖ਼ਤ ਪੈ ਗਿਆ ਸੀ ਉਹਨਾਂ ਦੀ ਭਾਵਨਾ ਸਤਿਗੁਰੂ ਜੀ ਲਿਖਦੇ ਹਨ:-

"ਲਾਟ ਨੇ ਏਨਾ ਨੂ ਬਡੀ ਸ੍ਰਿਮਿੰਦਗੀ ਦਿਤੀ ਹੈ ਏਥੇ ਬਾਲਿਆ ਨੂ ਏਨਾ ਦੇ ਹਥ ਕੋਈ ਬਾਤ ਆਈ ਨਹੀ, ਹੁਣ ਬਡਾ ਬੰਦੋਬਸਤ ਕਰਨ ਲਗੇ ਹੈ ਸਾਡੇ ਆਦਮੀ ਦੀ ਸਾਡੀ ਚਿਠੀ ਫਕੜਨ ਨੂ। ਗੁਰੂ ਸਾਹਿਬ ਈ ਪੜਦੇ ਕਜੇ ਹੈ। ਜੇ ਸਾਡੀ ਚਿਠੀ ਫਕੜ ਲੈਣ ਤਾ ਏ ਸਾਡੇ ਆਦਮੀ ਨੂ ਕੈਦ ਕਰ ਦੇਣਗੇ, ਸਾਨੂ ਕਿ ਜਾਣੇ ਕੇਹੜੇ ਟਾਪੂ ਲੈ ਜਾਣਗੇ। ਏਨਾ ਨੂੰ ਮੇਰੇ ਸਰੀਰ ਦਾ ਵਡਾ ਡਰ ਹੈ। ਮੈ ਤਾ ਕਿਸੇ ਨੂ ਕੁਝ ਨਹੀ ਕੀਤਾ। ਪਿਛੋ ਤ ਲਿਆਏ ਹੈ ਜੋ ਏਥੇ ਰਹਾ ਤਾ ਚੌਧੇ (1857 ਈ.) ਬਰਗਾ ਕੰਮ ਕਰਾਇ ਦੇਊਗਾ। ਅਰੁ ਹੁਣ ਏਹ ਡਰ ਹੈ ਭਾਈ ਚਿਠੀ ਭੇਜ ਕੇ ਪਿਛੇ ਸੂੜ ਕਰ ਦੇਊ, ਏਹੁ ਭਰਮ ਹੈ ਹੁਣ। ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ ਏਨਾ ਨੂ, ਏਸ ਕਰਕੇ ਮੇਰੇ ਪਾਸ ਕਿਸੇ ਨੂੰ ਆਉਣ ਨਹੀਂ ਦਿੰਦੇ।"

-ਹੁਕਮਨਾਮਾ

ਹੁਕਮਨਾਮੇ ਲਿਆਉਣ ਵਾਲੇ, ਕੰਮ ਲੱਭਣ ਦੇ ਬਹਾਨੇ ਬਰ੍ਮਾ (ਮਯਾਂਮਾਰ) ਜਾਂਦੇ ਸਨ। ਨਾ ਉਹਨਾਂ ਦਾ ਔਕੜਾਂ ਵੇਲੇ ਸਿਖੀ ਸਿਦਕ ਡੋਲਦਾ, ਨਾ ਮਰਯਾਦਾ ਢਿਲੀ ਕਰਦੇ। ਜਸਵਿੰਦਰ ਸਿੰਘ ਦੇ ਸ਼ਬਦਾਂ ਵਿੱਚ

"ਨਾਮਧਾਰੀ ਸਿੰਘ ਪੰਜਾਬ ਤੋਂ ਕਲਕੱਤੇ ਜ਼ਿਆਦਾਤਰ ਨਾਮਧਾਰੀ ਪਹਿਰਾਵੇ ਵਿੱਚ ਹੀ ਜਾਂਦੇ ਸਨ ਅਤੇ ਉਥੇ ਮਦਦ ਕਰਨ ਵਾਲੇ ਸਿੰਘਾਂ ਪਾਸ ਰੁਕਣ ਦੌਰਾਨ ਉਹ ਆਪਣੇ ਬਸਤ੍ਰ ਬਦਲਦੇ ਸਨ। ਸੋਧ ਦਾ ਜਲ ਵੀ ਸਮੱਸਿਆ ਹੁੰਦਾ ਸੀ। ਕਲਕਤੇ ਅਤੇ ਰੰਗੂਨ ਸਿੰਘ ਉਥੇ ਰੁਕਦੇ ਸਨ ਜਿਥੇ ਕੁਦਰਤੀ ਪਾਣੀ ਮਿਲ ਸਕੇ। ਮੈਂ ਆਪ ਉਹਨਾਂ ਥਾਵਾਂ ਨੂੰ ਜਾ ਕੇ ਦੇਖਿਆ ਹੈ, ਕਲਕੱਤੇ ਛੋਟੀ ਸੰਗਤ, ਬੜੀ ਸੰਗਤ, ਤਾਰਾ ਸਿੰਘ ਦੀ ਸੰਗਤ, ਸਿਆਲਦਾ ਰੇਲਵੇ ਸਟੇਸ਼ਨ ਦੇ ਪਿੱਛੇ ਇੱਕ ਬਾਗ਼ ਵਿੱਚ ਛੋਟਾ ਜਿਹਾ ਗੁਰਦੁਆਰਾ ਆਦਿ ਕਈ ਥਾਵਾਂ ਤੇ ਕਈ ਕਈ ਦਿਨ ਸਿੰਘ ਲੁਕ ਕੇ ਰਹਿਦੇ ਸਨ। ਏਥੇ ਖੂਹ ਵੀ ਸਨ ਅਤੇ ਉਨੀਂ ਦਿਨੀ ਨੇੜੇ ਤੇੜੇ ਜ਼ਿਆਦਾ ਆਬਾਦੀ ਵੀ ਨਹੀਂ ਸੀ ਹੁੰਦੀ। ਲੁਕ ਕੇ ਰਹਿਣ ਅਤੇ ਸੋਧ ਦੇ ਜਲ ਲਈ ਉਪਰੋਕਤ ਥਾਵਾਂ ਬੜੀਆਂ ਢੁੱਕਵੀਆਂ ਅਤੇ ਸਹਾਇਕ ਹੁੰਦੀਆਂ ਸਨ। ਨਾਮਧਾਰੀ ਸਿੱਖਾਂ ਪਾਸੋਂ ਪਕੜੇ ਗਏ ਹੁਕਮਨਾਮਿਆਂ ਵਿੱਚ ਸਿੰਘਾਂ ਦੇ ਕਲਕੱਤੇ ਠਹਿਰਨ ਦਾ ਇਕ ਇਹ ਵੀ ਪਤਾ ਮਿਲਦਾ ਹੈ:

ਬੜਾ ਬਜਾਰ, ਤੁਲਾ ਪੱਟੀ, ਛੋਟੀ ਸੰਗਤ, ਗੁਪਾਲ ਸਿੰਘ ਕੀ ਬਾੜੀ ਪੁਜਾਰੀ ਦੀ।

ਰੰਗੂਨ ਵੀ ਗੁਪਤ ਰੂਪ ਵਿੱਚ ਰਹਿਣ ਅਤੇ ਖੂਹ ਦੀ ਸਮੱਸਿਆ ਹੁੰਦੀ। ਸਿੰਘ ਰੰਗੂਨ ਵਿੱਚ ਫੈਰੀ ਸਟ੍ਰੀਟ ਤੇ ਬਣੇ ਸ਼ਿਵ ਮੰਦਰ, ਕ੍ਰਿਸ਼ਨਾ ਟੈਂਪਲ ਵਿੱਚ ਜਾਂ ਕਾਲੀ ਬਾੜੀ ਮੰਦਰ ਲਾਗੇ ਗਲੀ ਵਿੱਚ ਰਹਿੰਦੇ ਸਨ। ਮੰਦਰ ਵਿੱਚ ਖੂਹ ਹੁੰਦਾ ਸੀ। ਰਸਤੇ ਵਿੱਚ ਵੀ ਸਿੰਘ ਜਾਂ ਤਾਂ ਕਈ ਕਈ ਦਿਨ ਪਿਆਸੇ ਹੀ ਰਹਿੰਦੇ ਜਾਂ ਗੰਨੇ, ਖਰਬੂਜੇ ਜਾਂ ਤਰਬੂਜ ਵਰਤ ਲੈਂਦੇ। ਤਲਾਸ਼ੀਆਂ ਤੋਂ ਬਚਣ ਲਈ ਇਹ ਯਾਤਰੂ ਗੱਡੀ ਅਥਵਾ ਜਹਾਜ਼ ਦੇ ਤੁਰਨ ਲੱਗਿਆਂ ਹੀ ਚੜ੍ਹਨ ਦੇ ਲਈ ਪਹੁੰਚਦੇ।"

-ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ।

ਜਿਸ ਤਰ੍ਹਾਂ ਉਹਨਾਂ ਲੋੜ ਅਨੁਸਾਰ ਥਾਵਾਂ ਭਾਲ ਰੱਖੀਆਂ ਸਨ। ਉੱਥੇ ਖ਼ਾਸ ਵਿਅਕਤੀਆਂ ਨੂੰ ਨਾਮਧਾਰੀ ਸਿੰਘਾਂ ਤੇ ਸਤਿਗੁਰੂ ਜੀ ਨਾਲ ਸਰਕਾਰ ਦੇ ਧੱਕੇ ਦਾ ਇਹਸਾਸ ਵੀ ਹੁੰਦਾ, ਉਹ ਕਲਕੱਤਾ ਰਾਜਧਾਨੀ ਤੋਂ ਕੰਮ ਕਰ ਰਹੀ ਬਰਤਾਨਵੀ ਸਰਕਾਰ ਨੂੰ ਹਿਕਾਰਤ ਦੀ ਨਿਗਾਹ ਨਾਲ ਦੇਖਦੇ ਤੇ ਨਾਮਧਾਰੀ ਸਿੱਖਾਂ ਪ੍ਰਤੀ ਉਹਨਾਂ ਦਾ ਨਜ਼ਰੀਆ ਹਮਦਰਦੀ ਭਰਿਆ ਹੁੰਦਾ, ਸਰਕਾਰ ਦੀ ਜ਼ਿਆਦਤੀ ਸਾਫ਼ ਨਜ਼ਰ ਆਉਂਦੀ।

ਕਲਕੱਤੇ, ਅੰਮ੍ਰਿਤਸਰ ਦੇ ਸਿੱਖ ਮਹਿਤਾਬ ਸਿਘ ਪਕੌੜੀਏ ਦਾ ਛੋਟਾ ਭਰਾ ਖੁਸ਼ਹਾਲ ਸਿਘ ਰਹਿੰਦਾ ਸੀ। ਇਸ ਕੋਲ ਹੀ ਸਿੰਘ ਰੁਕਦੇ, ਕੱਪੜੇ ਬਦਲਦੇ ਤੇ ਵਾਧੂ ਸਮਾਨ ਸੰਭਾਲਦੇ ਸਨ। ਇਹ ਜਹਾਜ਼ ਉੱਤੇ ਛੱਡਣ ਤੇ ਓਥੋਂ ਲੈਣ ਜਾਂਦਾ। ਕਲਕੱਤੇ 6, ਮਾਚੋਆ ਬਜ਼ਾਰ ਰੋਡ ਤੇ ਰਹਿੰਦਾ ਬਿਹਾਰੀ ਸਿੰਘ ਵੀ ਕੂਕਿਆਂ ਦਾ ਸਹਾਇਕ ਸੀ।

ਸ੍ਰੀ ਭੈਣੀ ਸਾਹਿਬ ਖਰਾਸ ਤੇ ਸੇਵਾ ਕਰਦੇ ਸ਼ੇਰ ਸਿੰਘ ਖਰਾਸੀਏ ਦਾ ਛੋਟਾ ਭਰਾ, ਸ਼ਾਮ ਸਿੰਘ ਰੰਗੂਨ ਰੇਲਵੇ ਸਟੇਸ਼ਨ ਤੇ ਕੰਮ ਕਰਦਾ ਸੀ। ਗੁਜਰਾਂਵਾਲੇ ਦਾ ਰਹਿਣ ਵਾਲਾ, ਲਹਿਣਾ ਸਿੰਘ ਰੰਗੂਨ ਪੁਲਿਸ ਵਿੱਚ ਨੌਕਰ ਸੀ। ਠਾਕਰਬਾੜੀ ਰੰਗੂਨ ਰਹਿਣ ਵਾਲਾ ਪੰਜਾਬ ਸਿੰਘ ਸਰਵੇ ਵਿਭਾਗ ਵਿੱਚ ਸੀ। ਮੌਲਮੀਨ ਇੱਕ ਹੋਰ ਸ਼ਾਮ ਸਿੰਘ ਚਰਚ ਵਿੱਚ ਤੇ ਹਰਨਾਮ ਸਿੰਘ ਪੁਲਿਸ ਵਿੱਚ ਨੌਕਰੀ ਕਰਦੇ ਸਨ। ਉਹ ਕੂਕੇ ਸਿੱਖਾਂ ਨੂੰ ਆਉਣ ਜਾਣ ਸਮੇਂ ਭੇਤ ਦੇਂਦੇ ਜਾਂ ਭੇਦ ਲੁਕਾਉਂਦੇ ਸਨ। ਉਹਨਾਂ ਆਪਣੇ ਸੰਪਰਕ ਸੂਤਰ ਰੱਖੇ ਹੋਏ ਸਨ।

ਸਤਿਗੁਰੂ ਹਰੀ ਸਿੰਘ ਜੀ ਤੋਂ ਆਗਿਆ ਲੈ ਕੇ ਸਿੰਘ ਇਹ ਸੰਪਰਕ

ਸਥਾਪਤ ਕਰਦੇ ਤੇ ਹਰ ਸਮੇਂ ਆਉਂਦੇ ਜਾਂਦੇ ਆਪ ਨੂੰ ਹੁਕਮਨਾ- ਪੜ੍ਹਾਉਣ ਜਾਂ ਦੇਣ ਸਮੇਂ ਉਥੋਂ ਦਾ ਹਾਲ ਦੱਸਦੇ ਸਨ, ਆਪ ਉਹਨਾਂ ਨੂੰ ਖੁਸ਼ੀਆਂ ਬਖ਼ਸ਼ਦੇ ਸਨ।

ਸਤਿਗੁਰੂ ਜੀ ਦੀ ਨਿਗਰਾਨੀ ਲਈ ਪਹਿਰੇ ਉੱਤੇ ਆਮ ਤੌਰ ਉੱਤੇ ਦਿਨ ਵੇਲੇ ਕਾਲੇ ਭਾਵ ਹਿੰਦੁਸਤਾਨੀ ਤੇ ਰਾਤ ਵੇਲੇ ਗੋਰੇ ਭਾਵ ਅੰਗਰੇਜ਼ ਸਿਪਾਹੀ ਤਾਇਨਾਤ ਹੁੰਦੇ ਸਨ। ਕਾਲੇ ਸਿਪਾਹੀਆਂ ਵਿੱਚ ਕਈ ਹਮਦਰਦੀ ਰੱਖਣ ਲੱਗ ਪਏ ਸਨ। ਕਈਆਂ ਲਈ:

ਤੇਲ ਤਮ੍ਹਾ ਜਿਸ ਕੋ ਮਿਲੇ ਤੁਰਤ ਨਰਮ ਹੋਇ ਜਾਏ।

ਦਾ ਹਥਿਆਰ ਕੰਮ ਆਉਂਦਾ ਸੀ।

ਬੰਗਲੇ ਦੇ ਕੋਲ ਇੱਕ ਬੈਰਾਗੀ ਸਾਧੂ ਦਾ ਥਾਂ ਸੀ। ਉਹ ਵੀ ਲੋੜ ਅਨੁਸਾਰ ਮੱਦਦ ਕਰਦਾ ਸੀ। ਸਿੰਘ ਦੱਖਣ ਵਾਲੇ ਪਾਸੇ ਅੰਬਾਂ ਦੇ ਰੁਖਾਂ ਹੇਠ ਆ ਕੇ ਬੈਠ ਜਾਂਦੇ ਸਨ। ਸਤਿਗੁਰੂ ਜੀ ਜਦ ਪੱਲਾ ਹਿਲਾਉਂਦੇ ਤਾਂ ਵਾਇਲਜ਼ ਰੋਡ ਉੱਤੇ ਚਲੇ ਜਾਂਦੇ ਕਿਉਂਕਿ ਇਹ ਨੇੜੇ ਆਉਣ ਦਾ ਸੰਕੇਤ ਹੁੰਦਾ ਸੀ। ਇਕ ਹੁਕਮਨਾਮੇ ਵਿੱਚ ਲਿਖਿਆ ਹੈ:"-

"ਹੋਰ ਮੋਰਮਈ (ਮੌਲਮੀਨ) ਤੇ ਕੋਈ ਚਿਠੀ ਨਾ ਲਿਆਉਣੀ, ਸਾਨੂ ਲੈਣੀ ਐਥੇ ਮੁਸਕਲ ਹੈ। ਸੁਖਸਾਦ ਦੀ ਏਨੀ ਬਾਤ ਬੋਲ ਦੇਣੀ ਤੁਰੇ ਜਾਦੇ "ਅਨੰਦ"। ਅਰ ਤੁਸੀ ਉਸੇ ਅੰਬ ਹੇਠ ਬੈਠਿਆ ਕਰੋ, ਨੇੜੇ ਨਹੀ ਬੈਠਣਾ। ਜਦ ਅਸੀ ਪਲਾ ਹਲਾਈਏ ਤਾ ਆਇ ਜਾਣਾ। ਬੋਲਣਾ ਨਹੀ, ਖੜੇ ਨਹੀ ਹੋਣਾ।" -ਹੁਕਮਨਾਮਾ 7

ਸਤਿਗੁਰੂ ਜੀ ਸਿੱਖਾਂ ਨੂੰ ਹੁਕਮਨਾਮਿਆਂ ਵਿੱਚ ਹੀ ਅੰਗਰੇਜ਼ ਵਲੋਂ ਵਧਾਈ ਜਾ ਰਹੀ ਸਖਤੀ ਬਾਰੇ ਲਿਖ ਦੇਂਦੇ ਸਨ:-

"ਏਨਾ ਨੂ ਏਹੁ ਹੁਕਮੁ ਦਿੰਦੇ ਹੈਨ ਏਨਾ ਦੇ ਉਹੁਦੇਦਾਰ, ਜੋ ਕੋਈ ਬਾਤ ਕਰੇ ਇਸ ਕੇ ਨਾਲ ਉਨਕੋ ਫਕੜੋ ਅਰੁ ਕੋਈ ਚੀਜ ਬਾਹਰ ਤੇ ਸਿਟੇ ਤਾ ਉਸ ਕੋ ਫਕੜੋ। ਜੇ ਕੋਈ ਅੰਦ੍ਰ ਤੇ ਕਿਸੇ ਕੋ ਦੇਵੇ ਤਾ ਓਸਕੋ ਫਕੜੋ। ਦਿਨ ਰਾਤ ਏਹੋ ਹੁਕਮ ਸੁਣਾਈਦਾ ਹੈ ਪਹਰੇ ਬਾਲਿਆ ਕੋ। ਜੇ ਚਾਰ ਉਗਲ ਕਾਗਤ ਦਿੰਦੇ ਲੈਦੇ ਕੋ ਦੇਖ ਲੈਣ ਜੋ ਏਥੇ ਸਾਡੇ ਪਹਿਰੇ ਪੁਰਿ ਹੈਨ, ਤਾ ਨਾਲੇ ਏਨਾ ਸੰਤਰੀ ਨੂ ਕੈਦ ਕਰਿ ਦੇਣ, ਨਾਲੇ ਬੈਤਾ ਮਾਰਨ ਪਹਰੇ ਬਾਲਿਆ ਦੇ, ਨਾਲੇ ਨਾਮੇ ਕਟਿ ਦੇਣ ਏਨਾ ਦੇ।"

-ਹੁਕਮਨਾਮਾ 62 ਜੁਲਾਈ 1880

ਸਤਿਗੁਰੂ ਜੀ ਗੁਰੂ ਹਰੀ ਸਿੰਘ ਨੂੰ ਇਹ ਵੀ ਲਿਖਦੇ ਕਿ ਸਿੰਘ ਘੱਟ

ਤੋਂ ਘੱਟ ਆਉਣ। ਅੰਗਰੇਜ਼ ਨੂੰ ਸਿੱਖਾਂ ਦੇ ਮੁੜ ਸੰਗਠਿਤ ਹੋ ਕੇ ਉਹਨਾਂ ਖਿਲਾਫ਼ ਜਹਾਦ ਖੜ੍ਹਾ ਕਰਨ ਦਾ ਡਰ ਵਿਆਪ ਰਿਹਾ ਸੀ। ਉਹ ਸਿੰਘਾਂ ਦੀਆਂ ਅੱਖਾਂ ਦੀ ਚਮਕ ਤੇ ਚਿਹਰੇ ਦੀ ਰੌਣਕ ਕਾਰਨ ਪਰੇਸ਼ਾਨ ਸੀ। ਉਸ ਨੇ ਆਪਣੇ ਸੂਹੀਏ ਛਡੇ ਹੋਏ ਸਨ। ਅਤਰ ਸਿੰਘ ਭਦੌੜ ਦਾ ਸਰਦਾਰ, ਸੁਪਰਿੰਨਟੈਂਡੈਂਟ, ਜੇ. ਪੀ. ਬਾਰਬਟਨ ਦਾ ਵਫਾਦਾਰ ਸੀ। ਉਸਦੇ ਕੁਝ ਬੰਦੇ ਨਾਮਧਾਰੀ ਵਾਤਾਵਰਨ ਵਿੱਚ ਵਿੱਚਰਦੇ ਸਨ। ਸ੍ਰੀ ਭੈਣੀ ਸਾਹਿਬ ਗੁਰਦੁਆਰੇ ਸੇਵਾ ਕਰਦਾ ਈਸ਼ਰ ਸਿੰਘ ਰਵਿਦਾਸੀਆ, ਪੈਸੇ ਲੈ ਕੇ ਕੰਮ ਕਰਨ ਲੱਗਾ। ਅੰਗਰੇਜ਼ ਸਰਕਾਰ ਨੂੰ ਨਾਮਧਾਰੀ ਸਿੱਖਾਂ ਵਿੱਚ ਨਵਾਂ ਉਤਸ਼ਾਹ ਹੋਣ ਦਾ ਕਾਰਨ ਸਤਿਗੁਰੂ ਹਰੀ ਸਿੰਘ ਦਾ ਦੌਰੇ ਕਰਨਾ ਤੇ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ ਆਉਣੇ ਤੇ ਅਰਦਾਸਾਂ ਜਾਣਾ ਲੱਗਾ। ਮਾਈ ਅਤਰੀ ਤੇ ਨਰਾਇਣ ਸਿੰਘ ਰੋਡਿਆਂ ਵਾਲੇ ਦੀ ਤਲਾਸ਼ੀ ਲਿਆਂ ਹੁਕਮਨਾਮੇ ਮਿਲੇ ਤਾਂ ਸ਼ੱਕ ਪੱਕਾ ਹੋ ਗਿਆ। ਇਸ ਭੈਣੀ-ਰੰਗੂਨ ਸੰਪਰਕ ਤੋਂ ਉਹਨਾਂ ਨੂੰ ਵਿਦੇਸ਼ਾਂ ਨੂੰ ਰਾਹ ਨਿਕਲਦੇ ਵੀ ਦਿੱਸੇ। ਜਿਸਦੀ ਨਿਸ਼ਾਨਦੇਹੀ ਗੁਲਾਬ ਖਾਂ ਕਰਨ ਲੱਗਾ। ਸੂਬਾ ਗੁਰਚਰਨ ਸਿੰਘ ਨਾਲ, ਮਿੱਠਾ ਬਣ ਕੇ, ਮਿਲਕੇ।

ਅਜ਼ਾਦੀ ਦੀ ਜਿਸ ਸ਼ਮ੍ਹਾ ਨੂੰ ਬੁਝਾਉਣ ਲਈ ਸਰਕਾਰ ਨੇ 1872 ਈ. ਵਿੱਚ ਸਤਿਗੁਰੂ ਰਾਮ ਸਿੰਘ ਅਤੇ ਸੂਬਿਆਂ ਨੂੰ ਨਜ਼ਰਬੰਦ ਕੀਤਾ ਸੀ, ਸ੍ਰੀ ਭੈਣੀ ਸਾਹਿਬ ਪੁਲਿਸ ਚੌਂਕੀ ਬਿਠਾਈ ਸੀ, ਨਾਮਧਾਰੀ ਸਿੱਖਾਂ ਦੇ ਇਕੱਠਾਂ ਤੇ ਪਾਬੰਦੀ ਲਾਈ ਸੀ, ਉਹ ਫੇਰ ਬਲ ਪਈ ਸੀ। ਸੋ ਸਤਿਗੁਰੂ ਰਾਮ ਸਿੰਘ ਉਹਨਾਂ ਨੂੰ ਸਭ ਤੋਂ ਵੱਧ ਖ਼ਤਰਨਾਕ ਲੱਗਾ। ਮਈ 1878 ਈ. ਦੀ ਫਾਈਲ ਵਿੱਚ ਉਹਨਾਂ ਲਿਖਿਆ:-

"ਉਹ (ਗੁਰੂ ਰਾਮ ਸਿੰਘ) ਬੜਾ ਹੀ ਖ਼ਤਰਨਾਕ ਵਿਅਕਤੀ ਹੈ। ਸ਼ਾਇਦ ਹਿੰਦੁਸਤਾਨ ਵਿੱਚ ਇਸ ਵੇਲੇ ਸਭ ਤੋਂ ਵਧ ਖਤਰਨਾਕ ਆਦਮੀ ਹੈ। ਅਤੇ ਹਰ ਹੀਲੇ ਉਸ ਨਾਲ ਪੱਤਰ ਵਿਹਾਰ ਖ਼ਤਮ ਹੋਣਾ ਚਾਹੀਦਾ ਹੈ।" ਸਤਿਗੁਰੂ ਜੀ ਨੇ ਸਰਕਾਰ ਦੀ ਉਹਨਾਂ ਉੱਤੇ ਸਖ਼ਤੀਆਂ ਵਧਾਉਣ ਦੀ ਬਦਨੀਤ ਨੂੰ ਤਾੜਦਿਆਂ ਹੋਇਆਂ ਇੱਕ ਹੁਕਮਨਾਮਾ ਲਿਖਿਆ। ਇਸ ਵਿੱਚ ਸਿੱਖਾਂ ਦੇ ਰੰਗੂਨ ਜਾਣ ਨੂੰ ਮਨ੍ਹਾ ਕੀਤਾ ਹੈ। ਪਰ ਆਖਿਆ ਆਉਣ ਦੀ ਗੁੰਜਾਇਸ਼ ਰੱਖੀ ਹੈ। ਹੁਕਮਨਾਮਾ ਇਹ ਹੈ:

ਹੋਰ ਭਾਈ ਹਰੀ ਸਿੰਘ ਜੀ ਮਤਲਬ ਏਹੁ ਹੈ ਹੁਣ ਸਾਡੇ ਪਾਸ ਆਦਮੀ ਕੋਈ ਨਾ ਆਵੇ। ਜੇ ਤਾ ਮੇਰਾ ਸਰੀਰ ਉਹ ਹੈ ਜੇਹੜਾ

ਪਹਿਲਾਦਸਰ ਵਾਲੀ ਪੋਥੀ ਮੈ ਲਿਖਾ ਹੈ ਬਾਢੀ ਸੁਤ ਕਹੀਏ ਗੁਰ ਜੋਏ ਮਮਕਲਾ ਤੇ ਅਵਤਾਰ ਹੋਈ, ਤਾ ਤੇ ਮੈ ਆਪੇ ਹੀ ਆਇ ਜਾਊਗਾ ਪੰਜਾਬ ਦੇਸ ਮੈ। ਜੇ ਓਹ ਨਹੀ ਤਾ ਮੇਰਾ ਦਰਸਨ ਕਰਕੇ ਕਿਨੇ ਕੀਹ ਕਰਨਾ ਹੈ' ਤਾ ਅਨੇਕ ਤਖਾਣ ਮੇਰੇ ਜੈਸੇ, ਮੇਤੇ ਚੰਗੇ ਦੇਸ ਮੈ ਹੈਨ। ਅਰ ਜੋ ਕਹੇ ਮੈਂ ਜਾਣਿਆ ਹੈ ਜੋ ਰਾਮ ਸਿੰਘ ਓਹੋ ਹੈ ਬਾਰਮੀ ਜਾਗਾ ਉਤੇ ਤਾ ਓਹੋ ਮੇਰ ਬਚਨ ਮੰਨੇ ਜੋ ਮੈ ਹੁਕਮ ਦੇਵਾ। ਅਰ ਜੇ ਜਾਣਾ ਬਈ ਰਾਮ ਸਿੰਘ ਗੁਰੂ ਹੈ ਅਰ ਗੁਰੂ ਜਾਣਕੇ ਹੁਕਮੁ ਨ ਮੰਨਿਆ ਤਾ ਨਾ ਮੈ ਓਸਦਾ ਨਾ ਓਹ ਮੇਰਾ, ਨਾ ਓਸਨੂ ਕੁਛ ਈ ਹੋਵੈ ਹੁਕਮੁ ਮੰਨੇ ਬਿਨਾ। ਅਰ ਜੇ ਜਾਣਿਆ ਉਹ ਨਹੀ ਰਾਮ ਸਿੰਘ ਜੋ ਬਾਢੀ ਸੁਤ ਕਹਾ ਹੈ ਤਾ ਫੇਰ ਕਾਸਨੂ ਆਉਣਾ ਏਥੇ ਨਾਲੇ ਕੂਕਾ ਨਾਉ ਧਰਾਉਣਾ ਹੈ, ਬਦਨਾਮੀ ਝਲਣੀ ਹੈ ਸਾਰੇ ਮੁਲਖ ਦੀ।

ਹੁਕਮ ਜੇ ਕੋਈ ਪੁਛੇ ਤਾ ਹੁਕਮ ਏਹੁ ਮੰਨੇ ਮੇਰਾ ਜੋ ਮੈ ਹਰਿਦਾਸ ਮੈ ਲਿਖਾ ਹੈ ਓਹ ਨਾ ਮੰਨਿਆ ਭਾਮੇ ਏਥੇ ਮੇਰੇ ਪਾਸ ਕਈ ਬੇਰੀ ਆਵੇ ਓਸਨੂ ਕੁਛ ਲਾਭ ਨਹੀ ਹੋਣਾ। ਟੋਟਾ ਈ ਹੈ ਖਰਚ ਦਾ ਖੇਚਲ ਦਾ। ਭਲ ਦੇਖੋ ਜੇ ਆਵੇ ਈ ਕੋਈ ਤਾ ਇਕੁ ਆਦਮੀ ਆਵੇ ਬਰਸ ਨੂ। ਛੇਤੀ ਈ ਆਵੇ ਤਾ ਦਸ ਮਹੀਨੇ ਨੂ ਆਵੇ। ਅਰ ਆਦਮੀ ਕੈਸਾ ਹੋਵੈ? ਅਛ ਲਿਖਣਾ ਜੋਂਣਦਾ ਹੋਵੇ। ਏਦੂ ਪਿਛੇ ਜੋ ਛੇਤੀ ਛੇਤੀ ਚਿਠੀਆ ਲਿਆਉਣ ਵਾਲੇ ਦਾ ਗੁਰੂ ਭਲਾ ਕਰੇ।

ਅਰੁ ਹੋਰ ਬਾਤ ਮੇਰੀ ਉਤੇ ਪ੍ਰਤੀਤ ਰਖਣੀ। ਜੋ ਮੈ ਹੁਕਮੁ ਦੇਊਗ ਸੋ ਮੈ ਕਿਸੇ ਦੇ ਬੁਰੇ ਵਾਸਤੇ ਨਹੀ ਦੇਦਾ। ਮੈ ਤਾ ਹਮੇਸਾ ਗੁਰੂ ਜੀ ਪਾਸੋਂ ਮੰਗਦਾ ਹਾ ਜੋ ਹੇ ਗੁਰੂ ਜੀ ਨਾਮਧਾਰੀਆ ਨੂ ਸਾਰੇ ਈ ਸੁਖ ਦੇਈ। ਸਦੇ ਪਾਤਸਾਹਿ ਤੇਰੇ ਜੰਤ ਹਾ, ਤੇਰੇ ਲੜ ਆਇ ਲਗੇ ਹਾ। ਜਿਉ ਜਾਣੈ ਤਿਉ ਬਖਸੁ। ਅਗੇ ਬਖਸਣ ਵਾਲਾ ਗੁਰੂ ਹੈ। ਮੈ ਤੇ ਕੁਛ ਨਹੀ ਕਰ ਸਕਦਾ। ਮੈ ਤਾ ਸੰਗਤ ਦੇ ਨਫੇ ਦੀ ਬਾਤਿ ਦਾ ਹੁਕਮੁ ਦਿੰਦਾ ਹਾਂ। ਅਪਣੇ ਜਾਣੇ ਕੁਨਫੇ ਦਾ ਹੁਕਮੁ ਨਹੀ ਦਿੰਦਾ। ਭਜਨ ਕਰੋ, ਬਾਣੀ ਪੜੋ। ਜੇ ਮੈ ਲਿਖ ਹੈ ਕੋਈ ਬਾਰੀ ਸੰਗਤਿ ਸਉਹੇ ਜੇ ਏਥੇ ਆਉਣ ਨੂ ਆਖਾ ਤਾ ਆਇ ਜਾਓ, ਜੇ ਆਖਾ ਛੇਤੀ ਨਾ ਆਵੋ ਤਾ ਛੇਤੀ ਨਾ ਆਉਣਾ।

ਹੋਰੁ ਕਈ ਬਾਤਾ ਜੋ ਲਿਖਦਾ ਹਾ ਹਮੇਸਾ ਹਰਿਦਾਸਾ ਮੈ ਕਈ ਬਾਰ, ਤਾ ਜੇ ਹਰਿਦਾਸਾ ਦਾ ਕਹਿਣਾ ਜੋ ਨਾ ਮੰਨੂ ਭਾਈ ਓਸਨੂ ਸੁਖ ਨਾ ਹੋਵੇਗਾ ਭਾਮੇ ਕਿਧਰ ਬੀ ਆਵੇ, ਜਾਵੇ। ਮਾਲਾ ਕਛ ਬੀ ਭਾਮੇ ਹੋਵੇ, ਪਰ ਸੁਖ

ਨਹੀ ਹੋਊਗਾ। ਅਗੇ ਜੇਹੜੀ ਕਿਸੇ ਨੂ ਹਛੀ ਲਗੇ ਸੋ ਕਰਣੀ। ਸਤਿ ਕਰਕੇ ਜਾਨਣਾ ਮੈ ਸੰਗਤਿ ਦੇ ਕੁਨਫੇ ਦੀ ਬਾਤ ਕਰਦਾ ਨਹੀ ਕਦੇ ਬੀ। ਅਗੇ ਭਾਈ ਜੋ ਗੁਰੂ ਨੇ ਕਰਨੀ ਹੈ ਹੋਣੀ ਸੋ ਹੈ। -ਹੁਕਮਨਾਮਾ 40

ਕਈ ਵਾਰ ਸਰਕਾਰੀ ਅਧਿਕਾਰੀਆਂ ਨੂੰ ਜੇ ਕਿਸੇ ਉਤੇ ਸ਼ੱਕ ਵੀ ਹੋ ਗਿਆ ਤਾਂ ਸੰਦੇਹਜਨਕ ਅਵਸਥਾ ਵਿੱਚ ਕੂਕਾ ਸਮਝ ਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਉਸ ਦੀ ਤਲਾਸ਼ੀ ਲਿਆਂ ਜੇ ਉਸ ਕੋਲੋਂ ਸਤਿਗੁਰਾਂ ਦੀ ਚਿੱਠੀ ਨਿਕਲੀ ਤਾਂ ਅਫਸਰਾਂ ਨੇ ਪੱਕਾ ਭਰੋਸਾ ਕਰ ਲਿਆ ਕਿ ਗੁਰੂ ਰਾਮ ਸਿੰਘ ਦਾ ਪੰਜਾਬ ਨਾਲ ਤਾਲ ਮੇਲ ਕਾਇਮ ਸੀ। ਇਸ ਤਰ੍ਹਾਂ ਦੇ ਕੁਝ ਕੇਸ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਾਹਮਣੇ ਆਏ ਤਾਂ ਉਹ ਬਹੁਤ ਚਿੰਤਾਤੁਰ ਹੋਇਆ।

12 ਨਵੰਬਰ 1877 ਈ: ਨੂੰ ਕਾਰਜਕਾਰੀ ਸਕੱਤਰ ਪੰਜਾਬ ਨੇ ਗ੍ਰਹਿ ਵਿਭਾਗ, ਭਾਰਤ ਸਰਕਾਰ ਦੇ ਸਕੱਤਰ ਨੂੰ ਲਿਖਿਆ ਕਿ ਰੰਗੂਨ ਵਿੱਚ ਰਾਜਸੀ ਕੈਦੀ, ਗੁਰੂ ਰਾਮ ਸਿੰਘ ਐਨਾ ਬਦਨਾਮ ਸੀ ਕਿ ਉਨ੍ਹਾਂ ਦੇ ਰੋਕਣ ਦੇ ਬਾਵਜੂਦ ਅਤੇ ਸਰਕਾਰੀ ਹੁਕਮ ਦੇ ਬਾਵਜੂਦ ਆਮ ਤੌਰ ਉੱਤੇ ਪੰਜਾਬ ਨਾਲ ਪੱਤਰ ਵਿਹਾਰ ਰੱਖਦਾ ਸੀ। ਉਸ ਦੀਆਂ ਕੁੱਝ ਚਿਠੀਆਂ ਗੁਪਤ ਰੂਪ ਵਿੱਚ ਗਵਰਨਰ ਜਨਰਲ ਕੋਲ ਵੀ ਪਹੁੰਚ ਗਈਆਂ ਸਨ। ਉਸ ਦਾ ਅਸਰ ਇਹ ਹੋਇਆ ਕਿ ਸਤਿਗੁਰੂ ਹਰੀ ਸਿੰਘ ਜੀ ਦੀ ਆਗਿਆ ਅਨੁਸਾਰ ਬਹੁਤ ਸਾਰੇ ਸਿੱਖਾਂ ਵਲੋਂ ਗੁਰੂ ਰਾਮ ਸਿੰਘ ਨੂੰ ਛੁਡਾਉਣ ਬਾਰੇ ਸਰਕਾਰੇ ਦਰਬਾਰੇ ਦਰਖ਼ਾਸਤਾਂ ਦਿੱਤੀਆਂ ਗਈਆਂ। ਕੂਕਿਆਂ ਵਿੱਚ ਫਿਰ ਜਾਨ ਪਈ ਲਗਦੀ ਸੀ। ਜਿਸ ਕਰਕੇ ਲੈਫਟੀਨੈਂਟ ਗਵਰਨਰ ਨੇ ਸਲਾਹ ਦਿੱਤੀ ਸੀ ਕਿ ਗੁਰੂ ਰਾਮ ਸਿੰਘ ਨੂੰ ਅਦਨ ਵਰਗੀ ਕਿਸੇ ਹੋਰ ਥਾਂ ਉੱਤੇ ਭੇਜਿਆ ਜਾਵੇ ਜਿਥੇ ਨਿਗਰਾਨੀ ਹੋਰ ਵੱਧ ਰੱਖੀ ਜਾ ਸਕੇ।

ਉਂਜ ਸਰਕਾਰ ਨੇ ਰੰਗੂਨ ਵੀ ਨਿਗਰਾਨੀ ਵਲੋਂ ਪੱਕਾ ਪ੍ਰਬੰਧ ਕੀਤਾ ਹੋਇਆ ਸੀ। ਜਿਵੇਂ ਪਹਿਲਾਂ ਲਿਖਿਆ ਹੈ ਸਤਿਗੁਰਾਂ ਵਾਲੇ ਬੰਗਲੇ ਦੇ ਦੁਆਲੇ ਸਾਢੇ ਅੱਠ ਫੁਟ ਉੱਚਾ ਜੰਗਲਾ ਸੀ। ਚਾਰ ਚੁਫੇਰੇ ਡੂੰਘੀ ਖਾਈ ਸੀ। ਦੋ ਸਿਪਾਹੀ ਦਿਨ ਰਾਤ ਪਹਿਰੇ ਉੱਤੇ ਰਹਿੰਦੇ ਸਨ। ਫਿਰ ਵੀ ਬੰਗਲੇ ਦੀ ਕੁਰਸੀ ਬਹੁਤ ਉੱਚੀ ਹੋਣ ਕਰ ਕੇ ਜਦੋਂ ਸਤਿਗੁਰੂ ਜੀ ਬਰਾਂਡੇ ਵਿੱਚ ਹੁੰਦੇ ਤਾਂ ਰੰਗੂਨ ਪੁਜੇ ਸਿੱਖਾਂ ਨੂੰ ਸੌਖਿਆਂ ਹੀ ਆਪ ਦੇ ਦਰਸ਼ਨ ਹੋ ਜਾਂਦੇ। ਕਈ ਵਾਰ ਸਿਪਾਹੀ ਵੀ ਰਹਿਮ ਦਿਲ ਹੋਣ ਕਰਕੇ ਕੂਕਿਆਂ ਨੂੰ ਤੰਗ ਕਰਨ ਜਾਂ ਸਤਿਗੁਰਾਂ ਨੂੰ ਬਾਹਰ ਬੈਠਣੋ ਵਰਜਣ ਦੀ ਲੋੜ ਘੱਟ ਹੀ

ਮਹਿਸੂਸ ਕਰਦੇ।

ਚੀਫ਼ ਕਮਿਸ਼ਨਰ ਦਾ ਇੱਕ ਹੋਰ ਵਿੱਚਾਰ ਸੀ ਕਿ ਚਾਰ ਚੁਫੇਰੇ ਦਾ ਜੰਗਲਾ ਹੋਰ ਉੱਚਾ ਕੀਤਾ ਜਾਵੇ। ਦੂਜਾ ਵਿੱਚਾਰ ਇਹ ਵੀ ਸੀ ਕਿ ਆਪ ਨੂੰ ਵਾਪਸ ਸੈਂਟਰਲ ਜੇਲ੍ਹ ਹੀ ਭੇਜ ਦਿੱਤਾ ਜਾਵੇ ਜਾਂ ਤਵਾਇ ਜਾਂ ਮਰਗੋਈ ਭੇਜ ਦਿਤਾ ਜਾਵੇ ਤਾਂ ਕਿ ਗੁਰੂ ਰਾਮ ਸਿੰਘ ਅਤੇ ਪੰਜਾਬ ਦੇ ਤਾਲਮੇਲ ਅਤੇ ਸੰਚਾਰ ਦਾ ਸਿਲਸਿਲਾ ਟੁੱਟ ਜਾਵੇ।

ਸਤਿਗੁਰੂ ਰਾਮ ਸਿੰਘ ਨੂੰ ਤਵਾਇ ਜਾਂ ਮਰਗੋਈ ਭੇਜਣ ਦੀ ਰਾਇ ਚੀਫ਼ ਕਮਿਸ਼ਨਰ ਨੇ 28 ਦਸੰਬਰ 1877 ਈ: ਦੀ ਚਿਠੀ ਵਿੱਚ , ਭਾਰਤ ਸਰਕਾਰ ਨੂੰ ਕਲਕੱਤੇ ਭੇਜੀ। ਕੌਂਸਲ ਦੇ ਗਵਰਨਰ ਜਨਰਲ ਨੇ ਆਪ ਨੂੰ ਤਵਾਇ ਜਾਂ ਮਰਗੋਈ ਭੇਜਣ ਦੀ ਮਨਜ਼ੂਰੀ ਦੇ ਦਿਤੀ।

ਹਿੰਦੁਸਤਾਨ ਵਿੱਚ ਬਗ਼ਾਵਤ ਦਾ ਤੌਖਲਾ ਖਤਮ ਕਰਨ ਲਈ, ਸਤਿਗੁਰਾਂ ਦਾ ਪੰਜਾਬ ਨਾਲੋਂ ਸੰਬੰਧ ਤੋੜਨ ਲਈ, ਆਪ ਨੂੰ ਮਰਗੋਈ ਜਾਂ ਤਵਾਇ ਭੇਜਣ ਲਈ ਲੋੜੀਂਦਾ ਪ੍ਰਬੰਧ ਕਰਨ ਲਈ ਮੌਲਮੀਨ ਦੇ ਕਮਿਸ਼ਨਰ ਨੂੰ ਲਿਖਿਆ ਗਿਆ। ਉਸ ਨੇ ਤਵਾਇ ਦੇ ਡੀ. ਸੀ., ਕਰਨਲ ਸਲਿੰਬਰੀ ਅਤੇ ਮਰਗੋਈ ਦੇ ਡੀ. ਸੀ. ਕਰਨਲ ਮੰਟੋ ਨਾਲ ਸਲਾਹ ਮਸ਼ਵਰਾ ਕਰ ਕੇ ਆਪ ਨੂੰ ਮਰਗੋਈ ਦੀ ਜੇਲ੍ਹ ਵਿੱਚ ਰੱਖਣ ਦਾ ਨਿਰਨਾ ਕੀਤਾ।

ਮਰਗੋਈ ਜੇਲ੍ਹ ਦੇ ਇੱਕ ਪਾਸੇ ਬਾਗ ਵਾਲੀ ਥਾਂ ਆਪ ਲਈ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ। ਉਚੇਚਾ 30 ਫੁਟ ਲੰਮੀ 10 ਫੁਟ ਚੌੜੀ ਥਾਂ ਛੱਤੀ ਗਈ, ਜਿਸ ਵਿੱਚ ਇੱਕ ਕਮਰਾ, ਬਰਾਂਡਾ, ਰਸੋਈ, ਪਾਖਾਨਾ, ਗੁਸਲਖਾਨਾ ਆਦਿ ਅਤੇ ਦੁਆਲੇ ਉੱਚਾ ਜੰਗਲਾ ਬਣਾਏ ਗਏ। ਇਸ ਉੱਤੇ ਉਸ ਸਮੇਂ ਦੀ ਸਰਕਾਰ ਦੇ 3783 ਰੁਪਈਏ ਖਰਚ ਆਏ।

ਸਤਿਗੁਰਾਂ ਦੀ ਨਿਗਰਾਨੀ ਲਈ 7 ਸਿਪਾਹੀ ਤਾਇਨਾਤ ਕੀਤੇ ਗਏ ਉਹਨਾਂ ਦਾ ਸਲਾਨਾ ਖਰਚ ਉਸ ਸਮੇਂ 1052 ਰੁਪਈਏ ਸੀ।

ਮਰਗੋਈ ਵਿੱਚ ਸਤਿਗੁਰਾਂ ਨੂੰ ਰੱਖਣ ਦੀ ਤਿਆਰੀ 31 ਅਕਤੂਬਰ 1878 ਈ: ਤਕ ਮੁਕੰਮਲ ਹੋ ਗਈ। ਪਰ ਫਿਰ ਚੀਫ਼ ਕਮਿਸ਼ਨਰ ਨੂੰ ਸ਼ੱਕ ਹੋ ਗਿਆ ਕਿ ਮਰਗੋਈ ਦੀ ਸਰਕਾਰ ਆਪ ਨੂੰ ਆਪ ਦੇ ਪੈਰੋਕਾਰਾਂ ਨਾਲੋਂ ਨਹੀਂ ਤੋੜ ਸਕੇਗੀ। ਸੋ ਉਸ ਦਾ ਵਿਚਾਰ ਬਣਿਆ ਕਿ ਆਪ ਨੂੰ ਜਾਂ ਤਾਂ ਰੰਗੂਨ ਹੀ ਰੱਖਿਆ ਜਾਵੇ, ਉੱਥੇ ਪੁਲਿਸ ਦੀ ਥਾਂ ਫੌਜੀ ਨਿਗਰਾਨੀ ਰੱਖੀ ਜਾਵੇ ਕਿਉਂਕਿ ਫੌਜੀਆਂ ਦੀ ਛੇਤੀ ਛੇਤੀ ਤਬਦੀਲੀ ਹੋਣ ਕਰ ਕੇ ਭ੍ਰਿਸ਼ਟਾਚਾਰ ਦੀ ਸੰਭਾਵਨਾ ਬੜੀ ਘੱਟ ਸੀ। ਉਸ ਦਾ ਦੂਜਾ ਵਿਚਾਰ ਸੀ

ਕਿ ਆਪ ਨੂੰ ਨਿਕੋਬਾਰ ਦੀਪ ਸਮੂਹ ਵਿੱਚ ਕਾਰਮੋਤਰਾ ਭੇਜਿਆ ਜਾਵੇ। ਤੀਸਰਾ ਵਿਚਾਰ ਇਹ ਵੀ ਸੀ ਕਿ ਕਿਸੇ ਉਚੇਚੀ ਥਾਂ ਰੱਖਣ ਦੀ ਥਾਂ ਤੇ ਆਪ ਨੂੰ ਜੇਲ੍ਹ ਵਿੱਚ ਹੀ ਰੱਖਿਆ ਜਾਵੇ।

ਇਨ੍ਹਾਂ ਤਿੰਨਾਂ ਥਾਵਾਂ ਵਿੱਚੋਂ ਕੋਈ ਥਾਂ ਪਰਵਾਨ ਕਰਨ ਬਾਰੇ ਪੰਜਾਬ ਦਾ ਪ੍ਰਤੀਕਰਮ ਪੁੱਛਿਆ ਗਿਆ ਅਤੇ ਫਿਰ ਗਵਰਨਰ ਜਨਰਲ ਕੋਲੋਂ ਵੀ ਸਲਾਹ ਲਈ ਗਈ। ਇਸ ਸੰਬੰਧੀ ਪੱਤਰ ਵਿਹਾਰ ਪੌਣੇ ਦੋ ਸਾਲ ਚਲਿਆ ਅਤੇ ਨਿਰਨਾ ਹੋਇਆ ਕਿ ਹਾਲ ਦੀ ਘੜੀ ਮਰਗੋਈ ਵਾਲੀ ਥਾਂ ਹੀ ਉਚਿਤ ਸੀ। ਜੇ ਏਥੇ ਵੀ ਸਤਿਗੁਰੂ ਰਾਮ ਸਿੰਘ ਨੂੰ ਉੱਤਰੀ ਭਾਰਤ ਨਾਲ ਸੰਬੰਧ ਕਾਇਮ ਰੱਖਣੋ ਨਾ ਰੋਕਿਆ ਜਾ ਸਕਿਆ ਤਾਂ ਦੁਬਾਰਾ ਵਿਚਾਰ ਕੀਤੀ ਜਾ ਸਕੇਗਾ।

ਹਿੰਦ-ਪੰਜਾਬ ਵਿੱਚ ਤਾਂ ਚਿੰਤਾ ਸੀ ਪਰ ਬਰਮਾ, ਰੰਗੂਨ ਵਿੱਚ ਕੋਈ ਵੀ ਵਿਅਕਤੀ ਹੁਕਮਨਾਮੇ ਲੈਂਦਾ ਜਾਂ ਅਰਦਾਸਾਂ ਪਹੁੰਚਾਉਂਦਾ ਨਹੀਂ ਸੀ ਫੜ੍ਹਿਆ ਗਿਆ। ਸਤਿਗੁਰੂ ਜੀ ਦੀ ਸੇਵਾ ਲਈ ਲਾਏ ਉਮਰ ਕੈਦੀ ਵੀ ਲਾਲਚ ਦਿਖਾਉਣ ਦੇ ਬਾਵਜੂਦ ਨਾਕਾਮਯਾਬ ਰਹੇ। ਪਰ ੧੮੮੦ ਈ. ਵਿੱਚ ਕੁਝ ਕਾਮਯਾਬੀ ਮਿਲਣ ਦਾ ਦਾਅਵਾ ਕੀਤਾ ਗਿਆ। ਉਹਨਾਂ ਕਿਹਾ ਕਿ ਧੰਨਾ ਸਿੰਘ ਗੁੰਮਟੀ ਦਾ ਰੰਗੇ ਹੱਥੀਂ ਫੜ੍ਹਿਆ ਹੈ।

ਅਕਲੀਏ ਮੇਲਾ ਸੀ। ਧੰਨਾ ਸਿੰਘ ਗੁੰਮਟੀ ਸਪੁੱਤਰ ਲਾਲ ਸਿੰਘ ਤੇ ਕ੍ਰਿਪਾਲ ਸਿੰਘ ਰਾਗੀ ਸਪੁੱਤਰ ਪ੍ਰੇਮ ਸਿੰਘ ਭਦੌੜ ਨੇ ਅੰਦਰੋਂ ਦਰਸ਼ਨ ਦੀ ਤੀਬਰ ਇਛਾ ਜਾਗਣ ਕਾਰਨ ਅਰਦਾਸ ਕੀਤੀ। ਕ੍ਰਿਪਾਲ ਸਿੰਘ ਨੇ ਘੋੜੀ ਤੇ ਸਿੰਘਣੀ ਦੇ ਗਹਿਣੇ ਵੇਚ ਕੇ 50 ਰੁਪਏ ਦਾ ਪ੍ਰਬੰਧ ਕੀਤਾ। ਧੰਨਾ ਸਿੰਘ ਉਸ ਕੋਲ ਭਦੌੜ ਗਿਆ। ਦੋਹਾਂ ਨੇ ਸਤਿਗੁਰੂ ਹਰੀ ਸਿੰਘ ਤੋਂ ਰੰਗੂਨ ਜਾਣ ਤੇ ਦਰਸ਼ਨ ਕਰਨ ਦੀ ਜੁਗਤ ਜਾਣੀ ਤੇ ਇਜਾਜ਼ਤ ਲਈ। ਸਤਿਗੁਰੂ ਜੀ ਨੇ ਦੋ ਮਾਲਾ ਦਿਤੀਆਂ ਤੇ ਸੋਭਾ ਸਿੰਘ ਨੂੰ ਨਾਲ ਕੀਤਾ। ਉਹਨਾਂ ਨੂੰ 24 ਅਰਦਾਸਾਂ ਦਿਤੀਆਂ ਗਈਆਂ। ਆਗਿਆ ਅਨੁਸਾਰ ਗੰਗਾ ਸਿੰਘ ਨੇ ਦਰਸ਼ਨ ਦਿਦਾਰ ਕਰਨ ਦੀ ਸਫਲਤਾ ਲਈ ਅਰਦਾਸ ਕੀਤੀ। ਤਿੰਨੇ ਕਲਕੱਤੇ ਪੁੱਜੇ ਤਾਂ ਕੁਦਰਤੀ ਸਮੁੰਦਰੀ ਜਹਾਜ਼ ਜਾ ਚੁੱਕਾ ਸੀ। ਪਰ ਮੁਖ਼ਬਰ ਉਹਨਾਂ ਦੀ ਸੂਹ ਰੱਖਣ ਲੱਗੇ। ਸਿਪਾਹੀ ਨੇ ਉਨਾਂ ਦੇ ਨਾਂ ਪਤੇ ਲਿਖੇ। ਉਹਨਾਂ ਨੇ ਉਹ ਲਿਖਾ ਕੇ ਆਪਣੇ ਜਾਣ ਦਾ ਕਾਰਨ ਨੌਕਰੀ ਦੀ ਭਾਲ ਦੱਸਿਆ। ਰਾਤ ਉਹ ਬੜੀ ਸੰਗਤ ਗੁਰਦੁਆਰੇ ਰਹੇ ਸਨ। ਉਹਨਾਂ ਨਾਲ ਏਥੋਂ ਕੁਦਰਤੀ ਹੀ ਹਰਨਾਮ ਸਿੰਘ ਨਥਾਣਾ ਸਪੁੱਤਰ ਦੀਪ ਸਿੰਘ,

ਹਰਨਾਮ ਸਿੰਘ ਗੁਲਾਬੇ ਕੀ ਮੰਡੀ ਦਾ ਤੇ ਸੌਣ ਸਿੰਘ ਰੋਡਿਆਂ ਦਾ ਮਿਲੇ ਸਨ। ਉਹਨਾਂ ਦੇ ਪ੍ਰੋਗਰਾਮ ਦੇ ਰੱਦੇ ਅਮਲ ਬਾਰੇ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਲਿਖਿਆ ਹੈ:

ਚੌਵੀ ਅਰਦਾਸਾਂ ਸੀ ਏਸ ਪਾਸੇ ਕੀਆਂ, ਡੇਰੇ ਕੇ ਸਾਰੇ ਬਿਵਹਾਰ ਕੀਆਂ। ਸੈਂਚੀਆਂ ਕੇ ਗੱਤੇ ਮੇ ਖਾਸ ਕੀਤੀਆਂ ਹੋਈਆਂ ਸੀ। ਹਰਨਾਮ ਸਿੰਘ (ਨਥਾਣਾ) ਕੋ ਫੜਾਇ ਦਿਤੀਆਂ ਕਿ ਤੂੰ ਸਿਆਣਾ ਹੈਂ ਸਾਡੇ ਵਿੱਚੋਂ। ਹਰਨਾਮ ਸਿੰਘ ਨੇ ਕਿਰਪਾਲ ਸਿੰਘ ਰਾਗੀ ਕੋ ਫੜਾਈਆਂ ਤੇ ਨਾਲੇ ਮਾਲਾ ਭੀ ਕ੍ਰਿਪਾਲ ਸਿੰਘ ਕੋ ਫੜਾਇ ਦਿਤੀਆਂ। ਕ੍ਰਿਪਾਲ ਸਿੰਘ ਨੇ ਦੋਨੋ ਮਾਲਾ ਇਕੱਠੀਆਂ ਕਰ ਕੇ ਖਿਦੋ ਵਾਗੂੰ ਉਤੋਂ ਦੀ ਚਿਟੀ ਲੀਰ ਬੰਨ੍ਹ ਕੇ ਲੱਡੂ ਵਾਂਗ ਬਣਾਇ ਕੇ ਲੱਡੂਆਂ ਮੈਂ ਕਰ ਲਈ। ਤਾਂ ਫਰੰਗੀ ਤਲਾਸ਼ੀ ਨੂੰ ਆਇਆ ਤਾਂ ਲੱਡੂ ਅਗੇ ਰੱਖ ਦੀਏ। ਕਹਾ ਕਿ ਇਹ ਹਮਾਰੇ ਖਾਣੇ ਕੇ ਲੱਡੂ ਹੈਂ। ਫਿਰੰਗੀ ਨੇ ਕਿਹਾ ਉਠਾਇ ਲਵੋ। ਹੇਠਾਂ ਸਭ ਦੇ ਕਛਹਿਰੇ, ਉੱਤੇ ਦੀ ਧੋਤੀਆਂ ਬਧੀਆਂ। ਲਾਲ ਪਗੜੀਆਂ ਭੀ ਬਧੀਆਂ, ਦਾੜ੍ਹੀਆਂ ਭੀ ਚਾੜ੍ਹ ਕੇ ਬੰਨ੍ਹ ਲਈਆਂ। -ਸਤਿਗੁਰੂ ਬਿਲਾਸ ਭਾਗ ਦੂਜਾ।

ਸਮੁੰਦਰੀ ਜਹਾਜ਼ ਵਿੱਚ ਉਹ ਭੁੱਖੇ ਤਿਹਾਏ ਰਹੇ ਤੇ ਛੇਵੇਂ ਦਿਨ ਰੰਗੂਨ ਪੁਜੇ। ਨੌਕਰੀ ਦੀ ਭਾਲ ਵਿੱਚ ਠਾਕਰ ਬਾੜੀ ਮੰਦਰ ਰਹੇ। ਇਹ ਥਾਂ ਫੈਰੀ-ਸਟ੍ਰੀਟ (ਪੈਸੋਤਨ ਸਟ੍ਰੀਟ) ਉੱਤੇ ਹੈ। ਵਾਰ ਵਾਰ ਬੰਗਲੇ ਵੱਲ, ਵੇਲਾ ਵੇਖ ਕੇ ਜਾਣ, ਪਰ ਸਿਪਾਹੀਆਂ ਤੋਂ ਡਰਦੇ ਮੁੜ ਆਉਣ। ਸਤਿਗੁਰੂ ਜੀ ਵੀ ਬਾਹਰ ਨਹੀਂ ਸਨ ਬੈਠੇ ਹੁੰਦੇ। ਇੱਕ ਦਿਨ ਕਾਲੇ ਸਿਪਾਹੀ ਨੇ, “ਕੁਝ ਦੇਵੋਗੇ” ਕਹਿਕੇ ਰਾਜਾ ਰਾਮ ਸਿੰਘ ਦੇ! ਦਰਸ਼ਨ ਕਰਨ ਬਾਰੇ ਉੱਚੀ ਬੋਲਿਆ। ਸਤਿਗੁਰੂ ਜੀ ਬੰਗਲਿਓਂ ਬਾਹਰ ਆਏ। ਉਦੋਂ ਸੋਭਾ ਸਿੰਘ ਇਕੱਲਾ ਸੀ। ਉਹ ਦਰਸ਼ਨ ਕਰ ਕੇ ਨਿਹਾਲ ਹੋਇਆ। ਕੁਝ ਬਚਨ ਹੋਇਆ। ਹੁਕਮ ਹੋਇਆ ਹੋਰ ਸਿੰਘ ਵੀ ਲੈ ਆ। ਸਿੰਘ ਆਏ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਕਰਕੇ ਖੀਵੇ ਹੋ ਗਏ। ਉਹਨਾਂ ਨੇ ਅਰਦਾਸਾਂ ਤੇ ਮਾਲਾ ਅੰਦਰ ਸੁੱਟੀਆਂ ਤੇ ਹੋਰ ਭੇਟਾ ਵੀ। ਉਹ ਕਈ ਦਿਨ ਓਥੇ ਰਹੇ। ਸੜਕਾਂ ਤੇ ਫਿਰਦੇ ਰਹਿਣ ਤੇ ਮੌਕਾ ਮਿਲਣ ਤੇ ਦਰਸ਼ਨ ਕਰ ਲੈਣੇ।

ਸੱਤਵੇਂ ਦਿਨ 28 ਜੁਲਾਈ 1880 ਈ. ਨੂੰ ਧੰਨਾ ਸਿੰਘ ਸ਼ਾਮ ਨੂੰ ਗਿਆ। ਕਾਲੇ ਲੋਕਾਂ ਦਾ ਪਹਿਰਾ ਖ਼ਤਮ ਹੋ ਰਿਹਾ ਸੀ। ਉਸ ਨੇ ਅਰਦਾਸ ਬੰਗਲੇ ਵਿੱਚ ਸੁੱਟੀ। ਸਤਿਗੁਰੂ ਜੀ ਨੇ ਹੁਕਮਨਾਮੇ ਕੱਪੜੇ-ਵੱਟੇ ਵਿੱਚ ਬੰਨ੍ਹ ਕੇ ਬਾਹਰ ਸੁੱਟੇ। ਖੜਾਕ ਸੁਣ ਕੇ ਕਾਲਾ ਅਬਦੁਲਾ ਖਾਂ ਜੋ

ਵੀਹਵੀਂ ਰਜਮੈਂਟ ਵਿੱਚ ਨੌਕਰ ਸੀ, ਹੁਕਮਨਾਮੇ ਲੈ ਕੇ ਵਾਇਲਜ਼ ਰੋਡ ਉੱਤੇ ਭੱਜਦੇ ਧੰਨਾ ਸਿੰਘ ਮਗਰ ਦੌੜਿਆ ਤੇ ਉਸ ਨੂੰ ਸੱਤਰ ਕਰਮਾਂ ਤੇ ਫੜ ਲਿਆ। ਉਸ ਦੇ ਪੈਸੇ ਦਾ ਲਾਲਚ ਦੇਣ ਉੱਤੇ ਤੇ ਨਾਨੂੰ ਸਿੰਘ ਦੇ ਜੋ ਮੰਗੇਗਾ ਦੇਵਾਂਗਾ, ਲਾਲਚ ਦੇਣ ਤੇ ਵੀ ਉਸ ਨੇ ਧੰਨਾ ਸਿੰਘ ਨੂੰ ਨਾ ਛੱਡਿਆ। ਉਸ ਨੂੰ ਕੋਤਵਾਲੀ ਲੈ ਗਏ। ਤਲਾਸ਼ੀ ਲਈ ਤਾਂ ਹੁਕਮਨਾਮੇ ਨਿਕਲੇ। ਰਾਤ ਕੋਤਵਾਲੀ ਬੰਦ ਰੱਖਿਆ। ਅਗਲੇ ਦਿਨ ਡਿਪਟੀ ਕਮਿਸ਼ਨਰ ਤੇ ਰੰਗੂਨ ਸ਼ਹਿਰ ਦੇ ਮੈਜਿਸਟ੍ਰੇਟ ਆਰ. ਸੀ. ਈਵਾਨਸਨ ਅੱਗੇ ਪੇਸ਼ ਕੀਤਾ। ਉਸਦੇ ਪੁੱਛਣ ਉੱਤੇ ਧੰਨਾ ਸਿੰਘ ਕਿਹਾ ਰਾਮ ਸਿੰਘ ਕੋਲੋਂ ਨੌਕਰੀ ਲਈ ਸਿਫਾਰਸ਼ੀ ਚਿੱਠੀ ਲੈਣ ਗਿਆ ਸੀ ਕਿਉਂਕਿ ਇਹ ਰਣਜੀਤ ਸਿਘ ਦੀ ਫੌਜ ਵਿੱਚ ਸਿਪਾਹੀ ਸਨ। ਉਸ ਨੇ ਕਿਹਾ ਸਿਪਾਹੀ ਨੇ ਐਵੇਂ ਫੜਿਆ ਹੈ ਤੇ ਮੇਰੇ 96 ਰੁਪਏ ਕੱਢ ਲਏ ਹਨ।

ਈਵਾਨਸਨ ਨੂੰ ਪੁਲਿਸ ਨੇ ਤਲਾਸ਼ੀ ਚੋਂ ਮਿਲੇ ਹੁਕਮਨਾਮੇ ਦਿਖਾਏ। ਉਹ ਠਾਕਰ ਬਾੜੀ ਆਇਆ। ਏਥੇ ਹੋਰ 5 ਸਿੰਘਾਂ ਨੂੰ ਹੁਕਮਨਾਮੇ ਪੜ੍ਹਨ ਲਈ ਕਿਹਾ ਪਰ ਉਹਨਾਂ ਕਿਹਾ ਅਸੀਂ ਅਨਪੜ੍ਹ ਹਾਂ ਪੜ੍ਹ ਨਹੀਂ ਸਕਦੇ। ਤੇ ਆਪਣੇ ਆਉਣ ਦਾ ਕਾਰਨ ਨੌਕਰੀ ਦੀ ਤਲਾਸ਼ ਦੱਸਿਆ। ਉਸ ਨੇ ਇਕ ਹੋਰ ਗ੍ਰੰਥੀ ਭਾਈ ਆਸਾ ਸਿੰਘ ਤੋ ਪੜ੍ਹਾਏ। ਉਸ ਨੇ ਕੁਝ ਤੱਥ ਗੋਲ ਕਰ ਲਏ। ਸਤਿਗੁਰੂ ਜੀ ਨੂੰ ਵੀ ਪਤਾ ਲਗ ਗਿਆ ਕਿ ਧੰਨਾ ਸਿੰਘ ਫੜ੍ਹਿਆ ਗਿਆ ਹੈ ਤੇ ਉਸ ਤੋਂ ਪੁਛ ਪੜਤਾਲ ਹੋ ਰਹੀ ਹੈ। ਉਹ ਚਿੰਤਤ ਸਨ।

ਪੰਜੇ ਸਿੰਘ ਜਹਾਜ਼ ਉੱਤੇ ਬੈਠ ਕੇ 3 ਅਗਸਤ 1880 ਨੂੰ ਵਾਪਸ ਕਲਕੱਤੇ ਆ ਗਏ।

ਧੰਨਾ ਸਿੰਘ ਨੂੰ ਅੰਦਰ ਡੱਕੇ ਨੂੰ ਲੱਗਾ ਕਿ ਸਤਿਗੁਰੂ ਜੀ ਨੇ ਅਵਾਜ਼ਾ ਕਰਕੇ ਕਿਹਾ ਹੈ ਤੂੰ ਛੁਟ ਜਾਏਂਗਾ। ਸ਼ਹਿਰ ਮੈਜਿਸਟ੍ਰੇਟ ਆਰ. ਸੀ. ਈਵਾਨਸਨ ਨੇ ਹੁਕਮ ਅਦੂਲੀ ਦਾ ਜਿਵੇਂ ਕੇਸ ਬਣਾਇਆ ਉਸ ਤੋਂ ਲਗਦਾ ਸੀ ਕਿ ਜੇ ਫਾਂਸੀ ਨਾ ਹੋਈ ਤਾਂ ਉਮਰ ਕੈਦ ਵੱਟ ਤੇ ਪਈ ਹੈ। ਉਸ ਨੂੰ ਬ੍ਰਿਟਿਸ਼ ਬਰਮਾ ਦੇ ਕਮਿਸ਼ਨਰ ਅੱਗੇ ਪੇਸ਼ ਕੀਤਾ ਗਿਆ ਉਸ ਨੇ ਕਿਹਾ ਕਿ ਇਸ ਨੂੰ ਮੁਲਕ ਵਾਪਸ ਭੇਜ ਦਿਓ ਕਿਉਂਕਿ ਜਿਸ ਬੰਗਲੇ ਵਿੱਚ ਸਤਿਗੁਰੂ ਜੀ ਨੂੰ ਰੱਖਿਆ ਗਿਆ ਸੀ ਉਹ ਜੇਲ੍ਹ ਐਕਟ 1878 ਈ. ਦੇ ਘੇਰੇ ਵਿੱਚ ਆਉਂਦਾ ਹੀ ਨਹੀਂ। ਨਾਲੇ ਜੋ ਨਾਂ ਉਸ ਨੇ ਲਿਖਾਇਆ ਸੀ, ਨਥਾਵਾ ਸਿੰਘ 'ਇਹ ਉਹ ਬੰਦਾ ਨਹੀਂ, ਇਹ ਧੰਨਾ ਸਿੰਘ ਹੈ।

ਸਿਪਾਹੀ, ਧੰਨਾ ਸਿੰਘ ਨੂੰ ਠਾਕਰਵਾੜੀ ਛੱਡ ਗਏ। ਏਥੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਹੀਰਾ ਸਿੰਘ ਸਢੌਰਾ, ਸਾਹਿਬ ਸਿੰਘ ਜੌਹਲ, ਵਸਾਖਾ ਸਿੰਘ ਭੋਮਾ ਵਡਾਲਾ, ਚੰਦਾ ਸਿੰਘ ਸਕਤੂ ਨੰਗਲ, ਲਾਲ ਸਿੰਘ ਲਤਾਣਾ ਤੇ ਈਸ਼ਰ ਸਿੰਘ ਚੁੰਨੀ ਪਿੰਡਾਂ ਦੇ ਸਿੰਘ ਆਏ ਬੈਠੇ ਹੋਏ ਸਨ। ਉਸ ਨੂੰ ਛੁਡਾਉਣ ਲਈ ਹੀਰਾ ਸਿੰਘ ਸਢੌਰਾ ਨੇ ਭੱਜ ਨੱਸ ਕੀਤੀ ਸੀ। ਉਹ ਆਪ ਗੁਰੂ ਰਾਮ ਸਿੰਘ ਜੀ ਦੀ ਆਗਿਆ ਨਾਲ ਖੜ੍ਹੀ ਕੀਤੀ ਗਈ ਕਸ਼ਮੀਰ ਦੀ ਕੂਕਾ ਪਲਟਨ ਦਾ ਮੁਖੀ ਸੀ। ਸੋ ਕਈ ਪੱਖਾਂ ਤੋਂ ਸਿਆਣਾ ਸੀ।

ਧੰਨਾ ਸਿੰਘ ਕੋਲੋਂ ਫੜ੍ਹੇ ਗਏ ਹੁਕਮਨਾਮੇ ਦੋ ਸਨ। ਇੱਕ ਸਤਿਗੁਰੂ ਹਰੀ ਸਿੰਘ ਦੇ ਨਾਮ ਦੂਜਾ ਹਰਨਾਮ ਸਿੰਘ, ਸੋਭਾ ਸਿੰਘ, ਧੰਨਾ ਸਿੰਘ ਕ੍ਰਿਪਾਲ ਸਿੰਘ ਤੇ ਸੰਬੂਹ ਸੰਗਤ ਦੇ ਨਾਮ ਸੀ। ਸਤਿਗੁਰੂ ਹਰੀ ਸਿੰਘ ਜੀ ਨੂੰ ਲਿਖਿਆ ਹੁਕਮਨਾਮਾ ਇਹ ਹੈ:

ੴ ਸਤਿਗੁਰਿ ਪ੍ਰਸਾਦਿ

ਲਿਖਤੋ ਦਿਆਲ ਸਿੰਘ, ਜੋਗ ਭਾਈ ਹਰੀ ਸਿੰਘ ਹੋਰੁ ਸੰਬੂਹਿ ਸੰਗਤ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਿਨੀ। ਹੋਰੁ ਅਸੀ ਸੁਖੀ ਆਨੰਦ ਹੈ, ਸੰਬੂਹਿ ਸੰਗਤ ਕੋ ਗੁਰੂ ਆਨੰਦ ਰਖੇ। ਬੀਬੀ ਨੰਦਾ ਕੋ ਹੋਰੁ ਸੰਬੂਹਿ ਕੋ ਰਾਮਸਤਿ ਬਾਚਣੀ।

ਹੋਰੁ ਬਸੰਤ ਸਿੰਘ, ਕੁੜੀ ਨੰਦਾ ਨੇ ਲਿਖਾ ਹੈ ਮੁੰਡੇ ਮੇਰੇ ਆਖੇ ਨਹੀ ਲਗਦੇ। ਨਾ ਪੋਥੀ ਪੜਦੇ ਹੈ ਨਾ ਗਰੰਥ ਸਾਹਿਬੁ ਪੜਦੇ ਹੈਨ। ਸੋ ਭਾਈ ਕੇ ਤਾ ਪਿਛਾ ਰਾਤ ਸਵਾ ਪਹਰੁ ਰਹੀ ਤੇ ਹਮੇਸ ਭਜਨੁ ਬਾਣੀ ਕੀਤਾ, ਮਾਲਾ ਫੇਰੀ, ਦਿਨ ਰਾਤ ਭਜਨੁ ਬਾਣੀ ਕਰਿਆ ਕਰੋ। ਜੇ ਨਹੀ ਭਜਨੁ ਬਾਣੀ ਹੋਇ ਸਕਦਾ ਤਾਂ ਰੋਟੀਆ ਪਕਾਇਆ ਕਰੋ, ਘਾਹੁ ਖੋਤਿਆ ਕਰੋ। ਜੇ ਦੋ ਮੈ ਤੇ ਕੁਛੁ ਨਹੀ ਕਰਿਨਾ ਤਾਂ ਡੇਰੇ ਤੇ ਚਲੇ ਜਾਣਾ ਸਿਮਰੁ ਪਾਸ। ਜੋ ਥੁਆਨੂ ਤਿਨਾ ਬਾਤਾਂ ਮੈ ਤੇ ਅਛੀ ਲਗੇ ਸੋ ਕਰਿ ਲੈਣੀ। ਹੋਰੁ ਭੀ ਭਜਨੁ ਵਾਣੀ ਨਾ ਕਰੇ, ਓਸਕੋ ਬੀ ਡੇਰੇ ਤੇ ਨਿਕਾਲ ਦੇਣਾ। ਜੋ ਡੇਰੇ ਰਹਿ ਕੇ ਚੋਰੀ ਜਾਰੀ ਕਰੇ, ਸਭ ਕੋ ਡੇਰੇ ਤੇ ਕਢਿ ਦੇਣਾ, ਜਨਾਨਾ ਹੋਵੇ ਭਾਮੇ ਮ੍ਰਦਾਨਾ ਹੋਵੇ। ਅਰੁ ਵੈਲ ਕੰਮ ਤੇ ਬਧੀਕ ਨਾ ਰਖਣੇ।

ਹੋਰੁ ਹੁਕਮਨਾਮੇ ਤੇਰੇ ਪਾਸ ਭੇਜੇ ਹੈ ਸਾਰੀ ਸੰਗਤ ਬਾਸਤੇ, ਸੋ ਤੂ ਸਭ ਕੋ ਸੁਣਾ ਦਿਆ ਕਰੁ। ਜੋ ਏਧਰ ਆਉਣ ਬਾਲੇ ਹੈ ਉਨਕੋ ਹੁਕਮਨਾਮਾ ਸੁਣਾ ਦਿਆ ਕਰੋ। ਜੋ ਆਖੇ ਮੈਨੂ ਈ ਦੇ ਦੇਓ ਹੁਕਮਨਾਮਾ,

ਤਾਂ ਓਸੇ ਕੋ ਦਿਤਾ ਕਰੋ, ਉਤਾਰੁ ਕਰਕੇ। ਮੇਰੇ ਪਾਸੋ ਨਹੀ ਲਿਖੇ ਜਾਦੇ, ਮੇਰਾ ਤਾਂ ਨਿਤਨੇਮ ਦਾ ਜਾਪੁ ਪਾਠੁ ਹੀ ਮਸਾਂ ਪੂਰਾ ਹੁੰਦਾ ਹੈ। ਅਰੁ ਜੇ ਏ ਬਹੁਤ ਹੀ ਆਉਣ ਤਾ ਬ੍ਰਸ ਪਿਛੇ ਆਮਣ, ਨਹੀ ਤਾਂ ਦਸ ਮਹੀਨੇ ਪਿਛੇ ਇਕੁ ਆਵੇ ਕੇ ਤਾ ਦੋ ਆਵਣ, ਬਧ ਨਾ ਆਉਣ। ਅਰੁ ਜੇ ਤੀਮੀ ਕੋਈ ਆਈ ਤਾਂ ਮੈ ਬਹੁਤੁ ਗੁਸੇ ਹੋਊਗਾ।

ਵੇਅਰਥ ਸੈਕੜੇ ਰਪਏ ਖਰਾਬੁ ਕਰਿ ਦਿਤੇ ਲੋਕਾ ਨੇ। ਏਥੇ ਤਾਂ ਸਾਡੇ ਪਾਸਿ ਕਿਸੇ ਨੂ ਖੜਾ ਬੀ ਨਹੀ ਹੋਣਿ ਦਿੰਦੇ, ਬਾਤ ਨਹੀ ਕਰਿਨ ਦਿੰਦੇ। ਮੈ ਝੂਠ ਤਾਂ ਨਹੀ ਬੋਲਦਾ ਹਰਿ ਬਾਰੀ। ਅਰੁ ਜੇ ਮੈ ਝੂਠ ਹੀ ਬੋਲਦਾ ਹਾਂ ਤਾ ਫੇਰਿ ਮੇਰੇ ਪਾਸੋ ਕਿਨੇ ਕੀ ਲੈਣਾ ਹੈ। ਗੁਰੂ ਹੀ ਪੜਦਾ ਕਜੀ ਜਾਦਾ ਹੈ। ਏਥੇ ਬਾਲੇ ਲੋਕਾ ਦੀ ਬਹੁਤੁ ਖੋਟੀ ਨੀਤ ਹੋਈ ਓਈ ਹੈ। ਅਜੁਕਲ ਦੇ ਸਮੇ ਮੈ ਭੋਗ ਪਾਠ ਕਰੋ ਜਿਤਨਾ ਕਿਸੇ ਤੇ ਹੋਇ ਆਵੇ। ਵੇਅਰਥ ਧਨੁ ਖ੍ਰਚ ਕਰਨਾ ਬਹੁਤੁ ਬੁਰੀ ਬਾਤੁ ਹੈ।

ਏਥੇ ਜੋ ਆਉਦੇ ਹੈਨ, ਏਥੇ ਆਕੇ ਏ ਵੀ ਬਹੁਤ ਡਰਦੇ ਹੈ ਪਰੁ ਹਟਦੇ ਨਹੀ। ਏਹੁ ਬਾਤ ਨਹੀ ਕੇ ਸਾਨੂ ਸਿੰਘਾ ਦਾ ਪਿਆਰੁ ਨਹੀ, ਸਿੰਘ ਤਾ ਸਾਡੀ ਦੇਹ ਪਰਾਨ ਹੈਨ, ਪਰੁ ਕੋਈ ਦੁਖੁ ਨਾ ਹੋਇ ਜਾਵੇ। ਏ ਤਾ ਮਲੇਛ ਨਿੰਦਿਆ ਹੈਨ। ਐਮੇ ਹੀ ਪਕੜ ਕੇ ਜੇਲਖਾਨੇ ਮੈ ਦੇ ਦਿੰਦੇ ਹੈ। ਜੇ ਗੁਰੂ ਜੀ ਮੇਲਾ ਕਰਾਊਗਾ ਤਾਂ ਹੋਇ ਜਾਊਗਾ।ਸਾਨੂ ਸਿਖਾ ਤ੍ਰੇ ਹੋਰੁ ਕੌਣ ਚੰਗਾ? ਅਸੀ ਤਾਂ ਰਾਤ ਦਿਨ ਏਹੋ ਮੰਗਦੇ ਹਾਂ ਗੁਰੂ ਜੀ ਪਾਸੋ - ਹੇ ਗੁਰੂ ਜੀ, ਸਿਖਾ ਦੇ ਵਿੱਚ ਰਖੀ ਰਖੀ ਮਰੇ ਜੀਉਦਿਆ ਕੋ ਜੇਹੜੇ ਕਹਿਆ ਮੰਨਣ ਗੁਰਿ ਸਬਦ ਦਾ। ਸਿਖੀ ਤਾ ਭਾਈ ਗੁਰ ਸਬਦ ਦੇ ਮੰਨਣ ਦੀ ਹੈ। ਬਿਨਾ ਗੁਰਿ ਸਬਦ ਮੰਨੇ ਸਿਖੁ ਨਹੀ ਬਣਦਾ, ਨਹੀ ਸਾਧੁ ਬਣਦਾ ਹੈ, ਭਾਮੇ ਕਿਤਨੇ ਬਾਣੇ ਬਣਾਵੇ ਕੋਈ, ਪਰ ਗੁਰੂ ਸਬਦ ਮੰਨੇ ਬਿਨਾ ਕੁਛ ਵੀ ਨਹੀ ਹਥਿ ਆਉਦਾ, ਏਹੁ ਸ੍ਰਬ ਸਾਸਤ੍ਰ ਕਾ ਮਤੁ ਹੈ।

ਜਿਸ ਜਿਸ ਨੇ ਕੂਕਿਆ ਕੇ ਸਾਥ ਵਿਰੋਧੁ ਕੀਤਾ ਹੈ, ਦੇਖ ਲੇਣਾ ਏਨਾ ਕੋ ਕੈਸਾ ਠਿਠੁ ਪਊਗਾ ਕਿਉ ਜੋ ਕੂਕੇ ਗੁਰੂ ਕੇ ਹੁਕਮ ਨਾਲ ਹੋਏ ਹੈ। ਏਨਾ ਲੋਕਾ ਦਾ ਤਾ ਦਾਵਾ ਗੁਰੂ ਸਾਥ ਪੈ ਗਿਆ। ਅਗੇ ਜੋ ਗੁਰੂ ਜੀ ਕੋ ਭਾਵੇ।

ਹੋਰੁ ਹੀਰੇ ਮਿਸ੍ਰ ਕੋ ਹਮਾਰੀ ਨਿਮਸਕਾਰਿ ਬਾਚਣੀ। ਹੋਰੁ ਸੁਣਾ ਹੈ ਜੋ ਮਿਸ੍ਰ ਹੀਰਾ ਸਿਰੁ ਮੂੰਹੁ ਮੁੰਨ ਕੇ ਰਖਦਾ ਹੈ। ਪ੍ਰਮੇਸ੍ਰ ਦੇ ਭਜਨ ਬਿਨਾ ਤਾ ਕੁਛੁ ਕੰਮੁ ਨਹੀ ਸਰਦਾ, ਨਾ ਮੁੰਨੇ ਤੇ ਨਾ ਕੇਸਾ ਤੇ। ਹੋਰੁ ਭਾਈ

[illegible] ਰਕੁ ਭੇਜੇ ਹਨ ਸੋ ਲੰਗਰ ਪਾ ਦੇਣ। ਅਰੁ ਜੋ ਸਭ ਕੋ ਹੁਕਮੁ ਦੇਣਾ ਜੋ ਭਜਨ ਬਾਣੀ ਕਰੋ ਤਕੜੇ ਹੋ ਕੇ ਜੋ ਆਪਣਾ ਭਲਾ ਚਾਹੁੰਦਾ ਹੈ ਸਭ ਕੋਈ, ਨਹੀ ਤਾਂ ਸਮਾ ਬੜਾ ਕ੍ਰੜਿਆ ਕਰੜਾ ਲਿਖਾ ਹੈ ਗੁਰੂ ਜੀ ਨੇ ਸਾਖੀਆ ਮੈ। ਬਿਨਾ ਪ੍ਰਮੇਸ੍ਰ ਕੇ ਸਿਮਰਨ ਬਹੁਤੁ ਅਉਖਾ ਹੋਊਗਾ। ਅਰੁ ਏਧਰ ਆਉਣ ਤੇ ਸਭ ਕੋ ਮਨੇ ਕਰਿਨਾ। ਛੇਤੀ ਨਾ ਆਵੇ ਕੋਈ, ਅਰੁ ਇਕੁ ਆਵੇ, ਦੋ ਚਾਰਿ ਕਠੇ ਹੋ ਕੇ ਨਾ ਆਉਣ।

ਅਰੁ ਬੀਬੀ ਤੂ ਕਰੀ ਜਾਹਿ ਭਜਨੁ ਬਾਣੀ ਤਕੜੀ ਹੋ ਕੇ। ਜੋ ਤੇਰੇ ਆਖੇ ਲਗੇ ਓਸ ਤੇ ਬੀ ਕਰਾਉ, ਨਾ ਮੰਨੇ ਤੇਰਾ ਕਹਾ ਤਾਂ ਓਹੁ ਜਾਣੇ।

ਜਹਾਜੁ ਜਾਵੇ ਤਾ ਚੜਿ ਜਾਣਾ। ਮੋਰਮਈ ਕਿਨੇ ਨਾ ਜਾਣਾ, ਓਥੇ ਵੀ ਅਜੁਕਲ ਮਿਲਣ ਨਹੀ ਦਿੰਦੇ। -ਹੁਕਮਨਾਮਾ 63

ਸਿੰਘਾ ਦਾ ਰੰਗੂਨ ਸਤਿਗੁਰੂ ਜੀ ਨਾਲ ਸੰਪਰਕ-ਸੂਤਰ ਕਾਇਮ ਰਹਿਣ ਕਰਕੇ, ਸਰਕਾਰ ਲਈ ਹੋਰ ਕੋਈ ਚਾਰਾ ਨਾ ਰਿਹਾ। ਉਸਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਫੌਰਨ ਮਰਗੋਈ ਭੇਜਣ ਦੇ ਫੈਸਲੇ ਨੂੰ ਅਮਲ ਵਿੱਚ ਲਿਆਂਦਾ। ਮਰਗੋਈ (ਬਈ) ਰੰਗੂਨ ਤੋਂ ਦੂਰ ਇਕ ਟਾਪੂ ਹੈ ਜਿਥੇ ਮਹੀਨੇ ਵਿੱਚ ਦੋ ਵਾਰ ਹੀ ਸਟੀਮਰ ਜਾਂਦਾ ਹੈ।

18 ਸਤੰਬਰ 1880 ਈ: ਨੂੰ ਆਪ ਨੂੰ ਆਨੰਦਾ ਨਾਂ ਦੇ ਜਹਾਜ਼ ਵਿੱਚ ਬਿਠਾਇਆ ਗਿਆ। ਆਪ ਨਾਲ ਆਪ ਦਾ ਨਿਜੀ ਸੇਵਕ ਨਾਨੂੰ ਸਿੰਘ ਵੀ ਸੀ। 21 ਸਤੰਬਰ 1880 ਈ: ਨੂੰ ਆਪ ਮਰਗੋਈ ਜੇਲ੍ਹ ਵਿੱਚ ਪਹੁੰਚਾਏ ਗਏ। ਬੰਦੀਖਾਨੇ ਦੇ ਅਧਿਕਾਰੀ ਨੂੰ ਗਵਰਨਰ ਜਨਰਲ ਦੇ ਹੁਕਮ ਨਾਲ ਵਰੰਟ ਵੀ 27 ਅਕਤੂਬਰ 1880 ਈ: ਨੂੰ ਪਹੁੰਚਾ ਦਿੱਤੇ ਗਏ।

ਸਰਕਾਰ ਨੇ ਸਤਿਗੁਰਾਂ ਨੂੰ ਮਰਗੋਈ ਭੇਜਣ ਦਾ ਓਹਲਾ ਰੱਖਿਆ। ਕਿਸੇ ਛੋਟੇ ਅਫ਼ਸਰ ਨੂੰ ਵੀ ਪਤਾ ਨਹੀਂ ਸੀ ਕਿ ਆਪ ਨੂੰ ਕਿਸ ਕੈਦਖ਼ਾਨੇ ਵਿੱਚ ਰੱਖਿਆ ਗਿਆ ਸੀ। ਪਰ ਖੋਜ ਕਾਢ ਦੀ ਮਾਂ ਹੈ। ਕੂਕਿਆਂ ਨੂੰ ਤਾਂ ਆਪਣੇ ਰਹਿਬਰ ਨਾਲ ਜੁੜੇ ਰਹਿਣ ਦੀ ਲੋੜ ਸੀ। ਉਹਨਾਂ ਸੂਹ ਕੱਢ ਹੀ ਲਈ। ਉਹੀ ਮੇਲ ਜੋਲ ਦਾ ਸਿਲਸਿਲਾ ਚੱਲ ਪਿਆ। ਜਿਹੜੇ ਹੁਕਮਨਾਮੇ ਰੰਗੂਨ ਦੇ ਬੰਗਲੇ ਵਿੱਚੋਂ ਜਾਰੀ ਹੁੰਦੇ ਸਨ, ਹੁਣ ਮਰਗੋਈ ਦੇ ਕੈਦਖ਼ਾਨੇ ਵਿੱਚੋਂ ਜਾਣ ਲੱਗੇ। ਕੂਕੇ ਭੇਸ ਬਦਲ ਕੇ, ਤਕਲੀਫਾਂ ਸਹਿ ਕੇ, ਸਰਕਾਰ ਦੇ ਅੱਖੀਂ ਘੱਟਾ ਪਾ ਕੇ ਮਰਗੋਈ ਵੀ ਪਹੁੰਚ ਜਾਂਦੇ।

ਦੂਜੇ ਪਾਸੇ ਸਰਕਾਰ ਵੀ ਹੁਣ ਪਹਿਲਾਂ ਨਾਲੋਂ ਜਿਆਦਾ ਚੁਸਤ ਅਤੇ ਚੇਤੰਨ ਸੀ। ਉਹ ਵੀ ਪਰਛਾਵੇਂ ਵਾਂਗ ਕੂਕਿਆਂ ਦੀਆਂ ਕਾਰਵਾਈਆਂ ਦੀ

ਗੁਪਤ ਨਿਗਰਾਨੀ ਰੱਖਦੀ ਸੀ। ਉਹ ਦੱਬੇ ਪੈਰੀਂ ਪਿੱਛਾ ਕਰਕੇ ਠੀਕ ਸਮੇਂ ਉੱਤੇ ਝਪਟ ਪੈਂਦੀ ਸੀ।

੧੮੮੧ ਈ: ਵਿੱਚ ਮੀਹਾਂ ਸਿੰਘ ਜੀ ਸਰਹਾਲੀ ਵਾਲੇ ਅਤੇ ਸੰਤ ਸਿੰਘ ਨੂੰ ਸਤਿਗੁਰਾਂ ਦੇ ਦਰਸ਼ਨ ਕਰਕੇ ਮੁੜ ਰਿਹਾਂ ਨੂੰ ਅਧਿਕਾਰੀਆਂ ਨੇ ਕਾਬੂ ਕਰ ਲਿਆ ਅਤੇ ਮੌਲਮੀਨ ਜੇਲ੍ਹ ਭੇਜ ਦਿਤਾ। ਉਨ੍ਹਾਂ ਨੂੰ ਬਾਮੁੱਸ਼ਕਤ ਕੈਦ ਦੀ ਸਜ਼ਾ ਮਿਲੀ।

17 ਮਾਰਚ 1881 ਈ: ਨੂੰ, ਸੁੱਖੂ ਨੰਬਰਦਾਰ ਨੇ ਪੁਲਿਸ ਸੁਪਰਇਨਟੈਂਡੈਂਟ ਜੇ. ਪੀ. ਬਾਰਬਟਨ ਨੂੰ ਚੁਗਲੀ ਲਾਈ ਕਿ ਲਲਤੋਂ ਦੇ ਚੱਕ ਵਿੱਚ 150 ਕੂਕੇ ਇਕਠੇ ਹੋਏ ਸਨ ਅਤੇ ਸਰਕਾਰ ਦੇ ਖਿਲਾਫ ਗੋਂਦਾਂ ਗੁੰਦ ਰਹੇ ਸਨ। ਉਸ ਨੇ ਡਿਪਟੀ ਇੰਸਪੈਕਟਰ ਸਰਫਰਾਜ਼ ਖਾਂ ਨੂੰ ਤਹਿਕੀਕਾਤ ਲਈ ਭੇਜਿਆ। ਪੁਲਿਸ ਨੇ 39 ਕੂਕੇ ਫੜ੍ਹ ਲਏ। ਇਹਨਾਂ ਵਿੱਚ ਅਤਰੀ ਵੀ ਸੀ। ਜਿਸ ਦੀ ਪੋਥੀ ਵਿੱਚੋਂ, ਤਲਾਸ਼ੀ ਲੈਣ ਉਤੇ ਗੁਰੂ ਰਾਮ ਸਿੰਘ ਦੇ ਦੋ ਪੱਤਰ ਮਿਲੇ ਜਿਹੜੇ 1880 ਈ: ਵਿੱਚ ਭਗਵਾਨ ਸਿੰਘ ਅਤੇ ਸੁੰਦਰ ਸਿੰਘ ਲੈ ਕੇ ਆਏ ਸਨ।

ਬਾਰਬਟਨ ਦੀ ਰਿਪੋਰਟ ਅਨੁਸਾਰ ਉਹਨਾਂ ਚਿੱਠੀਆਂ ਵਿੱਚ ਅਫਗਾਨਿਸਤਾਨ ਦੇ ਯੁੱਧ ਦੀ, ਉਥੇ ਰੂਸ ਆਉਣ ਦੀ, ਅਫਗਾਨ ਫ਼ੌਜ ਦੀ ਅੰਗਰੇਜ਼ਾਂ ਖਿਲਾਫ ਮਦਦ ਕਰਨ ਦੀ, ਉਸ ਦੇ ਜਿਤ ਜਾਂ ਹਾਰ ਦੀ ਗੱਡੀ ਪਿਸ਼ਾਵਰ ਤੱਕ ਪਹੁੰਚਣ ਦੀ, ਸਰਹੰਦ ਨਹਿਰ ਵਿੱਚ ਪਾਣੀ ਆਉਣ ਦੀ ਅਤੇ ਹੋਰ ਪਰਵਾਰਕ ਅਤੇ ਪੰਥਕ ਗੱਲਾਂ ਦੀ ਪੁੱਛ-ਪੜਤਾਲ ਕੀਤੀ ਗਈ ਸੀ।

ਇਹ ਗੱਲ ਵੀ ਸਪਸ਼ਟ ਹੀ ਹੈ ਕਿ ਪੰਜਾਬ ਦੇ ਨਾਲ ਨਾਲ ਦੁਨੀਆਂ ਦੇ ਬਦਲਦੇ ਹਾਲਾਤ ਨਾਲ ਆਪ ਦੀ ਪੂਰੀ ਸਾਂਝ ਸੀ। ਆਪ ਉਹਨਾਂ ਹਾਲਤਾਂ ਦਾ ਫ਼ਾਇਦਾ ਉਠਾ ਕੇ ਵੀ ਦੇਸ ਦੀ ਸੁਤੰਤਰਤਾ ਦੀ ਮੰਗ ਪੂਰੀ ਕਰਨਾ ਚਾਹੁੰਦੇ ਸਨ।

ਅਤਰੀ ਕੋਲੋਂ ਪ੍ਰਾਪਤ ਕੀਤੀਆਂ ਚਿੱਠੀਆਂ ਬਾਰੇ ਡਬਲਿਊ. ਐਮ. ਯੰਗ, ਸਕੱਤਰ ਪੰਜਾਬ, ਨੇ ਭਾਰਤ ਸਰਕਾਰ ਦੇ ਗ੍ਰਹਿ ਸਕੱਤਰ ਨੂੰ ਲਿਖਿਆ:-

"ਸਤਿਕਾਰ ਯੋਗ ਲੈਫਟੀਨੈਂਟ ਗਵਰਨਰ, ਭਾਰਤ ਸਰਕਾਰ ਦਾ ਧਿਆਨ ਇਹਨਾਂ ਚਿੱਠੀਆਂ ਦੀ ਖ਼ਾਸੀਅਤ ਵਲ ਦੁਆਉਣਾ ਚਾਹੁੰਦੇ ਹਨ। ਉਹ ਇਹ ਸਿੱਟਾ ਕੱਢਣਾ ਚਾਹੁੰਦੇ ਹਨ ਕਿ (ਗੁਰੂ) ਰਾਮ ਸਿੰਘ ਉਤੇ

ਮਰਗੋਈ ਵਿੱਚ ਪਹਿਰਾ ਸਖ਼ਤ ਨਹੀਂ ਹੈ" -4 ਅਪਰੈਲ 188!

ਸਰਕਾਰ ਫਿਰ ਸੋਚੀਂ ਪੈ ਗਈ ਕਿ ਆਪ ਨੂੰ ਕਿੱਥੇ ਰੱਖਿਆ ਜਾਵੇ? ਇਕ ਵਿੱਚਾਰ ਇਹ ਸੀ ਕਿ ਆਪ ਨੂੰ ਟੇਬਲ ਲੈਂਡ ਟਾਪੂ ਵਿੱਚ ਭੇਜ ਦਿੱਤਾ ਜਾਵੇ। ਪਰ ਜਦ ਲਾਰਡ ਰਿਪਨ, ਵਾਇਸਰਾਇ ਨੇ, ਥੌਮਸਨ ਨੂੰ ਇਸ ਬਾਰੇ ਪੁੱਛਣ ਲਈ ਫਾਈਲ ਭੇਜੀ ਤਾਂ 3 ਜੂਨ 1881 ਨੂੰ ਅੱਗੋਂ ਜੁਆਬ ਆਇਆ ਕਿ:

"ਜਿਸ ਸ਼ਿੱਦਤ ਅਤੇ ਹਠ ਧਰਮੀ ਨਾਲ ਗੁਰੂ ਰਾਮ ਸਿੰਘ ਦੇ ਪੈਰੋਕਾਰ ਉਸ ਨੂੰ ਲਭ ਲੈਂਦੇ ਹਨ ਅਤੇ ਉਨ੍ਹਾਂ ਦੇ ਪਰਬੰਧ ਦੇ ਤਰੀਕੇ ਇਹ ਪ੍ਰਗਟ ਕਰਦੇ ਹਨ ਕਿ ਆਪ ਨੂੰ, ਪੰਜਾਬ ਦੇ, ਆਪ ਦੇ ਮੁਰੀਦਾਂ ਨਾਲੋਂ ਟੇਬਲ ਲੈਂਡ ਵਿੱਚ ਵੀ ਆਪ ਦਾ ਪੱਤਰ ਵਿਹਾਰ ਬੰਦ ਕਰਾਉਣਾ ਔਖਾ ਹੀ ਹੈ। ਉਥੇ ਉਹ ਇਸ ਮੁੱਖ ਧਰਤੀ ਦੀ ਥਾਂ ਜ਼ਿਆਦਾ ਅਜ਼ਾਦ ਹੋਣਗੇ।"

ਉਸ ਨੇ ਡਰ ਪ੍ਰਗਟ ਕੀਤਾ ਕਿ ਕੂਕੇ ਸੁਨੇਹੇ ਲਿਆਉਣ ਅਤੇ ਲੈ ਜਾਣ ਲਈ ਆਪਣਾ ਸਮੁੰਦਰੀ ਜਹਾਜ਼ ਵੀ ਖਰੀਦ ਸਕਦੇ ਸਨ। ਸੋ ਸਭ ਕੁਝ ਬਾਰੇ ਸੋਚ ਵਿਚਾਰ ਪਿਛੋਂ ਸਤਿਗੁਰਾਂ ਨੂੰ ਮਰਗੋਈ ਰੱਖਣ ਦਾ ਹੀ ਨਿਰਨਾ ਹੋਇਆ।

ਨੈਣਾ ਸਿੰਘ ਜਦ ਆਪ ਨੂੰ ਰੰਗੂਨ ਮਿਲ ਕੇ ਗਿਆ ਸੀ ਤਾਂ ਉਸ ਸਤਿਗੁਰਾਂ ਕੋਲੋਂ ਪ੍ਰਾਪਤ ਕੀਤੇ ਹੁਕਮਨਾਮੇ ਦੀਆਂ ਨਕਲਾਂ ਕਰਵਾ ਲਈਆ ਅਤੇ ਨਾਮਧਾਰੀ ਸਿੱਖਾਂ ਵਿੱਚ ਵੰਡ ਦਿਤੀਆਂ। ਪੰਜਾਬ ਸਰਕਾਰ ਨੂੰ ਬੜ ਤੌਖਲਾ ਹੋਇਆ। ਉਸ ਨੇ ਅਧਿਕਾਰੀਆਂ ਨੂੰ ਵੀ ਲਿਖਿਆ। ਉਹਨ ਸਤਿਗੁਰਾਂ ਨੂੰ ਪੰਜਾਬ ਨਾਲ ਸਾਂਝ ਖ਼ਤਮ ਕਰਨ ਲਈ ਕਿਹਾ ਅਤੇ ਨਾਲ ਹੀ ਧਮਕੀ ਦਿੱਤੀ ਕਿ ਨਹੀਂ ਤਾਂ ਆਪ ਨੂੰ ਹੋਰ ਕਿਤੇ ਦੂਰ ਦਰਾਜ਼ ਲੈ ਜਾਣਗੇ। ਆਪ ਨੇ ਨਿਰਭੈ ਹੋ ਕੇ ਜੁਆਬ ਦਿਤਾ ਕਿ ਉਹ ਆਪ ਨੂੰ ਜਿਥੇ ਮਰਜ਼ੀ ਲੈ ਜਾਣ ਆਪ ਦੀ ਬਾਲੀ ਅਜ਼ਾਦੀ ਦੀ ਅੱਗ ਬੁਝਣ ਨਹੀਂ ਲੱਗੀ। ਆਪ ਨੂੰ ਮਿਲਣ ਦੇ ਚਾਹਵਾਨ ਦਿਵਾਨੇ ਆਪ ਨੂੰ ਲੱਭ ਹੀ ਲੈਣਗੇ।

ਹਾਕਮਾਂ ਨੇ ਪੰਜਾਬ ਤੋਂ ਮਰਗੋਈ ਤਕ ਦੇ ਰਾਹ ਉੱਤੇ ਸਖ਼ਤੀਆ ਵਧਾ ਦਿੱਤੀਆਂ। ਸਿੱਖ ਭਾਵੇਂ ਕਿਸੇ ਵੀ ਭੇਸ ਵਿੱਚ ਹੁੰਦਾ ਨਾਂ ਮਾਤਰ ਸ਼ੱਕ ਹੋਣ ਦੀ ਹਾਲਤ ਵਿੱਚ ਵੀ ਉਸ ਦੀ ਤਲਾਸ਼ੀ ਲਈ ਜਾਂਦੀ।

ਰੰਗੂਨ ਤੋਂ ਆ ਕੇ ਸੋਭਾ ਸਿੰਘ ਤੇ ਕ੍ਰਿਪਾਲ ਸਿੰਘ ਰਾਗੀ ਮੁਖਬਰਾਂ ਦੇ ਪਿੱਛਾ ਕਰਨ ਦੇ ਡਰ ਤੋਂ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰ

ਸਿੰਘ ਨੂੰ ਮੱਥਾ ਟੇਕਣ ਤਾਂ ਨਾ ਜਾ ਸਕੇ ਪਰ ਉਹ ਬਾਬਾ ਦਰਬਾਰਾ ਸਿੰਘ ਨੂੰ ਰਾਹ ਵਿੱਚ ਮਿਲੇ ਤੇ ਸਾਰਾ ਹਾਲ ਦੱਸਿਆ।

ਸ੍ਰੀ ਭੈਣੀ ਸਾਹਿਬ ਸਖ਼ਤੀ ਵਧੀ ਤੇ ਮੁਖਬਰਾਂ ਦਾ ਜਾਲ ਵੀ ਫੈਲਾਇਆ ਤਾਂ ਕਿ ਜਦ ਕੋਈ ਰੰਗੂਨ ਤੋਂ ਆਏ ਬਾਰਬਟਨ ਨੂੰ ਫ਼ੌਰਨ ਇਤਲਾਹ ਮਿਲ ਜਾਏ ਤੇ ਉਹ ਆਪਣੀ ਕਾਰਵਾਈ ਕਰੇ। ਸਤਿਗੁਰੂ ਹਰੀ ਸਿੰਘ ਡੇਰੇ ਵਿੱਚੋਂ ਮੁਖਬਰ ਈਸ਼ਰ ਸਿੰਘ ਰਮਦਾਸੀਏ ਨੂੰ ਕੱਢ ਦਿੱਤਾ ਸੀ। ਕਿੰਨੇ ਕੁ ਸਿੰਘ ਸਿੰਘਣੀਆਂ ਸਤਿਗੁਰੂ ਹਰੀ ਸਿੰਘ ਤੋਂ ਇਜਾਜ਼ਤ ਲੈ ਕੇ ਰੰਗੂਨ ਜਾਂ ਮਰਗੋਈ ਦਰਸ਼ਨ ਕਰਨ ਗਏ, ਉਸ ਦਾ ਪੂਰਾ ਵੇਰਵਾ ਤਾਂ ਸਾਹਮਣੇ ਨਹੀਂ ਆਇਆ। ਕਈ ਇਹਨਾਂ ਦੀ ਗਿਣਤੀ ਸੌ ਤੋਂ ਵਧ ਲਿਖਦੇ ਹਨ। ਫਿਰ ਵੀ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਦੀ ਖੋਜ ਦੇ ਸਿੱਟੇ ਅਨੁਸਾਰ ਹੇਠ ਲਿਖੇ 80 ਸਿੰਘ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਰੰਗੂਨ ਗਏ:-

1. ਦਰਬਾਰਾ ਸਿੰਘ ਰਾਏਪੁਰ 2. ਨੈਣਾ ਸਿੰਘ ਮੁਹਾਣਾ 3. ਮੀਹਾਂ ਸਿੰਘ ਸਰਹਾਲੀ 4. ਭਗਵਾਨ ਸਿੰਘ ਅੰਮ੍ਰਿਤਸਰ 5. ਨਾਰਾਇਣ ਸਿੰਘ, 6. ਜੀਉਣ ਸਿੰਘ ਸਰਹਾਲੀ 7. ਸੁਬੇਗ ਸਿੰਘ ਸਰਹਾਲੀ 8. ਕਿਰਪਾਲ ਸਿੰਘ ਮਜ਼ਬ੍ਹੀ 9. ਸਰਮੁਖ ਸਿੰਘ ਲਾਖਾ 10. ਹਰਨਾਮ ਸਿੰਘ ਭਾਣਾ ਰਿਆਸਤ ਫਰੀਦਕੋਟ 11. ਚੰਦ ਕੌਰ ਭਾਣਾ 12. ਟਹਿਲ ਸਿੰਘ ਸੇਖਵਾਂ 13. ਸੁਬੇਗ ਸਿੰਘ ਮੁਹਾਣਾ 14. ਬਘੇਲ ਸਿੰਘ ਨਾਰਲੀ 15. ਲਾਲ ਸਿੰਘ ਲਤਾਲਾ 16. ਬਿਹਾਰੀ ਸਿੰਘ ਘੁੰਗਰਾਲੀ 17. ਲੁਹਾਰਾ ਸਿੰਘ ਘੁੰਗਰਾਲੀ 18. ਸੁੰਦਰ ਸਿੰਘ ਘੁੰਗਰਾਲੀ 19. ਹਰਨਾਮ ਸਿੰਘ ਨਥਾਣਾ 20 ਸੁੰਦਰ ਸਿੰਘ ਕਲਾਰੀ 21. ਖੁਸ਼ਹਾਲ ਸਿੰਘ ਨਾਰੰਗਵਾਲ 22.ਮਸਤਾਨ ਸਿੰਘ 23. ਹਰੀ ਸਿੰਘ 24. ਸਾਹਿਬ ਸਿੰਘ 25. ਗੋਂਦਾ ਸਿੰਘ ਅਬਲੂ 26. ਗੁਰਦਿਤ ਸਿੰਘ ਅੰਮ੍ਰਿਤਸਰ 27. ਕਿਰਪਾਲ ਸਿੰਘ ਅੰਮ੍ਰਿਤਸਰ 28. ਸੱਦਾ ਸਿੰਘ ਅੰਮ੍ਰਿਤਸਰ 29. ਮਿਹਰ ਸਿੰਘ ਉਬਾ ਪਟਿਆਲਾ 30. ਰਤਨ ਸਿੰਘ ਉਬਾ ਪਟਿਆਲਾ 31. ਦਇਆ ਸਿੰਘ ਉਬਾ 32. ਵਸਾਵਾ ਸਿੰਘ ਸੰਤੂ ਨੰਗਲ 33. ਆਲਾ ਸਿੰਘ ਸੰਤੂ ਨੰਗਲ 34. ਮਤਾਬ ਸਿੰਘ ਸੰਤੂ ਨੰਗਲ 35. ਸੁੰਦਰ ਸਿੰਘ ਚੀਮਾ 36. ਭਗਵਾਨ ਸਿੰਘ ਸਕਰੌਦੀ 37. ਮਤਾਬ ਸਿੰਘ ਸੇਖਵਾਂ 38. ਹੀਰਾ ਸਿੰਘ ਮੰਢੌਰ 39. ਰਾਮ ਸਿੰਘ ਲੰਘਿਆ 40. ਮਿਹਰ ਸਿੰਘ ਲੰਘਿਆ 41. ਤਖਤ ਸਿੰਘ ਘੁੰਗਿਆਰੀ 42. ਮਾਨ ਸਿੰਘ ਮੰਢੌਰ 43. ਈਸ਼ਰ ਸਿੰਘ ਮੰਢੌਰ 44. ਨਾਰਾਇਣ ਸਿੰਘ ਫਿਲੌਰ 45. ਉਤਮ

ਸਿਘ ਝਾੜਮਾੜੀ 46. ਅਤਰ ਸਿੰਘ ਨਾਰਲੀ 47. ਫੂਲਾ ਸਿੰਘ ਨਾਰਲੀ 48. ਗੁਲਾਬ ਸਿੰਘ ਹੋਲਾ ਵਾਲੀ 49. ਹਰਨਾਮ ਸਿੰਘ ਮੋਰੋਂ 50. ਕਾਹਨ ਸਿੰਘ ਬੁਰਜ 51. ਨੱਥਾ ਸਿੰਘ ਗਕੜੀ 52. ਸੋਭਾ ਸਿੰਘ ਖੁਦਪੁਰ 53. ਹੀਰਾ ਸਿੰਘ ਬਡਰੁੱਖਾਂ ਜ਼ਿਲ੍ਹਾ ਸੰਗਰੂਰ 54. ਧੰਨਾ ਸਿੰਘ ਗੁੰਮਟੀ 55. ਪ੍ਰਤਾਪ ਕੌਰ ਗੁੰਮਟੀ 56. ਲਾਲ ਸਿੰਘ ਗੁੰਮਟੀ 57. ਸ਼ਾਮ ਸਿੰਘ ਸਰਹਾਲੀ 58. ਨੈਣਾ ਸਿੰਘ ਵਰਿਆਂਹ 59. ਜੀਵਨ ਸਿੰਘ ਸਰਹਾਲੀ 60 ਆਲਾ ਸਿੰਘ ਉਬੋਕੇ 61. ਬਹਾਦਰ ਸਿੰਘ ਉਬੋਕੇ 62. ਜਗਤ ਸਿੰਘ ਨਾਰਲੀ 63. ਕਾਹਨ ਸਿੰਘ ਠੱਟਾ 64. ਸਮੁੰਦਰ ਸਿੰਘ ਖੋਟੇ 65. ਸ਼ਰਮ ਸਿੰਘ ਲਾਲੂਆਣਾ 66. ਨਾਰਾਇਣ ਸਿੰਘ ਰੋਡੇ 67. ਮਨੀ ਸਿੰਘ ਮਾਈਸਰ ਖਾਨਾ 68. ਗੁਰਦਿਤ ਸਿੰਘ ਭਸੌੜ 69. ਅਰੂੜ ਸਿੰਘ ਅੰਮ੍ਰਿਤਸਰ 70. ਬਾਬਾ ਵਸਾਖਾ ਸਿੰਘ ਭੋਮਾ ਵਡਾਲਾ 71. ਭਗਵਾਨ ਸਿੰਘ ਅੜਬੰਗੀ 72. ਹਰਨਾਮ ਸਿੰਘ ਮੰਡੀ 73. ਕਾਕਾ ਸਿੰਘ ਫਤੇ ਵਾਲਾ 74. ਮੂਲਾ ਸਿੰਘ ਫਤੇ ਵਾਲਾ 75. ਮਸਤਾਨ ਸਿੰਘ ਰਾਈਆਂ 76. ਕਾਹਨ ਸਿੰਘ ਚੁੰਨੀ 77. ਬਾਬਾ ਜੋਧ ਸਿੰਘ ਚੁੰਨੀ 78. ਰਾਮ ਸਿੰਘ ਚੁੰਨੀ 79. ਸ਼ੇਰ ਸਿੰਘ ਚੁੰਨੀ 80. ਨਾਰਾਇਣ ਸਿੰਘ ਚੂੰਨੀ।

ਇਸ ਫਹਿਰਿਸਤ ਤੋਂ ਬੜਾ ਸਪਸ਼ਟ ਹੈ ਕਿ ਇੱਕ ਇੱਕ ਪਿੰਡ ਦੇ ਕਈ ਕਈ ਨਾਮਧਾਰੀ ਖਾਰੇ ਸਮੁੰਦਰ ਨੂੰ ਲੰਘ ਕੇ ਆਪਣੇ ਗੁਰੂ ਦੇ ਦਰਸ਼ਨ ਪਰਸਨ ਗਏ। ਇਹ ਸਾਰਾ ਸਫ਼ਰ ਗੁਰੂ ਰਾਮ ਸਿੰਘ ਦੇ ਸ਼ਰਧਾਲੂ ਮੁਸੀਬੰਤਾਂ ਝਾਗ ਕੇ ਭੇਸ ਬਦਲ ਕੇ, ਸਰਕਾਰ ਦੇ ਅੱਖੀਂ ਘੱਟਾ ਪਾ ਕੇ ਪੂਰਾ ਕਰਦੇ ਰਹੇ। ਉਹਨਾਂ ਨੂੰ ਮਿੱਤਰ ਮਾਹੀ ਨੂੰ ਮਿਲਕੇ ਬੜਾ ਸਕੂਨ ਮਿਲਦਾ। ਵਿਛੋੜੇ ਤੋਂ ਮਿਲਾਪ ਵਿੱਚ ਬਦਲੀ ਸਥਿਤੀ ਦੇ ਸੁਖ ਨੂੰ ਦਸਵੇਂ ਪਾਤਸ਼ਾਹ ਨੇ ਅਸਫੋਟਕ ਕਬਿੱਤਾਂ ਦੇ ਮਾਝ, ਸ੍ਰੀ ਮੁਖ ਵਾਕ ਪਾਤਸ਼ਾਹੀ 10, ਵਿੱਚ ਇੰਜ ਉਚਾਰਣ ਕੀਤਾ ਹੈ:

ਸੁਣਕੇ ਸਦੁ ਮਾਹੀ ਦਾ ਮੇਹੀਂ ਪਾਣੀ ਘਾਹੁ ਮੁੱਤੋ ਨੇ।
ਕਿਸੇ ਨਾਲਿ ਨ ਰਲਿਆ ਕਾਈ ਕੋਈ ਜੁ ਸ਼ੌਕ ਪਯੋ ਨੇ।
ਗਇਆ ਫਿਰਾਕੁ ਮਿਲਿਆ ਮਿੱਤ ਮਾਹੀ ਤਾਂ ਹੀ ਸ਼ੁਕ੍ਰ ਕਿਤੋ ਨੇ।

ਮੱਝਾਂ ਨੂੰ ਮਾਹੀ ਦੀ ਸਦ ਪਿਆਂ ਘਾਹ ਚਰਨਾ ਪਾਣੀ ਪੀਣਾ ਛੱਡ ਕੇ ਓਧਰ ਧਿਆਨ ਦਿੱਤਿਆਂ ਸੁਖ ਹੋਇਆ। ਇੰਜ ਹੀ ਸਤਿਗੁਰੂ ਦੇ ਪ੍ਰੀਤਵਾਨਾਂ ਨੂੰ ਸਤਿਗੁਰੂ ਦੇ ਦਰਸ਼ਨ ਕਰ ਕੇ ਉਹਨਾਂ ਦੇ ਹੁਕਮਨਾਮੇ ਪੜ੍ਹ ਸੁਣ ਕੇ ਅਕਹਿ ਸੁਖ ਅਨੰਦ ਦਾ ਅਨੁਭਵ ਹੋਇਆ ਤੇ ਉਹਦਾ ਹਿਰਦਾ

ਕ੍ਰਿਤਗਤਾ ਤੇ ਸ਼ੁਕਰਾਨੇ ਲਈ ਉੱਛਲ ਉੱਛਲ ਪੈਣ ਲੱਗਾ।

ਸਤਿਗੁਰੂ ਹਰੀ ਸਿੰਘ ਦੇ ਸਮੇਂ, ਸਰਕਾਰੀ ਦਬਾਅ ਕਾਇਮ ਰੱਖਣ ਦੇ ਨਾਲ ਨਾਲ ਸਰਕਾਰ ਧਾਰਮਿਕ ਤੌਰ ਉੱਤੇ ਸਿੱਖਾਂ ਨੂੰ ਗੁੰਮਰਾਹ ਕਰਨਾ ਚਾਹੁੰਦੀ ਸੀ। ਉਹਨਾਂ ਨੂੰ ਦੇਹਧਾਰੀ ਗੁਰੂ ਦੇ ਸਿਧਾਂਤ ਵਲੋਂ ਮੋੜ ਕੇ ਗ੍ਰੰਥ ਗੁਰੂ ਦੇ ਸਿਧਾਂਤ ਨੂੰ ਘੜ ਕੇ ਉਸ ਨਾਲ ਜੋੜਨਾ ਚਾਹੁੰਦੀ ਸੀ। ਜਿਵੇਂ ਕਿ ਪਹਿਲਾਂ ਲਿਖਿਆ ਗਿਆ ਹੈ ਇਸ ਕਾਰਜ ਲਈ ਉਸ ਨੇ ਸਿੰਘ ਸਭਾ ਨਾਂ ਦੀ ਸੰਸਥਾ ਖੜ੍ਹੀ ਕੀਤੀ। ਇਸ ਪੁਨੀਤ ਕਾਰਜ ਲਈ:-

ਫਰੰਗੀਆਂ ਨੇ ਸਿੰਘ ਨੌਕਰ ਕਰਨੇ ਛੱਡੇ ਕਿ ਤੁਮ ਉਪਦੇਸ਼ ਕਰੋ ਈਸਾ ਮਸੀਹ ਦਾ ਤੇ ਮਲਕਾ ਦਾ ਨਾਮ ਲਵੋ। ਜੇੜ੍ਹੇ ਨੌਕਰ ਕਰਕੇ ਸਿੰਘ ਛਡੇ ਸੇ ਤਿਨਾਂ ਨੇ ਸਲਾਹ ਕੀਤੀ ਕਿ ਇਉਂ ਤਾਂ ਕਿਸੇ ਨੇ ਕਹਿਆ ਨਹੀਂ ਮੰਨਣਾ, ਗ੍ਰੰਥ ਸਾਹਿਬ ਨੂੰ ਗੁਰੂ ਬਣਾਓ ਤੇ ਸਿੰਘ ਸਭਾ ਨਾਉਂ ਰਖੋ। ਸਭਨਾ ਨੇ ਰਲ ਕੇ ਏਉਂ ਹੀ ਕੀਤੀ। ਸਿੰਘ ਸਭਾ ਲਾਵਣੀ ਸ਼ੁਰੂ ਕੀਤੀ ਇਕੱਠੇ ਹੁੰਦੇ ਹੈਂ ਤੇ ਪਹਿਲੇ ਮਲਕਾ ਦੀ ਉਸਤਤ ਕਰਦੇ ਹੈਂ, ਫੇਰ ਲੈਕਚਰ ਖੜੋਇਕੇ ਦਿੰਦੇ ਹੈਂ। ਉਪਦੇਸ਼ ਦਾ ਨਾਮ ਲੈਕਚਰ ਰਖਿਆ ਹੈ।

– ਸਤਿਗੁਰੂ ਬਿਲਾਸ ਭਾਗ ਦੂਜਾ

ਸਿੱਖ-ਸਰਦਾਰਾਂ ਦਾ ਕਿਰਦਾਰ ਤਾਂ 1857 ਤੋਂ ਸਰਕਾਰ ਭਗਤੀ ਦਾ ਚਲਿਆ ਆ ਰਿਹਾ ਸੀ। ਪਿਆਰਾ ਸਿਘ ਪਦਮ ਨੇ ਲਿਖਿਆ ਹੈ:

....ਅਜੇਹੀ ਦਸ਼ਾ ਵਿੱਚ ਕੁਝ ਸਿੱਖ ਰਈਸ ਸਰਦਾਰਾਂ ਅੰਗਰੇਜ਼ਾਂ ਦੀ ਜ਼ਰੂਰ ਮਦਦ ਕੀਤੀ ਪਰ ਸਿਖ ਫ਼ੌਜੀਆਂ ਬਗ਼ਾਵਤ ਕਰਨ ਲਈ ਪੂਰਾ ਹਿੱਸਾ ਨਾ ਪਾਇਆ। ਹਾਂ, ਇੱਕ ਗੱਲ ਜ਼ਰੂਰ ਹੈ ਕਿ ਜੇ ਪੰਜਾਬ ਗਦਰ ਵਿੱਚ ਪੂਰੀ ਤਰ੍ਹਾਂ ਮਦਦ ਦੇਂਦਾ ਤਾਂ ਅੰਗਰੇਜ਼ਾਂ ਦਾ ਰਹਿਣਾ ਔਖਾ ਸੀ।

-ਸੰਖੇਪ ਸਿੱਖ ਇਤਿਹਾਸ

ਸਿੰਘ ਸਭਾ ਵਿੱਚ ਜਿਸ ਵਿਅਕਤੀ ਨੂੰ ਉਚੇਚੇ ਤੌਰ ਤੇ ਸੁਣਿਆਂ ਜਾਂਦਾ ਸੀ ਉਹ ਸੀ ਪ੍ਰੋ. ਗੁਰਮੁਖ ਸਿੰਘ। ਉਸ ਨੇ ਕੀ ਕੀਤਾ, ਅਮਰ ਭਾਰਤੀ ਦੇ ਸ਼ਬਦਾਂ ਵਿੱਚ:

ਸਿੰਘ ਸਭਾ ਵਿੱਚ ਭਾਈ ਗੁਰਮੁਖ ਸਿੰਘ ਜੀ ਦੀ ਸ਼ਮੂਲੀਅਤ ਨਾਲ ਸਿੰਘ ਸਭਾ ਨੂੰ ਨਵਾਂ ਜੀਵਨ ਮਿਲਿਆ ਤੇ ਉਸ ਵਿੱਚ ਅੰਗਰੇਜ਼ ਭਗਤੀ ਦੀ ਨਵੀਂ ਰੂਹ ਫੂਕੀ ਗਈ।

ਭਾਈ ਗੁਰਮੁਖ ਸਿੰਘ ਜੀ ਸਿੰਘ ਸਭਾ ਵਿੱਚ ਖਿਚੋਤਾਣ ਦਾ ਕਾਰਨ ਬਣੇ। ਇਸ ਖਿਚੋਤਾਣ ਦੇ ਬੁਨਿਆਦੀ ਨੁਕਤੇ ਸਨ :

(1) ਸਿੰਘ ਸਭਾ ਨੂੰ ਅੰਗਰੇਜ਼ ਸਰਕਾਰ ਦੀ ਭਗਤੀ ਦੀਆਂ ਲੀਹਾਂ ਉਤੇ ਚਲਾਉਣ ਦਾ ਯਤਨ ਕਰਨਾ ਅਤੇ

(2) ਸਿੰਘ ਸਭਾ ਦੇ ਮੰਚ ਉਤੋਂ ਆਦਿ ਕਾਲ ਤੋਂ ਚਲੀ ਆ ਰਹੀ "ਦੇਹਧਾਰੀ" ਗੁਰੂ ਦੀ ਪਰੰਪਰਾ ਦੇ ਖਿਲਾਫ਼ ਜਹਾਦ ਖੜਾ ਕਰਨਾ।"

-ਸਿੱਖ ਇਤਿਹਾਸ ਤੇ ਕੂਕੇ ਤੁਲਨਾਤਮਕ ਅਧਿਐਨ

ਇਸ ਵਿੱਚ ਸਰਕਾਰੀ ਆਦਮੀ ਨਹੀਂ ਅੰਗਰੇਜ ਵੀ ਸ਼ਾਮਲ ਕੀਤੇ ਗਏ। ਇਸ ਦੇ ਸੁਨਹਿਰੀ ਅਸੂਲ ਬਣਾਏ ਗਏ। ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਸਭਾ ਦੇ ਜ਼ਰੂਰੀ ਨਿਯਮ ਸਨ:

(ੳ) ਸ੍ਰੀ ਗੁਰੂ ਸਿੰਘ ਸਭਾ ਵਿੱਚ ਕੋਈ ਗੱਲ ਸਰਕਾਰ ਦੇ ਤੱਲਕ ਨਹੀਂ ਕੀਤੀ ਜਾਵੇਗੀ।

(ਅ) ਖੈਰ ਖਾਹੀ ਕੌਮ, ਫਰਮਾ ਬਰਦਾਰੀ ਸਰਕਾਰੀ

-ਪੰਜਾਬ ਦੀਆਂ ਲਹਿਰਾਂ

ਡਾ. ਜਗਜੀਤ ਸਿੰਘ ਅਨੁਸਾਰ ਸਿੱਖ ਦੀ ਸਿੰਘ ਸਭਾ ਅਨੁਸਾਰ, ਜਮਾਤੀ ਤਾਕਤ ਉਹ ਹੀ ਹੋ ਸਕਦੀ ਹੈ:

ਜੋ ਸਰਕਾਰ ਅੰਗਰੇਜ਼ੀ ਦੀ ਨਿਮਕ ਹਲਾਲੀ, ਫਰਮਾ ਬਰਦਾਰੀ ਅਤੇ ਸ਼ੁਕਰ ਗੁਜ਼ਾਰੀ ਨੂੰ ਚੰਗੀ ਤਰ੍ਹਾਂ ਪੱਕਾ ਕਰਨਾ ਹੈ।

-ਪੰਜਾਬ-ਜੋਧ ਸਿੰਘ ਅਭਿਨੰਦਨ ਗ੍ਰੰਥ

ਅਸਲ ਵਿੱਚ ਇਹ ਅਸੂਲ ਲਹੌਰ ਦੀ ਸਿੰਘ ਸਭਾ ਦੇ ਸਨ ਜੋ ਅੰਮ੍ਰਿਤਸਰ ਦੀ ਸਿੰਘ ਸਭਾ ਉੱਤੇ ਛਾ ਗਈ ਸੀ। ਕਾਰਨ ਇਹ ਸੀ ਕਿ ਅੰਮ੍ਰਿਤਸਰ ਸਾਹਿਬ ਦੀ ਸਭਾ ਵਿੱਚ ਰਾਜ-ਭਗਤੀ ਦਾ ਘਾਟਾ ਸੀ ਜੋ ਉਸ ਸਮੇਂ ਨੁਕਸ ਸਮਝਿਆ ਜਾਂਦਾ ਸੀ। ਇਹ ਨੁਕਸ ਸਤਿਗੁਰੂ ਹਰੀ ਸਿੰਘ ਦੀ ਛਤਰ ਛਾਇਆ ਹੇਠ ਸੱਚ-ਸੁੱਚ, ਨਾਮ-ਬਾਣੀ, ਦੇਸ-ਭਗਤੀ, ਗਊ-ਗ਼ਰੀਬ ਦੀ ਰਾਖੀ ਲਈ ਸਰਕਾਰ ਦੀ ਪਰਵਾਹ ਨਾ ਕਰਨ ਵਾਲੇ ਨਾਮਧਾਰੀ ਸਿਖਾਂ ਕੂਕਿਆਂ ਵਿੱਚ ਪਹਿਲਾਂ ਹੀ ਸੀ। ਸਿੰਘ ਦੱਸਣਾ ਚਾਹੁੰਦੇ ਸਨ ਕਿ ਅਸੀਂ ਉਹਨਾਂ ਤੋਂ ਵੱਖਰੇ ਹਾਂ। ਇਹੀ ਡਬਲਿਊ. ਐਚ. ਮੈਕਲਿਓਡ ਦੀ ਮਿਹਨਤ ਤੇ ਖੋਜ ਦਾ ਸਿੱਟਾ ਹੈ। ਅੰਮ੍ਰਿਤਸਰ ਵਾਲੇ ਵੀ ਸਤਿਗੁਰੂ ਰਾਮ ਸਿੰਘ ਦੇ ਪ੍ਰਦੇਸ ਗਵਨ ਤੋਂ ਸਾਲ ਕੁ ਪਿਛੋਂ ਹੀ ਇਹ ਦੱਸਣ ਲਈ ਮਿਲ ਬੈਠੇ ਸਨ:-

"ਇਹ ਵਿਅਕਤੀ ਰੂੜੀਵਾਦੀ ਸਨ ਅਤੇ ਕੂਕੇ ਸਿੱਖਾਂ ਰਾਹੀਂ ਪੈਦਾ ਕੀਤੇ ਗਏ ਵਿਦਰੋਹ ਬਾਰੇ ਚਿੰਤਿਤ ਸਨ ਕਿ ਰੂੜੀ ਵਾਦੀ ਸਿੱਖ ਭਾਈਚਾਰੇ

ਨੂੰ ਉਸ (ਕੂਕਾ ਲਹਿਰ) ਰਾਹੀਂ ਕੀਤੇ ਵਿਦਰੋਹ ਬਾਰੇ ਨਾ ਭੰਡਿਆ ਜਾਏ।" -ਸਿੱਖਸ ਆਫ ਦ ਖ਼ਾਲਸਾ।

ਸਤਿਗੁਰੂ ਹਰੀ ਸਿੰਘ ਜੀ ਦੀ ਛਤਰ ਛਾਇਆ ਹੇਠ ਵਧ-ਫੁੱਲ ਰਹੇ ਨਾਮਧਾਰੀ ਸਿੱਖ, ਸਿੰਘ ਸਭਾ ਲਹਿਰ ਤੇ ਉਸ ਵਿੱਚੋਂ ਨਿਕਲੇ ਜਾਂ ਉਸ ਨਾਲ ਰਲਦੀ ਮਿਲਦੀ ਵਿੱਚਾਰਧਾਰਾ ਦੇ ਮੁਦਈਆਂ ਦੇ ਵਿਰੋਧ ਦੇ ਬਾਵਜੂਦ ਆਪਣਾ ਨਿਸ਼ਾਨਾ ਨਹੀਂ ਖੁੰਝੇ। ਉਹ ਸਤਿਗੁਰੂ ਰਾਮ ਸਿੰਘ ਨਾਲ ਤਾਲਮੇਲ ਕਾਇਮ ਰੱਖਦੇ ਰਹੇ। ਉਹ ਹੁਕਮਨਾਮੇ ਵਿੱਚ ਸਿੰਘ ਸਭਾ ਪ੍ਰਤੀ ਆਪਣੇ ਸਿੱਖਾਂ ਦੇ ਰੱਵਈਏ ਬਾਰੇ ਲਿਖਦੇ ਹਨ:-

"ਭਾਈ ਨਰਾਇਣ ਸਿੰਘ (ਫਿਲੌਰ ਨਿਵਾਸੀ) ਤੂ ਵੀ ਕਦੇ ਜਾਇਆ ਕਰੁ ਸਿੰਘ ਸਭਾ ਮੈ। ਦੇਖਿਆ ਕਰੋ ਕੀ ਬਾਤਾ ਬੋਲਦੇ ਹੁੰਦੇ ਹੈ, ਪਰ ਕੌੜਾ ਫਿਕਾ ਨਾ ਬੋਲਣਾ ਕਿਸੇ ਨਾਲ। ਫਿਕਾ ਕਾਸਨੂ ਬੋਲਣਾ ਹੈ? ਕੀ ਥੁੜਾ ਹੈ ਫਿਕਾ ਬੋਲਣਿ ਬਿਨਾ?" -ਹੁਕਮਨਾਮੇ 39

ਪਰ ਉਹਨਾਂ ਵਫਾਦਾਰਾਂ ਨੇ ਕਿਉਂ ਹਟਣਾ ਸੀ। ਉਹ ਭਾਵੇਂ ਸਿੰਘ ਸਭਾ ਦੇ ਮੈਂਬਰ ਹੁੰਦੇ, ਗੁਰਦੁਆਰਿਆਂ ਦੇ ਮਹੰਤ ਪੁਜਾਰੀ ਜਾਂ ਸਰਬਰਾਹ ਹੁੰਦੇ ਉਹਨਾਂ ਕੂਕਿਆਂ ਵਿਰੁਧ ਭੰਡੀ ਪਰਚਾਰ ਜਾਰੀ ਰਖਿਆ। ਇਸ ਬਾਰੇ ਸਤਿਗੁਰੂ ਜੀ ਨੇ ਇੱਕ ਹਰਦਾਸ (ਹੁਕਮਨਾਮਾ) ਲਿਖੀ ਸ੍ਰੀ ਅੰਮ੍ਰਿਤਸਰ ਜੀ ਅਕਾਲ ਬੁੰਗੇ ਪਹੁੰਚਾਉਣ ਲਈ। ਉਹ ਹੁਕਮਨਾਮਾ ਇਥੇ ਦਿੱਤਾ ਜਾ ਰਿਹਾ ਹੈ।

ੴ ਸਤਿਗੁਰਿ ਪ੍ਰਸਾਦਿ

ਲਿਖਤੋ ਸ੍ਰਬਤਿ ਕੂਕਿਆ ਦੀ ਜੋਗ ਪੁਜਾਰੀਆ ਅਕਾਲ ਬੁੰਗੇ ਦਿਆ ਕੋ ਹੋਰ ਸੰਬੂਹਿ ਪੁਜਾਰੀਆ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਿਨੀ। ਹੋਰੁ ਸਿੰਘ ਨਹੰਗਾ ਫਤੇ ਬੁਲਾਈ ਪ੍ਰਮਾਨ ਕਰਿਨੀ।

ਹੋਰੁ ਸਿੰਘ ਸਾਹਿਬ ਜੀ ਮਤਲਬ ਏਹੁ ਹੈ ਥੋੜੇ ਮੈ ਹੀ ਸਮਝ ਲੈਣਾ ਜਿਨਾ ਨੂ ਤੁਸੀ ਕੂਕੇ ਆਧੇ ਹੋ ਜੇ ਤਾ ਏਹੁ ਰਚਨਾ ਗੁਰੂ ਦਸਮੇ ਪਾਤਸਾਹਿ ਨੇ ਰਚੀ ਹੈ, ਸਾਰੇ ਕੂਕੇ ਤੇ ਰਾਮ ਸਿੰਘ ਨੂ ਭੀ ਜੋ ਅਸੀ ਆਧੇ ਹਾ ਸਤਿਗੁਰੂ, ਜੇ ਤਾ ਏਹੁ ਕਾਰਨ ਸਾਰਾ ਤੁਸਾ ਨੂ ਗੁਰੂ ਦਾ ਈ ਮਾਲੂਮ ਪੈਦਾ ਹੈ ਤਾ ਤੇ ਤੁਸੀ ਹਥਿ ਜੋੜਕੇ ਸਾਰੇ ਦੇਸਾ ਦੇ ਪੁਜਾਰੀ ਤਨਖਾਹਿ ਬਖਸਾਓ, ਗੁਰੂ ਬਖਸ ਦੇਵੇਗਾ। ਗਲ ਮੈ ਪਲਾ ਪਾਕੇ ਆਖੇ ਅਸੀ ਭੁਲ ਗਏ ਹਾ। ਗੁਰੂ ਜੀ ਦੇ ਸਾਗ ਨੂ ਨਹੀ ਜਾਣ ਸਕੇ। ਅਰੁ ਏਹੋ ਹੁਕਮ ਕਬੂਲ ਕਰੋ ਜੋ ਕੂਕੇ ਕਰਦੇ ਹੈ, ਗੁਰੂ ਬਖਸ ਲੇਵੇਗਾ।

ਤੁਸੀ ਵਡੀ ਮਨਮਤ ਕੀਤੀ ਹੈ ਸਭ ਨੇ ਰਲਕੇ, ਗੁਰੂ ਜੀ ਦੇ ਹੁਕਮ

ਨਾਲ ਦਾਵਾ ਬੰਨਿਆ ਹੈ। ਅਰੁ ਜੇ ਜਾਣਦੇ ਹੋ ਕੇ ਏਹੁ ਹੁਕਮੁ ਗੁਰੂ ਜੀ ਦਾ ਨਹੀ, ਰਾਮ ਸਿੰਘ ਨੇ ਹੀ ਡੁੰਡਾ ਖੜਾ ਕਰਿ ਲਿਆ ਹੈ ਕਲਾਮ ਪੜਕੇ ਤਾ ਰਾਮ ਸਿੰਘੁ ਤੇ ਕੂਕੇ ਤੁਸਾ ਦੇ ਅਗੇ ਕਿਆ ਚੀਜ ਹੈ? ਕਿਉਕਿ ਤੁਸੀ ਆਪ ਬੀ ਬਡੇ ਹੋ ਥਾਨਾ ਤਖਤਾ ਬਾਲੇ, ਤੁਮਾਰੇ ਪਖੀ ਬੀ ਬਹੁਤ ਬਡੇ ਹੈਨ ਰਾਜੇ ਬਲਧਾਰੀ। ਸਾਰੇ ਰਲਕੇ ਏਸ ਬਾਤ ਕੋ ਦੂਰਿ ਕਰੋ ਕੂਕਿਆ ਦੇ ਡੂਡੇ ਕੋ। ਦੋ ਮੈ ਤੇ ਇਕੁ ਬਾਤ ਕਰੋ ਜੋ ਥੁਆਨੂ ਅਛੀ ਲਗੇ। ਜੋ ਦੋ ਮੈ ਤੇ ਕੋਈ ਬਾਤ ਨਾ ਕਰੋਗੇ ਤਾ ਤੁਮਾਰੇ ਪੇਸ ਆਵੇਗੀ ਏਹੁ ਬਾਤ, ਜੋ ਸੁਭਾਉ ਤੁਸੀ ਬਰਤਾ ਹੈ। ਜੇ ਤੁਸੀ ਕਹੋ ਕਦ ਪੇਸ ਆਉ, ਤਾ ਹੁਣ ਤਾ ਕੋਹ ਤਾ ਮੁਕ ਗਏ ਕਦਮ ਰਹੇ ਹੈਨ। ਤਕੜੇ ਹੋ ਕੇ ਇਕੁ ਬਾਤ ਕਰੋ। ਜੇ ਚੁਪ ਹੁਣਿ ਕਰਿ ਰਹੇ ਤਾ ਤੁਮਾਰਾ ਕੰਮ ਬਹੁਤ ਬਿਗਡ ਜਾਵੇਗਾ। ਸਭਨਾ ਦਾ। ਜੋ ਅਛੀ ਹੈ ਸੋ ਕਰੋ। ਏਹ ਬਾਤ ਝੂਠੀ ਨਾ ਜਾਣਨੀ। ਹਮਾਰਾ ਤਾ ਜੋ ਵਿਗੜਨਾ ਥਾ ਸੋ ਵਿਗੜ ਹਟਾ, ਅਬ ਤੁਮਾਰੀ ਬਾਰੀ ਹੈ ਨਾਲੇ ਤੁਮਾਰੇ ਪਖੀਆ ਕੀ।

ਏਹੁ ਜੋ ਲਿਖਾ ਹੈ ਏਸਕੋ ਆਵਾਗੌਣ ਨਾ ਜਾਣਨਾ। ਜੇ ਗੁਰੂ ਕਾ ਕਹਿਣਾ ਝੂਠਾ ਹੈ ਤਾ ਏਹੁ ਬੀ ਝੂਠਾ ਹੋਇ ਜਾਊ। ਗੁਰੂ ਜੀ ਦਾ ਹੁਕਮ ਤਾ ਸਦਾ ਹੀ ਸਚਾ ਹੈ, ਤਾ ਏਹੁ ਬੀ ਸਚਾ ਹੈ। ਹੁਣਿ ਦੇਰ ਨਾ ਕਰਨੀ, ਦੋ ਬਾਤਾ ਮੈ ਤੇ ਏਕੁ ਕਰਿ ਲੈਣੀ। ਜਿਸ ਦਿਨ ਤੁਸੀ ਕੂਕਿਆ ਦੇ ਪੰਥ ਕੋ ਮਿਟਾ ਦੇਮੋਗੇ ਫੇਰਿ ਅਸੀ ਸਾਰੇ ਕੂਕੇ ਤੁਮਾਰੇ ਪਾਸ ਤੇ ਤਨਖਾਹਿ ਬਖਸਾਇ ਲੇਵਾਗੇ, ਉਰੇ ਨਹੀ ਵਖਸਾਉਦੇ ਭਾਮੇ ਤੁਸੀ ਕਿਤਨਾ ਬਕੋ ਸਾਰੇ ਕਠੇ ਹੋਕੇ ਪੁਜਾਰੀ ਤੇ ਨਾਲੇ ਕਾਲੀ ਪੋਸ ਨਹੰਗ ਸਿੰਘ। ਥੋੜਾ ਲਿਖਾ ਹੈ ਬਹੁਤ ਕਰਿਕੇ ਸਮਝ ਲੈਣਾ।

ਜਿਥੇ ਜਿਥੇ ਅਗੇ ਕਲਾਮ ਫੇਰੀ ਹੈ ਲਿਖਕੇ ਓਥੇ ਓਥੇ ਹੁਣਿ ਏਹੁ ਹਰਿਦਾਸ ਦਾ ਬੀ ਹੁਕਮੁ ਭੇਜ ਦੇਣਾ ਲਿਖਕੇ, ਉਕਨਾ ਨਹੀ ਹੁਣਿ ਏਸ ਬਾਤ ਤੇ। ਸਾਰੇ ਅਕਾਲ ਬੁੰਗੇ ਤੇ ਈ ਫੈਲੀ ਹੈ ਕਿ ਕਲਾਮ ਕੂਕੇ ਪੜਦੇ ਹੈ। ਜਿਸ ਤਰਾ ਝਖ ਮਾਰੀ ਹੈ ਹੁਣਿ ਏਹੁ ਖਬਰ ਕਰਿ ਦੇਣੀ ਭਈ ਕੂਕੇ ਏਉ ਆਧੇ ਹੈ, ਸਭਨੀ ਥਾਈ ਤਕੜੇ ਕਰਿ ਦੇਉ ਅਗੇ ਮਾਗੂ। ਸਿਖੀ ਨੂ ਬੰਨ ਪਾਇਆ ਤੁਸੀ ਧੰਨ ਹੋ। ਜਿਤਨਾ ਚਿਰ ਤੁਸੀ ਦੋ ਮੈ ਤੇ ਇਕ ਨਹੀ ਕਰ ਲੈਂਦੇ ਓਤਨਾ ਚਿਰ ਅਸੀ ਤੁਮਾਰੇ ਅਗੇ ਤਨਖਾਹ ਬਖਸਾਵਨ ਨੂ ਨਹੀ ਖੜੇ ਹੁੰਦੇ।

ਭਾਮੇ ਤੁਸੀ ਕਿਤਨਾ ਕਹੋ ਓਤਨਾ ਚਿਰ ਸਾਨੂ ਤੁਸਾ ਦਾ ਕਹਿਣਾ

ਐਸਾ ਲਗਦਾ ਹੈ ਜੈਸੇ ਭੂਤ ਦੀ ਇਟ ਹੋਦੀ ਹੈ। ਭਾਮੇ ਕਿਤਨੀ ਬਾਰ ਕਹੋ, ਜਿਸ ਵੇਲੇ ਤੁਸੀ ਜੋ ਬਾਤਾ ਦੋ ਜੋ ਆਖੀਆ ਹੈ ਥੁਆਨੂੰ, ਦੋ ਮੈ ਤੇ ਜਦ ਇਕ ਕਰ ਲਓਗੇ ਤਾ ਅਸੀ ਆਪ ਹੀ ਤੁਮਾਰੇ ਅਗੇ ਹਥ ਜੋੜ ਖੜੇ ਹੋਇ ਜਾਵਾਗੇ ਸਾਰੇ ਹੀ ਕੂਕੇ। ਜੋ ਮਰਜੀ ਹੋਵੇ ਸੋ ਤਨਖਾਹਿ ਲਾਉਣੀ। ਹੁਣ ਤੁਸੀ ਸਾਨੂ ਤਨਖਾਹ ਲਾਉਣ ਨੂ ਆਖਣਾ ਨਾ। ਦੋਹਾ ਬਾਤਾ ਮੈ ਤੇ ਇਕ ਬਾਤ ਕਰਨ ਦਾ ਉਪਾਓ ਕਰੋ ਜਿਸ ਤਰਾ ਬਣਿ ਆਵੇ ਤੁਸਾ ਤੇ।

ਜੋ ਹੁਣ ਨਹੀ ਉਦਮ ਕਰਨਾ ਤਾ ਤੁਸੀ ਅਗੇ ਹੀ ਚੁਪ ਕਰ ਰਹਿਣਾ ਸੀ। ਤੁਸਾ ਦਾ ਕੀ ਨੁਕਸਾਨ ਥਾ। ਹੁਣ ਤਾ ਤੁਸਾ ਦੀ ਪਤਿ ਤਾ ਹੀ ਰਹਿੰਦੀ ਹੈ ਜੇ ਮਿਟਾ ਦੇਓ ਕੂਕੇ ਪੰਥ ਕੋ। ਨਹੀ ਤਾ ਜਿਥੇ ਜਿਥੇ ਕਿਸੇ ਨੇ ਕਲਾਮ ਲਿਖਕੇ ਭੇਜੀ ਹੈ ਕਿ ਕਹੀ ਹੈ, ਓਥੋ ਓਥੋ ਤੁਮਾਰੇ ਮੁਹਿ ਤੇ ਮਿਟੀ ਪਊਗੀ। ਤੁਸੀ ਸਾਰੇ ਕਠੇ ਹੋਕੇ ਭਾਵੇ ਮਿਟਾਓ ਭਾਵੇ ਥੋੜੇ ਥੋੜੇ ਮਿਟਾਓ, ਕਿ ਤਾ ਮਿਲੋ ਹਥ ਜੋੜਕੇ ਤਨਖਾਹ ਬਖਸਾਓ। ਜੇ ਮਿਲਕੇ ਸਾਡੇ ਨਾਲ ਆਖੋਗੇ ਸਾਨੂ ਤਨਖਾਹ ਬਖਸੌਣ ਨੂ ਤਾ ਭੀ ਅਸੀ ਤੁਸਾ ਦੇ ਅਗੇ ਖੜੇ ਹੋਇ ਜਾਮਾਗੇ ਹਥ ਜੋੜਕੇ। ਜੋ ਮਰਜੀ ਹੋਵੇ ਤਨਖਾਹਿ ਲਾਇ ਲੈਣੀ। ਅਸੀ ਤੁਸਾ ਨੂ ਆਪਣਾ ਲਾਜ ਆਪ ਹੀ ਦਸਦੇ ਹਾ। ਜੋ ਤੁਸਾ ਨੂ ਅਛੀ ਲਗੇ ਸੋ ਕਰੋ ਸਾਰੇ ਮਿਲਕੇ। ਅਗੇ ਹੋਰੁ ਕੀ ਲਿਖਣਾ ਹੈ। ਦੋ ਮੈ ਤੇ ਇਕ ਬੀ ਨਾ ਹੋਈ ਤੁਸਾ ਤੇ ਤਾ ਤੁਸਾ ਨੂ ਅਛੀ ਨਾ ਹੋਊ ਝਬ ਚਿਰੀ। ਏਸ ਬਾਤ ਦੀ ਪ੍ਰਤੀਤ ਜਾਨਣੀ। ਅਸੀ ਝੂਠ ਨਹੀ ਬੋਲੇ ਇਸ ਬਾਤ ਬਿਚ। ਸ੍ਰੀ ਗੁਰੂ ਜੀ ਸਰਬ ਕੇ ਹਿਰਦੇ ਬਸ ਸੁਆਮੀ।

ਹੋਰ ਖਾਲਸਾ ਜੀ ਤੁਸਾ ਨੂ ਕਈ ਬਰਸ ਹੋਇ ਹੈ ਕਹਿੰਦਿਆ ਨੂ ਕਿ ਕੂਕਿਓ ਤੁਸੀ ਤਨਖਾਹਿ ਬਖਸਾਓ। ਅਸੀ ਏਸ ਤੇ ਨਹੀ ਬਖਸਾਈ, ਤੁਸਾ ਨੂ ਅਸੀ ਜਾਨਿਆ ਜੋ ਆਗੂ ਤੋ ਹੈਨ ਪਰ ਅੰਨ੍ਹੇ ਹੈ। ਮੋਤੀਆ ਫਿਰਾ ਹੈ ਏਨਾ ਦੇ ਬੁਧ ਰੂਪੀ ਨੇਤ੍ਰਾ ਉਤੇ। ਮੋਤੀਆ ਫਿਰਾ ਹੁੰਦਾ ਹੈ ਜਿਸਦੇ ਓਧੇ ਨੇਤ੍ਰ ਦੇਖਣ ਨੂ ਅਛੇ ਹੁੰਦੇ ਹੈ ਪਰ ਨਜਰ ਨਹੀ ਆਉਦਾ। ਸੋ ਜੀ ਦਿਸਦੇ ਤਾ ਥੇ ਸਿੰਘ, ਜਦ ਤੁਸੀ ਆਖ ਉਠੇ ਕੂਕੇ ਕਲਾਮ ਪੜਦੇ ਹੈ ਸਿਖ ਨਹੀ ਤਾ ਅਸੀ ਮੋਤੀਆ ਜਾਣ ਲਿਆ, ਨਹੀ ਤਾ ਬਖਸਾਇ ਈ ਲੈਦੇ। ਤੁਸੀ ਕੋਈ ਸਾਡਾ ਘਰ ਬਾਰ ਤਾ ਨਹੀ ਸੀ ਜਪਤ ਕਰ ਲੈਣਾ। ਪਰ ਅਸੀ ਆਖਿਆ ਭਾਈ ਅੰਨ੍ਹੇ ਆਗੂਆ ਮਗਰ ਨਾ ਲਗੋ। ਏ ਤਾ ਸਾਰੇ ਸਾਥ ਮੋਹਾਵਣ ਵਾਲੇ ਹੈ।

ਫੇਰ ਅਸੀ ਕਹਿਆ ਭਾਈ ਦੇਖੋ ਤਾ ਸਹੀ ਲੰਬੀ ਤਕੜੀ ਅਛੀ ਹੈ।

ਹੁਣੇ ਨਾ ਮੋਤੀਆ ਦਸੋ, ਨਾ ਤਨਖਾਹ ਹੀ ਬਖਸਾਓ ਜੋ ਕੁਛ ਥੋੜਾ ਬਹੁਤ ਦਿਸ ਬੀ ਆਉਦਾ ਹੋਵੇ। ਛੇਤੀ ਦਾ ਕੰਮੁ ਭੂਤਾ ਦਾ ਹੈ। ਹੁਣ ਅਸੀ ਜਾਣਿਆ ਹੈ ਜੋ ਤੁਸਾ ਨੂੰ ਅਜੇ ਤਾਈ ਕੁਛ ਨਹੀ ਦਿਸਣ ਲਗਾ, ਕਿਉਕਿ ਹੁਣ ਤਾਈ ਆਹਦੇ ਹੋ ਕੂਕਿਓ ਤੁਸੀ ਤਨਖਾਹੀਏ ਹੋ। ਸੋ ਜੀ ਜੇ ਤਾ ਅਸੀ ਗੁਰੂ ਦੇ ਰਾਹ ਤੇ ਹੋਰੁ ਕੁਛ ਕਰਦੇ ਹੁੰਦੇ ਤਾ ਤੇ ਤੁਸਾ ਨੂ ਜਾਣਦੇ ਖਰੇ ਵਡੇ, ਕਿ ਸਾਡਾ ਪਾਖੰਡ ਏਨਾ ਨੇ ਜਾਹਰ ਕਰ ਲਿਆ ਹੈ। ਅਸੀ ਦੋਹਾ ਗ੍ਰੰਥ ਸਾਹਿਬਾ ਦੀ ਬਾਣੀ ਤੇ ਪਾਈ ਜੀ ਬਾਣੀ ਬਿਨਾ ਹੋਰ ਬਾਣੀ ਨਹੀ ਪੜਦੇ। ਗੁਰਮੰਤ੍ਰ ਬਿਨਾ ਹੋਰ ਕਿਸੇ ਦਾ ਮੰਤ੍ਰ ਨਹੀ ਪੜਦੇ।

ਏ ਕੀ ਆਧੇ ਹੈ ਫਿਰ ਅਸੀ ਪਕ ਜਾਣ ਲਿਆ। ਸਰਾਫਾ ਦੀ ਜਾਗਾ ਤੋ ਠੀਕ ਬੈਠੇ ਹਨ ਪਰ ਅਖੀ ਤੇ ਅੰਨੇ ਹੈਨ, ਗੁਰੂ ਜੀ ਦਾ ਬਚਨ ਹੈ ਨਾਨਕ ਅੰਧਾ ਹੋਇ ਕੈ ਰਤਨਾ ਪਰਖਨ ਜਾਇ। ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ।

ਜਦ ਬੋਲ ਉਠੇ ਸਚੀ ਮਣੀ ਕੋ ਝੂਠੀ, ਝੂਠੀ ਕੋ ਸਚੀ ਤ੍ਾ ਸਭ ਲੋਕ ਜਾਣ ਲੈਦੇ ਹੈਨ ਸਰਾਫ ਤਾ ਹੈਨ ਪਰ ਅੰਨੇ ਹੈਨ। ਏਨਾ ਤੋ ਕੀ ਪਰਖਾਉਣਾ ਹੈ।

ਫੇਰ ਅਸੀ ਏਸੇ ਤਰਾ ਕਹਾ ਦੇਖੋ ਛੇਤੀ ਨਾ ਅੰਨੇ ਕਹੋ, ਨਾ ਤਨਖਾਹ ਹੀ ਬਖਸਾਓ। ਜੇ ਕੁਛੁ ਧੁਪ ਛਾਉ ਦਿਸਣ ਬੀ ਲਗ ਜਾਦੀ ਹੋਵੇ। ਸੋ ਅਜੇ ਤਾਈ ਨਹੀ ਲਗੀ ਧੁਪ ਛਾਉ ਦਿਸਣ। ਕਿਉ ਜੋ ਤੁਸੀ ਹੁਣ ਤਾਈ ਆਧੇ ਹੋ ਤਨਖਾਹ ਬਖਸਾਓ। ਸਚੀ ਮਣੀ ਨੂ ਝੂਠੀ ਦਸੀ ਜਾਦੇ ਹੋ। ਤੁਸੀ ਪਕੇ ਅੰਨ੍ਹੇ ਸਰਾਫ ਹੋ, ਏਸ ਕਰਕੇ ਅਸੀ ਚੁਪ ਕਰ ਰਹੇ।

ਗੁਰੂ ਜੀ ਦਾ ਬਚਨ ਹੈ ਛੇਤੀ ਕਰਨੀ ਮਨੁਖਾ ਦਾ ਕੰਮ ਨਹੀ ਭੂਤਾ ਦਾ ਕੰਮ ਹੈ। ਸੋ ਜੀ ਅਸੀ ਭੂਤਾ ਦਾ ਕੰਮ ਨਹੀ ਕੀਤਾ, ਤੁਸੀ ਭੂਤਾ ਦਾ ਕੰਮ ਕੀਤਾ ਹੈ। ਕੁਛ ਨਹੀ ਦੇਖਾ, ਧੀਰਜ ਨਹੀ ਕੀਤੀ, ਸਾਰੇ ਹੀ ਮਿਲਕੇ ਸਚੀ ਮਣੀ ਨੂ ਝੂਠੀ ਆਖਣ ਲਗ ਗਏ। ਤੁਮਾਰਾ ਸੁਭਾਓ ਭੂਤਾ ਦਾ ਜਾਣਕੇ ਨਹੀ ਤੁਮਾਰੇ ਅਗੇ ਤਨਖਾਹ ਲਵਾਈ, ਪਰ ਫੇਰ ਬੀ ਤਨਖਾਹ ਲਵਾਉਣ ਵਾਸਤੇ ਹੁਣ ਬੀ ਖੜੇ ਹੋਇ ਜਾਦੇ ਹਾ ਹਥ ਜੋੜਕੇ ਜੇ ਦੋ ਬਾਤਾ ਮੈ ਤੇ ਤੁਸੀ ਇਕ ਕਰ ਲਓ ਰਲਕੇ। ਕੇ ਤਾ ਕੂਕਾ ਪੰਥ ਮਿਟਾਓ ਜੇ ਝੂਠੀ ਮਣੀ ਹੈ ਤਾ ਇਸ ਕੋ ਦੂਰ ਕਰੋ।

ਜੇ ਕੂਕੇ ਝੂਠੀ ਮਣੀ ਪਲੇ ਬੰਨੀ ਫਿਰਦੇ ਹੈ ਤਾ ਇਸਕੋ ਮਿਟਾਓ। ਜੇ ਕੁਛ ਨਹੀ ਕਰਦੇ ਹੁਣ ਤਾ ਪਹਿਲੇ ਕੰਗ ਕਿਉ ਉਠਾਈ ਥੀ? ਚੌਹੀ ਕੁੰਟੀ

ਰੌਲੀ ਪਾਈ। ਅਛਾ ਦੇਖ ਲਓ ਜੋ ਬਣਦੀ ਹੈ ਸੋ ਬਣਾਓ। ਪਰ ਸਾਨੂ ਤਾ ਝੂਠੀ ਮਣੀ ਤੁਸਾ ਦੇ ਪਾਸ ਦਿਸਦੀ ਹੈ, ਅਗੇ ਗੁਰੂ ਜਾਣੇ। ਅਸੀ ਕੂਕੇ ਤੁਸਾ ਦੇ ਪਛਾੜੀ ਹਾ। ਤੁਸੀ ਕੁਛ ਕਰੋ ਮੁਹਿਰਾ ਤੁਸਾ ਦਾ ਹੈ। ਜੋ ਤੁਸਾ ਨੂ ਅਛੀ ਅਗੇ ਸੋ ਕਰੋ।

ਝੂਠਾ ਤਾ ਭਾਵੇ ਬਡਾ ਹੋਵੇ ਭਾਵੇ ਝੂਠਾ ਛੋਟਾ ਹੋਵੇ, ਦੋਹਾ ਨੂ ਖੁਆਰੀ ਹੈ। ਅਜੇ ਬੀ ਦੇਖ ਲਓ ਝੂਠੀ ਮਣੀ ਕੂਕਿਆ ਪਾਸ ਹੈ ਕਿ ਤੁਸੀ ਝੂਠ ਬੋਲ ਕੇ ਸੁਣਾਇਆ ਹੈ ਦੇਸ ਦੇਸ ਮੈ। ਬਹੁਤ ਕੀ ਹੁਣ ਲਿਖਣਾ ਹੈ, ਥੋੜੇ ਲਿਖੇ ਕੋ ਈ ਬਹੁਤਾ ਕਰਕੇ ਸਮਝ ਲੈਣਾ।

ਹੋਰੁ ਸਿੰਘ ਸਾਹਿਬ ਜੀ ਸਾਡੀ ਇਹ ਅਰਜ ਹੈ ਜੋ ਤੁਸੀ ਸਾਲ 1919 ਕਤਕ ਬਦੀ ਦੀਪਮਾਲਾ ਤੇ ਆਖਣ ਲਗੇ ਹੋ ਕੂਕਿਓ ਤੁਸੀ ਤਨਖਾਹੀਏ ਹੋ। ਤਨਖਾਹ ਲਵਾਏ ਬਿਨਾ ਨਾ ਥੁਆਨੂ ਤਖਤੀ ਮਥਾ ਟੇਕਣ ਦੇਣਾ ਹੈ ਨਾ ਤੁਸਾ ਦੀ ਅਰਦਾਸ ਕਰਨੀ ਹੈ। ਹੋਰ ਬੀ ਮਾਰ ਕੁਟ ਗਾਲ ਗਲੋਜ ਬਹੁਤ ਕੀਤੀ ਹੈ ਬਿਨਾ ਭਲਿਆਈ। ਸੋ ਅਜ ਤਾਈ ਥੁਆਨੂ ਅਸੀ ਕੋਈ ਉਤਰ ਨਹੀ ਦਿਤਾ ਮੋੜਕੇ। ਸੋ ਅਸੀ ਹੁਣ ਇਸ ਬਾਤ ਦਾ ਉਤਰ ਦਿੰਦੇ ਹਾ।

ਏਸ ਹਰਿਦਾਸ ਦੇ ਆਦ ਮੈ ਲਿਖਾ ਹੈ ਕਿ ਤੁਸੀ ਹਥ ਜੋੜਕੇ ਤਨਖਾਹਿ ਲਵਾਓ। ਸੋ ਅਸੀ ਤੁਸਾ ਨੂ ਦੇਵੋ ਬਾਤਾ ਛਡੀਆ। ਅਸੀ ਹੀ ਤੁਸਾ ਦੇ ਅਗੇ ਹਥ ਜੋੜਕੇ ਖੜੇ ਹੁਦੇ ਹਾ, ਜੋ ਤੁਮਾਰੀ ਮਰਜੀ ਹੈ ਤਨਖਾਹ ਲਾਓ, ਸਾਨੂ ਪ੍ਰਵਾਨ ਹੈ। ਅਸੀ ਹਾਰੇ ਤੁਸੀ ਜਿਤੇ। ਪਰ ਸਾਡੇ ਨਾਲ ਮਿਲ ਜਾਓ। ਗੁਰੂ ਦਾ ਕੰਮ ਜਾਣਕੇ ਥੁਆਨੂ ਸਭ ਮਾਫ। ਜਿਤਨਾ ਤੁਸੀ ਬਾਧਾ ਕੀਤਾ ਹੈ ਜਾ ਨਹੀ ਕੀਤਾ, ਪਰ ਇਤਨੀ ਬਾਤ ਤੁਸੀ ਆਖ ਦੇਓ ਜੋ ਕੂਕਾ ਪੰਥ ਗੁਰੂ ਜੀ ਦਾ ਈ ਕੀਤਾ ਹੋਆ ਹੈ, ਸਾਰੇ ਜਿਥੇ ਜਿਥੇ ਅਗੇ ਆਖਿਆ ਹੈ ਜੋ ਕੂਕਾ ਪੰਥ ਗੁਰੂ ਦਾ ਨਹੀ ਹੈ। ਆਓ ਸਾਰੇ ਮਿਲੋ ਛੇਤੀ।

ਜੇ ਥੁਆਨੂ ਗੁਰੂ ਦਾ ਨਹੀ ਮਲੂਮ ਹੁੰਦਾ, ਰਾਮ ਸਿੰਘ ਨੇ ਹੀ ਝੂਠੀ ਬਾਤ ਬਣਾ ਲਈ ਹੈ ਕਲਾਮ ਪੜਕੇ, ਗੁਰੂ ਜੀ ਦਾ ਹੁਕਮ ਨਹੀ ਕੂਕਾ ਪੰਥ, ਤਾ ਤੁਸੀ ਕੂਕੇ ਪੰਥ ਨੂ ਮਿਟਾ ਦਿਓ ਕਠੇ ਹੋਕੇ ਜਿਤਨਿਆ ਤੇ ਮਿਟਦਾ ਹੈ, ਬਡੇ ਛੋਟੇ ਸਾਰੇ ਈ ਲਗਕੇ। ਜਿਸ ਦਿਨ ਤੁਸੀ ਕੂਕਾ ਪੰਥ ਮਿਟਾਇ ਦਿਤਾ ਅਸੀ ਫੇਰ ਸਾਰੇ ਕੂਕੇ ਹਥ ਜੋੜਕੇ ਖੜੇ ਹੋਇ ਜਾਮਾਗੇ, ਜੋ ਮਰਜੀ ਹੋਵੇ ਸੋ ਤਨਖਾਹ ਲਾਉਣੀ, ਸਾਨੂ ਪ੍ਰਵਾਨ ਹੈ। ਅਰ ਨਾਲੇ ਤੁਹਾਡਾ ਪਰਉਪਕਾਰ ਮੰਨਾਗੇ, ਜੋ ਤੁਸੀ ਆਖੋਗੇ ਸੋ ਕਰਾਗੇ। ਕਿਉ ਮੰਨਾਗੇ, ਜੋ

ਤੁਸੀ ਸਾਨੂ ਕੁਰਾਹੋ ਕਢਕੇ ਗੁਰੂ ਦੇ ਰਾਹ ਪਾਓਗੇ। ਜੋ ਗੁਰੂ ਦਾ ਪੰਥ ਨਹੀ ਹੋਊ ਤਾ ਹੀ ਮਿਟੂਗਾ ਨਾ। ਮਨੁਖ ਦੀ ਬਣਾਈ ਤਾ ਮਨੁਖ ਹਟਾ ਸਕਦਾ ਹੈ ਤੇ ਅਕਾਲ ਪੁਰਖ ਦੀ ਬਣਾਈ ਮਨੁਖ ਤੇ ਨਹੀ ਹਟਦੀ। ਦੋਹਾ ਬਾਤਾ ਮੈ ਤੇ ਜੋ ਤੁਸੀ ਕਰੋ ਸਾਨੂ ਪ੍ਰਮਾਨ ਹੈ।

ਜੋ ਤੁਸੀ ਕਹੋ ਮਿਟਾ ਤਾ ਦਿੰਦੇ ਸਾਡੀ ਫੌਜਦਾਰੀ ਨਹੀ, ਅੰਗ੍ਰੇਜ ਰਾਜੇ ਹੈਨ, ਤਾ ਏਹ ਬਾਤ ਝੂਠ ਹੈ। ਫੌਜਦਾਰੀ ਨਾਲ ਖੜਾ ਬੀ ਤਾ ਨਹੀ ਹੋਆ ਕੂਕਾ ਪੰਥ। ਮੰਤ੍ਰ ਸਕਤ ਨਾਲ ਹੋਆ ਹੈ। ਤੁਸੀ ਬੀ ਮੰਤ੍ਰ ਸਕਤ ਨਾਲ ਮਿਟਾ ਦਿਓ। ਤੁਸੀ ਹੀ ਆਧੇ ਹੋ ਰਾਮ ਸਿੰਘ ਨੇ ਕੀਤਾ ਹੈ ਕੂਕਾ ਪੰਥ। ਸੋ ਰਾਮ ਸਿੰਘ ਦੇ ਕੱਲੇ ਦਾ ਕੀਤਾ ਤੁਸੀ ਸਾਰੇ ਕਠੇ ਹੋਕੇ ਹਟਾ ਦੇਓ। ਜੇ ਇਕ ਦਾ ਕੀਤਾ ਤੁਮਾਰੇ ਬਹੁਤਿਆ ਤੇ ਨਾ ਹਟਿਆ ਤਾ ਤੁਸੀ ਤਨਖਾਹ ਕੀ ਲਾਓਗੇ ਤੇ ਬਖਸੋਗੇ ਕੀ? ਕੀ ਤੁਸਾ ਨੂ ਨਮੋਸੀ ਹੋਊ ਸਾਰਿਆ ਕੋ ਜਿਨਾ ਨੇ ਤਨਖਾਹ ਲਾਈ ਹੈ ਅਰ ਲਉਣ ਨੂ ਆਧੇ ਹੋ ਝਬਚਿਰੀ। ਅਗੇ ਤੁਸੀ ਜਾਣੋ, ਜਿਸ ਪਾਸੇ ਕੂੜ ਹੋਊ ਓਸੇ ਪਾਸੇ ਮੁਕ ਜਾਊ।

ਕੂੜ ਮੈ ਫੁਰਤੀ ਚਲਾਕੀ ਤਾ ਬਡੀ ਹੈ ਪਰ ਦਮ ਨਹੀ ਸਚ ਬਰਾਬਰ। ਜਿਸ ਕੰਮ ਨੂ ਤਸੀ ਲਗੋ ਨਾਲੇ ਸਿੰਘ ਸਭਾ ਵਾਲਿਆ ਕੋ ਬੀ ਨਾਲ ਲਾ ਲੈਣੀ, ਕੁਛ ਬਾਕੀ ਨਾ ਛਡ ਲੈਣੀ ਫੇਰ ਦੀ। ਨਾਲੇ ਓਨਾ ਕੋ ਬੀ ਤੁਸੀ ਆਪਨੇ ਨਾਲ ਸਾਮਲ ਕਰ ਲੈਣਾ ਜਿਸ ਕੰਮ ਕੋ ਤੁਸੀ ਲਗੋ। ਜਿਸ ਜਿਸ ਨੇ ਮੁਕਤਸਰ ਜੀ ਕਲਾਮ ਲਿਖਕੇ ਆਪੋ ਆਪਣੀ ਸਹੀ ਪਾਕੇ ਫੇਰੀ ਹੈ ਸਾਰਿਆ ਅਸਥਾਨੀ ਗੁਰਦੁਆਰੀ ਰਾਜਿਆ ਸਿੰਘਾ ਵਿੱਚ, ਸਾਰੇ ਰਾਜੇ ਸਿੰਘ ਕੂਕਿਆ ਦਾ ਲਹੂ ਪੀਣ ਲਾਏ ਦਿਤੇ ਹੈਨ।

ਜਿਥੇ ਕੂਕੇ ਗੁਰੂ ਜੀ ਦਾ ਅਸਥਾਨ ਜਾਣਕੇ ਮਥਾ ਟੇਕਣ ਜਾਦੇ ਹੈਨ ਤਾ ਅਗਿਓ ਓਹ ਪੁਜਾਰੀ ਸਿੰਘ ਕੂਕਿਆ ਨੂ ਦੁਰੋ ਦੁਰੋ ਕਰਿਕੇ ਪੈਦੇ ਹੈਨ ਸਾਰੀ ਗੁਰਦੁਆਰੀ। ਜੇ ਓਨਾ ਨੂ ਕੂਕੇ ਪੁਛਦੇ ਹੈ ਭਾਈ ਜੀ ਕਿਉ ਨਹੀ ਮਥਾ ਟੇਕਣ ਦਿੰਦੇ ਤਾ ਓਹ ਅਗੇ ਤੇ ਆਧੇ ਨੇ ਤੁਸਾ ਦਾ ਗੁਰਦੁਆਰੇ ਨਾਲ ਕੀ ਵਾਸਤਾ ਹੈ ਮੁਸਲਿਆ ਦਾ? ਫੇਰ ਕੂਕੇ ਆਧੇ ਹੈਨ ਤੁਸੀ ਸਾਨੂ ਮੁਸਲੇ ਕਿਸ ਤਰਾ ਆਧੇ ਹੋ ਤਾ ਓ ਆਧੇ ਹੈ ਸਾਨੂ ਅਕਾਲ ਬੁੰਗੇ ਤੋ ਲਿਖਾ ਆਇਆ ਹੈ ਬਡੇ ਬਡੇ ਮਹੰਤਾ ਦੀ ਸਹੀ ਨਾਲ। ਐਡੇ ਖਡੇ ਮਹੰਤਾ ਨੇ, ਅੰਮ੍ਰਿਤਸਰੀਆ ਅਕਾਲ ਬੁੰਗੇ ਵਾਲਿਆ ਨੇ ਝੂਠ ਨਹੀ ਬੋਲਾ, ਜਾਓ ਪਰੇ। ਦੁਰੋ ਦੁਰੋ ਕਰਕੇ ਤਾਹਿ ਦਿੰਦੇ ਹੈ। ਕੂਕੇ ਫੇਰ ਮੁੜ ਪੈਦੇ ਹੈਨ। ਆਧੇ ਹੈ ਅਛਾ ਗੁਰੂ ਤੇਰਾ ਭਾਣਾ।

ਸੋ ਜੀ ਏਹੁ ਅਰਦਾਸ ਤਾ ਤੁਸਾ ਦੇ ਪਾਸ ਭੇਜੀ ਹੈ ਕੂਕਿਆ ਨੇ। ਤੁਸੀ ਮੁਖ ਹੋ ਸਾਰੇ ਪੰਜਾਬ ਮੈ ਅਕਾਲ ਬੁੰਗੇ ਵਾਲੇ, ਨਾਲੇ ਤੁਮਾਰੇ ਪਾਸ ਸਿੰਘ ਸਭਾ ਲਗਦੀ ਹੈ। ਆਪ ਭੀ ਬਡੇ ਹੋ ਤੇ ਤੁਮਾਰੇ ਪਖੀ ਭੀ ਬਡੇ ਹੈਨ ਰਾਜੇ ਬਲਧਾਰੀ। ਇਹ ਕਿਸਾ ਮੁਕਾਓ ਜਿਸ ਤਰਾ ਸੇ ਮੁਕਦਾ ਹੈ। ਪਾਇਆ ਬੀ ਤੁਸਾ ਦਾ ਈ ਪਿਆ ਹੈ। ਜੋ ਸਿਖੀ ਦਾ ਬਾਣਾ ਰਖੇ ਅਰ ਪੜੇ ਕਲਾਮ ਓਹੁ ਵਡਾ ਤਨਖਾਹੀਆ ਹੈ, ਅਰ ਜੋ ਬਾਣਾ ਬੀ ਸਿਖੀ ਦਾ ਹੋਵੇ ਅਰ ਬਾਣੀ ਭੀ ਦੁਹਾ ਗ੍ਰੰਥ ਸਾਹਿਬਾ ਦੀ ਬਿਨਾ ਹੋਰ ਨਾ ਪੜੇ, ਮੰਤ੍ਰ ਬੀ ਸੋਈ ਪੜੇ ਜੋ ਦਸਾ ਗੁਰਾ ਦਾ ਹੁਕਮ ਹੈ, ਓਸ ਕੋ ਦੂਰੋ ਦੂਰੋ ਕਰਨੀ ਨਾਲੇ ਮੁਸਲਾ ਕਹਿਣਾ, ਏਹੁ ਤੁਸੀ ਬਚਾਰ ਲੇਓ ਓਹੁ ਤਨਖਾਹੀਆ ਹੈ ਜਾ ਨਹੀ। ਮਾਰਨਾ ਹਟਾਉਣਾ ਨਾਲੇ ਗੁਰ ਸਬਦ ਤੇ।

ਅਸੀ ਤਾ ਬਾਣੀ ਗ੍ਰੰਥ ਸਾਹਿਬਾ ਦੀ ਪੜਨੀ ਹੈ ਦੋਹਾ ਦੀ ਅਰ ਮੰਤ੍ਰ ਸੋ ਪੜਣਾ ਹੈ ਜੋ ਦਸਾ ਗੁਰਾ ਵਿੱਚ ਪ੍ਰਮਾਨ ਹੋਵੇ, ਨਿਹੰਗਾ ਨਾਗਿਆ ਮੈ ਬੀ, ਸਿਖਾ ਸਾਧਾ ਮੈ ਬੀ ਪ੍ਰਮਾਨ ਹੋਵੇ। ਪਗ ਦਾ ਸਾਨੂ ਕੁਛ ਡਰ ਨਹੀ, ਚਾਹੇ ਕਿਸੇ ਦੀ ਲਹੇ ਚਾਹੇ ਨਾ ਲਹੇ। ਜੇ ਡਰ ਹੋਊ ਤਾ ਜਿਨਾ ਦਾ ਹੁਕਮ ਹੈ ਏਹੁ ਮੰਤ੍ਰ ਅਰ ਬਾਣੀ ਪੜਨ ਦਾ ਓ ਜਾਨਣ ਦਸੇ ਗੁਰੂ।

ਜੇ ਤੁਸੀ ਕਹੋ ਅਠਾਰਾ ੧੮ ਬਰਸਾ ਪਿਛੋ ਕਿਓ ਇਹੁ ਬਾਤ ਲਿਖੀ ਹੈ, ਅਸੀ ਤੁਸਾਡੀ ਵਲ ਦੇਖਦੇ ਰਹੇ ਕਿ ਅਜ ਮੁੜਦੇ ਹੈ ਕਲ ਕੋ ਮੁੜੇਗੇ। ਜਦ ਤੁਸੀ ਨਹੀ ਮੁੜੇ ਅਠਾਰਾ ੧੮ ਬਰਸ ਤਾਈ ਤਾ ਲਿਖੀ ਹੈ ਏਹੁ ਹਰਿਦਾਸ ਤੁਸਾ ਵੰਨੇ ਜੋ ਹੁਣ ਕੁਛ ਕਰੋ ਜੋ ਪਿਛੇ ਲਿਖਾ ਹੈ। ਨਹੀ ਤਾ ਅਸੀ ਸਾਰੀ ਚੀਜ ਥੁਆਨੂ ਮੋੜ ਦੇਵਾਗੇ, ਕੁਛ ਹੋਰ ਬੀ ਬਿਆਜ ਬਜੋ ਦੇਵਾਗੇ ਜੇੜਾ ਸੁਭਾਓ ਤੁਸੀ ਸਾਡੇ ਨਾਲ ਬਰਤੇ ਸਾਰੇ ਈ। ਜੇ ਆਖੋ ਕਦ? ਗੁਰੂ ਜਦ ਮੁੜਾਊਗਾ, ਫੇਰ ਨਹੀ ਡੇਰ ਕਰਨੀ।

ਜੇ ਅਸੀ ਮੋੜਨ ਜੋਗੇ ਹੁੰਦੇ, ਹੁਣ ਤਾਈ ਡੇਰ ਕਿਉ ਕਰਦੇ। ਭਾਈਚਾਰੇ ਦੀ ਭਾਜੀ ਕਿਉ ਰਖਦੇ ਸਿਰ ਤੇ। ਨਾਲੇ ਹੋਰ ਭੀ ਬਾਤ ਹੈ ਜੋ ਗੁਰੂ ਜੀ ਨੇ ਬਿਨਾ ਬਚਾਰੇ ਅਛੀ ਤਰਾ ਦੇਖੇ ਛੇਤੀ ਕਰਨੀ ਧੀਰਜ ਨਾ ਕਰਨਾ, ਏਹ ਕੰਮ ਮਨੁਖਾ ਦਾ ਨਹੀ ਏਹੁ ਕੰਮ ਭੂਤਨਿਆ ਦਾ ਹੈ, ਹਕਾਇਤਾ ਮੈ ਲਿਖਾ ਹੈ।

ਜੋ ਤੁਸੀ ਕੰਮ ਭੂਤਨਿਆ ਦਾ ਕੀਤਾ ਹੈ ਅਸੀ ਨਹੀ ਕੀਤਾ ਭੂਤਾ ਦਾ ਪਰ ਥੁਆਨੂ ਤਾ ਮਲੂਮ ਹੋਊ ਜਦ ਤੁਮਾਰੇ ਨੇਤ੍ਰਾ ਉਤੋ ਛਾਈ ਲਹੂਗੀ ਗਾਫ਼ਲੀ ਦੀ। ਅਜੇ ਤੁਮਾਰੀ ਮਤ ਪੂਜਾ ਨੇ ਛਾਈ ਹੋਈ ਹੈ ਮਸੰਦਾ ਕੀ

ਤਰਾ। ਦੁਹਾ ਬਾਤਾ ਮੈ ਇਕ ਕਰੇ ਬਿਨਾ ਹਮ ਤੁਮਾਰਾ ਪਿਛਾ ਨਹੀ ਛੋਡੇਗੇ, ਕੇ ਮਿਲੋ ਕੇ ਮਿਟਾਓ। ਜੋ ਤੁਸਾ ਨੂ ਅਛੀ ਲਗੇ ਸੋ ਕਰੋ।

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ ਸਾਰੇ ਖਾਲਸੇ ਜੀ ਕੋ ਸਾਰੇ ਕੂਕਿਆ ਦੀ। ਥੋੜਾ ਲਿਖਾ ਬਹੁਤ ਕਰਕੇ ਸਮਝ ਲੈਣਾ। ਜੇੜਾ ਸਿੰਘ ਤੁਸਾ ਨੂ ਹਰਿਦਾਸ ਦੇਵੇ ਉਸਨੂ ਤੁਸੀ ਆਪਣਾ ਹੁਕਮ ਸੁਣਾ ਦੇਣਾ ਜੋ ਤੁਸੀ ਕਰਨੀ ਹੋਵੇ ਮਹੀਨੇ ਦੋ ਚਾਰ ਤਾਈ। ਤੁਮਾਰਾ ਹੁਕਮ ਏਹੁ ਕੂਕਿਆ ਕੋ ਸੁਣਾ ਦੇਵੇਗਾ। ਏਹ ਹਰਿਦਾਸ ਪਹੁੰਚੇ ਸ੍ਰੀ ਅੰਮ੍ਰਿਤਸਰ ਜੀ ਅਕਾਲ ਬੁੰਗੇ।

ਇਸ ਹੁਕਮਨਾਮੇ ਦਾ ਕਿਸੇ ਵੀ ਪੁਜਾਰੀ ਜਾਂ ਨਿਹੰਗ ਜਾਂ ਸਿੰਘ ਸਾਹਿਬ ਵਲੋਂ ਕੋਈ ਉਤਰ ਨਹੀਂ ਆਇਆ। ਕਿਉਂਕਿ ਉਹ ਸੱਚ ਤੇ ਪਹਿਰਾ ਨਹੀਂ ਸਨ ਦੇ ਰਹੇ, ਹਾਕਮਾਂ ਦੇ ਚੁੱਕੇ-ਚੁਕਾਏ ਆਪਣੇ ਹਲਵੇ ਮੰਡੇ ਲਈ ਸਿੱਖਾਂ ਨੂੰ ਪਾੜਨ ਲਈ ਕੂੜ ਦਾ ਅੰਬਾਰ ਲਾਈ ਬੈਠੇ ਸਨ। ਸਤਿਗੁਰੂ ਜੀ ਨੇ ਸਰਬਕਾਲੀ ਸੱਚੀ ਗੱਲ ਲਿਖੀ ਸੀ।

"ਕੂੜ ਮੈ ਫੁਰਤੀ ਚਲਾਕੀ ਤਾ ਬੜੀ ਹੈ ਪਰ ਦਮ ਨਹੀ ਸਚ ਬਰਾਬਰ" -ਹੁਕਮਨਾਮਾ 60

ਸਤਿਗੁਰੂ ਦੀ ਦੀਦ ਦੀ ਈਦ ਦੇ ਪਿਆਸੇ ਸਰਕਾਰੀ ਸਖ਼ਤੀਆਂ ਤੋਂ ਬੇਪਰਵਾਹ ਤੇ ਮੁਖਬਰਾਂ ਤੋਂ ਬੇਧਿਆਨ ਸਮੁੰਦਰੋਂ ਪਾਰ ਬੈਠੇ ਮਿਤਰ ਮਾਹੀ ਦੇ ਦਰਸ਼ਨ ਦਿਦਾਰ ਦੀ ਸਿੱਕ ਪੂਰੀ ਕਰਨ ਲਈ ਕੋਈ ਵੀ ਜੋਖ਼ਮ ਉਠਾਉਣ ਤੋਂ ਨਾ ਅੱਕਦੇ ਸਨ ਨਾ ਥੱਕਦੇ ਤੇ ਨਾ ਹੀ ਸਰਕਾਰ ਦੀਆਂ ਸਖ਼ਤੀਆਂ ਦੀ ਪਰਵਾਹ ਕਰਦੇ ਸਨ।

***

# ਸਰੂਪ ਸਿੰਘ-ਬਿਲਾ ਸਿੰਘ

ਸਤਿਗੁਰੂ ਰਾਮ ਸਿੰਘ ਨੇ ਸਤਿਗੁਰੂ ਹਰੀ ਸਿੰਘ ਨੂੰ ਇਕ ਹੁਕਮਨਾਮੇ ਵਿੱਚ ਲਿਖਿਆ:

ਸਰੂਪ ਸਿੰਘ ਪੰਜਾਬ ਮੈ ਆਵੈ ਤਦ ਲਿਖਣਾ। ਗੁਰੂ ਜੀ ਕਾ ਬਚਨ ਹੈ ਜਦ ਮਾਝੇ ਵਿੱਚ ਸਰੂਪ ਸਿੰਘ ਆਵੇ ਫੇਰ ਡੇਰ ਨਹੀਂ ਲਿਖੀ ਹੈ। ਅਗੇ ਜੋ ਗੁਰੂ ਜੀ ਦੀ ਰਜਾਇ। -ਹੁਕਮਨਾਮਾ 24

ਇੱਕ ਹੋਰ ਹੁਕਮਨਾਮੇ ਵਿੱਚ ਲਿਖਿਆ ਹੈ ਕਿ ਰੰਗੂਨ ਰੇਲਵੇ ਵਿੱਚ ਕੰਮ ਕਰਦਾ, ਸ਼ੇਰ ਸਿੰਘ ਖਰਾਸੀਏ ਸ੍ਰੀ ਭੈਣੀ ਸਾਹਿਬ ਦਾ ਭਰਾ ਆਪਣੇ ਘਰ ਅੰਮ੍ਰਿਤਸਰ ਆਇਆ ਹੈ। ਉਹ ਰੰਗੂਨ ਛੇਤੀ ਮੁੜਨ ਦਾ ਇਕਰਾਰ ਕਰਕੇ ਗਿਆ ਸੀ। ਆਪ ਨਰਾਇਣ ਸਿੰਘ ਫਲੌਰ ਦੇ ਨੂੰ ਲਿਖਦੇ ਹਨ:

"ਤਾ ਤੂ ਓਸਦੇ ਪਾਸ ਸਾਰਾ ਹੁਵਾਲ, ਦੇਈ ਲਿਖਕੇ ਸਰੂਪ ਸਿੰਘ ਦਾ ਤੇ ਬਿਲਾ ਸਿੰਘ ਦਾ ਜਰੂਰ।" -ਹੁਕਮਨਾਮਾ 32

ਇਹ ਸਰੂਪ ਸਿੰਘ ਤੇ ਬਿਲਾ ਸਿੰਘ ਨਾਮਧਾਰੀ ਸਿੰਘ ਨਹੀਂ ਹਨ। ਫਿਰ ਵੀ ਸਤਿਗੁਰੂ ਜੀ ਦੀ ਇਹਨਾਂ ਬਾਰੇ ਜਾਨਣ ਲਈ ਏਨੀ ਉਤਸੁਕਤਾ ਕਿਉਂ ਸੀ। ਇਹ ਕੌਣ ਸਨ? ਅਸਲ ਵਿੱਚ ਇਹ ਬਦਲੇ ਹੋਏ ਨਾਮ ਹਨ। ਰੂਸ ਤੇ ਅੰਗਰੇਜ਼ ਦੇ। ਸਿੰਘਾਂ ਦੀ ਜਾਮਾਤਲਾਸ਼ੀ ਵੇਲੇ ਹੁਕਮਨਾਮੇ ਫੜੇ ਜਾਣ ਦੀ ਵੀ ਸੰਭਾਵਨਾ ਬਣੀ ਰਹਿੰਦੀ ਸੀ। ਸੋ ਸਤਿਗੁਰੂ ਜੀ ਨੇ ਸੰਕੇਤਕ ਨਾਂ ਰੱਖ ਕੇ ਪੜ੍ਹਨ ਵਾਲਿਆਂ ਨੂੰ ਭੰਬਲ ਭੂਸੇ ਪਾਇਆ ਸੀ। ਆਪਣਾ ਨਾਂ ਕਦੀ ਦਿਆਲ ਸਿੰਘ, ਕਦੀ ਗੰਗਾ ਬਾਲਾ ਮਸਤਾਨਾ ਸਿੰਘ ਕਦੇ ਗੰਗਾ ਨੂੰ ਜੋ ਮਸਤਾਨ ਸੀ, ਲਿਖਿਆ। ਏਸੇ ਤਰ੍ਹਾਂ ਇਹ ਹਨ। ਕਿਤੇ ਸਿੱਧਾ ਵੀ ਲਿਖਿਆ ਹੈ, "ਰੂਸ ਆਇ ਪਹੁਚਾ ਹੈ ਕਾਬਲ ਦੇਸ ਮੈ ਕਿ ਕਿਤੇ ਦੂਰ ਈ ਹੈ।" -ਹੁਕਮਨਾਮਾ 48

ਅੰਗਰੇਜ਼ ਹਾਕਮਾਂ ਤੇ ਰੂਸੀ ਸਰਕਾਰ ਦਾ ਘੜੇ ਵੱਟੇ ਦਾ ਵੈਰ ਸੀ। ਸਤਿਗੁਰੂ ਜੀ ਜਾਣਦੇ ਸਨ ਕਿ ਭਾਰਤ ਦਾ ਅੰਗਰੇਜ਼ਾਂ ਤੋਂ ਛੁਟਕਾਰਾ ਰੂਸ ਦੇ

ਹਮਲੇ ਬਾਅਦ ਹੀ ਹੋਣਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਆਗਿਆ ਅਨੁਸਾਰ 1869 ਈ. ਵਿੱਚ ਹੀ ਹਿੰਦੁਸਤਾਨ ਅਜ਼ਾਦ ਕਰਾਉਣ ਲਈ ਨਾਮਧਾਰੀ ਸਿੰਘਾਂ ਨੇ ਕਸ਼ਮੀਰ, ਨੇਪਾਲ, ਅਫਗਾਨਿਸਤਾਨ ਨਾਲ ਸੰਬੰਧ ਕਾਇਮ ਕਰ ਲਏ ਸਨ। ਸਤਿਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਇਹ ਸੰਬੰਧ ਰੂਸ ਤੱਕ ਵਧੇ। ਆਪ ਜੀ ਨੇ ਕੜੀ ਸ਼ਿਦਤ ਨਾਲ ਇਹ ਮਹਿਸੂਸ ਕੀਤਾ ਕਿ ਦੁਸ਼ਮਨ ਦਾ ਦੁਸ਼ਮਨ ਦੋਸਤ ਹੁੰਦਾ ਹੈ। ਸੋ ਰੂਸ ਵੱਲ ਅੱਗੇ ਵਧਿਆ ਜਾਏ।

ਰੂਸੀ ਫ਼ੌਜਾਂ ਨੇ ਅਫਗਾਨਿਸਤਾਨ ਰਾਹੀਂ ਆਉਣਾ ਸੀ ਸੋ ਬਾਬਾ ਬਿਸ਼ਨ ਸਿੰਘ ਉਥੋਂ ਦੇ ਅਮੀਰ ਸ਼ੇਰ ਅਲੀ ਨੂੰ ਮਿਲ ਕੇ ਉਸ ਨੂੰ ਨਾਮਧਾਰੀ ਸਿੱਖਾਂ ਦੀ ਸ਼ਕਤੀ ਤੇ ਭਾਵਨਾ ਤੇ ਅੰਗਰੇਜ਼ਾਂ ਦੇ ਹਿੰਦ ਦੇ ਧਰਮ ਤੇ ਰਾਜਨੀਤੀ ਵਿੱਚ ਬਦਨੀਤੀ ਨਾਲ ਦਬਾ ਅਤੇ ਦਖ਼ਲ ਬਾਰੇ ਦੱਸਦਾ ਰਹਿੰਦਾ ਸੀ।

ਸਤਿਗੁਰੂ ਹਰੀ ਸਿੰਘ ਦੀ ਆਗਿਆ ਅਨੁਸਾਰ ਬਾਬਾ ਗੁਰਚਰਨ ਸਿੰਘ ਇਸ ਪਾਸੇ ਇੱਕ ਹੋਰ ਸਰਗਰਮ ਹੋ ਗਿਆ ਸਿੱਖ ਸੀ। ਇਸ ਨੂੰ ਸੂਬਾ ਵੀ ਲਿਖਿਆ ਹੈ। 75 ਸਾਲ ਦਾ (1879 ਈ. ਵਿੱਚ ) ਜਵਾਨ ਹੋਣ ਕਰਕੇ ਬਾਬਾ ਤਾਂ ਉਹ ਸੀ ਹੀ। 5 ਫੁਟ 11 ਇੰਚ ਲੰਮਾ ਇਕਹਿਰੇ ਸਰੀਰ ਦਾ ਚੁਸਤ ਦਰੁਸਤ ਬਾਬਾ। ਗੁਰੂ ਨਾਨਕ ਦੇ ਸਿੱਖ ਭਾਈ ਪਿਰਾਨਾ ਬਾਬਾ ਜੀ ਦੇ ਪੁਰਖਿਆਂ ਵਿੱਚੋਂ ਸਨ। ਕਾਬਲ ਵਿੱਚ ਉਹਨਾਂ ਨੇ ਸਿੱਖੀ ਦੇ ਪਰਚਾਰ ਲਈ ਧਰਮਸਾਲਾ ਬਣਾਈ ਹੋਈ ਸੀ ਸੋ ਬਾਬਾ ਜੀ ਬਚਪਨ ਤੋਂ ਕਾਬਲ (ਅਫਗਾਨਿਸਤਾਨ) ਧਰਮਸਾਲਾ ਦੀ ਸੰਭਾਲ ਤੇ ਪ੍ਰਚਾਰ ਲਈ ਆਉਂਦੇ ਜਾਂਦੇ ਰਹਿੰਦੇ ਸਨ। ਪਸ਼ਤੋ ਫ਼ਾਰਸੀ ਵੀ ਉਹਨਾਂ ਨੂੰ ਆਉਂਦੀਆਂ ਸਨ।

1849 ਈ. ਵਿੱਚ ਬਾਕੀ ਫ਼ੌਜੀਆਂ ਨਾਲ ਹਥਿਆਰ ਸੁੱਟਣ ਬਾਅਦ ਉਹ ਨਿਰਾਸ ਹੋ ਕੇ 45 ਕੁ ਸਾਲ ਦੀ ਉਮਰ ਵਿੱਚ ਚੱਕ ਰਾਮ ਦਾਸ (ਸਿਆਲਕੋਟ) ਵਾਹੀ ਕਰਨ ਲੱਗੇ। 1870 ਵਿੱਚ ਸਤਿਗੁਰੂ ਰਾਮ ਸਿੰਘ ਨੇ ਦੌਰੇ ਸਮੇਂ ਉਹਨਾਂ ਦੇ ਘਰ ਚਰਨ ਪਾਏ ਤੇ ਉਹਨਾਂ ਨੂੰ ਆਪਣੇ ਝੰਡੇ ਹੇਠ ਲੈ ਆਂਦਾ। ਉਹਨਾਂ ਨੂੰ ਬਾਬਾ ਜੋਤਾ ਸਿੰਘ ਨੇ ਭਜਨ ਦਿੱਤਾ।

ਇਹ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਤੋਂ ਬਾਅਦ ਸਰਗਰਮ ਹੋਏ। ਮੌਕਾ ਮਿਲਦਿਆਂ ਹੀ ਬਿਨਾ ਝਿਜਕ, ਸਤਿਗੁਰੂ ਜੀ ਦੇ ਸੁਨੇਹੇ ਲੈ ਕੇ, ਮਧ ਏਸ਼ੀਆ ਜਿਥੇ ਰੂਸੀਆਂ ਦਾ ਪਸਾਰਾ ਵਧ ਰਿਹਾ ਸੀ, ਵਲ ਵਧਦੇ ਰਹੇ। ਪੀ. ਸੀ. ਰਾਏ ਦੇ ਇੱਕ ਪੇਪਰ ਅਨੁਸਾਰ:

"ਉਨ੍ਹਾਂ (ਕੂਕਿਆਂ) ਦਾ ਦ੍ਰਿੜ ਵਿਸ਼ਵਾਸ ਸੀ ਕਿ ਅੰਗਰੇਜ਼ ਹਕੂਮਤ ਦਾ ਖ਼ਾਤਮਾ ਕਰਨ ਲਈ ਅਫਗਾਨਿਸਤਾਨ ਦੇ ਰਾਹੀਂ ਰੂਸ ਕਿਸੇ ਨਾ ਕਿਸੇ ਦਿਨ ਜ਼ਬਰਦਸਤ ਹਮਲਾ ਕਰੇਗਾ। ਨੇਤਾਵਾਂ ਨੇ ਫੈਸਲਾ ਕੀਤਾ ਮਧ ਏਸ਼ੀਆ ਦੇ ਰੂਸੀ ਦਰਬਾਰ ਵਿੱਚ ਦੂਤ ਘੱਲ ਕੇ ਰੂਸ ਦੇ ਹਾਕਮਾਂ ਨੂੰ ਭਰੋਸਾ ਦਿਵਾਇਆ ਜਾਏ ਕਿ ਉਹਨਾਂ ਵਲੋਂ ਭਾਰਤ ਵਿੱਚ ਅੰਗਰੇਜ਼ੀ ਰਾਜ ਉੱਤੇ ਹਮਲਾ ਕਰਦਿਆਂ ਹੀ ਸਾਰੇ ਭਾਰਤ ਵਾਸੀ ਉਨ੍ਹਾਂ ਦੀ ਇਸ ਅੰਗਰੇਜ਼ ਵਿਰੋਧੀ ਲੜਾਈ ਵਿੱਚ ਪੂਰਾ ਪੂਰਾ ਸਾਥ ਦੇਣਗੇ। ਕੂਕਾ-ਰੂਸ ਸਹਿਯੋਗ ਨਾਲ ਭਾਰਤ ਵਿੱਚੋਂ ਅੰਗਰੇਜ਼ਾਂ ਦਾ ਰਾਜ ਖ਼ਤਮ ਹੋ ਜਾਏਗਾ।"

-ਰੂਸ ਦਰਬਾਰ ਵਿੱਚ ਕੂਕਾ ਨੇਤਾ ਗੁਰਚਰਨ ਸਿੰਘ

ਰੂਸ ਦਰਬਾਰ ਵਿੱਚ ਕਸ਼ਮੀਰ ਤੇ ਇੰਦੌਰ ਦੇ ਰਾਜਿਆਂ ਦੇ ਦੂਤ ਵੀ ਅੰਗਰੇਜ਼ਾਂ ਵਿਰੁੱਧ ਸਰਕਾਰੀ ਅਫਸਰਾਂ ਨੂੰ ਮਿਲ ਚੁੱਕੇ ਸਨ।

ਸੂਬਾ ਗੁਰਚਰਨ ਸਿੰਘ ਸਤਿਗੁਰੂ ਰਾਮ ਸਿੰਘ ਕੋਲੋਂ ਰੰਗੂਨ ਜੇਲ੍ਹ ਵਿੱਚੋਂ ਆਈਆਂ ਚਿੱਠੀਆਂ ਵੀ ਰੂਸ ਲੈ ਕੇ ਜਾਂਦਾ ਰਿਹਾ ਅਤੇ ਰੂਸੀ ਅਫ਼ਸਰਾਂ ਨਾਲ ਉਹਨਾਂ ਚਿੱਠੀਆਂ ਦੇ ਆਧਾਰ ਤੇ ਵਿਉਂਤਬੰਦੀ ਕਰਦਾ ਰਿਹਾ।

ਇੱਕ ਵਾਰ ਇਹ 9 ਮਈ 1879 ਈ: ਨੂੰ ਰੂਸ ਦੇ ਤੁਰਕਿਸਤਾਨ ਦੇ ਨਗਰ ਕੱਟਕ ਕਰਘਨ ਪਹੁੰਚਿਆ। ਉਸ ਕੋਲ ਸਤਿਗੁਰੂ ਰਾਮ ਸਿੰਘ ਜੀ ਦੀ ਗੁਰਮੁਖੀ ਅੱਖਰਾਂ ਵਿੱਚ ਲਿਖੀ ਚਿੱਠੀ ਸੀ। ਉਹ ਚਿੱਠੀ ਉਸ ਨੇ ਰੂਸੀ ਅਫ਼ਸਰ ਮੇਜਰ ਜਨਰਲ ਇਬਨੋਵ ਨੂੰ ਸਮਰਕੰਦ ਵਿੱਚ ਦਿਤੀ। ਇਸ ਚਿੱਠੀ ਦਾ ਉਤਾਰਾ ਡਾ. ਫੌਜਾ ਸਿੰਘ ਕਰਤਾ ਕੂਕਾ ਮੂਵਮੈਂਟ ਨੇ ਆਪਣੀ ਪੁਸਤਕ ਵਿੱਚ ਦਿਤਾ ਹੈ ਜੋ ਇਸ ਪ੍ਰਕਾਰ ਹੈ:

ੴ ਸਤਿਗੁਰ ਪ੍ਰਸਾਦਿ॥

ਲਿਖਿਆ ਬਾਵੇ ਰਾਮ ਸਿੰਘ ਦਾ ਰੂਸ ਨਾਥ ਵੱਲ।

ਅਸਾਂ ਇਕ ਸੂਬਾ ਭੇਜਿਆ ਹੈ ਉਸ ਦੀ ਜਬਾਨੀ ਬਾਤ ਸਮਝ ਲੈਣੀ। ਗੁਰਚਰਨ ਸਿੰਘ ਸੂਬੇ ਦਾ ਨਾਮੁ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਬਚਨ ਹੈ ਜਬ ਬਾਰਾਂ ਸੈ ਅਠਤਰਾ ਹਿਜਰੀ ਸੰਮਤ ਆਵੈ ਤਬ ਸੰਤ ਖ਼ਾਲਸਾ ਪ੍ਰਗਟ ਹੋਵੇਗਾ ਨੁਰੰਗਜੇਬ ਨਾਲ ਬਚਨ ਹੋਇਆ ਹੈ ਕਿ ਇੰਗਲਿਸ਼ ਦੁਖ ਦੇਵੈਗਾ ਨਾਮਧਾਰੀਆਂ ਨੂੰ, ਤਬ ਅਰੂਸ ਆਵੈਗਾ। ਅੰਗਰੇਜ਼ ਨੂੰ ਦੂਰ ਕਰੇਗਾ। ਅਰ ਰੂਸ ਬਹਾਦਰ ਕੀ ਜੀਤ ਹੋਵੈਗੀ। ਗੁਰੂ ਬਾਬੇ ਨਾਨਕ ਸਾਹਿਬ ਦਾ ਬਚਨ ਹੈ ਮੈਂ ਅਵਤਾਰ ਧਰਾਂਗਾ:-

ਏਕਸ ਕੇ ਸਿਰ ਮੌਤ ਆਵੈ।

ਕਰੈ ਜੁਧ ਬਹੁ ਦੁੰਦ ਮਚਾਵੈ।
ਸੇਸ ਨਾਗ ਹਿਅੰਤ ਕੋ ਪਾਵੈ।
ਬ੍ਰਹਮਾ ਬਿਸ਼ਨ ਅੰਤ ਨਹੀਂ ਪਾਇਓ।
ਨੇਤ ਨੇਤ ਕਰ ਮੁਖੋਂ ਅਲਾਵੈ।
ਸ੍ਰਬ ਦੀਪਾਂ ਕੇ ਰਾਜੇ ਜਾਨੋ।
ਕਰਨ ਜੁਧ ਤਏ ਕਠੁਆਨੋ।
ਰਕਤ ਭਾਜੀ ਅਤੰਗਾ ਮਨੋਂ ਵਿੱਚ ਪਸੰਗ।
ਖੰਡਾ ਘੋੜਾ ਮ੍ਰਦ ਜੋ ਢੂੰਢ ਰਹੇ ਸਭ ਠੌਗੁ।
ਲਹੌਰ ਸਹਰ ਤਬ ਹੋਸੀ ਜੰਗ।
ਰਕਤ ਭਾਜੀਆ ਤਬ ਹੋਸੀ ਤੰਗ।
ਰੋਜ ਰੁਪਈਆ ਨੌਕਰ ਹਾਥ ਨਾ ਆਵੈ।

ਗੁਰੂ ਨਾਨਕ ਸਾਹਿਬ ਜੀ ਦਾ ਹੁਕਮ ਹੈ ਨਾਥ ਜੀ ਆਵੇਗਾ ਤਿਸ ਦੀ ਜੀਤ ਹੋਵੈਗੀ। ਤ੍ਰੈ ਲਖ ਪੰਦਰਾਂ ਹਜ਼ਾਰ, 315,000 ਸਿੰਘ ਅਸਾਡੇ ਵਸ ਹੈਨ ਹੋਰ ਬੀ ਕੀਤੀ ਜਾਂਦੇ ਹਾਂ। ਪੰਜਾਬ ਉਜੜੇਗਾ। ਘਰ ਸੜੇਂਗੇ ਅਠ ਜੁਧ ਹੋਵਨਗੇ ਚੌਤੀ ਬਰਸ ਅੰਗਰੇਜ਼ ਰਹੇਗਾ ਹਿੰਦੁਸਤਾਨ ਵਿੱਚ । ਦੋ ਬਰਸ ਬਾਕੀ ਰਹਿਦੇ ਹੈਨ। ਉਡਰਾ ਨਾਥ ਪੀਤਨ ਪੁਰ ਤੇ ਆਵੇਗਾ। ਹੋਰ ਪੰਜਾਬ ਵਿੱਚ ਛਾਵਣੀਆਂ ਸਭ ਖਾਲੀ ਪਈਆਂ ਹਨ। ਅਠਾਂ ਸਿੰਘਾਂ ਦੰਗਾ ਕੀਤਾ ਹੈਅ ਸਬ੍ਰ ਭੀ ਪਹਿਲਾ ਕੀਤੀ ਹੈ। ਇਕ ਸੂਬਾ ਸੌ ਸਿੰਘ ਬੇ-ਗੁਨਾਹਾਂ ਹੋਏ ਹੈਨ ਭਜਨ ਬੰਦਗੀ ਵਾਲਾ ਉਨਾਹਠਾਂ ਥੀ ਸਵਾਇ ਤੋਪ ਅਗੇ ਡਾਨੇ ਹਨ।

ਤੁਸਾਂ ਨੂੰ ਹੁਕਮ ਬਾਬੇ ਗੁਰੂ ਨਾਨਕ ਸਾਹਿਬ ਜੀ ਦਾ ਜੋ ਅਸਾਡੀ ਰਛਿਆ ਕਰੋ 315,000 ਤ੍ਰੈ ਲਖ ਪੰਦਰਾਂ ਹਜ਼ਾਰ ਸਿੰਘ ਤੁਹਾਡੀ ਹਮਰਾਹ ਵਾਸਤੇ ਤਿਆਰ ਹੈਨ ਹੋਰ ਭੀ ਜਮਾ ਕੀਤੀ ਜਾਵੇਗਾ। ਜਿਸ ਵਕਤ ਆਵੋ ਚਾਹੋ ਉਸੀ ਵਕਤ ਹਾਜ਼ਰ ਹੈਨ। ਹੋਰ ਜੀ ਸਰਬ ਸਿੰਘਾਂ ਨੇ ਅਰਜ ਕੀਤੀ ਸੀ ਗੁਰੂ ਦਸ਼ਮੇਸ਼ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਜੋ ਕਿਥੇ ਕਿਥੇ ਅਠ ਜੁਧ ਹੋਵਨਗੇ ਤਬ ਗੁਰੂ ਦਾ ਬਚਨ ਹੋਇਆ: ਦੂਨ ਕਾਬਲ ਦੇ ਪਹਾੜ ਵਿੱਚ, ਕਾਬਲ ਵਿੱਚ, ਜਮਰੌਦ ਵਿੱਚ, ਪਿਸ਼ੌਰ ਵਿੱਚ, ਜੰਮੂ ਵਿੱਚ, ਲਾਹੌਰ ਵਿੱਚ, ਫ੍ਰੋਜਪੁਰ ਵਿੱਚ, ਲੁਦਿਆਨਾ ਵਿੱਚ।

ਹੋਰ ਜੀ ਮੁਖਤਿਆਰ ਕਾਰ ਬਾਬਾ ਬੁੱਧ ਸਿਘ ਭੈਣੀ ਸਾਹਿਬ ਵਿਖੇ ਰਹਿੰਦੇ ਹਨ। 35 ਸੂਬੇ ਤਿਸ ਕੇ ਅਗੇ ਕੰਮ ਦੇਵਣ ਵਾਲੇ ਹੈਨ

-ਮਈ 1879

ਇਸ ਚਿਠੀ ਦਾ ਅਨੁਵਾਦ ਮੱਧ ਏਸ਼ੀਆ ਦੇ ਗੁਰਮੁਖੀ ਤੇ ਫ਼ਾਰਸੀ ਜਾਨਣ ਵਾਲੇ ਵਪਾਰੀ ਨੇ ਫ਼ਾਰਸੀ ਵਿੱਚ ਕੀਤਾ ਤੇ ਫਿਰ ਇਸ ਦਾ ਅਨੁਵਾਦ ਰੂਸੀ ਜ਼ਬਾਨ ਵਿੱਚ ਕੀਤਾ ਗਿਆ।

ਬਰਤਾਨੀਆ ਸਰਕਾਰ ਦੀਆਂ ਰਿਪੋਰਟਾਂ ਅਨੁਸਾਰ ਵੀ ਸੂਬਾ ਗੁਰਚਰਨ ਸਿੰਘ ਦਾ ਆਦਰ ਸਤਿਕਾਰ ਰੂਸ ਵਿੱਚ ਸਰਕਾਰ ਵਲੋਂ ਕੀਤਾ ਗਿਆ। 700 ਰੁਪਏ ਦਾ ਚੋਗਾ ਤੋਹਫੇ ਦੇ ਰੂਪ ਵਿੱਚ ਦਿੱਤਾ ਗਿਆ। ਜਵਾਲਾ ਨਾਂ ਦੇ ਵਪਾਰੀ ਨੂੰ ਉਸ ਦੀ ਸੇਵਾ ਅਤੇ ਦੇਖ ਭਾਲ ਲਈ ਲਾਇਆ ਗਿਆ।

ਰੂਸ ਨਾਲ ਸੰਬੰਧ ਗੁਰੂ ਹਰੀ ਸਿੰਘ ਜੀ ਨੇ ਹੋਰ ਪਕੇਰੇ ਕੀਤੇ। ਸੂਬਾ ਗੁਰਚਰਨ ਸਿੰਘ ਕਈ ਵਾਰ ਉਹਨਾਂ ਦਾ ਹੁਕਮ ਮੰਨ ਕੇ ਰੂਸ ਗਿਆ।

9 ਮਈ 1879 ਈ. ਦੀ ਚਿਠੀ ਦੀ ਪਕਿਆਈ ਜਾਨਣ ਲਈ ਰੂਸੀ ਅਧਿਕਾਰੀ ਐਨ. ਏ. ਕਰੋਲਵਕੋਵ ਨੇ ਬਾਬਾ ਜੀ ਨਾਲ ਕਈ ਸੁਆਲ-ਜਵਾਬ ਕਰਕੇ ਸਹੀ ਉੱਤਰ ਲੈ ਕੇ ਤਸੱਲੀ ਕੀਤੀ। ਮੇਜਰ ਜਨਰਲ ਈਵਾਨੋਵ ਨੂੰ ਬਾਬਾ ਗੁਰਚਰਨ ਸਿੰਘ ਨਾਲ ਗੱਲਬਾਤ ਕਰਕੇ ਨਾਮਧਾਰੀ ਸਿੱਖਾਂ ਦੀ ਗਿਣਤੀ ਤੇ ਉਹਨਾਂ ਦੀ ਅੰਗਰੇਜ਼ ਵਿਰੋਧੀ ਧਾਰਨਾ ਬਾਰੇ ਤਸੱਲੀ ਹੋਈ। ਸਮਰਕੰਦ ਨਾਲ ਇਸ ਵਾਰਤਾਲਾਪ ਪਿਛੋਂ ਇਸ ਬਾਰੇ ਵੇਰਵੇ, ਸੋਚ-ਵਿਚਾਰ ਲਈ ਰੂਸੀ ਤੁਰਕਿਸਤਾਨ ਦੇ ਗਵਰਨਰ ਜਨਰਲ ਕਾਰਡ ਕਮਿਆਨ ਨੂੰ ਸੈਂਟ ਪੀਟਰਸਬਰਗ ਭੇਜੇ ਗਏ। ਉਹਨਾਂ ਨੇ ਪਹਿਲਾਂ ਪ੍ਰੋਫੈਸਰ ਮਿਆਏਫ਼ ਦੀ ਰਾਏ ਜਾਨਣੀ ਚਾਹੀ। ਸਭ ਪਾਸਿਓਂ ਤਸੱਲੀ ਕਰਕੇ ਗੁਰਚਰਨ ਸਿੰਘ ਹੱਥੀਂ ਇੱਕ ਪੱਤਰ ਭੇਜਿਆ ਜਿਸ ਦੀ ਇਬਾਰਤ ਵਿੱਚ ਲਿਖਿਆ ਸੀ :

ਗੁਰੂ ਰਾਮ ਸਿੰਘ ਤੇ ਬਾਬਾ ਬੁੱਧ ਸਿੰਘ ਜੀ ਨੂੰ ਸੈਨਾਪਤੀ ਅਤੇ ਗਵਰਨਰ ਜਨਰਲ ਵਲੋਂ ਨਮਸਕਾਰ ਪਹੁੰਚੇ। ਗੁਰਚਰਨ ਸਿੰਘ ਦੀ ਮਾਰਫਤ ਆਪ ਦੀ ਚਿਠੀ ਸਾਨੂੰ ਮਿਲ ਗਈ ਹੈ। ਅਤੇ ਉਸ ਦਾ ਭਾਵ ਅਰਥ ਸਮਝ ਕੇ ਸਾਨੂੰ ਖ਼ੁਸ਼ੀ ਹੋਈ ਹੈ। ਇਸ ਤੱਥ ਪੂਰਨ ਖ਼ਬਰ ਘੱਲਣ ਲਈ ਅਸੀਂ ਆਪ ਦਾ ਧੰਨਵਾਦ ਕਰਦੇ ਹਾਂ। ਪਰ ਭਾਰਤਵਰਸ਼ ਦੀ ਪ੍ਰਸਥਿਤੀ ਤੇ ਘਟਨਾਵਲੀ ਬਾਰੇ ਹੋਰ ਜ਼ਿਆਦਾ ਵੇਰਵੇ ਭਰਪੂਰ ਜਾਣਕਾਰੀ ਦੀ ਲੋੜ ਹੈ।

ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਨਾਨਕ ਦੀ ਭਵਿਖਤ ਬਾਣੀ ਬਾਰੇ ਸਾਨੂੰ ਜਾਣਕਾਰੀ ਮਿਲ ਗਈ ਹੈ। ਸਭ ਕੁਝ ਅਕਾਲ ਪੁਰਖ ਦੀ ਇਛਿਆ ਅਨੁਸਾਰ ਹੀ ਹੋਵੇਗਾ। ਇਹ ਗੱਲ ਮਹਾਂਪੁਰਸ਼ ਹੀ ਸਮਝ ਸਕਦੇ ਹਨ ਕਿ

ਮੁਕਤੀ ਦਾ ਸਮਾਂ ਕਿਸ ਵੇਲੇ ਆ ਜਾਏ।

-ਰੂਸ ਦਰਬਾਰ ਵਿੱਚ ਕੂਕਾ ਨੇਤਾ ਗੁਰਚਰਨ ਸਿੰਘ
ਲੇਖਕ ਪੀ. ਸੀ. ਰਾਏ

ਸੂਬਾ ਗੁਰਚਰਨ ਸਿੰਘ ਅਕਤੂਬਰ 1879 ਈ. ਦੇ ਪਹਿਲੇ ਅੱਧ ਵਿੱਚ ਬਿਖੜੇ ਰਾਹਾਂ ਦਾ ਪੈਂਡਾ ਕਰਦਾ, ਪਰ ਪ੍ਰਸੰਨ ਚਿੱਤ ਮੁੜਿਆ। ਉਹ ਐਨਾ ਆਪੇ ਵਿੱਚ ਗੁਆਚਾ ਹੋਇਆ ਸੀ ਕਿ ਉਹ ਇਹ ਸੋਚ ਵੀ ਨਾ ਸਕਿਆ ਕਿ ਬਰਤਾਨਵੀ ਹਾਕਮਾਂ ਦਾ ਇੱਕ ਜਾਸੂਸ ਗੁਲਾਬ ਖਾਂ ਤਾਸ਼ਕੰਦ ਤੋਂ ਉਸ ਦੇ ਮਗਰ ਪਰਛਾਵੇਂ ਵਾਂਗ ਲੱਗਾ ਹੋਇਆ ਸੀ। ਉਸ ਨੇ ਪਿਸ਼ਾਵਰ ਬਾਬਾ ਜੀ ਨਾਲ ਆਪਣੇ ਆਪ ਨੂੰ ਰੂਸੀ ਜਾਸੂਸ ਦੱਸਦਿਆਂ ਗੱਲਬਾਤ ਕੀਤੀ ਤੇ ਰੂਸੀਆਂ ਦੇ ਨਾਂ ਦੋ ਚਿਠੀਆਂ ਲੈ ਲਈਆਂ ਸਨ।

ਪੰਜਾਬ ਪੁਲਿਸ ਮੂੰਹ ਵਿੱਚ ਉਂਗਲਾਂ ਪਾਉਣ ਲੱਗੀ। ਉਸ ਦੇ ਅਫ਼ਸਰ ਚਾਰਲਸ ਬ੍ਰਾਊਨ ਨੇ ਬਾਬਾ ਜੀ ਨਾਲ ਗੱਲਬਾਤ ਕੀਤੀ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਸਰ ਰਾਬਰਟ ਈਜ਼ਾਰਟਨ ਨੇ ਉਸ ਦੀ ਨਕਲੋ ਹਰਕਤ ਵਲ ਉਚੇਚਾ ਧਿਆਨ ਦਿਤਾ।

ਗੁਲਾਬ ਖਾਂ ਨੇ ਪਿਸ਼ਾਵਰ ਦੇ ਕਮਿਸ਼ਨਰ ਨੂੰ ਚਿੱਠੀਆਂ ਦੇ ਦਿੱਤੀਆਂ ਸਨ। ਸਿੱਟੇ ਵਜੋਂ ਲਾਹੌਰ ਪਹੁੰਚਦਿਆਂ ਹੀ ਬਾਬਾ ਜੀ ਨੂੰ ਗਰਿਫ਼ਤਾਰ ਕਰ ਲਿਆ ਗਿਆ। ਪਰ ਉਹ ਝਕਾਨੀ ਦੇ ਕੇ, ਸਰਿਹਾਲੀ ਸ਼ਾਮ ਸਿੰਘ ਨੂੰ ਤੇ ਸਤਿਗੁਰੂ ਹਰੀ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਮਿਲ ਕੇ ਆਪਣੇ ਪਿੰਡ ਨੂੰ ਚਲਾ ਗਿਆ। ਲੁਧਿਆਣੇ ਸਾਹਨੇਵਾਲ ਤੇ ਸ੍ਰੀ ਭੈਣੀ ਸਾਹਿਬ ਪੁਲਿਸ ਘੇਰਾ ਪਾਈ ਖੜ੍ਹੀ ਰਹੀ। ਸਰਕਾਰ ਕੋਲ ਖ਼ਬਰ ਸੀ ਕਿ ਕੋਈ ਮਹੱਤਵਪੂਰਨ ਪੱਤਰ ਮੂੰਹ ਵੇਖਣ ਵਾਲੇ ਸ਼ੀਸੇ ਵਿੱਚ ਪਿੱਛੇ ਰੱਖਿਆ ਹੈ। ਉਹ ਪੱਤਰ ਸ਼ਾਮ ਸਿੰਘ ਸਰਿਹਾਲੀ ਲੈ ਕੇ ਰੰਗੂਨ ਜਾ ਰਿਹਾ ਹੈ। ਸਰਕਾਰ ਉਸਦੀ ਨਿਗਰਾਨੀ ਕਰਦੀ ਰਹੀ ਕਿ ਜਦੋਂ ਘਰੋਂ ਨਿਕਲੇ ਫੜ੍ਹ ਲਿਆ ਜਾਏ।

ਰੰਗੂਨ ਗਿਆ ਸ਼ਾਮ ਸਿੰਘ ਦੀ ਥਾਂ ਉਸਦਾ ਲੜਕਾ ਮੀਹਾਂ ਸਿੰਘ ਤੇ ਉਸ ਨਾਲ ਸੰਤ ਸਿੰਘ ਸਪੁੱਤਰ ਦਲ ਸਿੰਘ। ਮੀਹਾਂ ਸਿੰਘ ਹਾਂਗਕਾਂਗ ਪੁਲਿਸ ਵਿੱਚ ਨੌਕਰ ਰਿਹਾ ਸੀ। ਸੋ ਉਹ ਉਸੇ ਵਰਦੀ ਵਿੱਚ ਸੀ। ਦੂਜੇ ਦਾ ਵੀ ਭੇਸ ਬਦਲਿਆ ਹੋਇਆ ਸੀ। ਉਹਨਾਂ ਨੂੰ ਸਤਿਗੁਰੂ ਜੀ ਰੰਗੂਨ ਨਾ ਮਿਲੇ ਤਾਂ ਉਹ ਮੌਲਮੀਨ ਗਏ ਉਥੇ ਜਾ ਕੇ ਇਕ ਸਿਪਾਹੀ ਹਰਨਾਮ ਸਿੰਘ ਤੋਂ ਪਤਾ ਲੱਗਾ ਕਿ ਸਤਿਗੁਰੂ ਜੀ ਮਰਗੋਈ ਟਾਪੂ ਵਿੱਚ ਸਨ। ਸੋ ਉਹ ਓਧਰ ਗਏ। ਇਸ ਬਾਰੇ ਬ੍ਰਿਟਿਸ਼ ਬਰਮਾ ਦੇ ਇੰਸਪੈਕਟਰੋਂ ਜਨਰਲ

ਆਫ ਪੁਲਿਸ ਨੇ 24 ਜਨਵਰੀ ੧੮੮੧ ਨੂੰ ਲਿਖਿਆ ਕਿ ਦੋ ਕੂਕੇ ਸਿਆਵਧ ਸਮੁੰਦਰੀ ਜਹਾਜ਼ ਤੇ ਬੈਠ ਕੇ ਮਰਗੋਈ ਗਏ ਹਨ। ਜਿਨ੍ਹਾਂ ਦੀ ਉਮਰ 27 ਅਤੇ 35 ਸਾਲ ਦੀ ਹੈ।

ਮਰਗੋਈ ਦੇ ਡਿਪਟੀ ਕਮਿਸ਼ਨਰ ਨੇ ਫੜ ਲਿਆ। ਪੁੱਛ ਪੜਤਾਲ ਕਰਕੇ ਛੇਤੀ ਮਰਗੋਈ (ਬਈ) ਛੱਡਣ ਦਾ ਇਕਰਾਰ ਲਿਆ। ਪਰ ਮੀਹਾਂ ਸਿੰਘ ਜਾਨ ਹੂਲ ਕੇ ਰਾਤੀਂ ਜੰਗਲਾ ਟੱਪ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਹਾਜ਼ਰ ਹੋਇਆ। ਉਸ ਨੇ ਸ੍ਰੀ ਸਤਿਗੁਰੂ ਜੀ ਨੂੰ ਰੂਸ ਤੋਂ ਲਿਆਂਦਾ ਪੱਤਰ ਦਿੱਤਾ। ਅਗਲੇ ਦਿਨ ਸਵੇਰੇ ਫੜ੍ਹ ਕੇ ਉਹਨਾਂ ਨੂੰ ਕਲਕਤੇ ਭੇਜਿਆ ਗਿਆ। ਜਿਥੋਂ ਡਿਪਟੀ ਕਮਿਸ਼ਨਰ ਲੈਮਬਰਟ ਦਾ ਉਹਨਾਂ ਦੇ ਪਹੁੰਚਣ ਬਾਰੇ ਸਰਕਾਰ ਨੂੰ ਸੁਨੇਹਾ ਮਿਲਿਆ।

ਸਤਿਗੁਰੂ ਜੀ ਦੀ ਮਰਗੋਈ ਵਿੱਚ ਇੱਕ ਸੇਠ ਨੂੰ ਪੁੱਤਰਾਂ ਦਾ ਵਰ ਦੇਣ ਕਾਰਨ ਸੋਭਾ ਵਧੀ ਹੋਈ ਸੀ। ਸੇਠ-ਸ਼ਾਹੂਕਾਰ ਦਾ ਨਾਂ ਰੰਗੀ ਰਾਮ ਸੀ। ਉਸ ਦੀਆਂ ਤਿੰਨ ਪਤਨੀਆਂ ਸਨ ਪਰ ਔਲਾਦ ਨਹੀਂ ਸੀ। ਉਸ ਨੇ ਸਿਪਾਹੀ ਨੂੰ ਤਰਲਾ ਕਰਕੇ 'ਅਰਜ਼ ਕਰਨ ਦਾ ਮੌਕਾ ਬਣਾਇਆ। ਬਾਬਾ ਸੰਤੋਖ ਸਿੰਘ ਨੇ ਇਸ ਬਾਰੇ ਲਿਖਿਆ ਹੈ:

"ਸ਼ਾਹੂਕਾਰ ਸਾਹਮਣੇ ਹੋਇ ਕੇ ਸੀਸ ਨਿਵਾਇਆ। ਕੈਹਣੇ ਲੱਗਾ ਜੀ ਮੇਰੀ ਅਰਜ ਹੈ। ਮੈਂ ਤਿੰਨ ਬਿਆਹ ਕਰਵਾਏ ਹਨ, ਲੜਕਾ ਨਹੀਂ ਹੁੰਦਾ ਹੈ। ਦੀਨ ਦਿਆਲ ਜੀ ਬਚਨ ਕੀਤਾ ਕਲ ਤੁਮ ਆਪਣੀਆਂ ਇਸਤਰੀਆਂ ਕੋ ਨਾਲ ਲੈ ਕੇ ਔਣਾ। ਅਗਲੇ ਦਿਨ ਸ਼ਾਹੂਕਾਰ ਤਿੰਨਾਂ ਇਸਤਰੀਆਂ ਕੋ ਲੈ ਕੇ ਆਇਆ। ਸਤਿਗੁਰੂ ਜੀ ਬਚਨ ਕੀਤਾ ਦੋਇ ਦੋਇ ਏਨਾ ਦੇ, ਏਕ ਇਸ ਕੇ ਹੋਵੇਗਾ। ਪਾਂਚ ਲੜਕੇ ਹੋਣਗੇ। ਗਿਆਰਾਂ ਮਹੀਨਿਆਂ ਮਗਰੋਂ ਪੰਜ ਲੜਕੇ ਕੱਠੇ ਹੀ ਪੈਦਾ ਹੋਏ। ਬਰਮਾ ਕੇ ਲੋਕ ਰੰਗ ਦੇਖ ਕੇ ਅਸਚਰਜ ਰਹੇ। ਸਭ ਉਸਤਤ ਕਰਨ ਲਗੇ ਕਿ ਬਡਾ ਬਲੀ ਗੁਰੂ ਹੈ। ਕੈਸੀ ਕੁਦਰਤ ਬਰਤਾਈ ਹੈ।
-ਸਤਿਗੁਰੂ ਬਿਲਾਸ ਭਾਗ ਦੂਜਾ

ਬਾਬਾ ਗੁਰਚਰਨ ਸਿੰਘ ਦਾ ਸਰਕਾਰ ਨੇ ਲਿਹਾਜ ਨਹੀਂ ਕੀਤਾ। ਉਸ ਨੂੰ ੧੮੧੮ ਦੇ ਕਾਨੂੰਨ ਦੀ ਧਾਰਾ ਅਧੀਨ ਉਮਰ ਕੈਦ ਹੋਈ। ਉਸ ਨੂੰ ਲਾਹੌਰ ਤੋਂ ਮੁਲਤਾਨ ਜੇਲ੍ਹ ਭੇਜਿਆ ਗਿਆ। ੧੮੮੬ ਵਿੱਚ ਉਸ ਨੂੰ ਇਸ ਸ਼ਰਤ ਤੇ ਰਿਹਾ ਕੀਤਾ ਗਿਆ ਕਿ ਉਹ ਸ੍ਰੀ ਭੈਣੀ ਸਾਹਿਬ ਨਹੀਂ ਜਾਵੇਗਾ। ਦਲੇਰੀ ਤੇ ਬਹਾਦਰੀ ਦੇ ਇਸ ਕਾਰਨਾਮੇ ਨਾਲ ਬਾਬੇ ਨੇ ਨਾਮਧਾਰੀ ਇਤਿਹਾਸ ਦਾ ਇੱਕ ਹੋਰ ਪੰਨਾ ਸੁਨਹਿਰਾ ਕੀਤਾ।

ਬਾਬਾ ਗੁਰਚਰਨ ਸਿੰਘ ਤੇ ਬਿਸ਼ਨ ਸਿੰਘ ਬਾਰੇ ਪ੍ਰੋ. ਕਿਰਪਾਲ ਸਿੰ ਕਸੇਲ ਦੇ ਇਹ ਵਿਚਾਰ ਬੜੇ ਢੁੱਕਵੇਂ ਹਨ:-

"ਸੂਬਾ ਗੁਰਚਰਨ ਸਿੰਘ ਅਤੇ ਸੂਬਾ ਬਿਸ਼ਨ ਸਿੰਘ ਇਸ ਬੰਨੇ ਪੂਰ ਤਨਦੇਹੀ ਨਾਲ ਨਿਸ਼ਕਾਮ ਅਤੇ ਨਿਸੁਆਰਥ ਭਾਵਨਾ ਨਾਲ ਜੁੜੇ ਹੋਏ ਸਨ। ਉਹਨਾਂ ਦੇ ਸਨਮੁਖ ਵੱਡਾ ਅਤੇ ਉੱਚਾ ਆਦਰਸ਼ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣਾ ਹੀ ਸੀ। ਉਹ ਕਿਸੇ ਦੇ ਖ਼ਰੀਦੇ ਹੋਏ ਜਾਸੂਸ ਨਹੀਂ ਸਨ, ਜਿਸ ਤਰ੍ਹਾਂ ਕਿ ਸ਼ੰਕਰ ਰਾਏ ਤੇ ਗ਼ੁਲਾਬ ਖਾਂ ਸਨ। ਉਹ ਤ ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ ਦੀ ਅਗਵਾਈ ਹੇਠ ਸੱ ਦੇਸ਼ ਭਗਤਾਂ ਅਤੇ ਸੁਤੰਤਰਤਾ ਘੁਲਾਟੀਆਂ ਦੇ ਕਰਤੱਵਾਂ ਨੂੰ ਨਿਭਾਅ ਰ ਸਨ।" -ਤਵਾਰੀਖ਼ ਸੰਤ ਖਾਲਸ

ਸਤਿਗੁਰੂ ਜੀ ਨੇ ਮਰਗੋਈ ਬੈਠਿਆਂ ਨੇ ਮਹਿਸੂਸ ਕੀਤਾ ਕਿ ਉਹਨ ਦੇ ਸੁਤੰਤਰ ਚਿੰਤਨ ਵਿੱਚ ਨਾਨੂੰ ਸਿੰਘ ਸਦਾ ਹੀ ਨਹੀਂ ਹੁੰਦਾ। ਉਹਨਾਂ ਉ ਨਾਲ ਲੜਾਈ ਝਗੜੇ ਮਾਰਕੁਟਾਈ ਦਾ ਸਵਾਂਗ ਰਚਿਆ ਜਿਸ ਕਰਕੇ ਉ ਆਪ ਹੀ ਕਹਿਣ ਲਗਾ ਮੈਂ ਵਾਪਸ ਪੰਜਾਬ ਜਾਣਾ ਹੈ। ਸੋ 14 ਨਵੰਬ 1881 ਨੂੰ ਨਾਨੂੰ ਸਿੰਘ ਮਰਗੋਈ ਮੌਲਮੀਨ ਰਾਹੀਂ ਕਲਕੱਤੇ ਨੂੰ ਰਵਾਨ ਹੋਇਆ ਅਤੇ ਉਥੋਂ ਪੰਜਾਬ ਪਹੁੰਚ ਕੇ ਆਪਣੇ ਪਿੰਡ ਰੁੜਕੀ ਹੀ ਰਿਹਾ ਉਹ ਇੱਕ-ਅੱਧ ਵਾਰ ਹੀ ਭੇਸ ਬਦਲ ਕੇ ਸਤਿਗੁਰੂ ਹਰੀ ਸਿੰਘ ਜੀ ਦ ਦਰਸ਼ਨਾਂ ਲਈ ਆ ਸਕਿਆ।

ਪੰਜਾਬ ਵਿੱਚ ਰੂਸ ਦੇ ਆਉਣ ਦੀ ਭਾਵਨਾ ਭਰੀ ਸੋਚ ਜੁੜੀ ਰਹ ਇਸ ਨਾਲ ਅੰਨ ਦੀ ਔਕੜ ਤੇ ਮਹਿੰਗਾਈ ਦੇ ਬਾਵਜੂਦ ਸਿੱਖਾਂ ਦੇ ਸੁ ਦੀ ਭਾਵਨਾ ਬਣੀ ਰਹੀ। ਚੰਦਾ ਸਿੰਘ ਦੇ ਬਾਰਾਮਾਂਹ ਵਿੱਚ ਲਿਖਿਆ ਹੈ:

ਜਦ ਰੂਸ ਪੰਜਾਬੇ ਆਵੈ,
ਪਵੇ ਕਾਲ ਮੁਲਖ ਰੁਲ ਜਾਵੈ,
ਦੁਨੀਆਂ ਮਰੇ ਅੰਨ ਕੇ ਹਾਵੈ,
ਠਗ ਚੋਰ ਬਹੁ ਲੁਟ ਲੁਟ ਖਾਵੈ,
ਬਚੇ ਸੋ ਜੋ ਗੁਰ ਸਰਨੀ ਆਵੈ,
ਇਕ ਮਨ ਹੋਇ ਕੇ ਨਾਮ ਧਿਆਵੈ
ਓਸ ਅਕਾਲ ਦਾ।

ਸਤਿਗੁਰੂ ਜੀ ਇਕਲੇ ਬੈਠੇ ਸਰੂਪ ਸਿੰਘ (ਰੂਸ) ਰਾਹੀਂ ਬਿੱਲਾ ਸਿੰ ਤੋਂ ਦੇਸ਼ ਸੁਤੰਤਰ ਕਰਾਉਣ ਲਈ ਹੋਰ ਵਿਉਂਤਾਂ ਸੋਚਦੇ ਰਹਿੰਦੇ ਸਨ।**

# ਸਾਹਾਂ ਵਿੱਚ ਮਹਿਕ ਪਰਤੀ

ਸ੍ਰੀ ਭੈਣੀ ਸਾਹਿਬ ਸਰਕਾਰ ਦੀ ਬਿਠਾਈ ਗਾਰਦ ਦੀ ਸਖ਼ਤੀ ਸਭ ਨੂੰ ਪ੍ਰਭਾਵਿਤ ਕਰਦੀ ਸੀ। ਉਹ ਗਾਰਦ ਹਵਾਲਦਾਰ ਦੇ ਇਸ਼ਾਰੇ ਤੇ ਚੱਲਦੀ ਸੀ। ਪਰ ਇਹ ਗੱਲ ਵੀ ਉਹਨਾਂ ਨੂੰ ਸੋਚਣ ਲਈ ਮਜਬੂਰ ਕਰਦੀ ਕਿ ਦਸ ਸਾਲ ਤੋਂ ਵਧ ਸਮਾਂ ਏਥੇ ਚੌਕੀ ਨੂੰ ਬੈਠਿਆਂ ਹੋ ਗਿਆ ਹੈ, ਦੰਗਾ ਫਸਾਦ ਤਾਂ ਕੋਈ ਕਰਦਾ ਨਹੀਂ। ਸਾਰੇ ਰੱਬ ਦਾ ਨਾਂ ਲੈਂਦੇ ਹਨ। ਜੇ ਕੋਈ ਸਿਪਾਹੀ, ਮੁਖ਼ਬਰ ਠਾਕਰੀਆ, ਸੁਖੂ ਜਾਂ ਈਸ਼ਰ ਸਿੰਘ ਰਮਦਾਸੀਆ ਜ਼ਿਆਦਤੀ ਕਰਦਾ ਹੈ ਤਾਂ ਸਤਿਗੁਰੂ ਹਰੀ ਸਿੰਘ ਸ਼ਾਂਤ ਮੂਰਤ, ਦੇਖ ਕੇ ਅਣਡਿੱਠ ਕਰਦੇ ਹਨ। ਉਹ ਉਸ ਨੂੰ ਅਪਣੇ ਤੋਂ ਦੂਰ ਵੀ ਕਰ ਦੇਂਦੇ ਹਨ।

ਕਾਣਾ ਹਵਾਲਦਾਰ ਬਦਲ ਗਿਆ ਤਾਂ ਬਸੀਆਂ ਤੋਂ ਬਦਲ ਕੇ ਨਵਾਂ ਆਇਆ। ਉਹ ਨਰਮ ਸੀ। ਜਿਸ ਕਰਕੇ ੧੮੮੨ ਈ. ਵਿੱਚ ਗੁਰਦੁਆਰੇ ਦੇ ਅੰਦਰ ਰਹਿੰਦੇ ਸਿੱਖਾਂ ਦੀ ਗਿਣਤੀ, ਗਿਣੀ-ਮਿਥੀ ਤੋਂ ਵਧ ਵੀ ਜਾਂਦੀ ਸੀ। ਅਖੰਡ-ਪਾਠ ਹੁੰਦੇ ਸਨ, ਭਾਵੇਂ ਗੁਪਤ। ਸਿੱਖਾਂ, ਸਤਿਗੁਰੂ ਦਾ ਸ਼ੁਕਰ ਕੀਤਾ, ਸੁਖ ਦਾ ਸਾਹ ਆਇਆ ਹੈ।

ਸਤਿਗੁਰੂ ਬਿਲਾਸ ਦਾ ਕਰਤਾ ਸੰਤੋਖ ਸਿਘ ਇੱਕ ਪਰਨਾ ਦੋ ਕਛਹਿਰੇ ਲਈ, ਸਤਿਗੁਰੂ ਜੀ ਦੀ ਸੋ ਸੁਣ ਕੇ ਆਤਮਿਕ ਭੁੱਖ ਦੀ ਤ੍ਰਿਪਤੀ ਲਈ ਸ੍ਰੀ ਭੈਣੀ ਸਾਹਿਬ ਆਇਆ, ਉਹ ਸੁਥਰਾ, ਪਰਮ ਹੰਸ ਨਾਥ, ਮੋਨੀ ਰਿਹਾ ਸੀ। ਨਿਰਮਲਿਆਂ ਦਾ ਮਹਾਂ ਨਾਮ ਵੀ ਉਸ ਨੇ ਲਿਆ ਸੀ। ਪਰ ਮਨ ਡੋਲਣੋ ਨਾ ਹਟੇ। ਏਥੇ ਸਤਿਗੁਰੂ ਹਰੀ ਸਿੰਘ ਦਾ ਦਰਸ਼ਨ ਕਰਕੇ ਤੇ ਦੈਵੀ ਵਾਤਾਵਰਣ ਵੇਖ ਕੇ ਉਹ ਮੋਹਿਆ ਗਿਆ। ਉਸ ਨੇ ਚੇਤ ਚੌਦੇਂ ੧੮੩੯ ਬਿ. (੧੮੮੨ ਈ.) ਨੂੰ ਭਜਨ ਲਿਆ। ਸਤਿਗੁਰੂ ਜੀ ਨੇ ਬਾਣੀ ਪੜ੍ਹਨ, ਨਾਮ ਜਪਣ ਤੇ ਸੇਵਾ ਕਰਨ ਦਾ ਹੁਕਮ ਕੀਤਾ ਤੇ ਰੋਟੀ ਕੱਪੜੇ ਦੀ ਲੋੜ ਪੂਰੀ ਹੋਣ ਬਾਰੇ ਬਚਨ ਕੀਤਾ। ਸ਼ੁਰੂ ਵਿੱਚ ਉਸ ਨੇ ਨੱਥਾ

।ਮਧ ਮਜ਼੍ਹਬਾ ਨਾਲ ਲਗਰ ਲਣਾ ਅਕ ਪੁਟਣ ਦੀ ਸੇਵਾ ਕੀਤੀ। ਸਿੱਖਾਂ ਵਿੱਚ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਦੀ ਸਿਕ ਬਣੀ ਹੋਈ ਸੀ। ਉਹ ਉਹਨਾਂ ਦੇ ਦਰਸ਼ਨਾਂ ਨਮਿਤ ਪਾਠ ਕਰਦੇ ਸਨ। ਅਗਸਤ 1882 ਵਿੱਚ ਬੁਢਾ ਸਿੰਘ ਦੀ ਵਾਂ ਵਿੱਚ ਸੰਤ ਜਿਉਣ ਸਿੰਘ ਸਰਹਾਲੀ, ਬੁਢਾ ਸਿੰਘ ਆਦਿ ਨੇ ਜਪੁਜੀ ਸਾਹਿਬ ਦਾ ਸਵਾ ਲਖ ਪਾਠ ਘਰ ਕਰਕੇ ਵਰਨੀ ਕੀਤੀ। ਉਹਨਾਂ 5 ਰੁਪਈਏ ਦਾ ਕੜਾਹ ਪਰਸ਼ਾਦ ਕਰਕੇ ਭੋਗ ਪਾਇਆ।

ਅਗਲੇ ਦਿਨ ਭਗਵਾਨ ਸਿੰਘ ਫਤੇਵਾਲੀਏ ਸਪੁੱਤਰ ਸ. ਗੁਰਦਿਤ ਸਿੰਘ ਅੰਮ੍ਰਿਤਸਰ ਦੇ ਸ੍ਰੀ ਭੈਣੀ ਸਾਹਿਬ ਅਨੰਦ ਕਾਰਜ ਸਮੇਂ 25 ਰੁਪਏ ਦਾ ਕੜਾਹ ਪਰਸ਼ਾਦ ਬਣਿਆ ਤਾਂ ਸਿੰਘ ਮਸਤਾਨੇ ਤੇ ਵੈਰਾਗੀ ਹੋ ਗਏ। ਉਹਨਾਂ ਦੇ ਮਨ ਵਿੱਚ ਆਈ ਸਤਿਗੁਰੂ ਦੇ ਦਰਸ਼ਨ ਨਮਿਤ ਸਵਾ ਲਖ ਪਾਠ ਵਰਨੀ ਵਿੱਚ ਭੋਗ ਸਮੇਂ ਪੰਜ ਰੁਪਈਏ ਦਾ ਕੜਾਹ ਪਰਸ਼ਾਦ ਤੇ ਹੁਣ 25 ਦਾ। ਇਹ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਨਮਿਤ ਕੀਤੇ ਸਮਾਗਮ ਨਾਲੋਂ ਵੱਧ ਮਹਤਵਪੂਰਨ ਸਮਾਗਮ ਤਾਂ ਨਹੀਂ, ਵਿਆਹ ਹੀ ਤਾਂ ਹੈ।

ਉਹਨਾਂ ਖੇਡ ਵਿਗਾੜ ਦਿੱਤੀ ਵੈਰਾਗ ਤੇ ਮਸਤੀ ਵਿੱਚ। ਸਵਾ ਰੁਪਈਏ ਦਾ ਦੁਬਾਰਾ ਕੜਾਹ ਪਰਸ਼ਾਦ ਕਰ ਅਨੰਦ ਕੀਤਾ ਗਿਆ।

ਇੱਕ ਵਾਰ ਇੱਕ ਮੁਸਲਮਾਨ ਮੁਖ਼ਬਰ ਰਾਹ ਵਿੱਚ ਤੁਰੇ ਆਉਂਦੇ ਸਤਿਗੁਰੂ ਜੀ ਤੇ ਦਾਨ ਸਿੰਘ ਨੂੰ ਮਿਲਿਆ। ਸਤਿਗੁਰੂ ਜੀ ਦੇ ਚਰਨੀ ਹੱਥ ਲਾ ਕੇ ਕਹਿਣ ਲਗਾ ਮੈਨੂੰ ਰਿਹਾਇਸ਼ ਬਖ਼ਸ਼ੋ। ਸਤਿਗੁਰੂ ਜੀ ਨੇ ਇੱਕ ਡੇਰੇ ਵਿੱਚ ਮਸਤਾਨੇ ਕੋਲ ਕੁਟੀਆ ਵਿੱਚ ਜਗ੍ਹਾ ਦੁਆ ਦਿਤੀ। ਪਰ ਮਸਤਾਨਾ ਉਸ ਨੂੰ ਵੇਖ ਕੇ ਹੋਰ ਰੰਗ ਵਿੱਚ ਹੋ ਗਿਆ। ਉਸ ਜੁੱਤੀ ਲਾਹ ਲਈ ਤੇ ਮੁਸਲੇ ਮੁਖਬਰ ਨੂੰ ਮਾਰਦਾ, ਪਿੰਡੋਂ ਬਾਹਰ ਭਜਾ ਆਇਆ।

ਨਾਮਧਾਰੀ ਸਿੰਘਾਂ ਉੱਤੇ ਕਟਾਣੀ, ਮਾਛੀਵਾੜੇ, ਗੁਰੂਸਰ (ਲੱਲੀਂ) ਜਾਂ ਕਿਸੇ ਹੋਰ ਨੇੜਲੇ ਪਿੰਡ ਠਹਿਰਨ ਤੇ ਵੀ ਸਖ਼ਤੀਆਂ ਹੁੰਦੀਆਂ। ਜੇ ਕੋਈ ਮੀਂਹ ਕਣੀ ਸਮੇਂ ਮਨਸਾ ਰਾਮ ਦੀ ਸਮਾਧ ਵਿੱਚ ਆਸਰਾ ਲੈਂਦਾ ਤਾਂ ਸਮਾਧ ਦਾ ਸਾਧ ਵੇਖ ਕੇ ਗਾਲ੍ਹਾਂ ਕੱਢਦਾ ਕਿ ਜੇ ਤੁਸੀਂ ਰਹੇ ਤਾਂ ਹਵਾਲਦਾਰ ਉਸ ਨੂੰ ਤੰਗ ਕਰੇਗਾ।

ਇੱਕ ਗੇਂਦਾ ਸਿਪਾਹੀ ਬੇਇਜ਼ਤੀ ਕਰਨ, ਤੰਗ ਕਰਨ ਲਈ ਉਚੇਚਾ ਬਦਲੀ ਕਰਵਾ ਕੇ ਸ੍ਰੀ ਭੈਣੀ ਸਾਹਿਬ ਪੁਲਿਸ ਚੌਕੀ ਵਿੱਚ ਆਇਆ। ਉਹ ਨਾਲੇ ਘੂਰੇ ਨਾਲ ਖਾਵੇ। ਹਵਾਲਦਾਰ ਵੀ ਸਖ਼ਤ ਆ ਗਿਆ। ਉਹਨਾਂ ਦੇ ਮਨ ਵਿੱਚ ਸੀ ਇਹਨਾਂ ਨੂੰ ਸਿੱਧਾ ਕਰ ਦਿਆਂਗੇ। ਜੇ ਉਹਨਾਂ ਅੰਦਰ ਮਨੁੱਖੀ ਦਿਲ

ਹੁੰਦਾ ਤਾਂ ਉਹ ਸੋਚਦੇ ਕਿ ਬਿਰਹਾ ਕੁੱਠਿਆਂ ਵਿੱਚ ਜਾਨ ਕਿਥੇ ਹੈ।

ਇੱਕ ਦਿਨ ਜਨਵਰੀ 1883 ਈ: ਵਿੱਚ ਅੜਬੰਗ ਸਿੰਘ ਲੁਕ ਕੇ ਸਤਿਗੁਰੂ ਹਰੀ ਸਿੰਘ ਦੇ ਦਰਸ਼ਨ ਕਰਨ ਆਇਆ। ਉਸ ਦਾ ਨਾਂ ਅੜਬੰਗ ਦਾਸ ਵੀ ਲਿਖਿਆ ਮਿਲਦਾ ਹੈ, ਅੜਬੰਗੀ ਵੀ। ਅਸਲ ਵਿੱਚ ਉਹ ਮਰ੍ਹਾਣੇ ਦਾ ਭਗਵਾਨ ਸਿੰਘ ਸੀ। ਉਹ ਅੰਮ੍ਰਿਤਸਰ ਦੇ ਸਾਕੇ ਵਿੱਚ ਭਗੌੜਾ ਕਰਾਰ ਦਿੱਤਾ ਗਿਆ ਸੀ। ਰਾਏਕੋਟ ਤੇ ਮਲੇਰਕੋਟਲੇ ਦੀਆਂ ਘਟਨਾਵਾਂ ਵਿੱਚ ਵੀ ਸਰਕਾਰ ਨੇ ਉਸ ਦਾ ਹੱਥ ਸਮਝਿਆ ਸੀ। ਉਹ ਹੈ ਸੀ ਬਹੁਤ ਬਹਾਦਰ ਤੇ ਹੌਸਲੇ ਵਾਲਾ। ਉਸ ਨੂੰ ਫੜ੍ਹਨ ਲਈ 500 ਰੁਪਏ ਇਨਾਮ ਸੀ ਸੋ ਪੁਲਿਸ ਉਸ ਦੀ ਤਲਾਸ਼ ਵਿੱਚ ਰਹਿੰਦੀ ਸੀ। ਉਹ ਰੰਗੂਨ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਹੁਕਮਨਾਮੇ ਵੀ ਲੈ ਆਇਆ ਸੀ।

ਪੁਲਿਸ ਨੂੰ ਸ਼ੱਕ ਹੋਇਆ ਕਿ ਅੜਬੰਗ ਸਿੰਘ, ਭਗਵਾਨ ਸਿੰਘ ਹੈ। ਉਸ ਨੂੰ ਦਰਸ਼ਨ ਦੇਣ ਲਈ ਸਤਿਗੁਰੂ ਹਰੀ ਸਿੰਘ ਜੀ ਮੈਦਾਨ ਮਾਰਨ ਦੇ ਬਹਾਨੇ ਸ੍ਰੀ ਭੈਣੀ ਸਾਹਿਬ ਤੋਂ ਚੜ੍ਹਦੀ ਦਿਸ਼ਾ ਨੂੰ ਗਏ। ਉਹ ਕਟਾਣੀ ਦੇ ਮੁਖਬਰ ਇੰਦਰ ਦੇ ਬਾਗ਼ ਵਿੱਚ ਰਾਤ ਕੱਟ ਕੇ ਆਇਆ ਖੜ੍ਹਾ ਸੀ। ਦਰਸ਼ਨ ਕਰਕੇ ਉਸਦਾ ਮਨ ਹਰਿਆ ਹੋਇਆ, ਸਤਿਗੁਰੂ ਜੀ ਨੂੰ ਤੁਰਕਾਂ ਸਿਪਾਹੀਆਂ ਦੇ ਦੁਰਵਿਹਾਰ ਬਾਰੇ ਪੁੱਛਿਆ। ਉਹਨਾਂ ਨੇ ਉਹਨਾਂ ਦੀਆਂ ਮਾੜੀਆਂ ਹਰਕਤਾਂ ਬਾਰੇ ਦੱਸਿਆ। ਉਹ ਮੱਥਾ ਟੇਕ ਕੇ ਚੜ੍ਹਦੀ ਕਲਾ ਵਿੱਚ ਚੜ੍ਹਦੀ ਦਿਸ਼ਾ ਨੂੰ ਤੁਰ ਪਿਆ। ਉਹ ਲੰਮੇ ਤੇ ਕਾਹਲੇ ਕਦਮ ਪੁੱਟ ਰਿਹਾ ਸੀ। ਉਸ ਨੂੰ ਵੇਖ ਕੇ ਹਵਾਲਦਾਰ, ਮੁਨਸ਼ੀ ਤੇ ਗੇਂਦਾ ਸਿਪਾਹੀ ਉਸਨੂੰ ਫੜ੍ਹਨ ਲਈ ਮਗਰ ਗਏ। ਹਵਾਲਦਾਰ ਉਸ ਨੂੰ ਤੱਖਰਾਂ ਦਾ ਫ਼ਕੀਰ ਸਮਝ ਕੇ ਮੁੜ ਆਇਆ ਤੇ ਦੂਜਿਆਂ ਨੂੰ ਵੀ ਮੁੜਨ ਲਈ ਕਿਹਾ। ਉਹ ਉਸ ਨੂੰ ਫੜ ਕੇ ਸਰਕਾਰ ਵਲੋਂ 500 ਰੁਪਈਏ ਇਨਾਮ ਲੈਣ ਦੇ ਲਾਲਚ ਕਾਰਨ ਨਾ ਮੁੜੇ। ਉਹ ਕੋਟ ਦੀ ਜਹ ਵਿੱਚ ਵੜਿਆ ਤੇ ਤੁਰਿਆ ਗਿਆ। ਉਹਨਾਂ ਨੇ ਪਿੱਛੋਂ ਅਵਾਜ਼ ਮਾਰੀ ਅੜਬੰਗੀ ਨੇ ਗੱਲ ਹੀ ਨਾ ਗੌਲੀ ਤੇ ਕਾਹਲੇ ਕਦਮੀ ਤੁਰਿਆ ਗਿਆ। ਉਹ ਨੀਲੋਂ ਪਿੰਡ ਦੀ ਹੱਦ ਵਿੱਚ ਪਹੁੰਚ ਗਿਆ। ਗੇਂਦਾ ਹੱਥ ਵਿੱਚ ਡੰਡਾ ਲੈ ਕੇ ਮੁਨਸ਼ੀ ਨਾਲ ਮਗਰ ਦੌੜ ਪਿਆ।

ਅੜਬੰਗੀ ਨੇ ਉਹਨਾਂ ਨੂੰ ਜੇਬ ਵਿੱਚੋਂ ਕੱਢ ਕੇ ਦੋ ਰੁਪਈਏ, ਮੋਢਿਆਂ ਤੋਂ ਲਾਹ ਕੇ ਲੋਈ ਤੇ ਜੋ ਉਸ ਕੋਲ ਸੀ ਗੜਵਾ ਪਿੰਨੀਆਂ ਦਾ ਦੇਣ ਲਈ ਰੇਤ ਉੱਤੇ ਵਾਰੀ ਵਾਰੀ ਰੱਖੇ ਤੇ ਮੁੜਨ ਲਈ ਕਿਹਾ। ਪਰ ਗੇਂਦੇ ਨੂੰ ਆਪਣੀ ਤਾਕਤ ਦਾ, ਜਵਾਨੀ ਦਾ ਹੰਕਾਰ ਸੀ। ਉਹ ਮਗਰ ਨੱਸਿਆ ਤੇ

ਅੜਬੰਗੀ ਨੂੰ ਕੱਸ ਕੇ ਡੰਡਾ ਮਾਰਿਆ ਜੋ ਉਸ ਨੂੰ ਅੱਖ ਦੇ ਹੇਠਾਂ ਲੱਗਾ। ਅੜਬੰਗੀ ਰੋਹ ਵਿੱਚ ਆ ਗਿਆ। ਉਸ ਦੇ ਹੱਥ ਵਿੱਚ ਖੂੰਡਾ ਸੀ। ਉਸ ਨੇ ਪੈਂਤੜਾ ਬੰਨ੍ਹ ਕੇ, ਟਿਕਾ ਕੇ, ਗੇਂਦੇ ਤੁਰਕ ਦੀ ਪੁੜਪੁੜੀ ਉਤੇ ਖੂੰਡਾ ਮਾਰਿਆ। ਉਹ ਭੁਆਟਣੀ ਖਾ ਕੇ ਡਿਗ ਪਿਆ। ਉੱਠਣ ਲੱਗੇ ਨੂੰ ਅੜਬੰਗੀ ਨੇ ਇੱਕ ਹੋਰ ਮਾਰਿਆ ਤੇ ਉਸਦਾ ਘੋਗਾ ਚਿੱਤ ਹੋ ਗਿਆ। ਮੁਨਸ਼ੀ ਦੂਰ ਖੜਾ ਵੇਖ ਕੇ ਡਰ ਗਿਆ। ਉਹ ਮਿੰਨਤਾਂ ਕਰਦਾ ਚਖੁਰੀਏ ਪਿਛਾਂਹ ਨੱਸਿਆ ਤੇ ਗੇਂਦੇ ਦੇ ਕਤਲ ਦੀ ਖ਼ਬਰ ਜਾ ਦਿੱਤੀ।

ਹਵਾਲਦਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਸ ਨੇ ਗੁਰਦੁਆਰੇ ਦੇ ਦਰਵਾਜੇ ਬੰਦ ਕਰ ਦਿੱਤੇ। ਸਤਿਗੁਰੂ ਜੀ ਦਾ ਬਾਹਰ ਆਉਣਾ ਵੀ ਬੰਦ। ਜੰਦਰੇ ਵੱਜ ਗਏ। ਉਸ ਪਰਵਾਨਾ ਲਿਖਿਆ ਕਿ ਪੁਲਿਸ ਗਾਰਦ ਵੱਢੀ ਗਈ। ਮੁਨਸ਼ੀ ਘੋੜੀ ਲੈ ਲੁਧਿਆਣੇ, ਇਤਲਾਹ ਦੇਣ ਜਾਂਦਾ ਡਿੱਗ ਕੇ ਬਾਂਹ ਤੁੜਾ ਬੈਠਾ। ਕਟਾਣੀ ਦੇ ਮੁਖ਼ਬਰ ਇੰਦਰ ਨੇ ਥਾਣੇ ਇਤਲਾਹ ਦਿੱਤੀ। ਸਾਹਨੇਵਾਲ ਦਾ ਥਾਣੇਦਾਰ ਆਇਆ। ਲੰਡਨ ਤੱਕ ਗਾਰਦ ਵੱਢਣ ਦੀਆਂ ਤਾਰਾਂ ਖੜਕ ਗਈਆਂ।

ਭਗਵਾਨ ਸਿੰਘ ਨੂੰ ਫੜਨ ਲਈ ਪੁਲਿਸ ਟੁਕੜੀ ਮਗਰ ਗਈ। ਪਰ ਉਹ ਦਿਨੇ ਖਟੜੀਂ ਕਮਾਦ ਵਿੱਚ ਬੈਠਾ ਰਿਹਾ, ਰਾਤ ਸਹਿਜੜੀਂ ਹਨੇਰੇ ਪੁਜਾ। ਉਹ ਨਾ ਫੜਿਆ ਗਿਆ। ਫਿਰ ਉਹ ਕਸ਼ਮੀਰ ਰਿਆਸਤ ਵੱਲ ਸੰਪਰਕ ਵਧਾਉਂਦਾ ਰੂਸ ਪਹੁੰਚ ਗਿਆ। ਪੁਲਿਸ ਹੱਥ ਮਲਦੀ ਰਹਿ ਗਈ।

ਲੁਧਿਆਣੇ ਤੋਂ ਪੁਲਿਸ ਸੁਪਰਿੰਟੈਂਡੈਂਟ ਜੇ. ਪੀ. ਬਾਰਬਟਨ ਤੇ ਡਿਪਟੀ ਕਮਿਸ਼ਨਰ ਹਥਿਆਰਬੰਦ ਪੁਲਿਸ ਗਾਰਦ ਤੇ ਤੋਪਖਾਨਾ ਲੈ ਕੇ ਆਏ। ਤੋਪਾਂ ਉਹਨਾਂ ਨੇ ਕੁਹਾੜੇ ਖਲ੍ਹਾਰੀਆਂ। ਸ੍ਰੀ ਭੈਣੀ ਸਾਹਿਬ ਆ ਕੇ ਵੇਖਿਆ ਇਕ ਸਿਪਾਹੀ ਮਾਰਿਆ ਗਿਆ ਹੈ, ਉਹ ਵੀ ਸ੍ਰੀ ਭੈਣੀ ਸਾਹਿਬ ਦੀ ਹੱਦ ਤੋਂ ਬਾਹਰ ਨੀਲੋਂ ਪਿੰਡ ਦੀ ਹੱਦ ਵਿੱਚ। ਕਾਨੂੰਨੀ ਸੁਆਲ ਪੈਦਾ ਹੁੰਦਾ ਸੀ ਕਿ ਉਸ ਦੀ ਡਿਊਟੀ ਡੇਰੇ ਲਾਗੇ ਲਗਾਈ ਗਾਰਦ ਵਿੱਚ ਸੀ। ਉਹ ਆਪਣੀ ਥਾਂ ਛੱਡ ਕੇ ਦੂਜੇ ਪਿੰਡ ਕਿਉਂ ਗਿਆ ? ਕਿਸ ਦੀ ਜ਼ੁੰਮੇਵਾਰੀ ਸੀ?

ਉਹਨਾਂ ਨੇ ਜੰਦਰੇ ਖੁਲ੍ਹਾ ਕੇ ਸਤਿਗੁਰੂ ਜੀ ਨੂੰ ਬਾਹਰ ਕੱਢ ਕੇ ਕਤਲ ਬਾਰੇ ਪੁੱਛਿਆ। ਸਤਿਗੁਰੂ ਜੀ ਬਚਨ ਕੀਤਾ, "ਸਾਨੂੰ ਤੁਹਾਡੀ ਪੁਲਿਸ ਨੇ ਅੰਦਰ ਡੱਕ ਦਿਤਾ, ਜੰਦਰੇ ਮਾਰ ਦਿੱਤੇ। ਸਾਡੇ ਉੱਤੇ ਵਾਧੂ ਸਖ਼ਤੀ ਕੀਤੀ ਨਹੀਂ ਤਾਂ ਅਸੀਂ ਮਗਰ ਘੋੜੀਆਂ ਭਜਾਉਂਦੇ ਤੇ ਖ਼ੂਨੀ ਨੂੰ ਫੜ੍ਹ ਲਿਆਉਂਦੇ। ਨਾਲੇ ਹੱਦੋਂ ਬਾਹਰ ਹੋਏ ਖ਼ੂਨ ਵਿੱਚ ਸਾਡਾ ਕੀ ਕਸੂਰ? ਗੇਂਦਾ ਓਥੇ ਕੀ

ਕਰਨ ਗਿਆ ਸੀ? ਕਿਸ ਦੇ ਮਗਰ ਤੰਗ ਕਰਨ ਗਿਆ ਸੀ?" ਅੱਗੋਂ ਕੋਈ ਉੱਤਰ ਨਹੀਂ ਸੀ ਕਿਸੇ ਕੋਲ।

ਉਹ ਪੁਲਿਸ ਨੂੰ ਡਾਂਟਦੇ ਤੇ ਇਹ ਕਹਿੰਦੇ, "ਤੁਸੀਂ ਹੀ ਸਜ਼ਾ ਦੇ ਲਾਇਕ ਹੋ। ਤੁਸਾਂ ਸਰਕਾਰ ਦਾ ਬੜਾ ਹਰਜ ਕੀਤਾ ਹੈ", ਚਲੇ ਗਏ। ਉਸ ਤੋਂ ਪਿੱਛੋਂ ਵੀ ਪੁਛ-ਪੜਤਾਲ ਹੁੰਦੀ ਰਹੀ। ਉਹ ਹਵਾਲਦਾਰ ਤੇ ਔਖੇ ਹੋਣ ਕਿ ਨੀਲੋਂ ਦੀ ਜੂਹ ਵਿੱਚ ਹੋਇਆ ਖੂਨ, ਭੈਣੀ ਸਾਹਿਬ ਦੇ ਜ਼ੁੰਮੇ ਕਿਵੇਂ ਲੱਗ ਸਕਦਾ ਹੈ। ਡੀ. ਸੀ. ਦੀ ਬਾਰਬਟਨ ਨਾਲ ਹਵਾਲਦਾਰ ਦੀ ਪੇਟੀ ਲਾਹੁਣ ਦੀ ਗੱਲ ਵੀ ਹੋਈ ਪਰ ਨਾ ਲਾਹੀ, ਨਹੀਂ ਤਾਂ ਕੂਕਿਆਂ ਕੱਛਾਂ ਵਜਾਉਣੀਆਂ ਸਨ। ਪਰ ਉਹਨਾਂ ਕਚੀਚੀਆਂ ਵੱਟਦਿਆਂ ਨੇ ਨਾਮਧਾਰੀ ਸਿੱਖਾਂ ਉੱਤੇ ਸਖ਼ਤੀ ਵਧਾ ਦਿੱਤੀ। ਸਤਿਗੁਰੂ ਜੀ ਨਾਮ ਜਪਣ ਲਈ ਹੁਕਮ ਕਰਦੇ ਜਿਸ ਨਾਲ ਸੰਕਟ ਕੱਟੇ ਜਾਣੇ ਸਨ। ਨਿੰਦਕਾਂ, ਮੁਖਬਰਾਂ ਨੂੰ ਸਦਾ ਮੂੰਹ ਦੀ ਖਾਣੀ ਪੈਣੀ ਸੀ।

ਸਤਿਗੁਰੂ ਜੀ ਨੇ ਗਿਣਤੀ ਤੋਂ ਵੱਧ ਤੇ ਚੋਰੀ ਰਹਿੰਦੇ ਸਭ ਸਿੰਘ ਤੋਰ ਦਿੱਤੇ ਤਾਂ ਕਿ ਜੇ ਛਾਪਾ ਪਵੇ ਤਾਂ ਉਹਨਾਂ ਨੂੰ ਉਂਗਲ ਕਰਨ ਦਾ ਬਹਾਨਾ ਨਾ ਮਿਲੇ।

ਗੋਂਦੇ ਦੇ ਕਤਲ ਦਾ ਨਾਮਧਾਰੀ ਸਿੱਖਾਂ ਨੂੰ ਫਾਇਦਾ ਹੋਇਆ। ਪਹਿਲਾਂ ਸਿਪਾਹੀ ਬਾਹਰ ਟਿੱਬਿਆਂ ਵਿੱਚ, ਦਰਸ਼ਨ ਲਈ ਵਾਰੀ ਦੀ ਉਡੀਕ ਵਿੱਚ ਬੈਠੇ ਸਿੰਘਾਂ ਨੂੰ ਡਾਂਟਦੇ ਡਪਟਦੇ ਸਨ। ਉਹਨਾਂ ਨੂੰ ਲੰਗਰ ਨਹੀਂ ਸੀ ਛਕਣ ਦੇਂਦੇ। ਭਜਾ ਦੇਂਦੇ ਸਨ। ਹੁਣ ਸਰਕਾਰ ਦਾ ਸਖ਼ਤ ਹੁਕਮ ਸੀ ਡੇਰੇ ਦਾ ਦਰਵਾਜਾ ਛੱਡ ਕੇ ਨਾ ਜਾਓ। ਸਿੰਘ ਆਪਣੀ ਮਰਜ਼ੀ ਨਾਲ ਨਿਰਭੈ ਫਿਰਨ ਲੱਗੇ।

ਸਤਿਗੁਰੂ ਹਰੀ ਸਿੰਘ ਨੇ ਸਰਕਾਰ ਅੰਦਰ ਹਿਲਜੁਲ ਪੈਦਾ ਕਰਨ ਲਈ ਸੰਤੋਖ ਸਿੰਘ ਬਾਹੋਵਾਲ ਨੂੰ ਲਾਹੌਰ ਭੇਜਿਆ। ਉਸ ਨੇ ਜਾ ਕੇ ਦਿਨੇ ਕਚਹਿਰੀ ਅਗੇ ਮਸ਼ਾਲ ਬਾਲੀ ਤੇ ਖਲੋ ਗਿਆ। ਜੇ ਕੋਈ ਪੁੱਛੇ ਤਾਂ ਕਹਿਣ ਲੱਗਾ, "ਤੁਸੀਂ ਬੇਅਦਾਲਤੀ ਕਰਦੇ ਹੋ ਦਿਨੇ ਵੀ ਅੰਨ੍ਹੇ ਹੋ। ਸਤਿਗੁਰੂ ਰਾਮ ਸਿੰਘ ਨੂੰ ਫੜ ਕੇ ਲੈ ਗਏ ਹੋ। ਦੱਸੋ ਉਸ ਦਾ ਕੀ ਗੁਨਾਹ ਹੈ? ਤੁਸੀਂ ਨਾ ਕਿਸੇ ਚਿੱਠੀ ਦਾ ਉੱਤਰ ਦੇਂਦੇ ਹੋ ਨਾ ਸਤਿਗੁਰੂ ਜੀ ਨੂੰ ਛੱਡਦੇ ਹੋ।"

ਉਸ ਨੂੰ ਇਹ ਕਹਿ ਕੇ ਭੇਜ ਦਿਤਾ ਕਿ ਕਮਿਸ਼ਨਰ ਸ਼ਿਮਲੇ ਗਿਆ ਸੀ। ਉਹ ਹੀ ਜਵਾਬ ਦੇ ਸਕਦਾ ਸੀ। ਸੋ ਫੇਰ ਆਏ। ਉਹ ਸ਼ਾਹ ਆਲਮੀ ਦਰਵਾਜੇ ਤੋਂ ਨਿਕਲ ਕੇ ਦੇਵਾ ਸਿੰਘ ਸਪੁੱਤਰ ਸ. ਸੋਭਾ

ਸਿੰਘ ਘਰ ਆ ਰਿਹਾ। ਇਸ ਮਸ਼ਾਲ ਦੀ ਸ਼ਹਿਰ ਵਿੱਚ ਖ਼ੂਬ ਚਰਚਾ ਹੁੰਦੀ ਰਹੀ।

ਸੰਤੋਖ ਸਿੰਘ ਨੇ ਗੁਰੂ ਕੇ ਬਾਗ਼ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਮਸ਼ਾਲ ਬਾਲੀ। ਉਹ ਲੁਧਿਆਣੇ ਕਚਹਿਰੀ ਵਿੱਚ ਮਸ਼ਾਲ ਬਾਲਣ ਲੱਗਾ ਤਾਂ ਠਾਕਰੀਏ ਮੁਖ਼ਬਰ ਨੇ ਫੜਾ ਦਿਤਾ। ਉਸ ਨੂੰ ਪੁਲਿਸ ਸੁਪਰਿੰਟੈਂਡੈਂਟ ਜੇ. ਪੀ. ਬਾਰਬਟਨ ਅਗੇ ਪੇਸ਼ ਕੀਤਾ ਗਿਆ। ਉਸ ਤੋਂ ਪੁੱਛ ਗਿੱਛ ਹੋਈ ਤਾਂ ਉਸ ਕਿਹਾ, "ਤੁਹਾਡਾ ਹਨ੍ਹੇਰਖਾਤਾ ਹੈ। ਸਤਿਗੁਰੂ ਰਾਮ ਸਿੰਘ ਨੂੰ ਛੱਡੋ। ਰੂਸ ਆ ਕੇ ਤੁਹਾਡਾ ਤਖ਼ਤਾ ਪਲਟੇਗਾ।" ਉਸ ਨੂੰ ਛੱਡ ਦਿੱਤਾ ਗਿਆ।

ਸੰਤੋਖ ਸਿੰਘ ਵਾਪਸ ਭੈਣੀ ਸਾਹਿਬ ਆਇਆ ਤੇ ਸਤਿਗੁਰੂ ਹਰੀ ਸਿੰਘ ਅੱਗੇ ਹੋਈ ਵਾਰਤਾ ਸਾਰੀ ਦੱਸੀ ਤੇ ਕਿਹਾ, "ਆਪਦੀ ਕਿਰਪਾ ਨਾਲ ਨਿਰਭੈ ਰਿਹਾ ਹਾਂ" ਸਤਿਗੁਰੂ ਜੀ ਨੇ ਖ਼ੁਸ਼ੀਆਂ ਦਿੱਤੀਆਂ।

ਮਰਗੋਈ ਤੋਂ ਆਏ ਇੱਕ ਵਿਅਕਤੀ ਨੇ ਸਤਿਗੁਰੂ ਹਰੀ ਸਿੰਘ ਦੇ ਦਰਸ਼ਨ ਕੀਤੇ ਤੇ ਕਿਹਾ, "ਜੀ! ਮੈਂ ਬੰਗਲੇ ਗਿਆ ਸੀ ਸਤਿਗੁਰੂ ਰਾਮ ਸਿੰਘ ਜੀ ਨੂੰ ਨਮਸਕਾਰ ਕੀਤੀ। ਉਹਨਾਂ ਬਚਨ ਕੀਤਾ ਭੈਣੀ ਸਾਹਿਬ ਜਾ ਕੇ ਦੱਸੀਂ ਕਿ ਅਸੀਂ ਠੀਕ ਠਾਕ ਹਾਂ।"

ਸਤਿਗੁਰੂ ਹਰੀ ਸਿੰਘ ਇਹ ਬਚਨ ਸੁਣ ਕੇ ਪ੍ਰਸੰਨ ਹੋਏ ਪਰ ਠੰਢਾ ਸਾਹ ਭਰਿਆ ਕਿ ਪਤਾ ਨਹੀਂ ਕਦੋਂ ਸੰਗਤ ਨੂੰ ਖੁੱਲ੍ਹੇ ਦਰਸ਼ਨ ਹੋਣਗੇ।

ਸਤਿਗੁਰੂ ਹਰੀ ਸਿੰਘ ਕਿਸੇ ਖ਼ਰਚ ਕਰਦੇ ਦਾ ਡੇਰੇ ਹੱਥ ਨਹੀਂ ਸੀ ਫੜਦੇ। ਪ੍ਰਬੰਧ ਦਾਨ ਸਿੰਘ ਦਾ ਸੀ। ਸਤਿਗੁਰੂ ਜੀ ਨੂੰ ਪਤਾ ਸੀ ਕਿ ਲੰਗਰ ਵਿੱਚ ਘਿਓ, ਸੱਕਰ, ਖੁਲ੍ਹਾ ਵਰਤਦਾ ਹੈ। ਕਈ ਲੋਕ ਭਾਂਡੇ ਥਾਲੀਆਂ, ਛੰਨੇ, ਗਲਾਸ, ਚੁਰਾ ਕੇ ਘਰ ਲੈ ਜਾਂਦੇ ਹਨ। ਰਸਦ ਵੀ ਲੈ ਜਾਂਦੇ ਹਨ। ਲਾਪਰਵਾਹੀ ਤੇ ਬੇਦਰਦੀ ਨਾਲ ਵਰਤੋਂ ਹੁੰਦੀ ਹੈ। ਪਰ ਥੁੜਿਆ ਕਦੀ ਕੁਝ ਨਹੀਂ। ਸਦਾ ਵਰਤ ਚਲਦਾ ਰਹਿੰਦਾ ਸੀ। ਕੁਵੇਲੇ ਆਏ ਨੂੰ ਡਿਉਢੀ ਵਿੱਚਲੀ ਅਲਮਾਰੀ ਵਿੱਚ ਦਾਲ ਪਰਸ਼ਾਦਾ ਰੱਖ ਕੇ ਵਰਤਾਉਣ ਲਈ ਕੋਈ ਸਾਧ ਬਿਠਾਇਆ ਜਾਂਦਾ ਸੀ।

ਇੱਕ ਦਿਨ ਮਰਗੋਈ ਪਹਿਰੇਦਾਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹਨਾਂ ਨੇ ਵੇਖਿਆ ਬੰਗਲੇ ਵਿੱਚ ਸਤਿਗੁਰੂ ਜੀ ਨਹੀਂ ਹਨ। ਲੱਗੀ ਦੌੜ ਭੱਜ ਤੇ ਭਾਲ ਹੋਣ ਪਰ ਕੁਝ ਪੱਲੇ ਨਾ ਪਿਆ। ਸਮੁੰਦਰ ਵੱਲ ਗਏ ਓਥੇ ਨਾ ਮਿਲੇ। ਡਿਪਟੀ ਕਮਿਸ਼ਨਰ ਨੂੰ ਖ਼ਬਰ ਗਈ। ਉਸ ਨੇ ਨਮੋਸ਼ੀ ਤੋਂ ਬਚਣ ਲਈ ਇਕੋ ਹੱਲ ਲਭਿਆ ਕਿ ਉਹਨਾਂ ਦੇ ਗੁਜ਼ਰ ਜਾਣ ਦਾ ਐਲਾਨ

ਕਰੀਏ। ਪਿਛਲੇ ਦਿਨੀਂ ਉਹਨਾਂ ਨੂੰ ਦਸਤ ਲੱਗੇ ਰਹੇ ਮਨ। ਗਿਣੀ ਮਿਥੀ ਚਾਲ ਅਧੀਨ 29 ਨਵੰਬਰ 1885 ਈ. ਨੂੰ ਮਰਗੋਈ ਦੇ ਸਿਵਲ ਸਰਜਨ ਨੇ ਇੱਕ ਰਿਪੋਰਟ ਡਿਪਟੀ ਕਮਿਸ਼ਨਰ ਮਰਗੋਈ ਨੂੰ ਭੇਜੀ। ਇਸ ਵਿੱਚ ਲਿਖਿਆ ਸੀ:

"ਮੈਂ ਤੁਹਾਨੂੰ ਜਿਹੜੀ ਘਟਨਾ ਹੁਣੇ ਸ਼ਾਮ 4-30 ਵਜੇ ਵਾਪਰੀ ਹੈ, ਰਾਜਸੀ ਕੈਦੀ ਰਾਮ ਸਿੰਘ ਦੇ ਅਕਾਲ ਚਲਾਣੇ ਬਾਰੇ ਦੱਸਣਾ ਚਾਹੁੰਦਾ ਹਾਂ। ਕੁਝ ਸਮੇਂ ਤੋਂ ਇਸ ਵਿਅਕਤੀ ਦੀ ਸਿਹਤ ਖ਼ਰਾਬ ਹੋ ਰਹੀ ਸੀ ਅਤੇ ਸਰਦੀ ਦੀ ਰੁੱਤ ਆਉਣ ਨਾਲ, ਉਸ ਨੂੰ ਦਮਤਾਂ ਜਾਂ ਪੇਚਸ਼ ਦਾ ਇਕ ਹੋਰ ਹਮਲਾ ਹੋਇਆ ਅਤੇ ਉਸ ਨੇ ਬਹੁਤ ਬੇਚੈਨੀ ਹੋਣ ਬਾਰੇ ਸ਼ਿਕਾਇਤ ਕੀਤੀ।

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਦੇ ਮਿਰਤਕ ਸਰੀਰ ਦਾ ਦਾਹ ਸਸਕਾਰ ਕੱਲ ਤਕਰੀਬਨ ਅੱਠ ਵਜੇ ਸਵੇਰੇ ਕਰਨ ਦਾ ਪ੍ਰਬੰਧ ਹੋ ਚੁੱਕਾ ਹੈ ਅਤੇ ਮੈਂ ਇਸਦਾ ਧਿਆਨ ਰੱਖਣ ਲਈ ਕਿ ਹਿੰਦੂ ਰਹੁ ਰੀਤ ਅਨੁਸਾਰ ਸਸਕਾਰ ਹੋਵੇ, ਓਥੇ ਹਾਜ਼ਰ ਰਹਾਂਗਾ।"

ਇਸ ਬਾਰੇ 8 ਦਸੰਬਰ ਨੂੰ ਕਲਕੱਤੇ ਤਾਰ ਰਾਹੀਂ ਸੂਚਨਾ ਭੇਜ ਦਿੱਤੀ ਗਈ। ਉਹਦੇ ਵਿੱਚ ਇਹ ਵੀ ਲਿਖਿਆ ਗਿਆ ਕਿ ਅਗਲੇ ਦਿਨ ਇੱਕ ਭਾਂਡੇ ਵਿੱਚ ਰੱਖ ਕੇ ਉਹਨਾਂ ਦੀ ਭਸਮ ਨੂੰ ਦਰਿਆ ਵਿੱਚ ਜਲ-ਪ੍ਰਵਾਹ ਕੀਤਾ ਗਿਆ ਸੀ।

ਸਰਕਾਰ ਨੇ ਬ੍ਰਿਟਿਸ਼ ਸਰਕਾਰ ਦੇ ਉਹਨਾਂ ਕੈਦੀਆਂ ਦੀ 1885 ਈ. ਵਿੱਚ ਸੂਚੀ ਤਿਆਰ ਕੀਤੀ ਜਿਹੜੇ ਏਥੇ ਕੈਦੀ ਸਨ ਅਤੇ ਘਾਤਕ ਬਿਮਾਰੀ ਕਾਰਨ ਹਸਪਤਾਲ ਵਿੱਚ ਦਾਖ਼ਲ ਹੋਏ ਸਨ ਅਤੇ ਉਹ ਪ੍ਰਲੋਕ ਸਿਧਾਰ ਗਏ ਸਨ। ਉਸ ਸਾਰਨੀ ਵਿੱਚ ਵੱਖ ਵੱਖ ਜੇਲ੍ਹਾਂ ਅਤੇ ਵੱਖ ਵੱਖ ਬਿਮਾਰੀਆਂ ਦੇ ਨਾਂ ਦਿਤੇ ਹੋਏ ਸਨ। ਇਸ ਵਿੱਚ ਮਰਗੋਈ ਜੇਲ੍ਹ ਦਾ ਵੀ ਨਾਂ ਹੈ। ਪਰ ਮਰਗੋਈ ਵਿੱਚ ਪੇਚਿਸ਼ ਜਾ ਡਾਇਰੀਆ ਡਾਈਸੈਂਟਰੀ (ਦਸਤਾਂ) ਕਾਰਨ ਕਿਸੇ ਦੇ ਪ੍ਰਲੋਕ ਸਿਧਾਰਨ ਦਾ ਖਾਨਾ ਖਾਲੀ ਹੈ। ਮਤਲਬ ਕਿ ਦਸਤਾਂ (ਡਾਇਰੀਆ) ਨਾਲ ਕੋਈ ਨਹੀਂ ਗੁਜ਼ਰਿਆ। ਸੋ ਸਤਿਗੁਰੂ ਰਾਮ ਸਿੰਘ ਦੇ 29 ਨਵੰਬਰ 1885 ਨੂੰ ਦਸਤਾਂ ਕਾਰਨ ਗੁਜ਼ਰ ਜਾਣ ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ।

ਇਹਨਾਂ ਦਿਨਾਂ ਵਿੱਚ ਹੀ ਬਰਮਾ ਦੇ ਰਾਜੇ ਥਿਬੂ ਰਾਹੀਂ, ਸੁਤੰਤਰਤਾ ਲਈ ਅੰਗਰੇਜ਼ਾਂ ਵਿਰੁੱਧ ਕੀਤੇ ਸੰਘਰਸ਼ ਦੇ ਤੇਜ਼ ਹੋਣ ਦਾ ਪਤਾ ਲੱਗਦਾ

ਹੈ। 29 ਨਵੰਬਰ 1885 ਈ. ਨੂੰ ਉਹਨਾਂ ਨੂੰ ਚੇਨਈ (ਮਦਰਾਸ) ਜੇਲ੍ਹ ਵਿੱਚ ਨਜ਼ਰਬੰਦ ਕੀਤਾ ਗਿਆ। ਦੋਹਾਂ ਘਟਨਾਵਾਂ ਦੀ ਇੱਕ ਤਾਰੀਖ਼ 29 ਨਵੰਬਰ ਹੋਣਾ ਸੰਜੋਗ ਨਹੀਂ ਕੋਈ ਅੰਗਰੇਜ਼ ਸਰਕਾਰ ਦੀ ਚਾਲ ਤੇ ਮਜਬੂਰੀ ਸੀ।

ਸਤਿਗੁਰੂ ਹਰੀ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਇਸ ਦੀ ਸੂਚਨਾ ਤੇ ਸਤਿਗੁਰੂ ਜੀ ਦੇ ਬਸਤਰ ਭੇਜ ਦਿੱਤੇ ਗਏ। ਬਾਬਾ ਸੰਤੋਖ ਸਿੰਘ ਨੇ ਲਿਖਿਆ ਹੈ:-

ਗੁਰੂ ਹਰੀ ਸਿੰਘ ਜੀ ਬਚਨ ਕੀਤਾ ਮੈਨੂੰ ਫਰੰਗੀ ਕਹੇ ਕਿ ਧੁਆਡੇ ਭਾਈ ਕੇ ਬਸਤਰ ਹੈਂ। ਕੁੜਤੇ ਕੀ ਬਾਂਹ ਕੇ ਮੁਹਰੇ ਮੇਂ ਹੱਥ ਪਾਇ ਕੇ ਦੇਖਿਆ, ਮੇਰਾ ਹੱਥ ਤਾਂ ਪੈਂਦਾ ਨਹੀਂ ਤੇ ਸਤਿਗੁਰੂ ਜੀ ਕੇ ਗਲ ਕਿਵੇਂ ਪੈਂਦਾ ਹੋਊ। ਮੈ ਕਿਹਾ ਸਤਿਗੁਰੂ ਜੀ ਨਹੀਂ ਚੜ੍ਹੇ ਹੈਂ। ਫਰੰਗੀ ਨੇ ਕਹਾ ਕਿ ਤੁਮ ਮਾਨਤੇ ਨਹੀਂ ਹੋ। ਮੈਂ ਕਹਿਆ ਕਿ ਜੋਰ ਨਾਲ ਮਨਾਂਵਦੇ ਹੋ? ਮੈਂ ਤਾਂ ਮੰਨਦਾ ਹਾਂ ਜੇਕਰ ਤੁਸੀਂ ਉਹਨਾ ਦਾ ਗੜਵਾ ਤੇ ਨਿਤਨੇਮ ਦਾ ਗੁਟਕਾ ਲਿਆ ਦੇਵੋ। ਫਰੰਗੀ ਨੇ ਨਾ ਗੜਵਾ ਤੇ ਨਾ ਗੁਟਕਾ ਦੀਆ।

-ਸਤਿਗੁਰੂ ਬਿਲਾਸ ਹਿੱਸਾ ਦੂਜਾ

ਸਰਕਾਰ ਦੇ, ਸਤਿਗੁਰੂ ਜੀ ਦੇ 29 ਨਵੰਬਰ 1885 ਨੂੰ ਗੁਜ਼ਰਨ ਦੇ ਪ੍ਰਪੰਚ ਨੂੰ ਨਕਾਰਨ ਲਈ ਇੱਕ ਹੋਰ ਦਸਤਾਵੇਜ਼ੀ ਪ੍ਰਮਾਣ ਹੈ। ਸਰਦਾਰ ਅਤਰ ਸਿੰਘ ਭਦੌੜ ਸਰਕਾਰੀ ਬੰਦਾ ਸੀ। ਉਹ ਸਤਿਗੁਰੂ ਜੀ ਤੇ ਨਾਮਧਾਰੀ ਸਿੱਖਾਂ ਦੀਆਂ ਕਾਰਵਾਈਆਂ ਬਾਰੇ ਸੂਚਨਾਵਾਂ ਸਰਕਾਰ ਨੂੰ ਦੇਂਦਾ ਸੀ। ਉਸ ਨੇ ਆਪਣੇ ਸੂਹੀਏ ਛੱਡੇ ਹੋਏ ਸਨ। ਸਰਕਾਰ ਵੀ ਉਸ ਨੂੰ ਸੂਚਨਾਵਾਂ ਦੇਂਦੀ ਰਹਿੰਦੀ ਸੀ ਤਾਂ ਕਿ ਉਸਨੂੰ ਦੱਸਿਆ ਜਾਏ ਕਿ ਕਿਸ ਮਾਮਲੇ ਵਿੱਚ ਮੱਥਾ ਮਾਰੀ ਕਰੇ, ਕਿਸ ਵਿੱਚ ਨਾ। ਉਸ ਨੂੰ ਸਰਕਾਰ ਨੇ ਇਹ ਰਿਪੋਰਟ ਦੇਣ ਦੀ ਥਾਂ ਕਿ ਸਤਿਗੁਰੂ ਜੀ ਜੋਤੀ ਜੋਤ ਸਮਾ ਗਏ ਹਨ ਇਹ ਰਿਪੋਰਟ ਦਿੱਤੀ ਕਿ ਉਹਨਾਂ ਨੂੰ ਹੋਰ ਦੂਰ ਦੁਰਾਡੇ ਥਾਂ ਉੱਤੇ ਲੈ ਜਾਇਆ ਜਾ ਰਿਹਾ ਹੈ।

ਸਰਕਾਰੀ ਦਸਤਾਵੇਜ਼ਾਂ ਵਿੱਚ ਬ੍ਰਿਟਿਸ਼ ਬਰਮਾ ਦੇ ਚੀਫ਼ ਕਮਿਸ਼ਨਰ ਸਰ ਚਾਰਲਸ ਬਰਨਾਰਡ ਦੀ ਅਤਰ ਸਿੰਘ ਭਦੌੜ ਨੂੰ 23 ਅਗਸਤ 1886 ਦੀ ਲਿਖੀ ਚਿੱਠੀ ਪਈ ਹੈ। ਉਸ ਚਿੱਠੀ ਵਿੱਚ ਲਿਖਿਆ ਹੈ :

"ਰਾਮ ਸਿੰਘ ਕੂਕੇ ਨੂੰ ਹੋਰ ਜ਼ਿਆਦਾ ਦੂਰ ਥਾਂ ਉੱਤੇ ਤਬਦੀਲ ਕੀਤਾ ਜਾ ਰਿਹਾ ਹੈ ਜਿਸ ਕਾਰਨ ਉਸ ਨਾਲ ਸੰਚਾਰ ਰੱਖਣਾ ਘੱਟ ਸੌਖਾ ਹੋਵੇਗਾ।"

ਧਿਆਨ ਯੋਗ ਗੱਲ ਇਹ ਹੈ ਕਿ ਇਹ ਚਿੱਠੀ ਸਤਿਗੁਰੂ ਜੀ ਦੇ ਗੁਜ਼ਰ ਜਾਣ ਦੀ ਖਬਰ ਤੋਂ 10 ਮਹੀਨੇ ਬਾਅਦ ਦੀ ਹੈ। ਇਸ ਨਾਲ ਝੂਠ ਬੇਪੜਦ ਹੋ ਜਾਂਦਾ ਹੈ।

ਸੂਬਾ ਕਾਨ੍ਹ ਸਿੰਘ ਨਿਹੰਗ ਨੂੰ 1888 ਈ. ਨੂੰ ਚੁਨਾਰ ਦੇ ਕਿਲੇ ਤੋਂ ਰਿਹਾ ਕੀਤਾ ਗਿਆ। ਉਸ ਨੂੰ ਪੰਜਾਬ ਦੀ ਸਪੈਸ਼ਲ ਬ੍ਰਾਂਚ ਨੇ ਦੱਸਿਆ ਕਿ ਕੂਕਿਆਂ ਨੂੰ ਦਸੋ "ਗੁਰੂ ਰਾਮ ਸਿੰਘ ਜ਼ਿੰਦਾ ਹਨ ਅਤੇ ਛੇਤੀ ਵਾਪਸ ਆਉਣਗੇ"।

ਇਹ ਸਾਰੇ ਹਵਾਲੇ ਕੋਈ ਭੁਲੇਖਾ ਨਹੀਂ ਰਹਿਣ ਦੇਂਦੇ ਕਿ ਸਤਿਗੁਰੂ ਰਾਮ ਸਿੰਘ ਜੀ ਦੇ 29 ਨਵੰਬਰ 1885 ਨੂੰ ਦੇਹਾਂਤ ਦੀ ਜਾਣਕਾਰੀ ਬੇਬੁਨਿਆਦ ਤੇ ਝੂਠ ਦਾ ਪੁਲੰਦਾ ਸੀ। ਉਹਨਾਂ ਆਉਣਾ ਹੈ ਪਰ ਆਪਣੀ ਰਜ਼ਾ ਅਨੁਸਾਰ।

ਸਤਿਗੁਰੂ ਹਰੀ ਸਿੰਘ ਦੀ ਦਿੱਤੀ ਦਿਸ਼ਾ ਅਨੁਸਾਰ ਨਾਮਧਾਰੀ ਸਿੱਖ ਨਿਰਵਾਸਿਤ ਮਹਾਰਾਜਾ ਦਲੀਪ ਸਿੰਘ ਨਾਲ ਸੰਬੰਧ ਰੱਖ ਰਹੇ ਸਨ। ਡਾ. ਫ਼ੌਜਾ ਸਿੰਘ ਨੇ ਲਿਖਿਆ ਹੈ:-

"ਏਥੇ ਇਹ ਦੱਸਣਾ ਬੇਮੌਕਾ ਨਹੀਂ ਹੋਵੇਗਾ ਕਿ ਕੂਕਿਆਂ ਦਾ ਜੋਸ਼ ਕੇਵਲ 1883 ਦੇ ਸਾਲ ਵਿੱਚ ਹੀ ਨਹੀਂ ਸੀ। ਸਗੋਂ ਇਹੋ ਜਿਹਾ ਹੀ ਜੋਸ਼ ਸਾਨੂੰ 1878 ਤੇ ਮਗਰੋਂ ਦੇ ਸਭ ਸਾਲਾਂ ਵਿੱਚ ਮਿਲਦਾ ਹੈ, ਜੋ 1886 ਤੋਂ ਪਿਛੋਂ ਵੀ ਕਈ ਸਾਲਾਂ ਪਿਛੋਂ ਇਵੇਂ ਹੀ ਠਾਠਾਂ ਮਾਰਦਾ ਰਿਹਾ। ਅਜੇ ਦਲੀਪ ਸਿੰਘ ਇੰਗਲੈਂਡ ਵਿੱਚ ਹੀ ਸੀ ਕਿ ਇਕ ਕੂਕਾ ਲੀਡਰ ਉਥੇ ਹੀ ਉਸ ਨੂੰ ਜਾ ਮਿਲਿਆ।ਸਰਕਾਰੀ ਰਿਪੋਰਟ ਵਿੱਚ ਉਸਦਾ ਨਾਉਂ ਬਨਾਰਸੀ ਦਾਸ ਜਾਂ ਬਨਾਰਸੀ ਬਾਬੂ ਲਿਖਿਆ ਮਿਲਦਾ ਹੈ।"

-ਸਤਿਜੁਗ ਦਾ ਬਸੰਤ ਅੰਕ 2022

ਇਸ ਦਾ ਆਗਰਾ, ਮਥਰਾ, ਮੇਰਠ ਵਿੱਚ ਨਾਉਂ ਬਨਾਰਸੀ ਦਾਸ ਤੇ ਬੰਗਾਲ ਵਿੱਚ ਬਨਾਰਸੀ ਬਾਬੂ ਹੈ। ਉਹ ਦੇਸ ਭਾਰਤ ਆ ਕੇ ਦਲੀਪ ਸਿੰਘ ਲਈ ਜ਼ਮੀਨ ਤਿਆਰ ਕਰਦਾ ਰਿਹਾ ਤੇ ਰੁਪਈਆ ਇਕੱਠਾ ਕਰਦਾ ਰਿਹਾ।

ਮਹਾਰਾਜਾ ਦਲੀਪ ਸਿੰਘ ਨੇ 25 ਮਾਰਚ 1886 ਈ. ਨੂੰ ਪੰਥ ਨੂੰ ਇੱਕ ਚਿੱਠੀ ਲਿਖ ਕੇ ਆਖਿਆ "ਮੈਂ ਏਥੇ ਆ ਕੇ ਸਧਾਰਨ ਰੂਪ ਵਿੱਚ ਵਸਾਂਗਾ, ਮੈਂ ਬੰਬਈ ਪੁੱਜ ਕੇ ਸਿੱਖ ਧਰਮ ਗ੍ਰਹਿਣ ਕਰ ਲਵਾਂਗਾ।"

30 ਅਕਤੂਬਰ 1889 ਨੂੰ ਦਲੀਪ ਸਿੰਘ ਨੂੰ ਇਸ ਦਾ ਉੱਤਰ

ਜਾਂਦਾ ਹੈ: "ਅਸੀਂ ਸਾਰਾ ਖਾਲਸਾ ਪੰਥ ਅਤੇ ਗੁਜਰਾਂਵਲਾ ਦੇ ਨਿਵਾਸੀ ਜਿਨ੍ਹਾਂ ਨਾਲ ਤੂੰ ਆਪਣੀ ਜਨਮ ਭੂਮੀ ਦਾ ਸੰਬੰਧ ਸਮਝਦਾ ਹੈਂ ਤੇਰੀ ਉਸ ਚਿੱਠੀ ਦਾ ਜੁਆਬ ਦੇਂਦੇ ਹਾਂ। ਇਹ ਜਿਹੜਾ ਤੂੰ ਸਰਕਾਰ ਅੰਗਰੇਜ਼ੀ ਤੋਂ ਬਾਗ਼ੀ ਹੋਇਆ ਹੈਂ ਅਕਲ ਦੀ ਗੱਲ ਨਹੀਂ ਕੀਤੀ। ਸਾਡੇ ਲੋਕਾਂ ਵਿੱਚ ਜੇਹੜਾ ਥੋੜ੍ਹੀ ਭੀ ਅਕਲ ਰਖਦਾ ਹੈ ਉਹ ਭੀ ਤੇਰੀ ਸਹਾਇਤਾ ਦਾ ਨਾਮ ਨਹੀਂ ਲਵੇਗਾ। ਤੂੰ ਸਾਥੋਂ ਕੋਈ ਆਸ ਨਾ ਰੱਖੀਂ।"

ਟਰੈਕਟ ਸਿੰਘ ਸਭਾ ਲਹਿਰ - ਡਾ. ਜਗਜੀਤ ਸਿੰਘ

ਸਰਦਾਰ ਪਿਆਰਾ ਸਿਘ ਪਦਮ ਨੇ ਇਸ ਬਾਰੇ ਇਹ ਲਿਖਿਆ ਹੈ:

ਰਾਜਨੀਤਕ ਪੱਖ ਤੋਂ ਸਿੰਘ ਸਭਾ ਦੇ ਕੰਮਾਂ ਵਿੱਚ ਸਾਨੂੰ ਕੋਈ ਮਹਾਨਤਾ ਨਹੀਂ ਦਿਸਦੀ। ੧੮੮੬ ਵਿੱਚ ਮਹਾਰਾਜਾ ਦਲੀਪ ਸਿੰਘ ਨੇ ਵਲੈਤ ਤੋਂ ਦੇਸ ਆਉਣ ਲਈ ਤਰਲੇ ਲਏ, ਪਰ ਸਿੰਘ ਸਭਾ ਦੇ ਕਾਰਕੁਨਾਂ ਨੇ ਇਸਦੀ ਵਿਰੋਧਤਾ ਕੀਤੀ। ਜੂਨ ੧੮੮੯ ਵਿੱਚ ਬੇਵਤਨ ਮਹਾਰਾਜੇ ਨੇ ਹਿੰਦੁਸਤਾਨੀ ਫੀ ਇਕ ਪੈਸਾ, ਸਿੱਖ ਫੀ ਆਨਾ, ਫੰਡ ਦੇਣ ਦੀ ਅਪੀਲ ਕੀਤੀ, ਪਰ 30 ਅਕਤੂਬਰ ੧੮੮੯ ਨੂੰ ਸਿੱਖ ਸਰਦਾਰਾਂ ਜਵਾਬ ਦਿਤਾ, ਤੇਰੀ ਮਦਦ ਨਹੀਂ ਕੀਤੀ ਜਾ ਸਕਦੀ, ਤੂੰ ਲੰਡਨ ਜਾ ਕੇ ਮਾਫੀ ਮੰਗ। ਅਜੇਹੇ ਅਯੋਗ ਤੇ ਸਨਮਾਨਹੀਨ ਜਵਾਬ ਸਿੱਖ ਕੌਮ ਲਈ ਨਹੀਂ ਸੋਭਦੇ।"

-ਸੰਖੇਪ ਸਿੱਖ ਇਤਿਹਾਸ

ਨਾਮਧਾਰੀ ਸਿੱਖ ਸਤਿਗੁਰੂ ਦੇ ਹੁਕਮ ਅਨੁਸਾਰ ਲੱਗੇ ਰਹੇ। ਦਲੀਪ ਸਿੰਘ ਇੰਗਲੈਂਡ ਨੂੰ ਸਦਾ ਲਈ ਕੌੜੀ ਨਜ਼ਰ ਨਾਲ ਵੇਖ ਤੇ ਤਿਆਗ ਕੇ ਕੁਝ ਮਹੀਨੇ ਫਰਾਂਸ ਰਿਹਾ ਤੇ ਰੂਸੀ ਜਰਨੈਲਾਂ ਦੀ ਸਹਾਇਤਾ ਨਾਲ ੧੮੮੭ ਦੇ ਸ਼ੁਰੂ ਵਿੱਚ ਮਾਸਕੋ ਜਾ ਪੁਜਾ। ਸੂਬਾ ਬਿਸ਼ਨ ਸਿੰਘ ਪਹਿਲਾਂ ਹੀ ਉੱਥੇ ਪੁਜਾ ਹੋਇਆ ਸੀ। ਨਾਮਧਾਰੀ ਸਿੱਖ ਸਮਝਦੇ ਸਨ ਕਿ ਸੂਬਾ ਬਿਸ਼ਨ ਸਿੰਘ ਤੇ ਮਹਾਰਾਜਾ ਦਲੀਪ ਸਿੰਘ ਰਲ ਕੇ ਕੰਮ ਕਰਨਗੇ।

ਗੁਲਾਬ ਖਾਂ ਜਿਸ ਨੇ ਬਾਬਾ ਗੁਰਚਰਨ ਸਿੰਘ ਦੀ ਮੁਖ਼ਬਰੀ ਕੀਤੀ ਸੀ, ਉਸ ਨੇ ਬਿਆਨ ਦਿੱਤੇ ਕਿ ਰੂਸ ਵਾਲੀ ਮੁਹਿੰਮ ਨਾਲ ਹਜ਼ਰੋਂ ਦਾ ਨਰਾਇਣ ਸਿੰਘ, ਗੁਜਰਾਂ ਵਾਲੇ ਦਾ ਮਈਆ ਸਿੰਘ, ਰਾਮ ਚਰਨ ਤੋਲਾ, ਹਰੀਪੁਰ ਦੇ ਸ਼ੰਕਰ ਰਾਇ ਆਦਿ ਸਰਗਰਮ ਸਨ। ਬਿਸ਼ਨ ਸਿੰਘ ਵੀ ਸਾਰੇ ਸੈਂਟਰਲ ਏਸ਼ੀਆ ਵਿੱਚ ਸਰਗਰਮ ਸੀ। ਹਿੰਦ ਵਿੱਚ ਸਿੱਖ ਚੰਡੀ ਦੀ ਵਾਰ ਦਾ ਪਾਠ ਲਗਾਤਾਰ ਕਰਨ ਲੱਗੇ। ਇਹ ਉਹਨਾਂ ਲਈ ਵਿਘਨ ਬਿਨਾਸਨ ਵਾਲਾ ਪਾਠ ਸੀ।

ਇਹਨਾਂ ਸਾਲਾਂ ਵਿੱਚ ਹੀ ਲੈਫਟੀਨੈਂਟ ਗਵਰਨਰ ਪੰਜਾਬ ਨੇ ਦਲੀਪ ਸਿੰਘ ਪਰਕਰਣ ਬਾਰੇ ਸਤਿਗੁਰੂ ਹਰੀ ਸਿੰਘ ਤੋਂ ਪੁੱਛਣ ਲਈ ਸੋਭ ਨਾਂ ਦਾ ਸੈਕਟਰੀ ਭੇਜਿਆ। ਉਸ ਨੇ ਲੁਧਿਆਣੇ ਸਤਿਗੁਰੂ ਜੀ ਨੂੰ ਸੱਦ ਕੇ ਆਦਰ ਕੀਤਾ ਤੇ ਮਿੱਠੀਆਂ ਗੱਲਾਂ ਕੀਤੀਆਂ। ਉਸ ਨੇ ਆਪ ਜੀ ਨੂੰ ਪੁਛਿਆ, "ਕੀ ਦਲੀਪ ਸਿੰਘ ਨੂੰ ਜਾਣਦੇ ਹੋ? ਕੀ ਤੁਸੀਂ ਜਾਣਦੇ ਹੋ ਕਿ ਉਹ ਰੂਸ ਨਾਲ ਜਾ ਰਲਿਆ ਹੈ? ਕੀ ਤੁਹਾਨੂੰ ਪਤਾ ਹੈ ਕਿ ਉਸ ਨੇ ਬਰਤਾਨਵੀ ਸਰਕਾਰ ਨਾਲ ਨਿਮਕ ਹਰਾਮੀ ਕੀਤੀ ਹੈ?" ਸਤਿਗੁਰੂ ਜੀ ਨੇ ਅਗਿਆਨਤਾ ਪ੍ਰਗਟ ਕੀਤੀ ਤੇ ਜਾਣ ਬੁੱਝ ਕੇ ਕੁਛ ਨਾ ਦੱਸਿਆ, ਉਹ ਸੈਕਟਰੀ ਸ੍ਰੀ ਭੈਣੀ ਸਾਹਿਬ ਵੀ ਆਇਆ ਪਰ ਖ਼ਾਲੀ ਹੱਥ ਮੁੜਿਆ। ਉਹ ਸਮਝ ਗਿਆ ਇਹ ਸਰਦਾਰ ਬਹਾਦਰ, ਸਿੰਘ ਸਭੀਏ ਨਹੀਂ ਹਨ।

ਮਾਈ ਅਤਰ ਕੋਰ, ਮਾਈਸਰਖਾਨੇ ਵਾਲੀ ਕੋਲੋਂ ਛਾਪਾ ਮਾਰਨ ਉੱਤੇ ਸਰਕਾਰੀ ਮਸ਼ੀਨਰੀ ਨੂੰ ਸਤਿਗੁਰੂ ਜੀ ਦੇ ਹੁਕਮਨਾਮਿਆਂ ਦੀਆਂ ਨਕਲਾਂ ਮਿਲੀਆਂ ਸਨ। ਸੋ ਸਰਕਾਰ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਉਸ ਦੀਆਂ ਪੁੱਛਾਂ ਦਾ ਸਹੀ ਉਤਰ ਨਾ ਦੇਣ ਕਰ ਕੇ ਮਾਈ ਨੂੰ ਪਟਿਆਲੇ ਨਜ਼ਰਬੰਦ ਰੱਖਿਆ ਗਿਆ। ਫੇਰ ਬਹਾਦਰਗੜ੍ਹ ਕਿਲ੍ਹੇ ਰੱਖਿਆ। ਅਧਿਕਾਰੀਆਂ ਦੇ ਪੁੱਛਣ ਤੇ ਉਸਨੇ ਸ੍ਰੀ ਭੈਣੀ ਸਾਹਿਬ ਰਹਿਣ ਨੂੰ ਪਹਿਲ ਦਿੱਤੀ। ਤਿੰਨ ਸਾਲਾਂ ਬਾਅਦ 1888 ਵਿੱਚ ਉਸਨੂੰ ਛੱਡ ਦਿੱਤਾ ਗਿਆ। ਸੂਬਾ ਖ਼ੁਸ਼ਹਾਲ ਸਿੰਘ ਉਸ ਨੂੰ ਮਿਲਣ ਪਟਿਆਲੇ ਗਿਆ। ਉਸ ਨਾਲ ਬੀਬੀ ਜੀਵਨ ਕੌਰ ਤੇ ਫਤਹਿ ਕੌਰ ਸਨ।

ਰਿਹਾ ਹੋ ਕੇ ਮਾਈ ਪਹਿਲਾਂ ਮਾਈਸਰਖਾਨੇ ਗਈ ਫੇਰ ਮਾਈ ਜੀਵਨ ਕੌਰ ਤੇ ਮਾਈ ਫਤਹਿ ਕੌਰ ਨਾਲ ਸ੍ਰੀ ਭੈਣੀ ਸਾਹਿਬ ਆਈ। ਕੁਝ ਦਿਨ ਰਹਿ ਕੇ ਵਾਪਸ ਥਰਾਜ ਮੁੜ ਗਈਆਂ। ਡੇਰੇ ਰਹਿੰਦਿਆਂ ਉਸ ਨੇ ਦੋਵੇਂ ਮਾਈਆਂ ਸੇਵਾ ਲਈ ਮੰਗੀਆਂ ਸਨ।

1868 ਵਿੱਚ ਇੱਕ ਵਾਰ ਸਤਿਗੁਰੂ ਰਾਮ ਸਿੰਘ ਨੇ ਬਾਬਾ ਜੱਸਾ ਸਿੰਘ ਨੂੰ ਪੁੱਛਿਆ ਸੀ, "ਬਾਬਾ ਜੀ ਰਾਜੀ ਹੋ।" ਤਾਂ ਉਹਨਾਂ ਨੇ ਪੋਤਰੇ ਦੀ ਇੱਛਾ ਪ੍ਰਗਟ ਕੀਤੀ। ਸਤਿਗੁਰਾਂ ਨੇ ਬਚਨ ਕੀਤਾ ਮੈਨੂੰ ਬਿੰਦੀ ਪੁੱਤਰ ਨਹੀਂ ਚਾਹੀਦਾ ਬੁੱਧ ਸਿੰਘ ਦੇ ਹੋਣਗੇ ਨਵੇਂ ਵਿਆਹਾਂ ਤੋਂ।

ਸੂਬਾ ਖੁਸ਼ਹਾਲ ਸਿੰਘ ਇੱਕ ਵਾਰ 9 ਤੇ 7 ਸਾਲ ਦੀਆਂ ਬੱਚੀਆਂ ਜੀਵਨ ਕੌਰ ਤੇ ਫਤਹਿ ਕੌਰ ਨੂੰ ਲੈ ਕੇ ਸ੍ਰੀ ਭੈਣੀ ਸਾਹਿਬ ਪੁੱਜੇ ਸਨ। ਅੱਗੇ ਸਤਿਗੁਰੂ ਰਾਮ ਸਿੰਘ ਜੀ ਡਿਓਢੀ ਵਿੱਚ ਕੁਰਸੀ ਉਤੇ ਬੈਠੇ ਸਨ।

ਛੱਟੀ ਨੇ ਹੱਥ ਜੋੜ ਕੇ, ਤੁਧ ਧਿਆਇਨ ਬੇਦ ਕਤੇਬ ਦਰ ਖੜੀ ਸ਼ਬਦ ਸੁਣਾਇਆ ਸੀ। ਵੱਡੀ ਚੁਪ ਚਾਪ ਖੜ੍ਹੀ ਰਹੀ ਤਾਂ ਆਪ ਨੇ ਸਿਰ ਉੱਤੇ ਹੱਥ ਫੇਰ ਬਚਨ ਕੀਤਾ, ਇਹ ਤਾਂ ਜਗਤ ਮਾਤਾ ਹੈ।

ਮਾਈ ਅਤਰੀ ਡੇਰੇ ਵਿੱਚ ਰਹਿੰਦੀ ਸੀ। 1888 ਵਿੱਚ ਦਾਨ ਸਿੰਘ ਦੇ ਗੁੱਸੇ ਵਿੱਚ ਚਾਬੀਆਂ ਸੁੱਟਣ ਉੱਤੇ ਸਤਿਗੁਰੂ ਜੀ ਨੇ ਡੇਰੇ ਦੀਆਂ ਚਾਬੀਆਂ ਮਾਈ ਅਤਰੀ ਮਾਈਸਰਖਾਨੇ ਵਾਲੀ ਨੂੰ ਦਿੱਤੀਆਂ। ਉਸ ਨੇ ਫਾਲਤੂ ਖ਼ਰਚੇ ਘਟਾ ਕੇ, ਜੁਗਤ ਨਾਲ ਖ਼ਰਚਾ ਸ਼ੁਰੂ ਕਰਕੇ ਆਪਣਾ ਪ੍ਰਭਾਵ ਕਾਇਮ ਕੀਤਾ।

1888 ਵਿੱਚ ਹੀ ਸੂਬਾ ਖੁਸ਼ਹਾਲ ਸਿੰਘ ਥਰਾਜ ਤੋਂ ਦੋਹਾਂ ਬੀਬੀਆਂ ਜੀਵਨ ਕੌਰ ਤੇ ਫ਼ਤਹਿ ਕੌਰ ਨੂੰ ਸੇਵਾ ਲਈ ਲੈ ਕੇ ਹਾਜ਼ਰ ਹੋਏ। ਸੰਤੋਖ ਸਿੰਘ ਬਾਹੋਵਾਲ ਅਨੁਸਾਰ, "ਗੁਰੂ ਹਰੀ ਸਿੰਘ ਜੀ ਦਾ ਤੇ ਮਾਈ ਜਿਉਣ ਕੌਰ ਦਾ ਅਰਦਾਸਾ ਕਰ ਦੀਆ।" ਇਹ ਅਰਦਾਸ ਓਸੇ ਸੂਬਾ ਸ਼ੇਰ ਸਿੰਘ ਮਸਤ ਡੱਫਰਕੇ (ਲਹੌਰ) ਨੇ ਕੀਤੀ ਸੀ ਜਿਸ ਨੇ 1871 ਈ. ਵਿੱਚ ਹੀ ਮਸਤ ਹੋ ਇਸ ਸੰਜੋਗ ਬਾਰੇ ਭਵਿਖਤਬਾਣੀ ਕੀਤੀ ਸੀ।

ਉਸ ਮਾਤਾ ਜੀਵਨ ਕੌਰ ਦੀ ਸੁਲੱਖਣੀ ਕੁੱਖ ਨੇ ਚੇਤ ਵਦੀ ਤੀਜ ਸੰਮਤ 1946 ਬਿਕਰਮੀ ਮੁਤਾਬਕ 9 ਮਾਰਚ 1890 ਈ. ਐਤਵਾਰ ਨੂੰ ਸੂਰਜ ਡੁੱਬਣ ਤੋਂ ਪਹਿਲਾਂ ਇਕ ਦੈਵੀ ਮੂਰਤ ਨੂੰ ਜਨਮ ਦਿਤਾ। ਪਰਵਾਰ ਹੀ ਨਹੀਂ ਸਗੋਂ ਇਸ ਪੰਥਕ ਖ਼ੁਸ਼ੀ ਨੂੰ, ਇੰਦਰ ਦੇਵਤਾ ਨੇ ਮਿੰਨ੍ਹੀ ਮਿੰਨ੍ਹੀ, ਮਿਠੀ ਮਿਠੀ ਫੁਹਾਰ ਦੀ ਪੁਸ਼ਪ ਵਰਖਾ ਕਰਕੇ, ਦੋਬਾਲਾ ਕੀਤਾ।

ਸਤਿਗੁਰੂ ਹਰੀ ਸਿੰਘ ਰਾਮਸਰ ਕੋਠੀ ਵਿੱਚ ਬਰਾਜਮਾਨ ਸਨ। ਸਿੱਖਾਂ ਨੇ ਇਸ ਖ਼ੁਸ਼ੀ ਬਾਰੇ ਜਾ ਅਰਜ਼ ਕੀਤੀ। ਆਪ ਨੇ ਫ਼ਰਮਾਇਆ, "ਘਰ ਦਾ ਮਾਲਕ ਆਇਆ ਹੈ, ਬੜਾ ਬਲੀ ਤੇ ਪ੍ਰਤਾਪ ਵਾਲਾ ਹੈ।" ਇਸ ਪ੍ਰਸੰਨਤਾ ਸਮੇਂ ਡੇਰੇ ਦੇ ਵਸਨੀਕਾਂ ਪਿੰਡ ਦੇ ਬਸ਼ਿੰਦਿਆਂ, ਹਵਾਲਦਾਰ, ਸਿਪਾਹੀਆਂ, ਰਾਹੀਆਂ, ਪਾਂਧੀਆਂ ਨੂੰ ਝੋਲੀਆਂ ਭਰ ਭਰ ਕੇ ਗੁੜ ਵੰਡਿਆ ਗਿਆ। ਸਾਹਿਬਜ਼ਾਦੇ ਨੂੰ ਭਜਨ ਭਾਈ ਵਜ਼ੀਰ ਸਿੰਘ ਪੰਡੋਰੀ ਵਾਲਿਆਂ ਨੇ ਦਿੱਤਾ।

ਤੁਰਨਾ ਦਲ ਦੇ ਕਲਿਆਣ ਸਿੰਘ ਤੇ ਬੁੱਢਾ ਦਲ ਦੇ ਕਿਰਪਾਲ ਸਿੰਘ ਨਿਹੰਗ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਜਾ ਰਹੇ ਸਨ। ਉਹ ਚਮਕੌਰ ਸਾਹਿਬ ਸੁਸਤਾਉਣ ਲੱਗੇ ਤਾਂ ਸੁਪਨਾ ਆਇਆ ਕਿ ਦਸਮ ਪਿਤਾ ਤਾਂ ਭੈਣੀ ਪ੍ਰਗਟਿਆ ਹੈ। ਉਹ ਉਥੋਂ ਮੁੜ ਆਏ ਅਤੇ ਤਿੰਨ ਦਿਨ ਦੇ ਬਾਲ

ਗੁਪਾਲ ਦੇ ਦਰਸ਼ਨ ਕਰ ਕੇ ਕਮਰਕੱਸੇ ਕੀਤੇ।

ਇਸ ਸਮੇਂ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਸਧਾਰਨ ਪਾਠ ਕੀਤਾ ਗਿਆ। 21 ਮਾਰਚ ਨੂੰ ਮਾਤਾ ਜੀਵਨ ਕੌਰ ਤੇ ਸਾਹਿਬਜ਼ਾਦਾ ਪ੍ਰਤਾਪ ਸਿੰਘ ਨੂੰ ਅੰਮ੍ਰਿਤ ਛਕਾਇਆ ਗਿਆ ਤਾਂ ਕਿ ਆਪ ਜਲ ਪਾਣੀ ਛਕ, ਸਕਣ। ਪਰ ਪੱਕੀ ਸੋਧ ਰੱਖਣ ਲਈ 17 ਅਪਰੈਲ 1890 ਈ. ਨੂੰ ਅੰਮ੍ਰਿਤ ਛਕਾਇਆ, ਗੜਵਈ ਸੰਤ ਹਜ਼ਾਰਾ ਸਿੰਘ ਤਖ਼ਤ ਹਜ਼ਾਰਾ ਹਥੀਂ। ਸਾਧ ਸੰਗਤ ਨੇ ਸਾਹਿਬਜ਼ਾਦੇ ਦੇ ਖੁਲ੍ਹੇ ਦਰਸ਼ਨ ਕੀਤੇ। ਉਸ ਨੂੰ ਚੜ੍ਹੇ ਰੂਪ ਬਾਰੇ ਮਾਤਾ ਜੀ ਨੇ ਤਰਨ ਸਿੰਘ ਵਹਿਮੀ ਨੂੰ ਦੱਸਿਆ:

ਮਾਤਾ ਜੀ ਦੱਸਿਆ ਤਰਨ ਸਿੰਘ ਤੈਨੂੰ ਕੀ ਦਸਾਂ ਜੋ ਉਸ ਵੇਲੇ ਇਹਨਾਂ ਤੇ ਰੂਪ ਆਇਆ ਸੀ। ਮੋਟੇ ਨੇਤਰ, ਤਿਖਾ ਨੋਕਦਾਰ ਨਕ, ਲੰਮਾ ਸਰੀਰ, ਸੋਨੇ ਵਾਂਗੂ ਡਲਕਦਾ ਸਰੀਰ ਦੇਖ ਕੇ ਸੰਗਤ ਨੇ ਧੰਨ ਧੰਨ ਤੇ ਅਕਾਲ ਅਕਾਲ ਦੇ ਜੈਕਾਰੇ ਗਜਾਏ ਸੀ। -ਜੱਸ-ਜੀਵਨ-ਭਾਗ ਪਹਿਲਾ

ਸੋ ਸੁਣ ਕੇ ਦਰਸ਼ਨ ਕਰਨ ਲਈ ਸੰਤ ਲਾਲ ਸਿੰਘ ਭੂਰੇ ਗਿਲ ਅੰਮ੍ਰਿਤਸਰ ਤੋਂ ਆ ਗਏ। ਨਾਲ ਸੰਗਤ ਸੀ। ਪੁਲਿਸ ਨੇ ਪਰੇਸ਼ਾਨ ਕੀਤਾ। ਤਾਂ ਮਾਤਾ ਜੀ ਨੇ ਪੁਲਿਸ ਨੂੰ ਰਾਸ਼ਣ ਪਾਣੀ ਭਿਜਵਾ ਕੇ ਨਰਮ ਕੀਤਾ। ਜਥਾ ਖ਼ੁਸ਼ੀ ਵਿੱਚ ਜਾਂਦਾ ਵੀ ਸ਼ਬਦ ਪੜ੍ਹਦਾ ਗਿਆ, "ਬਿਰਾਜਿਤ ਰਾਮ ਕੋ ਪਰਤਾਪ"

ਸਤਿਗੁਰੂ ਹਰੀ ਸਿੰਘ ਜਿਹੜੇ ਰਾਮ ਦੇ ਵਿਛੋੜੇ ਦੇ ਡੰਗੇ ਹੋਏ ਸਨ। ਉਹ ਵਹਿਮੀ ਜੀ ਨੂੰ ਆਪਣੀ ਮਾਨਸਿਕ ਅਵਸਥਾ ਬਾਰੇ ਦੱਸਣ ਲੱਗੇ:

ਪੁਤੀਂ ਗੰਢ ਪਵੇ ਸੰਸਾਰਿ ਵਾਕ ਅਨੁਸਾਰ ਹੁਣ ਮੇਰਾ ਸੰਸਾਰ ਭੀ ਮੈਨੂੰ ਪਿਆਰਾ ਲਗਦਾ ਹੈ ਕਿਉਂਕਿ ਇਸ ਵਿੱਚ ਮੇਰੇ ਬੜੇ ਪਰਤਾਪ ਵਾਲੇ ਪਲਣਾ ਏ ਖੇਡਣਾ ਏਂ, ਪੜਨਾ ਏਂ ਤੇ ਕਈ ਕੌਤਕ ਤੇ ਕਮਾਈ ਭਰੇ ਕੰਮ ਕਰਨੇ ਨੇ। ਨਹੀਂ ਤੇ ਪ੍ਰੀਤਮ ਦੇ ਬਦੇਸ਼ ਜਾਣ ਬਾਅਦ ਮੇਰਾ ਇਸ ਸੰਸਾਰ ਨਾਲ ਕੋਈ ਸਨੇਹ ਹੀ ਨਹੀਂ ਸੀ ਰਹਿ ਗਿਆ।" -ਜਸ ਜੀਵਨ-ਭਾਗ ਪਹਿਲਾ

ਇਸ ਖ਼ੁਸ਼ੀ ਨੂੰ ਹਰ ਨਾਮਧਾਰੀ ਘਰ ਨੇ ਮਾਣਿਆ। ਸ੍ਰੀ ਭੈਣੀ ਸਾਹਿਬ ਦੇ ਜ਼ਰੇ ਜ਼ਰੇ ਤੋਂ ਮਹਿਕ ਆਉਂਦੀ ਸੀ। ਸਤਿਗੁਰੂ ਜੀ ਦੇ ਪ੍ਰਦੇਸ ਗਵਨ ਪਿੱਛੋਂ ਉਦਾਸੇ ਤੇ ਠੰਢੇ ਹਉਕਿਆਂ ਨੇ ਹੁਣ ਸੁਗੰਧ ਭਰੇ ਸਾਹਾਂ ਦੇ ਰੂਪ ਵਿੱਚ ਅੰਦਰੋਂ ਆਉਣਾ ਸ਼ੁਰੂ ਕੀਤਾ। ਕਿੰਨੀ ਤਬਦੀਲੀ ਮਹਿਸੂਸ ਹੋ ਗਈ ਸੀ ਅਟੱਲ ਪ੍ਰਤਾਪੀ ਦੇ ਸੰਸਾਰ ਉੱਤੇ ਆਉਣ ਨਾਲ।

***

# ਮੁਰੱਬਿਆਂ ਨੂੰ ਠੋਕਰ

ਸੰਸਾਰਕ ਜੀਵ ਪਦਾਰਥਕ ਸੁਖਾਂ ਦੇ ਲੋਭ ਲਾਲਚ ਵਿੱਚ ਫਸ ਜਾਂਦੇ ਹਨ, ਪਰਮਾਰਥੀ ਇਹਨਾਂ ਤੋਂ ਛੁੱਟਣ ਲਈ ਹੰਭਲੇ ਮਾਰਦੇ ਹਨ। ਸਤਿਗੁਰੂ ਦੀ ਤਾਂ ਗੱਲ ਹੀ ਨਿਆਰੀ ਹੈ। ਉਹ ਆਪ ਹੀ ਨਿਰਲੇਪ ਨਹੀਂ ਰਹਿੰਦਾ ਸਗੋਂ ਨਿਰਲੇਪ ਰਹਿਣ ਲਈ ਸੁਮੱਤ ਵੀ ਬਖ਼ਸ਼ਦਾ ਹੈ।

ਸਤਿਗੁਰੂ ਹਰੀ ਸਿੰਘ ਜੀ 1892 ਵਿੱਚ ਦੋ ਹਫਤਿਆਂ ਦੀ ਛੁੱਟੀ ਲੈ ਕੇ ਜ਼ਿਲ੍ਹਾ ਅੰਮ੍ਰਿਤਸਰ ਦਾ ਦੌਰਾ ਕਰਨ ਲੱਗੇ।

ਸਤਿਗਰੂ ਜੀ ਦੀ ਵੱਡੀ ਭੈਣ ਰਾਏਪੁਰ ਰਹਿੰਦੀ ਸੀ। ਉਹ ਸਤਿਗੁਰੂ ਜੀ ਦੀ ਪੁੱਤਰੀ ਮਹਿਤਾਬ ਕੌਰ ਦਾ ਰਿਸ਼ਤਾ ਲੈ ਗਈ ਸੀ। ਬੀਬੀ ਮਹਿਤਾਬ ਕੌਰ ਘਰ ਲੜਕਾ ਹੋਇਆ ਅਤੇ ਇੱਕ ਵਰ੍ਹੇ ਪਿਛੋਂ ਬੀਬੀ ਮਹਿਤਾਬ ਕੌਰ ਰੱਬ ਨੂੰ ਪਿਆਰੀ ਹੋ ਗਈ। ਬੀਬੀ ਭਾਗੋ ਨੇ ਸ੍ਰੀ ਭੈਣੀ ਸਾਹਿਬ ਲਿਆ ਕੇ ਲੜਕਾ ਪਾਲਿਆ ਤੇ 7 ਸਾਲ ਦਾ ਹੋਇਆ ਤਾਂ ਖਟੜੀ ਵਿਆਹ ਦਿੱਤਾ। ਭਾਣਾ ਕਰਤਾਰ ਦਾ ਉਹ ਲੜਕੀ ਗੁਜ਼ਰ ਗਈ। ਦੂਜੇ ਅਨੰਦ ਕਰਨ ਵਾਸਤੇ, ਸਤਿਗੁਰੂ ਜੀ ਨੇ ਛੁੱਟੀ ਲਈ ਸੀ ਜਿਸ ਵਿੱਚ ਦੌਰੇ ਕਾਰਨ ਸਾਧ ਸੰਗਤ ਨੂੰ ਦਰਸ਼ਨ-ਲਾਭ ਹੋਇਆ।

ਆਪ ਨੇ ਤਰਨਤਾਰਨ ਦੇ ਇਲਾਕੇ ਦਾ ਦੌਰਾ ਕੀਤਾ। ਅਰਜ਼ ਪ੍ਰਵਾਨ ਕਰ ਕੇ ਸਿੱਖਾਂ ਦੇ ਗ੍ਰਿਹਿ ਪਵਿੱਤਰ ਕੀਤੇ। ਸਾਧ ਸੰਗਤ ਦਾ ਤਨ ਮਨ ਹਰਿਆ ਹੋਇਆ। ਆਪ ਨੇ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਜਾ ਕੇ ਮੱਥਾ ਟੇਕਿਆ। ਅਕਾਲ ਤਖ਼ਤ ਦੂਰੋਂ ਨਮਸਕਾਰ ਕੀਤੀ। ਆਪ ਨੇ ਨਾਹਰ ਸਿੰਘ ਘਰ ਚਰਨ ਪਾਏ। ਏਸੇ ਨੇ ਧਰਮਸ਼ਾਲਾ ਲਈ ਸੁਲਤਾਨਵਿੰਡ ਵਾਲਾ ਥਾਂ ਮੱਥਾ ਟੇਕਿਆ ਸੀ। ਕੋਈ ਆਪ ਨੂੰ ਸਤਿਗੁਰੂ ਰਾਮ ਸਿੰਘ ਦਾ ਭਾਈ ਮੰਨ ਕੇ ਸਤਿਕਾਰ ਕਰਦਾ ਕੋਈ ਗੁਰੂ ਮੰਨ ਕੇ ਆਪ ਦੇ ਚਰਨ ਪਰਸਦਾ ਸੀ।

ਇੱਬਣ ਆਏ ਤਾਂ ਉਥੋਂ ਦੇ ਸੰਤਾਂ ਗੰਡਾ ਸਿੰਘ ਤੇ ਸੌਣ ਸਿੰਘ ਨੇ

ਆਦਰ ਨਾ ਕੀਤਾ। ਇਹ ਅੰਮ੍ਰਿਤਸਰ ਜ਼ਿਲ੍ਹੇ ਦਾ ਤਗੜਾ ਨਾਮਧਾਰੀ ਡੇਰਾ ਸੀ। ਇਸ ਦੀ ਲੋਕਾਂ ਵਿੱਚ ਮਾਨਤਾ ਸੀ। ਪਰ ਸਤਿਗੁਰੂ ਰਾਮ ਸਿੰਘ ਦੇ ਪ੍ਰਦੇਸ ਗਵਨ ਪਿਛੋਂ ਆਪ ਮੁਹਾਰਾ ਹੋ ਗਿਆ ਸੀ। ਸੰਤਾਂ ਨੂੰ ਪ੍ਰਭੁਤਾ ਮਿਲਣ ਕਾਰਨ ਹੰਕਾਰ ਨੇ ਘੇਰ ਲਿਆ ਸੀ।ਸਤਿਗੁਰੂ ਜੀ ਆਏ ਤਾਂ ਸੰਤ ਗੰਡਾ ਸਿੰਘ ਮੰਜੇ ਤੋਂ ਹੀ ਨਾ ਉੱਠਿਆ। ਦੂਜਾ ਉੱਠ ਖਲੋਤਾ। ਆਪ ਜੀ ਨੇ ਸਿੱਖਾਂ ਤੋਂ ਮੰਜਾ ਡਹਾਇਆ ਤੇ ਬੈਠ ਗਏ। ਹੁਕਮ ਮੰਨ ਕੇ ਰਾਗਾ ਸਿੰਘ ਨੇ ਸੰਤ ਗੰਡਾ ਸਿੰਘ ਅੱਗੇ ਪਤਾਸੇ ਧਰੇ ਜੋ ਉਸ ਨੇ ਗੁੱਸੇ ਵਿੱਚ ਖਲਾਰ ਦਿੱਤੇ। ਰਾਗਾ ਸਿੰਘ ਨੇ ਚੁੱਕ ਕੇ ਮੂੰਹ ਲਾਏ।

ਹੁਕਮ ਅਨੁਸਾਰ ਸਾਰੀ ਸੰਗਤ ਸੰਤ ਗੰਡਾ ਸਿੰਘ ਦੇ ਚਰਨੀਂ ਹੱਥ ਲਾਏ। ਪਰ ਉਹ ਮਾਂਹ ਦੇ ਆਟੇ ਵਾਂਗ ਆਕੜਿਆ ਰਿਹਾ। ਸਤਿਗੁਰੂ ਜੀ ਮੱਥਾ ਟੇਕਣ ਗਏ ਫੇਰ ਜਦੋਂ ਤਾਂ ਉਸ ਨੇ ਉੱਠ ਕੇ ਜੱਫ਼ੀ ਪਾ ਲਈ ਤਾਂ ਉਸ ਨੇ ਭਜਨ ਮੰਗਿਆ। ਸਤਿਗੁਰੂ ਜੀ ਨੇ ਕਿਹਾ, "ਸਿੱਖ ਵਾਂਗ ਪੂਜਾ ਕਰੋ।" ਉਸ ਨੇ ਕਿਹਾ, "ਮੇਰੇ ਕੋਲ ਤਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹਨ ਹੋਰ ਕੁਝ ਨਹੀਂ, ਕਿਸ ਨਾਲ ਪੂਜਾ ਕਰਾਂ।" ਸਤਿਗੁਰੂ ਜੀ ਇਹ ਕਹਿ ਕੇ ਚੱਲ ਪਏ ਚੱਲ ਭਾਈ ਖ਼ਾਲੀ ਭਾਂਡੇ ਖੜਕਦੇ ਨੇ। ਉਸ ਦੀ ਸੱਤਿਆ ਖਿੱਚੀ ਗਈ। ਬੁੱਧੀ ਭ੍ਰਿਸ਼ਟ ਹੋ ਗਈ। ਬੁਢ ਵਾਰੇ ਵਿਆਹ ਲਈ ਵੇਦੀ ਤੇ ਜਾ ਬੈਠਾ ਤੇ ਸਹੁਰਿਆਂ ਘਰ ਜਾ ਰਿਹਾ। ਉਸ ਦੀ ਪ੍ਰਭੁਤਾ ਜਾਂਦੀ ਰਹੀ।

ਏਥੇ ਆਪ ਨੇ ਤਰਨਤਾਰਨ ਬੁੰਗੇ ਦੀ ਨੀਂਹ ਧਰੀ। ਆਪ ਸ੍ਰੀ ਭੈਣੀ ਸਾਹਿਬ ਵਾਪਸ ਆਏ ਤਾਂ ਗੁਰੂ ਘਰ ਨੂੰ ਖ਼ੁਸ਼ੀਆਂ ਨੇ ਹੋਰ ਰੁਸ਼ਨਾ ਦਿੱਤਾ। ਕਤਕ ਵਦੀ ਦਸਵੀਂ 1949 (15 ਅਕਤੂਬਰ 1892 ਈ.) ਨੂੰ ਮਹਾਰਾਜ ਨਿਹਾਲ ਸਿੰਘ ਨੂੰ ਮਾਤਾ ਜੀਵਨ ਕੌਰ ਨੇ ਜਨਮ ਦਿੱਤਾ।

ਦਿਵਾਲੀ ਪਿੱਛੋਂ 1892 ਈ. ਵਿੱਚ ਫੇਰ ਦੌਰਿਆਂ ਦੀ ਇਜਾਜ਼ਤ ਮਿਲੀ। ਆਪ ਭੋਮੇ ਵਡਾਲੇ, ਗੋਰੇ ਨੰਗਲ, ਫਤੇਵਾਲ, ਮੌੜੀਂ ਹੁੰਦੇ ਲੋਪੋਕੇ ਆਏ। ਏਥੇ ਇੱਕ ਅਨੰਦ ਪੜ੍ਹਾ ਕੇ ਕੱਕੜੀਂ ਪੁਜੇ। ਉਥੋਂ ਮਹਾਵੇ ਹੁਸ਼ਿਆਰ ਨਗਰ ਹੁੰਦੇ ਸਤਲਾਣੀਂ ਪੁੱਜੇ। ਦਿਵਾਨ ਲੱਗਾ ਤਾਂ ਆਪ ਤਾਰਿਆਂ ਵਿੱਚ ਚੰਨ ਵਾਂਗ ਸੋਭ ਰਹੇ ਸਨ। ਠਰੂ, ਉਬੋਕੇ, ਪੱਟੀ ਤੋਂ ਹੁੰਦੇ ਰਾਇ ਕੇ ਬੁਰਜ ਦਿਵਾਨ ਲਾਇਆ। ਸਰਦਾਰਾਂ ਦਾ ਸਾਰਾ ਪਿੰਡ ਦਰਸ਼ਨ ਕਰਨ ਆਇਆ। ਸਰਹਾਲੀ ਸਿੱਖਾਂ ਦੀ ਅਰਜ਼ ਪ੍ਰਵਾਨ ਕਰਕੇ ਘਰੋ ਘਰੀ ਚਰਨ ਪਾਏ। ਸੰਘਿਆਂ ਤੋਂ ਹੁੰਦੇ ਸ੍ਰੀ ਭੈਣੀ ਸਾਹਿਬ ਪੁੱਜੇ।

ਆਪ ਨੇ 1893 ਈ. ਦਾ ਦੌਰਾ ਜ਼ਿਲ੍ਹਾ ਫ਼ਿਰੋਜ਼ਪੁਰ ਦਾ ਕੀਤਾ। ਪਰ

ਛੁੱਟੀ, ਮਾਘੀ ਤੋਂ ਬਾਅਦ ਦੀ ਮਿਲੀ। ਇਸ ਵਾਰ ਮਾਲਵੇ ਦੇ ਤਾਂ ਭਾਗ ਜਾਗੇ ਪਰ ਦੇਵਾ ਸਿੰਘ ਧੂੜਕੋਟੀਆ ਸਪੁੱਤਰ ਝਾਬਾ ਸਿੰਘ ਘਰ ਪਹੁੰਚੇ ਤਾਂ ਉਹ ਮੰਜੀ ਤੋਂ ਨਹੀਂ ਉਠਿਆ। ਸਗੋਂ ਹੰਕਾਰ ਨਾਲ ਕਹਿਣ ਲੱਗਾ, "ਅਸਾਂ ਚੀਜ਼ ਦੇਣੀ ਸੀ ਤੁਹਾਥੋਂ ਸਾਂਭੀ ਨਹੀਂ ਜਾਣੀ।" ਸਤਿਗੁਰੂ ਨੇ ਨਿਮਰਤਾ ਨਾਲ ਕਿਹਾ ਸਾਂਭ ਲਵਾਂਗੇ। ਆਪ ਜੀ ਦੀ ਨਿਮਰਤਾ ਦੀ ਸੰਗਤ ਕਾਇਲ ਹੋ ਗਈ ਤੇ ਦੇਵਾ ਸਿੰਘ ਦਾ ਹੰਕਾਰ ਹੀ ਉਸ ਨੂੰ ਘਾਇਲ ਕਰ ਗਿਆ।

ਖੋਟੇ ਪਿੰਡ ਗਏ ਤਾਂ ਸਮੁੰਦ ਸਿੰਘ ਪੁੱਤਰ ਸਾਧਾ ਸਿੰਘ ਨੇ ਅਰਜ਼ ਕੀਤੀ ਸਖ਼ਤੀ ਕਰੋ ਪਰ ਸਤਿਗੁਰੂ ਜੀ ਨੇ ਤਾਂ ਸਮੇਂ ਅਨੁਸਾਰ ਹਥਿਆਰ ਵਰਤਣਾ ਹੁੰਦਾ ਹੈ।

ਮੁਕਤਸਰ ਹਰਿਮੰਦਰ ਵਿੱਚ ਦਿਵਾਨ ਲੱਗਾ। ਘਾਲਾ ਸਿੰਘ ਪੁਜਾਰੀ ਨੇ ਕਿਹਾ ਕੋਈ ਸੂਤਰ ਨਾ ਕੱਢੇ, ਪੱਗ ਨਾ ਕਿਸੇ ਦੀ ਲੱਥੇ। ਇੰਜ ਹੀ ਹੋਇਆ। ਇਥੇ ਇੱਕ ਮੁਸਲਮਾਨ ਫ਼ਕੀਰ ਦਿਦਾਰ ਕਰਨ ਆਇਆ। ਸਤਿਗੁਰੂ ਜੀ ਨੇ ਉਸ ਵੱਲ ਮਿਹਰ ਦੀ ਨਿਗਾਹ ਨਾਲ ਤੱਕਿਆ ਤਾਂ ਬਖ਼ਸ਼ਿਸ਼! ਬਖ਼ਸ਼ਿਸ਼! ਕਹਿੰਦਾ ਚਲਿਆ ਗਿਆ। ਇੰਜ ਲੱਗਾ ਜਿਵੇਂ ਉਹ ਆਪਣਾ ਕਾਸਾ ਭਰ ਕੇ ਲੈ ਜਾ ਰਿਹਾ ਹੋਵੇ।

ਰੁਪਾਣੇ, ਫੂਲੇਵਾਲ ਤੋਂ ਹੁੰਦੇ ਗਦਾਡੋਬ (ਗੁਰੂਸਰ) ਪੁੱਜ ਕੇ ਲੰਗਰ ਕਰਨ ਦਾ ਸਮਾਂ ਹੋਇਆ। ਕਿਸੇ ਕਿਹਾ ਡਿੱਘੀ ਵਿੱਚ ਜਲ ਘੱਟ ਹੈ। ਸਤਿਗੁਰੂ ਜੀ ਬਚਨ ਕੀਤਾ, "ਜਲ ਵਰਤਾਓ, ਨਹੀਂ ਮੁੱਕੇਗਾ।" ਐਸਾ ਬਚਨ ਦੇ ਬਾਣ ਨਾਲ ਪਾਣੀ ਬੰਨ੍ਹਿਆ ਗਿਆ ਕਿ ਲੰਗਰ ਵਿੱਚ ਵਰਤਿਆ, ਸਭ ਨੇ ਰੱਜ ਰੱਜ ਕੇ ਛਕਿਆ, ਅਗਲੇ ਦਿਨ ਸਤਿਗੁਰੂ ਜੀ ਨੂੰ ਇਸ਼ਨਾਨ ਕਰਵਾਇਆ ਗਿਆ, ਸੇਵਕਾਂ ਵੀ ਇਸ਼ਨਾਨ ਕੀਤਾ ਪਰ ਡਿੱਘੀ ਵਿੱਚ ਅਜੇ ਵੀ ਪਾਣੀ ਸੀ। ਲੋਕ ਸਤਿਗੁਰੂ ਜੀ ਦੀ ਜ਼ਾਹਰਾ ਕਰਾਮਾਤ ਵੇਖ ਕੇ ਧੰਨ ਧੰਨ ਕਹਿਣ ਲੱਗੇ।

ਮਲੋਟ ਤੋਂ ਕੁਰਾਈਵਾਲੇ ਆ ਕੇ ਬਾਣੀਏ ਸਿੱਖ ਘਰ ਲੰਗਰ ਕੀਤਾ। ਬਾਜੇ ਕੇ ਆ ਕੇ ਇੱਕ ਜੋੜੇ ਦਾ ਅਨੰਦ ਕਾਰਜ ਕੀਤਾ। ਨਥਾਣੇ ਤੋਂ ਗਿਲੀਂ ਆਏ। ਏਥੇ ਭਗਵਾਨ ਸਿੰਘ ਅੜਬੰਗੀ ਮਰ੍ਹਾਣਾ (ਅੰਮ੍ਰਿਤਸਰ) ਦੀ ਭੇਟ ਕੀਤੀ ਘੋੜੀ ਪਰਵਾਨ ਕੀਤੀ ਤੇ ਵਾਪਸ ਸ੍ਰੀ ਭੈਣੀ ਸਾਹਿਬ ਪੁਜੇ।

ਇੱਕ ਵਾਰ ਸਤਿਗੁਰੂ ਰਾਮ ਸਿੰਘ ਨੇ ਸਤਿਗੁਰੂ ਹਰੀ ਸਿੰਘ ਨੂੰ ਬਚਨ ਕੀਤਾ ਸੀ:

"ਮੇਰਾ ਵਰਗ ਮਿਰਗ ਕਾ ਹੈ ਤੁਰਨਾ ਫਿਰਨਾ ਤੇਰਾ ਵਰਗ ਚੂਹੇ ਕਾ

ਹੈ। ਹੇਠ ਸੇ ਜੜ੍ਹਾਂ ਕੁਤਰ ਦੇਣੀਆਂ ਪਾਪੀਆਂ ਕੀਆਂ। ਗੁਰੂ ਮਹਾਰਾਜ ਜੀ ਬਚਨ ਕੀਤਾ ਦੇਖੋ ਭਾਈ ਉਹ ਬਚਨ ਹੁਣ ਬਰਤਦਾ ਹੈ। ਹੁਣ ਉਹ ਬਾਹਰ ਗਏ ਹੈਂ ਅਸੀਂ ਬੈਠੇ ਹਾਂ ਏਕ ਜਗਾ। ਸਾਨੂੰ ਗਾਰਦ ਪਟੜੀ ਸੇ ਬਾਹਰ ਭੀ ਨਹੀਂ ਜਾਣ ਦਿੰਦੀ । ਲੁਧਿਆਣੇ ਅਰਜੀ ਪਾਇ ਕੇ ਭਾਵੇਂ ਕੋਈ ਲੈ ਜਾਵੇ। ਬਿਨਾਂ ਇਤਲਾਹ ਜਿਲੇ ਕੀ ਕੋਸ ਪਰ ਵੀ ਨਹੀਂ ਜਾਣ ਦਿੰਦੇ।"

-ਸਤਿਗੁਰੂ ਬਿਲਾਸ ਭਾਗ ਦੂਜਾ
ਲੇਖਕ ਸੰਤ ਸੰਤੋਖ ਸਿੰਘ ਬਾਹੋਵਾਲ

ਪਹਿਲੇ ਪੁਲਿਸ ਗਾਰਦ ਵਾਲੇ ਸਿੰਘਾਂ ਨੂੰ ਅਕਾਲ ਬੁੰਗੇ ਤੇ ਰਾਮਸਰ ਨਹੀਂ ਸਨ ਰਹਿਣ ਦੇਂਦੇ। ਹੁਣ ਸਿੰਘ ਰਹਿੰਦੇ ਸਨ। ਰਾਮਸਰ ਤਾਂ ਪਹਿਲਾਂ ਇੱਕ ਕੋਠਾ ਸੀ, ਫੇਰ ਝੁੱਗੀਆਂ ਪਈਆਂ। ਉਥੇ ਖੂਹੀ ਲੱਗੀ ਤੇ ਬਾਗ਼ ਲੱਗਾ। ਦਿਨੋ ਦਿਨ ਰੌਣਕ ਹੁੰਦੀ ਗਈ। 30-40 ਘਰ ਹੋ ਗਏ।

ਸਤਿਗੁਰੂ ਜੀ ਦੀ ਆਗਿਆ ਲੈ ਕੇ ਦਾਨ ਸਿੰਘ ਨੇ ਚੱਕ ਦੀ ਥਾਂ ਗੱਡੇ ਦਾ ਪਹੀਆ ਸੁੱਟ ਕੇ ਇਕ ਦਿਨ ਵਿੱਚ ਖੂਹੀ ਲਾਈ ਟੁੱਬੀ ਉਸਾਰੀ ਤੇ ਪਾਣੀ ਪੀਤਾ। ਪਹਿਲਾਂ ਉਸਾਰੀ ਤਾਂ ਲੱਗਾ ਖੂਹੀ ਫਿਰ ਗਈ ਹੈ। ਵਿੰਗੀ ਹੈ। ਸੰਗਤ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿਰਪਾ ਕਰੋ ਖੂਹੀ ਸਿੱਧੀ ਹੋ ਜਾਏ। ਤਾਂ ਉਹਨਾਂ ਬਚਨ ਕੀਤਾ ਵੱਡੇ ਸਾਹਿਬਜ਼ਾਦੇ ਨੂੰ ਲੈ ਜਾਓ। ਉਹ ਤਿੰਨ ਕੁ ਸਾਲ ਦੇ ਸਨ। ਉਹਨਾਂ ਮਣ ਉੱਤੇ ਖਲੋ ਕੇ ਵੇਖਿਆ ਤੇ ਕਿਹਾ ਖੂਹੀ ਤਾਂ ਸਿਧੀ ਹੈ। ਸਿੰਘਾਂ ਵੇਖਿਆ ਤਾਂ ਖੂਹੀ ਸਿੱਧੀ ਸੀ।

ਸਤਿਗੁਰੂ ਜੀ ਨੂੰ ਦਿਵਾਲੀ ਉੱਤੇ ਦੋ ਮਹੀਨੇ ਦੀ ਛੁੱਟੀ ਮਿਲੀ ਤਾਂ ਆਪ ਮੁਠੱਡੀਂ ਪੜਾਅ ਕਰਕੇ ਅੰਮ੍ਰਿਤਸਰ ਗਏ। ਅੱਗੇ ਸੰਗਤ ਸੁਆਗਤ ਲਈ ਆਈ ਹੋਈ ਸੀ। ਆਪ ਧਰਮਸ਼ਾਲਾ ਪਹੁੰਚੇ ਖ਼ੂਬ ਮੇਲਾ ਬਣਿਆਂ। ਇਸ ਸਾਲ ਦਿਵਾਲੀ ੪ ਨਵੰਬਰ ਦੀ ਸੀ।

ਸਤਿਗੁਰੂ ਜੀ ਸਿਆਲਕੋਟ ਗਏ ਤਾਂ ਸਿੱਖਾਂ ਸੇਵਕਾਂ ਨਾਲ ਦਰਬਾਰਾ ਸਿੰਘ ਤੇ ਦਾਨ ਸਿੰਘ ਸੀ। ਉੱਥੇ ਪੁਲਿਸ ਸੁਪਰਿੰਟੈਂਡੈਂਟ ਜੇ. ਪੀ. ਬਾਰਬਟਨ ਸੀ। ਉਹ ਲੁਧਿਆਣੇ ਤੋਂ ਬਦਲ ਕੇ ਗਿਆ ਸੀ। ਉਸ ਨੇ ਕਿਹਾ ਕਿ ਤੁਸੀਂ ਏਥੇ ਪਹਿਲੇ ਕਿਉਂ ਆਏ ਹੋ ਤੇ ਵਾਪਸ ਸ੍ਰੀ ਭੈਣੀ ਸਾਹਿਬ ਭੇਜ ਦਿਤਾ।

1894 ਵਿੱਚ ਇੱਕ ਸੋਗੀ ਘਟਨਾ ਘਟ ਗਈ । ਭੈਣੀ ਸਾਹਿਬ ਦੇ ਉਗਰਾਹੀਏ ਪ੍ਰੇਮ ਸਿੰਘ ਦਾ ਮਾਲਵੇ ਵਿੱਚ ਕਤਲ ਹੋ ਗਿਆ। ਗੁਰਦੁਆਰੇ ਲਕੜਵਾਲੀ ਦਾ ਇੱਕ ਸਿੰਘ ਉਸਦੇ ਕਪੜੇ ਦੇ ਕੇ ਚਲਾ ਗਿਆ। ਸਤਿਗੁਰੂ

ਜੀ 1894 ਦੀ ਮਾਘੀ ਤੇ ਮੁਕਤਸਰ ਗਏ। ਪ੍ਰੇਮ ਸਿੰਘ ਦੇ ਪਿਤਾ ਵੀਰ ਸਿੰਘ ਨੂੰ ਪੁੱਛਿਆ ਪਰ ਉਹ ਵੀ ਪੱਲੇ ਕੁਝ ਨਾ ਪਾਵੇ। ਸਗੋਂ ਉਹ ਅੰਮ੍ਰਿਤ ਵੇਲੇ ਨੱਸ ਗਿਆ। ਸੰਤੋਖ ਸਿਘ ਬਾਹੋਵਾਲ ਮੁਕਤਸਰ ਦਿਵਾਨ ਵਿੱਚ ਚਿੱਠੀ ਲੈ ਕੇ ਗਿਆ ਤੇ ਕਿਹਾ ਜਿੰਨਾ ਚਿਰ ਸੱਚ ਨਾ ਬੋਲੋਗੇ ਸਤਿਗੁਰੂ ਜੀ ਨੇ ਤੁਹਾਡਾ ਅੰਨ-ਜਲ ਨਹੀਂ ਛਕਣਾ। ਹੋਰ ਤਾਂ ਚੁੱਪ ਰਹੇ ਮਾਈ ਅਤਰੀ ਮਾਈਸਰਖਾਨੇ ਵਾਲੀ ਬੋਲ ਪਈ। ਖ਼ੂਨਣ ਮੈਂ ਹਾਂ? ਸਭ ਨੂੰ ਸ਼ੱਕ ਹੋਇਆ ਦਾਲ ਵਿੱਚ ਕੁਝ ਕਾਲਾ ਹੈ। ਉਸੇ ਦਾ ਨਾਂ ਲੈ ਕੇ ਪ੍ਰੇਮ ਸਿੰਘ ਨੂੰ ਤਿੰਨ ਸਿੰਘ ਲੈ ਕੇ ਗਏ ਸਨ। ਸਿੰਘਾਂ ਦਾ ਮਨ ਅਤਰੀ ਤੋਂ ਹੋਰ ਖੱਟਾ ਹੋਇਆ ਕਿ ਖ਼ੂਨ ਕਰਵਾਉਂਦੀ ਹੈ।

ਸਤਿਗੁਰੂ ਜੀ ਲੋਹਗੜ੍ਹ, ਗੁੱਜਰਵਾਲ, ਖੰਜਰਵਾਲ, ਛੱਜਾਵਾਲ, ਰੂਮੀ, ਬੋਪਾਰਾਇ, ਗਹਿਲ, ਬਿਲਾਸਪੁਰ, ਤਖਤੂਪੁਰਾ, ਖੋਟੇ, ਰੋਡੇ ਤੋ ਹੋ ਕੇ ਮੁਕਤਸਰ ਮਾਘੀ ਤੇ ਪਹੁੰਚੇ ਸਨ। ਵਾਪਸ ਉਹ ਰੁਪਾਣੇ, ਤਾਮ ਕੋਟ, ਫੂਲੇ ਵਾਲ, ਡਬਲੇ, ਲਕੜਵਾਲੀ, ਗੁਰੂਸਰ, ਜੰਡ ਵਾਲੇ, ਮਾਈਸਰਖਾਨਾ, ਭਾਈ ਬਖਤੌਰ, ਥਰਾਜ, ਨੰਗਲ, ਫਤੇਗੜ੍ਹ, ਲਲੂ ਵਾਲਾ, ਭਿਖੀ ਉਚੇ ਚਰਨ ਪਾਉਂਦੇ, ਸਾਧ ਸੰਗਤ ਨੂੰ ਨਿਹਾਲ ਕਰਦੇ ਰਾਏਸਰ, ਲੋਹਟਬਦੀ, ਸਿਆੜ੍ਹ, ਖਟੜੀਂ ਹੁੰਦੇ ਸ੍ਰੀ ਭੈਣੀ ਸਾਹਿਬ ਪੁਜੇ। ਪਰ ਕਤਲ ਦੀ ਗੁਥੀ ਨਾ ਸੁਲਝਣ ਕਾਰਨ ਉਦਾਸੀ ਸੀ। ਭਾਵੇਂ ਸਤਿਗੁਰੂ ਜੀ ਨੇ ਕਿਸੇ ਨੂੰ ਦਾਵਾ ਨਹੀਂ ਸੀ ਕਰਨ ਦਿੱਤਾ।

ਨਾਹਰ ਸਿੰਘ ਦੇ ਲੜਕੇ ਸੰਤ ਸਿੰਘ ਨੂੰ ਕਾਲਜੇ ਵਿੱਚ ਧੂ ਪਾਉਣੀ ਦਰਦ ਉੱਠੀ। ਵਿੱਚਾਰਾ ਬੇਹੋਸ਼ ਹੋ ਹੋ ਪਏ। ਸਤਿਗੁਰੂ ਜੀ ਨੇ ਪੁਠਾ ਕਰਕੇ ਖ਼ੁਦ ਲਤਾੜ ਕੇ ਠੀਕ ਕੀਤਾ। ਉਹ ਅੰਗਰੇਜ਼ੀ ਫ਼ਾਰਸੀ ਪੜ੍ਹਿਆ ਹੋਇਆ ਸੀ। ਸਤਿਗੁਰੂ ਜੀ ਨੇ ਤਾਕੀਦ ਕੀਤੀ ਪੰਜਾਬੀ ਪੜ੍ਹ ਪਰ ਨੌਕਰੀ ਨਹੀਂ ਕਰਨੀ ਅੰਗਰੇਜ਼ ਦੀ, ਸਤਿਗੁਰੂ ਰਾਮ ਸਿੰਘ ਦਾ ਹੁਕਮ ਹੈ। ਉਸ ਨੂੰ ਮਾਸ ਸ਼ਰਾਬ ਨਾ ਖਾਣ ਪੀਣ ਦੀ ਵੀ ਤਾਕੀਦ ਕੀਤੀ।

1895 ਦੀ ਮਾਘੀ ਉੱਤੇ ਵੀ ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਤਾਂ ਆਪ ਜੀ ਨੇ ਬਚਨ ਕੀਤਾ, ਤੂੰ ਫੇਰ ਅੰਗਰੇਜ਼ੀ ਪੜ੍ਹਨ ਲੱਗ ਪਿਆ ਸੀ, ਹੁਣ ਨਾ ਪੜ੍ਹੀਂ, ਨਾ ਨੌਕਰੀ ਕਰੀਂ। ਸੰਤ ਸਿੰਘ ਨੇ ਸਤਿਬਚਨ ਕਿਹਾ। ਪਿਛਲੇ ਪਹਿਰ ਸਤਿਗੁਰੂ ਜੀ ਨੇ ਸਵਾ ਮਣ ਕੱਚੇ (20 ਕਿਲੋ) ਘਿਓ ਦਾ ਹਵਨ ਕੀਤਾ। 322 ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਬੜਾ ਭਾਰੀ ਮੇਲਾ ਹੋਇਆ। ਲੋਕਾਂ ਵਿੱਚ ਏਨੇ ਪਾਠਾਂ ਦੇ ਭੋਗਾਂ ਦੀ ਪ੍ਰਸੰਸਾ

ਹੋਣ ਲੱਗੀ। ਕਈ ਸਿੰਘਾਂ ਅੰਮ੍ਰਿਤ ਛਕਿਆ ਤੇ ਭਜਨ ਲਿਆ।

ਸਤਿਗੁਰੂ ਜੀ ਰੁਪਾਣੇ, ਸੋਥੇ, ਫੂਲੇਵਾਲ ਤੇ ਡਾਬੜਿਆਂ ਰਾਹੀਂ ਗਦਾ ਡੋਬ (ਗੁਰੂਸਰ) ਪੁੱਜੇ ਤੇ ਪ੍ਰੇਮ ਸਿੰਘ ਦੇ ਖ਼ੂਨ ਬਾਰੇ ਸੱਚੋ-ਸੱਚ ਪੁੱਛਿਆ। ਖਾਨੇ ਵਾਲੀ ਮਾਈ ਫੇਰ ਬੋਲ ਪਈ ਪਰ ਨਾਂ ਕੋਈ ਨਾ ਲਵੇ। ਸਤਿਗੁਰੂ ਜੀ ਬਿਨਾਂ ਰੁਕਿਆਂ ਨਰਾਜ਼ ਹੋ ਕੇ ਚਲ ਪਏ। ਸਿੰਘ ਲਕੜ ਵਾਲੀ ਬਖ਼ਸ਼ਾਉਣ ਮਗਰ ਆਏ। ਮਾਈ ਅਤਰੀ ਗੋਂਦਾ ਸਿੰਘ ਨਾਲ ਵੱਧ ਘੱਟ ਬੋਲੀ। ਸਤਿਗੁਰੂ ਜੀ ਬਚਨ ਕੀਤਾ,

"ਤੁਸੀਂ ਨਹੀਂ ਦਸਦੇ ਹੋ ਪਰ ਸਾਡੀ ਅਦਾਲਤ ਤਾਂ ਸਤਿਗੁਰੂ ਰਾਮ ਸਿੰਘ ਦੇ ਪਾਸ ਰਹੀ। ਧਰਮ ਅਦਾਲਤ ਹੋਵੇਗੀ। ਜੇ ਕਰ ਬੀਹਾਂ ਦਿਨਾਂ ਦੇ ਅੰਦਰ ਕੁਝ ਨਾ ਹੋਇਆ ਤਾਂ ਦੇਖਿਆ ਜਾਵੇਗਾ।"

-ਸਤਿਗੁਰੂ ਬਿਲਾਸ ਭਾਗ ਦੂਜਾ, ਸੰਤੋਖ ਸਿੰਘ ਬਾਹੋਵਾਲ

ਆਪ ਦਰਸ਼ਨ ਦੇਂਦੇ ਬਖ਼ਤੌਰੇ ਪਹੁੰਚੇ। ਮਾਈ ਅਤਰੀ ਵੀ ਨਾਲ ਆਈ। ਅਠਵੇਂ ਦਿਨ ਵੀਰ ਸਿੰਘ ਮਰ ਗਿਆ। ਸਭ ਨੇ ਧਰਮ ਅਦਾਲਤ ਤੇ ਤਸੱਲੀ ਕੀਤੀ ਕਿ ਕਾਤਲ ਪਿਤਾ ਹੀ ਸੀ। ਮਾਈ ਅਤਰੀ ਜੋ ਕੁਝ ਮੂੰਹ ਆਇਆ ਬੋਲਦੀ ਚਲੀ ਗਈ। ਸਤਿਗੁਰੂ ਜੀ ਥਰਾਜ ਵਾਲੇ ਦੋ ਦਿਨ ਰਹੇ ਤੇ ਨੰਗਲ, ਲਲੂਵਾਲ, ਭਿੱਖੀ, ਫਤੇਗੜ੍ਹ, ਮੰਡੀ ਪਿੱਥੋ, ਗਿੱਲੀਂ, ਢਿਲਮੀਂ, ਮੌੜਾਂ, ਮੰਡਿਆਏ, ਕਰਮਗੜ੍ਹ ਸਾਧ ਸੰਗਤਾਂ ਨੂੰ ਦਰਸ਼ਨ ਦੇਂਦੇ ਛੁੱਟੀ ਪੂਰੀ ਹੁੰਦੇ ਹੀ ਸ੍ਰੀ ਭੈਣੀ ਸਾਹਿਬ ਆ ਕਮਰਕੱਸੇ ਖੋਲ੍ਹੇ। ਸਾਧ ਸੰਗਤ ਨੇ ਜੈ ਜੈ ਕਾਰ ਕੀਤੀ। ਸਤਿਗੁਰੂ ਜੀ ਨੇ ਡੇਰੇ ਦੀਆਂ ਕੁੰਜੀਆਂ ਮਾਈ ਅਤਰੀ ਦੀ ਥਾਂ ਬੀਬੀ ਗੁਰਦੇਈ ਨੂੰ ਦੇ ਦਿਤੀਆਂ।

1895 ਈ. ਦੀ ਨਿਮਾਣੀ ਇਕਾਦਸੀ ਸਮੇਂ ਸਾਧ ਸੰਗਤ ਸ੍ਰੀ ਭੈਣੀ ਸਾਹਿਬ ਆ ਜੁੜੀ। ਉੱਥੇ ਡਿਪਟੀ ਕਮਿਸ਼ਨਰ ਲੁਧਿਆਣਾ ਖੁਦ ਨਿਗਰਾਨੀ ਲਈ ਆਇਆ। ਸਾਧ ਸੰਗਤ ਦਾ ਭਾਰਾ ਇੱਕਠ ਵੇਖ ਕੇ, ਅੱਗੋਂ ਡਰੀ ਟਟਹਿਣਿਓਂ ਡਰਦੀ, ਵਾਂਗ ਡਿਪਟੀ ਕਮਿਸ਼ਨਰ ਲੁਧਿਆਣਾ ਘਬਰਾ ਗਿਆ ਕਿ ਕਿਤੇ ਕੋਈ ਦੰਗਾ ਫਸਾਦ ਨਾ ਕਰਨ। ਉਸ ਦੇ ਗੱਲ ਕਰਨ ਉੱਤੇ ਕਿਸੇ ਨੇ ਅੱਗੋਂ ਕਿਹਾ, "ਇਹ ਬਾਲ ਬੱਚੇਦਾਰ ਹਨ ਕਦੀ ਕੋਝੀ ਹਰਕਤ ਨਹੀਂ ਕਰ ਸਕਦੇ।" ਫਿਰ ਵੀ ਡਿਪਟੀ ਕਮਿਸ਼ਨਰ ਨੇ ਤਸੀਲਦਾਰ ਨੂੰ ਤਾਕੀਦ ਕੀਤੀ ਕਿ ਮੇਲੇ ਦਾ ਭੋਗ ਪੈਂਦਿਆਂ ਸਭ ਨੂੰ ਘਰੋ ਘਰੀ ਤੋਰ ਦਿੱਤਾ ਜਾਏ। ਉਹਨਾਂ ਨੂੰ ਪਤਾ ਸੀ ਕਿ 1872 ਵਿੱਚ ਪੁਲਿਸ ਦੀ ਢਿੱਲ ਤੇ ਡਿਪਟੀ ਕਮਿਸ਼ਨਰ ਕਾਵਨ ਦੀ ਲਾਪਰਵਾਹੀ ਕਾਰਨ ਮਲੇਰਕੋਟਲੇ ਦਾ

ਸਾਕਾ ਵਾਪਰਿਆ ਸੀ। ਉਸ ਨੇ ਸਤਿਗੁਰੂ ਜੀ ਨੂੰ ਸੱਦਿਆ ਤੇ ਕਿਹਾ ਕਿ ਐਨਾ ਇਕੱਠ ਕਿਉਂ ਕੀਤਾ। ਸਤਿਗੁਰੂ ਜੀ ਨੇ ਬਚਨ ਕੀਤਾ, "ਅਸੀਂ ਕਿਸ ਨੂੰ ਸੱਦਣ ਨਹੀਂ ਗਏ ਆਪੇ ਆਏ ਹਨ।" ਡਿਪਟੀ ਕਮਿਸ਼ਨਰ ਨੂੰ ਪੁਲਿਸ ਚੌਕੀ ਚੁੱਕਣ ਲਈ ਵੀ ਆਖਿਆ ਗਿਆ। ਪਰ ਉਹ ਚੁਪ ਜਿਹਾ ਰਿਹਾ।

ਇੱਕ ਦਿਨ ਸ਼ਰਾਬ ਨਾਲ ਰੱਜੇ ਘੁਮੰਡੇ ਦਾ ਪੁੱਤਰ ਗੁਰਦਿੱਤਾ ਤੇ ਲਹਿਣਾ ਸਿੰਘ ਦਾ ਪੁੱਤਰ ਕਿਸ਼ਨ ਸਿੰਘ ਗੁਰਦੁਆਰੇ ਦੇ ਦਰਵਾਜੇ ਸਾਹਮਣੇ ਆ ਕੇ ਅਬਾ ਤਬਾ ਬੋਲਣ ਲੱਗੇ। ਪਹਿਲਾਂ ਤਾਂ ਉਹਨਾਂ ਨੂੰ ਘਰੇ ਜਾਣ ਲਈ ਸਮਝਾਇਆ ਜਦ ਨਾ ਮੁੜੇ ਤਾਂ ਸਿੰਘਾਂ ਖੂਬ ਚਾਹਟਾ ਛਕਾਇਆ। ਉਹ ਕਪੜ ਝਾੜ ਕਰਵਾ ਕੇ ਹੱਡ ਸਿਕਾ ਕੇ ਚਲੇ ਗਏ। ਸਿੰਘਾਂ ਸਾਹਨੇਵਾਲ ਥਾਣੇ ਵੀ ਇਤਲਾਹ ਕਰ ਦਿਤੀ ਕਿ ਘੁਮੰਡੇ ਨੰਬਰਦਾਰ ਦੇ ਪੁੱਤ ਨੇ ਸ਼ਰਾਬ ਪੀ ਕੇ ਗਾਲ੍ਹਾਂ ਕੱਢੀਆਂ ਹਨ। ਰਿਪੋਰਟ ਲਿਖੀ ਗਈ। ਉਹਨਾਂ ਅਰਜ਼ੀ ਦਿਤੀ ਕਿ ਸਾਨੂੰ ਕੁੱਟਿਆ ਹੈ। ਸਰਕਾਰ ਨੇ ਸਾਰੀ ਗੱਲ ਸੁਣੀ ਤੇ ਗੁਰਦਿੱਤੇ ਨੂੰ ਡੇਢ ਮਹੀਨੇ ਦੀ ਕੈਦ ਦੀ ਸਜ਼ਾ ਸੁਣਾ ਦਿਤੀ। ਲਹਿਣਾ ਸਿੰਘ ਦਾ ਪੁੱਤਰ ਸਤਿਗੁਰੂ ਜੀ ਤੋਂ ਮਾਫ਼ੀ ਮੰਗ ਕੇ ਤੇ ਅੱਗੋਂ ਤੋਂ ਸ਼ਰਾਬ ਪੀਣ ਤੋਂ ਤੋਬਾ ਕਰਕੇ ਸੁਧਰ ਗਿਆ।

ਮਿਸਤਰੀ ਠਾਕਰ ਸਿੰਘ ਭਜਨ ਬੰਦਗੀ ਕਰਨ ਵਾਲੇ ਗੁਰੂ ਘਰ ਦੇ ਸ਼ਰਧਾਲੂ ਸਰਦੇ ਪੁੱਜਦੇ ਸਿੱਖ ਸਨ। ਉਹ ਗੁਰੂ ਕੇ ਲੰਗਰ ਲਈ ਸਦਾ ਦਸਵੰਧ ਦਿੰਦੇ ਸਨ। ਸਤਿਗੁਰੂ ਹਰੀ ਸਿੰਘ ਜੀ ਬਾਠਾਂ ਵਾਲੇ ਚਰਨ ਪਾ ਕੇ ਉਹਨਾਂ ਦਾ ਗ੍ਰਹਿ ਪਵਿੱਤਰ ਕਰਨ ਦੀ ਕਿਰਪਾ ਕਰਦੇ ਸਨ। ਇੱਕ ਵਾਰ ਸ੍ਰੀ ਸਤਿਗੁਰੂ ਜੀ ਨੇ ਮਿਸਤਰੀ ਜੀ ਘਰ ਦਰਸ਼ਨ ਦਿੱਤੇ ਤਾਂ ਉਹ ਦੋ ਮੰਜ਼ਲਾ ਮਕਾਨ ਬਣਾ ਰਹੇ ਸਨ। ਬਨੇਰਿਆਂ ਤੋਂ ਬਿਨਾ ਮਕਾਨ ਬਣ ਚੁੱਕਾ ਸੀ। ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, "ਭਾਣਾ ਵਰਤਣਾ ਹੈ, ਰੂਸ ਆਉਣਾ ਹੈ। ਮਿਤਸਰੀ ਜੀ ਨੇ ਬਨੇਰੇਵੀ ਨਾ ਬੰਨ੍ਹੇ ਤੇ ਕੰਮ ਰੁਕਣ ਦਿੱਤਾ। ਇੱਕ ਇੱਟ ਵੀ ਹੋਰ ਨਹੀਂ ਲਾਈ। ਚੁਗਾਠਾਂ ਲਗੀਆਂ ਸਨ ਉਹਨਾਂ ਵਿੱਚ ਜੋੜੀਆਂ ਵੀ ਨਹੀਂ ਚੜ੍ਹਾਈਆਂ। ਇੰਜ ਉਹ ਸਤਿਗੁਰੂ ਜੀ ਦੇ ਬਚਨਾਂ ਤੇ ਫੁੱਲ ਚੜ੍ਹਾਉਂਦੇ ਸਨ

ਸ੍ਰੀ ਭੈਣੀ ਸਾਹਿਬ ਪਿੰਡ ਵਿੱਚ ਖਰਾਸ ਦੀ ਲੋੜ ਸੀ। ਗੁਰਦੁਆਰੇ ਨੂੰ ਅਟੁੱਟ ਲੰਗਰ ਚਲਣ ਕਰਕੇ ਲੋੜ ਵੱਧ ਸੀ। ਮਿਸਤਰੀ ਠਾਕਰ ਸਿੰਘ ਪਿੰਡ ਬਾਠਾਂਵਾਲਾ ਜ਼ਿਲ੍ਹਾ ਸਿਆਲਕੋਟ ਨੇ ਖਰਾਸ ਬਣਾਉਣ ਦੀ ਪ੍ਰਵਾਨਗੀ ਲਈ। ਥਾਂ ਦੇਣ ਲਈ ਘੁਮੰਡਾ ਅੜ ਗਿਆ ਕਿ ਮੈਂ ਆਪਣੀ ਜਗ੍ਹਾ ਵਿੱਚ ਖਰਾਸ ਨਹੀਂ ਲਾਉਣ ਦੇਣਾ। ਪਰ ਪਿੰਡ ਦੇ

ਹੋਰ ਲੋਕ ਅੜ ਗਏ। ਉਹ ਕਹਿਣ ਲੱਗੇ ਲੰਗਰ ਚੱਲਦਾ ਹੈ, ਪੁੰਨ ਦਾ ਕੰਮ ਹੈ, ਨਾਲੇ ਸੁਖ ਹੈ ਪਿੰਡ ਨੂੰ। ਸੋ ਉਹਨਾਂ ਕਿਹਾ ਤੁਸੀਂ ਖਰਾਸ ਲਾਓ ਅਸੀਂ ਸਰਕਾਰ ਨੂੰ ਵੀ ਜਾ ਕਹਾਂਗੇ ਸਾਡੇ ਵਡੇਰਿਆਂ ਨੇ ਥਾਂ ਪੁੰਨ ਦਿਤੀ ਸੀ। ਸਤਿਗੁਰੂ ਜੀ ਨੂੰ ਅਰਜ਼ ਕੀਤੀ ਤਾਂ ਆਪ ਜੀ ਨੇ ਸਾਰੇ ਪਿੰਡ ਨੂੰ, ਅਰਦਾਸ ਕਰਕੇ, ਕੜਾਹ ਪਰਸ਼ਾਦ, ਛਕਾ ਕੇ ਕੰਮ ਸ਼ੁਰੂ ਕਰਨ ਲਈ ਹੁਕਮ ਕੀਤਾ। ਪਹਿਲੇ ਨਰਾਤੇ ਆਪ ਜੀ ਨੇ ਨੀਂਹ ਧਰਨ ਦੀ ਕਿਰਪਾ ਕੀਤੀ। ਤੀਜੇ ਦਿਨ ਖਰਾਸ ਤਿਆਰ ਹੋ ਗਿਆ ਕੰਧਾਂ ਕਰਕੇ, ਠੋਕ੍ਰਾਂ ਬਣਾ ਕੇ ਤੇ ਸ਼ਤੀਰ ਪਾ ਕੇ। 28 ਸਤੰਬਰ 1895 ਦੁਸਹਿਰੇ ਵਾਲੇ ਦਿਨ ਖਰਾਸ ਚਲਣ ਲੱਗ ਪਿਆ। ਮਿਸਤਰੀ ਠਾਕਰ ਸਿੰਘ ਨੇ ਸੇਵਾ ਪ੍ਰਵਾਨ ਹੋਣ ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਪਰ ਘੁਮੰਡਾ ਸੜਿਆ ਬਲਿਆ ਲੁਧਿਆਣੇ ਸ਼ਿਕਾਇਤ ਕਰਨ ਚਲਾ ਗਿਆ।

ਡਿਪਟੀ ਕਮਿਸ਼ਨਰ ਲੁਧਿਆਣਾ ਮੌਕਾ ਵੇਖਣ ਆਇਆ। ਪਿੰਡ ਦੇ ਹੋਰ ਲੋਕਾਂ ਕਿਹਾ, ਇਹ ਪਿੰਡ ਦੀ ਸਾਂਝੀ ਥਾਂ ਹੈ। ਡੀ. ਸੀ. ਨੇ ਪਿੰਡ ਦੀ ਗੱਲ ਮੰਨੀ, ਘੁਮੰਡਾ ਹੱਥ ਮਲਦਾ ਰਿਹਾ।

ਸਤਿਗੁਰੂ ਜੀ ਨੇ ਇੱਕ ਮਹੀਨੇ ਦੀ ਛੁੱਟੀ ਮਿਲਣ ਉਤੇ 1896 ਵਿੱਚ ਅੰਮ੍ਰਿਤਸਰ, ਗੁਰਦਾਸਪੁਰ ਦੇ ਜ਼ਿਲ੍ਹਿਆਂ ਦੀ ਸੰਗਤ ਨੂੰ ਤਾਰਨ ਲਈ ਕਮਰਕੱਸੇ ਕੀਤੇ। ਮੁਠੱਡੇ ਜ਼ਿਲ੍ਹਾ ਜਲੰਧਰ ਜਾ ਪੜਾਅ ਕੀਤਾ। ਸਾਧ ਸੰਗਤ ਨੇ ਅਰਜ਼ ਕੀਤੀ ਕਿ ਔੜ ਲੱਗੀ ਹੈ ਕਿਰਪਾ ਕਰੋ ਬਾਰਸ਼ ਹੋਵੇ। ਸਤਿਗੁਰੂ ਜੀ ਬਚਨ ਕੀਤਾ, "ਬਾਰਸ਼ ਹੈ ਤਾਂ ਨਹੀਂ, ਪਰ ਗੁਰੂ ਬੇਅੰਤ ਹੈ ਕਿਰਪਾ ਹੋਵੇਗੀ"। ਜਦ ਬਾਰਸ਼ ਹੋਣ ਲੱਗੀ ਤਾਂ ਸੰਗਤ ਸਤਿਗੁਰੂ ਜੀ ਨੂੰ ਧੰਨ ਧੰਨ ਕਹਿਣ ਲੱਗੀ। ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਦੌਰਿਆਂ ਸਮੇਂ ਸਾਧ ਸੰਗਤ ਦਰਸ਼ਨਾਂ ਲਈ ਹੁੰਮ-ਹੁਮਾ ਕੇ ਆਈ। ਕਈਆਂ ਦੀ ਅਰਜ਼ ਮੰਨ ਕੇ ਆਪ ਨੇ ਘਰੀਂ ਚਰਨ ਪਾਉਣ ਦੀ ਕਿਰਪਾ ਕੀਤੀ। ਜਿੱਧਰ ਵੀ ਜਾਣ ਗ਼ੈਰ-ਨਾਮਧਾਰੀ ਲੋਕਾਂ ਵਿੱਚ ਵੀ ਆਪ ਦੀ ਸੋਭਾ ਵਧਦੀ ਗਈ ਕਿ ਆਪ ਦਾ ਪੰਥ ਸੁੱਚਾ ਹੈ, ਨਾਮ ਬਾਣੀ ਨਾਲ ਜੁੜੇ ਹੋਏ ਲੋਕ ਹਨ। ਨਾਮਧਾਰੀ ਮਾਸ-ਸ਼ਰਾਬ ਨੂੰ ਹੱਥ ਨਹੀਂ ਲਾਉਂਦੇ ਕੋਈ ਐਬ ਨਹੀਂ ਕਰਦੇ। ਉਹ ਸ੍ਰੀ ਭੈਣੀ ਸਾਹਿਬ ਚਲਦੇ ਸਦਾ ਵਰਤ ਦੀ ਵੀ ਮਹਿਮਾ ਕਰਦੇ ਕਿ ਚੌਵੀ ਘੰਟੇ ਦਿਨ ਰਾਤ ਜਦੋਂ ਵੀ ਕੋਈ ਰਾਹੀ ਪਾਂਧੀ ਜਾਏ ਕਿਸੇ ਨੂੰ ਦਾਲ ਪਰਸ਼ਾਦੇ ਦਾ ਮਨ੍ਹਾਂ ਨਹੀਂ ਕਰਦੇ ਸਗੋਂ ਖਿੜੇ ਮੱਥੇ ਦੇਂਦੇ ਹਨ। ਭਾਵੇਂ ਕਿਸੇ ਜਾਤ ਜਾਂ ਧਰਮ ਦਾ ਹੋਵੇ। ਨਹੀਂ ਤਾਂ ਕਈ ਦੋ ਚਾਰ ਘੰਟੇ ਦਾ ਲੰਗਰ ਖੋਲ੍ਹ ਕੇ ਸਦਾ ਵਰਤ ਨਾਂ ਦੇਂਦੇ ਹਨ। ਸਤਿਗੁਰੂ ਦਾ

ਜੱਸ ਚੌਹੀਂ ਪਾਸੀਂ ਵਿੱਚ ਛਾਇਆ ਹੋਇਆ ਹੈ।

ਸਤਿਗੁਰੂ ਹਰੀ ਸਿੰਘ ਦੇ ਤੇਜ ਪ੍ਰਤਾਪ ਨਾਲ ਜੱਸ ਚਹੁੰ ਕੁੰਟੀ ਫੈਲਣ ਲੱਗਾ। ਸਰਕਾਰ ਦਾ ਭੈਅ ਵੀ ਸੰਗਤ ਵਿੱਚੋਂ ਘਟ ਗਿਆ। ਸਰਕਾਰ ਨੇ ਵੀ ਹੁਣ ਪਹਿਲਾਂ ਵਰਗੀ ਸਖ਼ਤੀ ਕਰਨੀ ਉਚਿਤ ਨਾ ਸਮਝੀ ਕਿਉਂਕਿ ਹਿੰਦ ਦੀ ਅਜ਼ਾਦੀ ਲਈ ਕੂਕ ਪੁਕਾਰ ਸ਼ੁਰੂ ਕੀਤੀ ਜਾ ਰਹੀ ਸੀ। ਥਾਂ ਪਰ ਥਾਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਸੀ। ਕਾਂਗਰਸ ਜਿਹੜੀ 1885 ਈ. ਵਿੱਚ ਇੱਕ ਤਰ੍ਹਾਂ ਨਾਲ ਸਰਕਾਰ ਦੀ ਹੱਥ ਠੋਕਾ ਜਿਹਾ ਬਣ ਕੇ ਖੜ੍ਹੀ ਹੋਈ ਸੀ, ਖੰਭ ਝਾੜ ਰਹੀ ਸੀ ਤੇ ਅੰਗਰੇਜ਼ੀ ਸਾਮਰਾਜ ਦਾ ਜੂਲਾ ਲਾਹੁਣ ਲਈ ਸਰਗਰਮ ਹੋ ਰਹੀ ਸੀ।

ਸੋ ਨਾਮਧਾਰੀ ਸੰਗਤ ਹੁਣ ਸ੍ਰੀ ਭੈਣੀ ਸਾਹਿਬ ਆ ਕੇ ਲੁਕ ਕੇ ਟਿੱਬਿਆਂ ਉੱਤੇ ਨਹੀਂ ਸੀ ਰਹਿੰਦੀ। ਸਿੱਧੀ ਗੁਰਦੁਆਰੇ ਰਹਿੰਦੀ ਸੀ। ਉਹ ਆਪਣੀਆਂ ਸਾਂਝਾਂ ਅਨੁਸਾਰ ਏਥੇ ਵੱਸੇ ਨਾਮਧਾਰੀ ਘਰਾਂ ਪਰਵਾਰਾਂ ਵਿੱਚ ਵੀ ਰਹਿੰਦੀ ਸੀ।

ਸ੍ਰੀ ਭੈਣੀ ਸਾਹਿਬ ਨਿਮਾਣੀ ਦਾ ਮੇਲਾ ਮਸ਼ਹੂਰ ਹੋ ਗਿਆ। ਇਹ ਵਿਸ਼ੇਸ਼ ਤੌਰ ਉੱਤੇ ਮਨਾਇਆ ਜਾਂਦਾ ਸੀ। ਪਿੰਡਾਂ ਥਾਵਾਂ ਦੀ ਸੰਗਤ ਆਪਣੀਆਂ ਫ਼ਸਲਾਂ ਸੰਭਾਲ ਕੇ, ਕੁਝ ਵਿਹਲੀ ਹੋਈ ਹੁੰਦੀ ਸੀ। ਮੀਂਹ ਅਜੇ ਪਏ ਨਹੀਂ ਸਨ ਹੁੰਦੇ ਜੋ ਅਗਲੀ ਫਸਲ ਲਈ ਹਲ ਵਾਹੀ ਜਾਣ। ਸੋ ਮੇਲੇ ਲਈ ਦਿਨ ਕੱਢਣੇ ਕੋਈ ਔਖੇ ਨਹੀਂ ਸਨ। ਫਿਰ ਲਾਹਾ ਤਾਂ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਸੀ।

1897 ਈ. ਦੀ ਨਿਮਾਣੀ ਇਕਾਦਸੀ ਦਾ ਮੇਲਾ ਸ੍ਰੀ ਭੈਣੀ ਸਾਹਿਬ ਬਹੁਤ ਜ਼ਿਆਦਾ ਭਰ ਗਿਆ। 500 ਪਾਠਾਂ ਦੇ ਭੋਗ ਪੈਣੇ ਸਨ ਸੋ ਜੇਠ ਸੁਦੀ ਨੌਵੀਂ ਤੋਂ ਪਾਠਾਂ ਦੇ ਭੋਗ ਪੈਣੇ ਸ਼ੁਰੂ ਹੋ ਗਏ। ਰਾਮਸਰ ਕੋਲ ਹਰਿਮੰਦਰ ਨਾਂ ਦਾ ਵੱਡਾ ਹਾਲ ਤਿਆਰ ਸੀ। ਓਥੇ 21 ਪਾਠਾਂ ਦੇ ਭੋਗ ਪਾਏ ਗਏ। ਫੇਰ 13 ਸ੍ਰੀ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਪ੍ਰਕਾਸ਼ ਹੋਇਆ। 15-15 ਭੋਗ ਇਕੱਠੇ ਪੈਣ ਲੱਗੇ। ਦਿਵਾਨ ਵੀ ਲਗਦੇ ਰਹੇ। ਇਕਾਦਸੀ ਵਾਲੇ ਦਿਨ ਪਚਵੰਜਾ ਮਣ ਕੱਚੇ (8 ਕੁਇੰਟਲ) ਘਿਉ ਦਾ ਕੜਾਹ ਪ੍ਰਸ਼ਾਦ ਹੋਇਆ। ਨਵੇਂ ਛੱਤੇ ਤਬੇਲਿਆਂ ਵਿੱਚ ਪੰਗਤਾਂ ਲਾਈਆਂ ਗਈਆਂ। ਬੁੱਕ ਭਰ ਭਰ ਕੇ ਖੁਲਾ ਕੜਾਹ ਪਰਸ਼ਾਦ ਵਰਤਾਇਆ ਗਿਆ। ਉਸ ਤ੍ਰਿਕੌਲ ਦੇ ਕੜਾਹ ਪਰਸ਼ਾਦ ਵਿੱਚੋਂ ਘਿਓ ਉਂਗਲਾਂ ਵਿੱਚੋਂ ਚੋਵੇ।

ਸਾਧ ਸੰਗਤ ਆਪਸ ਵਿੱਚ ਗੱਲਬਾਤ ਕਰੇ ਕਿ 1872 ਈ. ਦੀ

ਮਾਘੀ ਤੋਂ ਬਾਅਦ ਇਹ ਹੀ ਮੇਲਾ ਭਰਿਆ ਹੈ ਪੂਰੇ 25 ਸਾਲਾਂ ਬਾਅਦ। ਮੇਲੇ ਦੀ ਨਿਗਰਾਨੀ ਕਰਨ ਤਸੀਲਦਾਰ ਤੇ ਥਾਣੇਦਾਰ ਆਏ। ਪੁਲਿਸ ਗਾਰਦ ਵੀ ਚੌਕੀ ਤੋਂ ਵਧ ਹੋਰ ਮੰਗਵਾ ਲਈ ਪਰ ਕੋਈ ਕਿਸੇ ਨੂੰ ਕੁਝ ਨਾ ਕਹੇ ਬੱਸ ਧਿਆਨ ਰੱਖੇ। ਸਤਿਗੁਰੂ ਜੀ ਨੂੰ ਉਹਨਾਂ ਨੇ ਕਿਹਾ, "ਭੋਗ ਪਾ ਕੇ ਇਹਨਾਂ ਨੂੰ ਛੇਤੀ ਤੋਰ ਦਿਓ।" ਸਤਿਗੁਰੂ ਜੀ ਨੇ ਹੁੰਗਾਰਾ ਭਰਿਆ।

ਸੰਗਤ ਬਾਰ੍ਹਵੀਂ ਨੂੰ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਲੰਗਰ ਪਰਸ਼ਾਦਾ ਛਕ ਕੇ ਗਈ। ਥਾਣੇਦਾਰ ਤੇ ਤਸੀਲਦਾਰ ਨੇ ਅਮਨ ਚੈਨ ਨਾਲ ਮੇਲਾ ਭੁਗਤਣ ਨਾਲ ਸੁਖ ਦਾ ਸਾਹ ਲਿਆ ਤੇ ਸਭ ਤੋਂ ਬਾਅਦ ਗਏ।

ਸਤਿਗੁਰੂ ਤਾਂ ਸ਼ਾਂਤ ਮੂਰਤ ਹਨ, ਉਹ ਬਖ਼ਸ਼ਿੰਦ ਹਨ ਉਹ ਤਾਂ ਵਿਘਨ ਪਾਉਣ ਵਾਲੇ ਨੂੰ ਵੀ ਬਖ਼ਸ਼ ਦੇਂਦੇ ਹਨ। ਘੁਮੰਡੇ ਨੇ ਖਰਾਸ ਲੱਗਣ ਵਿੱਚ ਵਿਘਨ ਪਾਇਆ ਸੀ। ਉਸ ਨੇ ਕਚਹਿਰੀ ਵਿੱਚ ਅਰਜ਼ੀ ਵੀ ਦਿਤੀ ਸੀ। ਉਹ ਖਾਰਜ ਹੋ ਗਈ ਸੀ। ਸਤਿਗੁਰੂ ਜੀ ਤੋਂ ਆਗਿਆ ਲੈ ਕੇ ਗੁਰਦੁਆਰੇ ਵਲੋਂ ਹਰਜਾਨੇ ਦੀ ਅਰਜ਼ੀ ਪਾਈ ਗਈ। ਸਰਕਾਰ ਨੇ ਮਨਜ਼ੂਰ ਕਰ ਲਈ ਤੇ ਉਸ ਉਤੇ ਹਰਜਾਨਾ ਪਾ ਕੇ 700 ਰੁਪਈਏ ਦੀ ਡਿਗਰੀ ਕਰ ਦਿੱਤੀ। ਉਸ ਸਮੇਂ ਏਨੇ ਪੈਸੇ ਦੇਣੇ ਔਖੇ ਸਨ। ਜੇ ਨਾਂ ਦੇਂਦਾ ਤਾਂ ਕੈਦ ਭੁਗਤਣੀ ਪੈ ਸਕਦੀ ਸੀ। ਉਸ ਦਾ ਪੁੱਤਰ ਗੁਰਦਿੱਤਾ ਪਹਿਲਾਂ ਸ਼ਰਾਬ ਪੀਣ ਦਾ ਕਸੂਰ ਕਰ ਕੇ, ਕੈਦ ਭੁਗਤ ਆਇਆ ਸੀ। ਘੁਮੰਡੇ ਦੀ ਨੰਬਰਦਾਰੀ ਦੇ ਬਾਵਜੂਦ ਪਤ ਨਹੀਂ ਸੀ ਰਹਿਣੀ। ਉਹ ਹੰਕਾਰ ਦੇ ਕਿੰਗਰੇ ਤੋਂ ਡਿਗ ਕੇ ਸਿੱਧਾ ਹੋ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਆ ਗਿਆ। ਉਸ ਨੇ ਬੇਨਤੀ ਕੀਤੀ ਕਿ ਉਸ ਨੂੰ ਬਖ਼ਸ਼ ਲਿਆ ਜਾਏ। ਸਤਿਗੁਰੂ ਜੀ ਨੇ ਅਗਾਂਹ ਨੂੰ ਤੋਬਾ ਕਰਾ ਕੇ ਖਿਮਾ ਕਰ ਦਿੱਤਾ।

ਸਤਿਗੁਰੂ ਜੀ ਨੇ ਤਾਂ ਆਪਣੇ ਸੁਭਾ ਮੁਤਾਬਕ ਕੀਤਾ। ਘੁਮੰਡੇ ਅਕ੍ਰਿਤਘਣ ਨੇ ਫੇਰ ਅਪੀਲ ਕੀਤੀ ਪਰ ਕਿਸੇ ਸੁਣੀ ਨਹੀਂ।

ਸਤਿਗੁਰੂ ਜੀ ਮੂਲਾ ਸਿੰਘ ਦੀ ਭੈਣ ਦੇ ਅਨੰਦ ਕਾਰਜ ਤੇ ਜਾਣ ਦੀ ਛੁੱਟੀ ਲੈ ਕੇ ਸ਼ੇਖੂਪੁਰ ਬੇਦਾਦ ਗਏ। ਚਾਰ ਦਿਨ ਮੇਲਾ ਬਣਿਆ ਰਿਹਾ। ਵਾਪਸੀ ਆਪ ਦੋ ਦਿਨ ਲਾਹੌਰ ਤੇ ਇੱਕ ਦਿਨ ਅੰਮ੍ਰਿਤਸਰ ਤੇ ਇੱਕ ਦਿਨ ਜਲੰਧਰ ਦੀ ਸਾਧ ਸੰਗਤ ਨੂੰ ਦਰਸ਼ਨ ਦਿੱਤੇ।

1897 ਈ. ਵਿੱਚ ਬਾਬਾ ਜਮੀਅਤ ਸਿੰਘ ਗਿੱਲ ਚੜ੍ਹਾਈ ਕਰ ਗਏ। ਇਹਨਾਂ ਦੀ ਯਾਦ ਵਿੱਚ 11 ਸਤੰਬਰ 1897 ਈ. ਨੂੰ ਗਿੱਲ ਮੇਲਾ ਸੀ। ਸਤਿਗੁਰੂ ਜੀ ਨੂੰ ਮੇਲੇ ਉੱਤੇ ਜਾਣ ਤੇ ਦੌਰੇ ਲਈ 2 ਮਹੀਨੇ ਦੀ

ਛੁੱਟੀ ਮਿਲੀ।

ਬਾਬਾ ਜਮੀਅਤ ਸਿੰਘ ਗਿੱਲ ਉਹ ਪਹੁੰਚੇ ਸੰਤ ਸਨ ਜਿਹੜੇ ਸਤਿਗੁਰੂ ਰਾਮ ਸਿੰਘ ਨੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੀ ਪੂਰਨ ਮਰਯਾਦਾ ਦੇ ਧਾਰਨੀ ਹੋਣ ਕਰਕੇ ਢਾਈ ਸਿੱਖਾਂ ਵਿੱਚ ਗਿਣੇ ਸਨ। ਇਹਨਾਂ ਦੀ ਆਪਣੇ ਇਲਾਕੇ ਵਿੱਚ ਮਾਨ ਪ੍ਰਤਿਸ਼ਠਾ ਸੀ। ਪਹਿਲੀ ਵਾਰ ਜਦ ਸਤਿਗੁਰੂ ਹਰੀ ਸਿੰਘ ਜੀ 1892 ਈ. ਵਿੱਚ ਅੰਮ੍ਰਿਤਸਰ ਦੇ ਦੌਰੇ ਤੇ ਗਏ ਤਾਂ ਪਹਿਲਾਂ ਤਾਂ ਇਹ ਵੀ ਉਹਨਾਂ ਨੂੰ ਗੁਰੂ ਰਾਮ ਸਿਘ ਦੇ ਭਰਾ ਤੋਂ ਵੱਧ ਕੁਝ ਨਹੀਂ ਸਨ ਸਮਝਦੇ, ਪਰ ਕੋਈ ਪੁਰਾਣੀ ਗੱਲ ਧਿਆਨ ਵਿੱਚ ਆਉਣ ਕਰਕੇ ਉਹਨਾਂ ਦੀ ਸੋਚ ਵਿੱਚ ਤਬਦੀਲੀ ਆ ਗਈ। ਇਸ ਬਾਰੇ ਜਸਵਿੰਦਰ ਸਿੰਘ ਜੀ, ਸਤਿਗੁਰੂ ਬਿਲਾਸ ਭਾਗ ਦੂਜਾ ਦੇ ਇਕ ਸੰਪਾਦਕੀ ਨੋਟ ਵਿੱਚ ਲਿਖਦੇ ਹਨ:

ਇਕ ਵਾਰ ਬਾਬਾ ਜਮੀਅਤ ਸਿੰਘ ਨੂੰ ਪਤਾ ਲੱਗਾ ਕਿ ਸਤਿਗੁਰੂ ਹਰੀ ਸਿੰਘ ਜੀ ਅੰਮ੍ਰਿਤਸਰ ਜ਼ਿਲ੍ਹੇ ਦਾ ਦੌਰਾ ਕਰ ਰਹੇ ਹਨ। ਉਹਨਾਂ ਨੇ ਆਪਣੇ ਸੇਵਕ ਸੌਣ ਸਿੰਘ ਸੈਦੋਵਾਲੀਏ, ਮਿਤ ਸਿੰਘ ਜਿਉਣ ਭਿੰਡਰੀਏ ਆਦਿ ਨੂੰ ਸਦ ਕੇ ਕਿਹਾ ਕਿ ਸੁਣਿਆ ਹੈ ਕੋਈ ਸਤਿਗੁਰੂ ਰਾਮ ਸਿੰਘ ਜੀ ਦਾ ਭਾਈ ਦੌਰਾ ਪਿਆ ਕਰਦਾ ਏ। ਏਨੀ ਕਹਿ ਕੇ ਆਖਿਆ ਕਿ ਗੰਗਾ ਸਿੰਘ, ਲਾਲੇ ਵਾਲੇ ਨੂੰ ਵੀ ਸੱਦ ਲਈਏ। ਗੰਗਾ ਸਿੰਘ ਨੂੰ ਸੱਦਿਆ ਗਿਆ। ਜਦੋਂ ਉਹ ਆ ਗਿਆ ਤਾਂ ਪਹਿਲਾਂ ਦੀ ਤਰ੍ਹਾਂ ਹੀ ਤਰਕਬਾਦ ਵਿੱਚ ਬਾਬਾ ਜੀ ਨੇ ਗੰਗਾ ਸਿੰਘ ਨੂੰ ਵੀ ਆਖਿਆ ਕਿ ਸੁਣਿਆ ਹੈ ਕੋਈ ਸਤਿਗੁਰੂ ਜੀ ਦਾ ਭਾਈ ਦੌਰਾ ਕਰਦਾ ਹੈ। ਅੱਗੋਂ ਗੰਗਾ ਸਿੰਘ ਕਿਹਾ ਜਮੀਤ ਸਿੰਘਾ ਕਿਤੇ ਉਹ ਤਾਂ ਨਹੀਂ ਜਦੋਂ ਅਸੀਂ ਹਜ਼ਰੋਂ ਸਾਹਿਬ ਜਾਂਦੇ ਸਾਂ ਤੇ ਜਿਨ੍ਹਾਂ ਬਾਬਤ ਬਾਬਾ ਬੈਂਕਾ ਜੀ ਆਸਣ ਵਿਛਾ ਕੇ ਕਹਿੰਦੇ ਸਨ ਕਿ ਆਓ ਬੈਠੋ ਬਾਬਾ ਬਾਲਕ ਸਿੰਘ ਜੀ. ਆਓ ਬੈਠੋ ਬਾਬਾ ਰਾਮ ਸਿੰਘ ਜੀ, ਆਓ ਬੈਠੋ ਬਾਬਾ ਬੁੱਧ ਸਿੰਘ ਜੀ। ਏਹ ਬਚਨ ਸੁਣ ਕੇ ਬਾਬਾ ਜੀ ਕੁਝ ਢਿਲੇ ਪੈ ਗਏ।

ਫੇਰ ਸਭ ਸਰੀਰ ਸਤਿਗੁਰੂ ਹਰੀ ਸਿੰਘ ਦੇ ਦਰਸ਼ਨਾਂ ਨੂੰ ਫਤੇਵਾਲ ਨੂੰ ਚਲੇ ਗਏ। ਸਤਿਗੁਰੂ ਜੀ ਬਾਹਰੋਂ ਦੀਵਾਨ ਸੁਣ ਕੇ ਆ ਰਹੇ ਸਨ, ਏਧਰੋ ਬਾਬਾ ਜਮੀਤ ਸਿੰਘ ਵੀ ਆ ਗਏ। ਰਸਤੇ ਵਿੱਚ ਹੀ ਮਿਲਾਪ ਹੋ ਗਿਆ ਕਪੜੇ ਵਿਛ ਗਏ, ਦਿਵਾਨ ਸਜ ਗਿਆ। ਬਾਬਾ ਜਮੀਤ ਸਿੰਘ ਨੇ ਗੁਰੂ ਜੀ ਦੇ ਨਜ਼ਦੀਕ ਹੋ ਕੇ ਕਿਹਾ ਕਿ ਪੰਜਾਂ ਦਾ ਕੀ ਹਾਲ ਏ। ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤਾ ਕਿ ਭਾਈ ਜੀਹਦੇ ਵਸ ਇੱਕ ਆ ਗਿਆ ਉਸ ਦੇ ਵਸ ਸਾਰੇ ਹੀ ਆ ਗਏ।" -ਸਫਾ 178

ਉਹਨਾਂ ਬਾਬਾ ਜੀ ਨਮਿਤ ਮੇਲੇ ਉੱਤੇ ਸ੍ਰੀ ਸਤਿਗੁਰੂ ਜੀ ਨੇ ਗਿੱਲੀਂ ਦਰਸ਼ਨ ਦਿੱਤੇ ਤਾਂ ਅਗੇ ਸੰਗਤ ਦਾ ਸੈਲਾਬ ਆਇਆ ਹੋਇਆ ਸੀ। ਸਤਿਗੁਰੂ ਜੀ ਅੰਮ੍ਰਿਤਸਰ ਤੋਂ ਰਈਏ ਰਾਹੀਂ ਹੁੰਦੇ ਯਕਿਆਂ ਉੱਤੇ ਗਿੱਲੀਂ ਪਧਾਰੇ ਤਾਂ ਸੰਗਤ ਦਾ ਹੜ੍ਹ ਆਪ ਜੀ ਨੂੰ ਉਤਰਨ ਨਾ ਦੇਵੇ। ਨਮਸਕਾਰ ਕਰਨ ਤੇ ਦਰਸ਼ਨ ਕਰਨ ਲਈ ਇੱਕ ਦੂਜੇ ਤੋਂ ਅਗੇ ਹੋਣ। ਆਪ ਮਸਾਂ ਉੱਤਰ ਕੇ ਵਿਛੇ ਪਲੰਘ ਉੱਤੇ ਆਸਣ ਵਿਛਾ ਕੇ ਬੈਠੇ। ਸੰਗਤ ਮੱਥਾ ਟੇਕਣ ਲੱਗੀ ਤਾਂ ਉਸ ਨੂੰ ਚਾਰ ਘੰਟੇ ਤੋਂ ਵਧ ਸਮਾਂ ਲੱਗਾ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿੱਚ ਵੀ ਸੰਗਤ ਬੇ-ਬਹਾ ਸੀ। ਅਰਦਾਸ ਤੋਂ ਬਾਅਦ ਆਗਿਆ ਅਨੁਸਾਰ ਮੰਗਲ ਸਿੰਘ ਨੂੰ ਬਾਬਾ ਜੀ ਦੇ ਡੇਰੇ ਦਾ ਮਹੰਤ ਥਾਪਿਆ ਗਿਆ। ਇਹ ਖੱਤਰੀ ਸਿੰਘ ਸੀ। ਸਤਿਗੁਰੂ ਜੀ ਨੇ ਇੱਕ ਦਸਤਾਰ ਤੇ 5 ਰੁਪਈਆਂ ਦੀ ਬਖ਼ਸ਼ਸ਼ ਕੀਤੀ। ਆਪ ਜੀ ਦੇ ਨਾਲ ਗਈ ਬੀਬੀ ਨੰਦਾਂ ਨੇ ਪੰਜ ਰੁਪਈਏ ਦਿਤੇ। ਸਤਿਗੁਰੂ ਜੀ ਨੂੰ ਭੇਟਾ ਦੇ ਕੇ ਮੇਲੇ ਵਾਲਿਆਂ ਵਲੋਂ ਆਦਰ ਸਤਿਕਾਰ ਕੀਤਾ ਗਿਆ।

ਏਸੇ ਮੇਲੇ ਵਿੱਚ ਦਿਤੂ ਰਾਗੀ ਨੇ ਅੰਮ੍ਰਿਤ ਛਕਿਆ ਤੇ ਨਾਂ ਦਿੱਤ ਸਿੰਘ ਰੱਖਿਆ ਗਿਆ। ਨੱਥੂ ਤੇ ਕੱਥੂ ਰਾਗੀ ਅੰਮ੍ਰਿਤ ਛਕ ਕੇ ਨੱਥਾ ਸਿੰਘ ਕਥਾ ਸਿੰਘ ਬਣੇ।

ਮੇਲੇ ਵਿੱਚ ਵਾਰ ਤੋਂ ਬਾਅਦ ਰਾਗੀਆਂ, ਢਾਡੀਆਂ, ਰਬਾਬੀਆਂ ਦੇ ਦਿਵਾਨ ਲਗਦੇ ਰਹੇ। ਦੌਰੇ ਵਿੱਚ 6 ਜੋੜੀਆਂ ਰਾਗੀਆਂ ਦੀਆਂ ਤੇ ਤਿੰਨ ਜੋੜੀਆਂ ਢਾਡੀਆਂ ਦੀਆਂ ਸਨ।

ਸਤਿਗੁਰੂ ਜੀ ਦਾ ਰਾਗੀਆਂ ਬਾਰੇ ਹੁਕਮ ਸੁਣਾਇਆ ਗਿਆ ਕਿ ਉਹ ਹੀ ਰਾਗੀ ਸੱਦੇ ਜਾਣ ਜਿਹੜੇ ਅੰਮ੍ਰਿਤ ਛਕਣ, ਕਛਹਿਰੇ ਪਾਉਣ, ਕੇਸ ਰੱਖਣ ਅਤੇ ਸਿੱਖੀ ਰਹਿਤ ਮਰਯਾਦਾ ਦੇ ਧਾਰਨੀ ਹੋਣ। ਉਹ ਸਣੇ ਕੇਸੀਂ ਇਸ਼ਨਾਨ ਕਰ ਕੇ ਆਸਾ ਦੀ ਵਾਰ ਲਾਉਣ। ਆਪ ਜੀ ਨਾਲ ਇਸ ਦੌਰੇ ਉਤੇ ਗਈਆਂ ਰਾਗੀ-ਢਾਡੀ ਜੋੜੀਆਂ ਇਹ ਹਨ:-

1. ਭਾਈ ਨੱਥਾ ਸਿੰਘ, ਕਥਾ ਸਿਘ, ਹਜ਼ੂਰਾ ਸਿੰਘ ਤੇ ਮੁਲਤਾਨ ਸਿੰਘ ਅਤੇ ਇਹਨਾਂ ਨਾਲ ਚਾਰੇ ਰਬਾਬਣਾਂ।
2. ਭਾਈ ਗੁਰਦਿੱਤ ਸਿੰਘ ਅਤੇ ਉਸ ਦੇ ਪੁੱਤਰ ਜੈ ਸਿੰਘ ਤੇ ਚੰਦਾ ਸਿੰਘ।
3. ਭਾਈ ਕਿਰਪਾਲ ਸਿੰਘ, ਨਿਹਾਲ ਸਿੰਘ ਤੇ ਹਰਨਾਮ ਸਿੰਘ, ਕਦੀ ਕਦੀ ਕਿਰਪਾਲ ਸਿੰਘ ਦਾ ਲੜਕਾ ਚੰਦਾ ਸਿੰਘ ਵੀ ਨਾਲ ਬੈਠਦਾ।
4. ਰਾਗੀ ਖ਼ਜਾਨ ਸਿੰਘ ਛਾਪੇ ਵਾਲਾ ਨਾਲ ਲੜਕੇ ਰਤਨ ਸਿੰਘ,

ਹਰਨਾਮ ਸਿੰਘ, ਸੁਜਾਨ ਸਿੰਘ ਤੇ ਜੋੜੀਵਾਲਾ ਜਗਤ ਸਿੰਘ।

5. ਭਾਈ ਮੌਲੂ, ਕੀਮਾ ਤੇ ਬਾਬੇ ਛੈਣੇ ਵਾਲਿਆਂ ਦੇ ਰਾਗੀਆਂ ਦੀ ਜੋੜੀ।
6. ਭਾਈ ਕਾਲੂ, ਫੱਤੂ ਮੱਤੂ ਅਤੇ ਇਹਨਾਂ ਦਾ ਚਾਚਾ ਹਵੇਲੀ।
7. ਢਾਡੀ ਸੰਤਾ ਸਿੰਘ ਤੇ ਉਸਦਾ ਲੜਕਾ ਮਾਧੋ ਸਿੰਘ।
8. ਢਾਡੀ ਭਾਈ ਲਾਭ ਸਿੰਘ
9. ਢਾਡੀ ਭਾਈ ਰੂੜਾ ਕੁਰਾਲੇ ਵਾਲਾ।

ਦੋ-ਤਿੰਨ ਰਾਗੀ ਜੋੜੀਆਂ ਸਵੇਰੇ ਕੀਰਤਨ ਕਰਦੀਆਂ ਤੇ 3-4 ਸ਼ਾਮ ਨੂੰ। ਦਿਨ ਵਿੱਚ ਢਾਡੀ ਲਗਦੇ।

ਗਿੱਲਾਂ ਦਾ ਭਰਵਾਂ ਮੇਲਾ ਕਰਕੇ ਸਤਿਗੁਰੂ ਜੀ ਨੇ 25 ਅਕਤੂਬਰ 1897 ਦਿਵਾਲੀ ਉਤੇ ਸ੍ਰੀ ਅੰਮ੍ਰਿਤਸਰ ਦਰਸ਼ਨ ਦਿੱਤੇ। ਉਹ ਕੱਕੇ ਕੇ, ਮਲੇ ਕੇ, ਕਿਲ੍ਹਾ ਸੂਬਾ ਸਿੰਘ, ਗੁਰੂ ਚੱਕ ਸਖਾਣੇ, ਜਿਉਣ ਭਿੰਡਰ, ਸ਼ੇਰ ਕੋਟ, ਦਾਤੇਵਾਲ, ਹੱਲੇ ਵਾਲ, ਬਾਠਾਂਵਾਲੇ, ਚਕਰਾਲੀ ਲਧੜ, ਮਢਿਆਲੀ, ਬੜੀ ਛੋਟੀ ਤ੍ਰਾਂਡੀ, ਕਾਲਾ ਖਤਾਈ, ਕੱਕੜ, ਲੋਪੋਕੇ, ਮੁਹਾਵੇ, ਨਾਰਲੀ, ਉਬੋਕੇ ਨਗਰੀਂ ਮੁੜਦੀ ਵਾਰੀ ਆਏ। ਰਾਏ ਕੇ ਬੁਰਜ ਤੋਂ ਵਰਿਆਹੀਂ ਪੁਜ ਕੇ ਛੇ ਅਨੰਦ ਕਾਰਜ ਗੁਰ ਮਰਯਾਦਾ ਅਨੁਸਾਰ ਕੀਤੇ। ਆਪ ਜੀ ਸੇਵਕਾਂ ਤੇ ਜਥਿਆਂ ਸਮੇਤ ਸੰਘੇ, ਤਰਨ ਤਾਰਨ, ਇੱਬਨ ਤੋਂ ਹੁੰਦੇ ਹੋਏ ਅੰਮ੍ਰਿਤਸਰ ਪਹੁੰਚੇ। ਦਿਵਾਲੀ ਦੀ ਰੌਣਕ ਨੂੰ ਸਤਿਗੁਰੂ ਜੀ ਦੇ ਦਰਸ਼ਨਾਂ ਨੇ ਚਾਰ ਚੰਨ ਲਾਏ ਸਨ। ਸਿੱਖਾਂ ਦੀ ਦਿਵਾਲੀ ਤਾਂ ਸਤਿਗੁਰੂ ਨੂੰ ਨਮਸਕਾਰ ਕਰਕੇ ਹੀ ਬਣ ਗਈ ਸੀ। ਲਾਹਾ ਸ਼ਬਦ ਕੀਰਤਨ ਦਾ, ਮਿਲ ਬੈਠਣ ਦਾ ਵੀ ਮਿਲਿਆ।

ਸਕਤੂ ਨੰਗਲ ਤੋਂ ਭੰਗਵੀਂ ਗਏ ਤਾਂ ਰਾਤੀਂ ਸਤਿਗੁਰੂ ਜੀ ਦੀ ਘੋੜੀ ਚੋਰ ਖੋਲ੍ਹ ਕੇ ਲੈ ਗਏ। ਚੌਕੀਦਾਰ ਨੂੰ ਪੁੱਛਿਆ ਤੇ ਉਸ ਟਿੱਚਰ ਕਰਨ ਵਾਂਗ ਕਿਹਾ ਜੇ ਗੁਰੂ ਕਰਾਮਾਤੀ ਹੈ ਤਾਂ ਆਪੇ ਆ ਜਾਏਗੀ।

ਉਥੇ ਭਗਵਾਨ ਸਿੰਘ ਮਰ੍ਹਾਣੇ ਦਾ ਵੀ ਖੜ੍ਹਾ ਸੀ। ਉਸ ਨੇ ਆਪਣੇ ਰੰਗ ਵਿੱਚ ਕਿਹਾ, "ਇਸ ਦਾ ਮਤਲਬ ਕਿ ਤੇਰਾ ਪੁੱਤਰ ਵੀ ਨਾਲ ਸੀ ਘੋੜੀ ਚੁਰਾਉਣ ਵਿੱਚ। ਤੈਨੂੰ ਮਰਵਾਵਾਂਗਾ ਜੁੱਤੀਆਂ ਥਾਣੇ ਲੈਜਾ ਕੇ।" ਘੜੀ ਕੁ ਪਿੱਛੋਂ ਘੋੜੀ ਆ ਗਈ। ਸਭ ਨੇ ਕਿਹਾ ਜ਼ਾਹਰ ਗੁਰੂ ਹੈ।

ਸਤਿਗੁਰੂ ਹਰੀ ਸਿੰਘ ਦੇ ਦੌਰੇ ਸਮੇਂ ਖ਼ਬਰ ਆਈ ਕਿ ਆਪ ਜੀ ਦੇ ਘਰ ਨੂੰ ਹੋਰ ਰੰਗ-ਭਾਗ ਲੱਗਾ ਹੈ। ਆਪ ਜੀ ਦੇ ਗ੍ਰਹਿ ਵਿਖੇ ਤੀਸਰੇ ਸਾਹਿਬਜ਼ਾਦੇ ਨੇ ਜਨਮ ਲਿਆ। ਮਾਤਾ ਜੀਵਨ ਕੌਰ ਦੇ ਇਸ ਲਾਲ ਦਾ ਜਨਮ ਅੱਸੂ ਵਦੀ ਦਸਵੀਂ ਸੰਮਤ 1884 (5 ਅਕਤੂਬਰ 1897) ਦਾ ਹੈ।

ਸਾਹਿਬਜ਼ਾਦੇ ਦਾ ਨਾਂ ਗੁਰਦਿਆਲ ਸਿੰਘ ਰੱਖਿਆ ਗਿਆ। ਸਾਧ ਸੰਗਤ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਸਾਰੇ ਇੱਕ ਦੂਜੇ ਨੂੰ ਵਧਾਈਆਂ ਦੇਣ ਲੱਗੇ।

ਸ੍ਰੀ ਸਤਿਗੁਰੂ ਜੀ, ਸ੍ਰੀ ਭੈਣੀ ਸਾਹਿਬ ਪਧਾਰੇ। ਉਹ ਕੁਰਸੀ ਉਤੇ ਬੈਠੇ ਤਾਂ ਸਾਹਿਬਜ਼ਾਦੇ ਗੁਰਦਿਆਲ ਸਿੰਘ ਨੂੰ ਚਰਨੀ ਲਾਇਆ ਗਿਆ। ਆਪ ਬੜੇ ਪ੍ਰਸੰਨ ਹੋਏ।

ਸਤਿਗੁਰੂ ਪ੍ਰਤਾਪ ਸਿੰਘ ਦੇ ਜਨਮ ਸਮੇਂ ਜਿਹੜੀ ਪੁਲਿਸ ਗਾਰਦ ਦੀ ਕਰੜਾਈ ਘਟੀ ਸੀ, ਉਹ ਏਥੋਂ ਤਕ ਘਟ ਗਈ ਕਿ ਕੋਈ ਘੱਟ-ਵੱਧ ਹੀ ਪੁੱਛਦਾ, ਗੁਰਦੁਆਰੇ ਭਾਵੇਂ ਕੋਈ ਕਿੰਨਾ ਚਿਰ ਰਹਿ ਲਵੇ।

੧੮੯੭ ਦੇ ਅਖ਼ੀਰ ਹਜ਼ਰੋਂ ਤੋਂ ਮਹੰਤ ਕਾਹਨ ਸਿੰਘ ਸੰਗਤ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ। ਉਹ ਸਤਿਗੁਰੂ ਬਾਲਕ ਸਿੰਘ ਦੇ ਭਤੀਜੇ ਭਾਈ ਮੰਨਾ ਸਿੰਘ ਦੇ ਸਪੁੱਤਰ ਸਨ। ਉਹ ੧੮੮੫ ਈ. ਵਿੱਚ ਵੀ ਏਥੇ ਆ ਕੇ ਬਚਨ ਬਿਲਾਸ ਕਰ ਚੁੱਕੇ ਸਨ। ਉਹਨਾਂ ਨੂੰ ਸਤਿਗੁਰੂ ਜੀ ਅਕਾਲਬੁੰਗੇ ਅਗਲਵਾਂਢੀ ਲੈਣ ਗਏ। ਆਪ ਉਹਨਾਂ ਨੂੰ ਚਰਨੀਂ ਹੱਥ ਲਾਉਣ ਲੱਗੇ ਉਹ ਨਾ ਲਵਾਵਣ। ਫਿਰ ਵੀ ਇਹਨਾਂ ਫੁਰਤੀ ਨਾਲ ਲਾ ਦਿੱਤੇ। ਮਹੰਤ ਜੀ ਲਾਉਣ ਲੱਗੇ ਤਾਂ ਸਤਿਗੁਰੂ ਜੀ ਮਨ੍ਹਾਂ ਕਰਨ, ਉਹਨਾਂ ਕਿਹਾ, "ਦੋ ਸੌ ਕੋਹ (ਲਗਪਗ 500 ਕਿਲੋਮੀਟਰ) ਤੋਂ ਚੱਲ ਕੇ ਆਏ ਹਾਂ, ਸਾਨੂੰ ਚਰਨੀ ਹੱਥ ਵੀ ਨਹੀਂ ਲਾਉਣ ਦੇਂਦੇ।" ਉਹਨਾਂ ਨਾਲ ਆਈ ਸੰਗਤ ਨੇ ਵੀ ਚਰਨੀਂ ਹੱਥ ਲਾਇਆ।

ਉਹਨਾਂ ਦੱਸਿਆ ਇੱਕ ਵਾਰ ਡੀ. ਸੀ. ਹਜ਼ਰੋਂ ਡੇਰੇ ਆਇਆ ਸੀ। ਉਸ ਨੇ ਗੁਰੂ ਬਾਲਕ ਸਿੰਘ ਦੀ ਭਜਨ ਬੰਦਗੀ ਵਾਲੀ ਥਾਂ ਵੇਖੀ ਉਹ ਸਧਾਰਨ ਹੀ ਸੀ। ਉਸ ਨੇ ਕਿਹਾ ਸੀ ਕਿ ਮੈਂ ਸਤਿਗੁਰੂ ਰਾਮ ਸਿੰਘ ਦੀ ਥਾਂ ਵੇਖਾਂ, ਉਹ ਬਹੁਤ ਪ੍ਰਭਾਵਸ਼ਾਲੀ ਹੈ। ਉਥੇ ਤਬੇਲੇ ਵਿੱਚ ਘੋੜੇ, ਗਊਸ਼ਾਲਾ ਵਿੱਚ ਗਊਆਂ ਮੱਝਾਂ ਹਨ। ਲੰਗਰ ਚਵ੍ਹੀ ਘੰਟੇ ਚਲਦਾ ਹੈ। ਹਰ ਰਾਹੀ ਪਾਂਧੀ ਆਏ ਗਏ ਨੂੰ ਬਿਨਾਂ ਵਿਤਕਰਾ ਲੰਗਰ ਮਿਲਦਾ ਹੈ।

ਸਤਿਗੁਰੂ ਜੀ ਨੇ ਫਰਵਰੀ-ਮਾਰਚ ੧੮੯੮ ਵਿੱਚ ਰਾਮਸਰ ਸਰੋਵਰ ਦੀ ਕਾਰਸੇਵਾ ਸ਼ੁਰੂ ਕਰਵਾਈ। ਭਾਵੇਂ ਆਪ ਦੀ ਉਮਰ ੭੮ ਸਾਲ ਤੋਂ ਵੱਧ ਦੀ ਸੀ ਫਿਰ ਵੀ ਪਹਿਲਾ ਟੋਕਰਾ ਆਪ ਚੁੱਕ ਕੇ ਸੰਗਤ ਨੂੰ ਉੱਦਮ ਤੇ ਉਤਸ਼ਾਹ ਬਖ਼ਸ਼ਿਆ। ਉਹਨਾਂ ਹੋਰ ਵੀ ਭਾਰੇ ਭਾਰੇ ਟੋਕਰੇ ਭਰ ਭਰ ਕੇ ਸੁੱਟੇ। ਉਹਨਾਂ ਬਚਨ ਕੀਤਾ ਜੋ ਗੁਰੂ ਕੇ ਸਰੋਵਰ ਕੀ ਕਾਰ ਕੱਢੇਗਾ ਉਸ ਨੂੰ ਬੜਾ ਪੁੰਨ ਹੋਵੇਗਾ। ਉਸ ਦਾ ਅੱਗਾ ਸੌਰੇਗਾ। ਪਰਵਾਰ ਦੇ ਸਭ ਜੀਅ ਮਾਤਾ ਜੀਵਨ

ਕੌਰ, ਮਾਤਾ ਫ਼ਤਹਿ ਕੌਰ, ਸਾਹਿਬਜ਼ਾਦੇ, ਬੀਬੀ ਨੰਦਾਂ ਦੀਆਂ ਨੂੰਹਾਂ ਸਭ ਕਾਰ ਕੱਢਣ ਲੱਗੇ। ਸਾਧ ਸੰਗਤ ਵੀ ਕਹੀਆਂ ਨਾਲ ਟੋਕਰੇ ਭਰਦੀ ਰਹੀ, ਆਪ ਚੁਕਦੀ ਰਹੀ, ਚੁਕਾਉਂਦੀ ਰਹੀ ਤੇ ਸੇਵਾ ਦਾ ਪੁੰਨ ਲੈਂਦੀ ਰਹੀ।

ਜਿਹੜਾ ਜ਼ਿਆਦਾ ਭਰਿਆ ਟੋਕਰਾ ਚੁਕਣੋ ਸਿੰਘ ਝਿਜਕਦੇ, ਸਤਿਗੁਰੂ ਜੀ ਚੁੱਕ ਲੈਂਦੇ। ਉਹਨਾਂ ਨੂੰ ਦੋ ਸਿੰਘ ਚੁਕਾਉਂਦੇ। ਕਈ ਟੋਕਰੇ 6-7 ਮਣ ਭਾਰੇ ਹੁੰਦੇ। 8 ਦਿਨ ਕਾਰ ਸੇਵਾ ਚਲਦੀ ਰਹੀ। ਸਾਧ ਸੰਗਤ ਦੀ ਅਰਜ਼ ਮੰਨ ਕੇ ਸਤਿਗੁਰੂ ਜੀ ਕੁਰਸੀ ਤੇ ਬੈਠ ਕੇ ਉਹਨਾਂ ਉੱਤੇ ਕਿਰਪਾ ਦ੍ਰਿਸ਼ਟੀ ਪਾਉਂਦੇ ਰਹਿੰਦੇ।

ਸਤਿਗੁਰੂ ਜੀ ਜਿੱਥੇ ਬੈਠ ਕੇ ਭਜਨ ਬੰਦਗੀ ਕਰਦੇ ਹੁੰਦੇ ਸਨ ਓਥੇ ਫਲਾਹੀ ਦਾ ਰੁੱਖ ਸੀ। ਉਸ ਦੇ ਹੇਠੋਂ ਤਿੰਨ ਕੋਣਾ ਹਵਨ ਕੁੰਡ ਨਿਕਲਿਆ। ਉਸ ਵਿੱਚ ਪਏ ਕੋਲੇ ਥਿੰਦੇ ਸਨ। ਕਿਸੇ ਨੇ ਇਸ ਬਾਰੇ ਪੁੱਛਿਆ ਤਾਂ ਆਪ ਜੀ ਨੇ ਬਚਨ ਕੀਤਾ ਅਸੀ ਏਥੇ ਦੋਵੇਂ ਭਰਾ ਤ੍ਰੇਤੇ ਯੁੱਗ ਵਿੱਚ ਹਵਨ ਕਰਦੇ ਹੁੰਦੇ ਸੀ।

ਕਾਰ ਸੇਵਾ ਕਰਨ ਨਾਲ, ਸਰੋਵਰ ਦਾ ਜਲ ਕਿਉਂਕਿ ਧਰਤੀ ਦਾ ਹੇਠਲਾ ਪਾਣੀ ਸੀ, ਉਸ ਦੇ ਨਿਤਰਨ ਨਾਲ ਸਾਧ ਸੰਗਤ ਲਈ ਮੇਲਿਆਂ ਤੇ ਇਸ਼ਨਾਨ ਦਾ ਹੋਰ ਸੁਖ ਬਣ ਗਿਆ ਤੇ ਪਾਣੀ ਦੀ ਸਮੱਸਿਆ ਹੱਲ ਹੋ ਗਈ। ਚਾਰ ਖੂਹੀਆਂ ਹੋਰ ਵੀ ਸਨ।

ਸਤਿਗੁਰੂ ਜੀ ਨੇ ਹੁਕਮ ਕੀਤਾ ਰਾਮਸਰ ਲਾਗੇ ਨਾ ਚੀਤਾ ਛੱਡਿਆ ਜਾਏ ਨਾ ਜੰਗਲ ਮੈਦਾਨ ਜਾਇਆ ਜਾਏ। ਦਾਤਨ ਬਾਹਰ ਕੀਤੀ ਜਾਏ। ਕਛਹਿਰਾ ਬਾਹਰ ਨਿਚੋੜਿਆ ਜਾਏ ਕੋਈ ਹੋਰ ਕੱਪੜਾ ਵੀ ਏਥੇ ਨਾ ਧੋਤਾ ਜਾਏ। ਇਥੇ ਇਸ਼ਨਾਨ ਸਣੇਕੇਸੀਂ ਕੀਤਾ ਜਾਏ। ਇਹ ਸਤਿਜੁਗ ਦਾ ਤੀਰਥ ਹੈ ਇਸ ਦੀ ਬੇਅਦਬੀ ਬਿਲਕੁਲ ਨਾ ਕੀਤੀ ਜਾਏ।

ਸਰਕਾਰ ਨੇ ਸ਼ਾਹੂਕਾਰਾਂ ਨੂੰ ਆਮਦਨ ਟੈਕਸ ਲਾਇਆ ਸੀ। ਜ਼ੈਲਦਾਰ ਤੇ ਮੁਨਸ਼ੀ ਨੇ ਲਿਖਵਾਇਆ ਕਿ ਭੈਣੀ ਸਾਹਿਬ ਹਜ਼ਾਰਾਂ ਦਾ ਵਪਾਰ ਹੁੰਦਾ ਹੈ। ਉਹ ਅਨਾਜ ਤੇ ਲੋਹੇ ਦਾ ਵਪਾਰ ਕਰਦੇ ਹਨ। ਦੁਕਾਨ ਹੈ। ਤਸੀਲਦਾਰ ਨੂੰ ਤਹਿਕੀਕਾਤ ਲਈ ਭੇਜਿਆ ਗਿਆ। ਉਸ ਨੇ ਆ ਕੇ ਵੇਖਿਆ ਕੋਈ ਦੁਕਾਨ ਨਹੀਂ, ਬੱਸ ਲੰਗਰ ਚਲਦਾ ਹੈ, ਸਦਾ ਵਰਤ। ਉਸ ਨੇ ਜ਼ੈਲਦਾਰ ਮੁਨਸ਼ੀ ਵਲ ਵੇਖਿਆ ਉਹਨਾਂ ਨੇ ਮੂੰਹ ਨੀਵਾਂ ਕਰ ਲਿਆ।

ਸਤਿਗੁਰੂ ਜੀ ਨੂੰ ਡਿਪਟੀ ਕਮਿਸ਼ਨਰ ਨੇ ਆਮਦਨ ਕਰ ਦੇ ਨਿਪਟਾਰੇ ਲਈ ਸੱਦਿਆ। ਵੇਖਣ ਵਾਲੇ ਹੈਰਾਨ ਸਨ ਕਿ ਇਹਨਾਂ ਨੂੰ ਕਿਉਂ ਸੱਦਿਆ

ਹੈ? ਪੁੰਨ ਕਰਨ ਦੀ ਥਾਂ ਹੈ। ਉਹਨਾਂ ਨੂੰ ਲੱਗਾ ਕਿ ਸਰਕਾਰੀ ਕਰਿੰਦੇ ਨਾਜਾਇਜ਼ ਤੰਗ ਕਰਨਾ ਚਾਹੁੰਦੇ ਹਨ। ਡੀ. ਸੀ. ਨੇ ਮਿਸਲ ਮੰਗਵਾਈ। ਉਥੇ ਤਸੀਲਦਾਰ ਨੇ ਸਾਫ਼ ਲਿਖਿਆ ਸੀ ਕਿ ਕੋਈ ਵਪਾਰ ਨਹੀਂ ਚਲਦਾ ਸਗੋਂ ਭੁੱਖੇ ਨੂੰ ਰੋਟੀ ਦੇਂਦੇ ਹਨ। ਡੀ. ਸੀ. ਨੇ ਕੇਸ ਖਾਰਜ ਕਰ ਦਿਤਾ।

ਬਾਹਰ ਆ ਕੇ ਮੁਨਸ਼ੀ ਕਹਿਣ ਲੱਗਾ, "ਜੀ ਮੈਨੂੰ ਬਖ਼ਸ਼ੋ, ਮੈਥੋਂ ਭੁਲ ਹੋ ਗਈ, ਤੁਸੀਂ ਗੁਰੂ ਹੋ।" ਆਪ ਨੇ ਬਚਨ ਕੀਤਾ, "ਸਤਿਗੁਰੂ ਰਾਮ ਸਿੰਘ ਜੀ ਗੁਰੂ ਹਨ, ਉਹੀ ਬਖ਼ਸ਼ ਸਕਦੇ ਹਨ। ਮੈਂ ਤਾਂ ਉਹਨਾਂ ਦੀ ਲੋਹ ਦਾ ਸੇਵਕ ਹਾਂ।" ਮੁਨਸ਼ੀ ਨੇ ਨੀਵੀਂ ਪਾ ਲਈ ਤੇ ਚਲਾ ਗਿਆ।

ਅਗਸਤ 1898 ਵਿੱਚ ਬਦਲੀ ਹੋਣ ਤੇ ਨਵਾਂ ਹਵਾਲਦਾਰ ਆਇਆ। ਉਹ ਬੜਾ ਅੜਬ ਤੇ ਆਕੜ ਖਾਂ ਸੀ। ਉਹ ਗੁਰਦੁਆਰੇ ਵਿੱਚ ਰਹਿੰਦੇ ਸਿੰਘਾਂ ਦੀ ਗਿਣਤੀ ਕਰਨ ਲੱਗਾ, ਨਾਂ, ਥਾਂ ਪੁੱਛਣ ਲੱਗਾ ਤੇ ਕਹਿਣ ਲੱਗਾ ਡੇਰੇ ਵਿੱਚ ਓਨੇ ਹੀ ਰਹਿਣਗੇ ਜਿੰਨਿਆਂ ਦੀ ਇਜਾਜ਼ਤ ਹੈ। ਬਾਕੀ ਸਾਰੇ ਹੱਦ ਤੋਂ ਬਾਹਰ ਚਲੇ ਜਾਓ। ਉਸ ਨੂੰ ਜਿਉਂ ਜਿਉਂ ਸਮਝਾਇਆ ਉਹ ਸਿਰੇ ਚੜ੍ਹੀ ਗਿਆ। ਸਤਿਗੁਰੂ ਜੀ ਬਚਨ ਕੀਤਾ ਏਥੇ ਸਭ ਨਿਆਸਰੇ ਹਨ, ਰੱਬ ਦੇ ਆਸਰੇ। ਆਜਜ਼ ਲੋਕ ਹਨ। ਪਰ ਉਹ ਤੁਰਕ ਹਵਾਲਦਾਰ ਨਾ ਮੰਨੇ ਤੇ ਕਹੇ ਕਿ ਉਹ ਮਲਕਾ ਦਾ ਹੁਕਮ ਹੀ ਮੰਨੇਗਾ। ਉਸ ਨਾਲ ਮੱਥਾ ਮਾਰਨ ਦਾ ਕੋਈ ਅਸਰ ਨਾ ਹੁੰਦਾ ਵੇਖ ਕੇ ਫਾਲਤੂ ਸਿੰਘ ਰਾਮਸਰ ਰਹਿਣ ਲੱਗੇ। ਉਥੇ ਹੀ ਲੰਗਰ ਪਾਣੀ ਪਹੁੰਚਾਇਆ ਜਾਂਦਾ।।

1898 ਈ. ਵਿੱਚ ਬਾਬਾ ਦਰਬਾਰਾ ਸਿੰਘ ਦੌਰੇ ਲਈ ਛੁੱਟੀ ਮੰਗਣ ਡੀ. ਸੀ. ਕੋਲ ਗਿਆ। ਉਹ ਅੱਗੋਂ ਗੁੱਸੇ ਵਿੱਚ ਬੋਲੇ। ਬਾਬਾ ਜੀ ਚਾਰ ਦਿਨ ਜਾਂਦੇ ਰਹੇ। ਡਿਪਟੀ ਕਮਿਸ਼ਨਰ ਨੇ ਕਹਿ ਦਿਤਾ ਜ਼ਿਲ੍ਹੇ ਲਿਖ ਕੇ ਦਿਓ। ਉਸ ਨੇ ਪੰਜ ਜ਼ਿਲ੍ਹੇ ਅੰਮ੍ਰਿਤਸਰ, ਲਹੌਰ, ਗੁਜਰਾਂਵਾਲਾ, ਸਿਆਲ ਕੋਟ, ਝੰਗ ਲਿਖ ਕੇ ਦੇ ਦਿੱਤੇ। ਅੱਗੋਂ ਪੁੱਛ ਕੇ ਤਿੰਨ ਮਹੀਨਿਆਂ ਦੇ ਦੌਰੇ ਦੀ ਸਤਿਗੁਰੂ ਜੀ ਨੂੰ ਛੁੱਟੀ ਮਿਲੀ।

ਸਤਿਗੁਰੂ ਅਰਦਾਸਾ ਕਰਕੇ ਸਿਖਾਂ ਸੇਵਕਾਂ, ਰਾਗੀਆਂ, ਢਾਡੀਆਂ ਸਹਿਤ ਲਾਹੌਰ ਪੁਜੇ। ਉੱਥੇ ਗਿਆਨੀ ਦਿੱਤ ਸਿੰਘ ਆ ਕੇ "ਗਿਆਨ" ਦੇਣ ਲੱਗਾ। ਉਹ ਸਿੰਘ ਸਭੀਆ ਸੀ, ਸਰਕਾਰੀਆ। ਸੰਤੋਖ ਸਿੰਘ ਬਾਹੋਵਾਲ ਦਾ ਤਰਕ ਉਸ ਨੂੰ ਕਾਟ ਨਾ ਕਰੇ। ਕੁਝ ਸਿੰਘਾਂ ਨੇ ਸਿੱਧਾ ਕਿਹਾ, "ਤੂੰ ਦਾੜ੍ਹੀ ਪਾੜ ਕੇ ਕੰਨਾਂ ਤਕ ਬੰਨ੍ਹੀ ਹੋਈ ਹੈ ਇਹ ਦਸਵੇਂ ਪਾਤਸ਼ਾਹ ਦਾ ਹੁਕਮ ਹੈ? ਫਿਰ ਕਿਉਂ ਸਿਖੀ ਦੀ ਠੇਕੇਦਾਰੀ ਕਰਦਾ

ਹੈਂ?" ਉਸ ਨੂੰ ਜੁਆਬ ਨਾ ਆਇਆ ਤੇ ਸ਼ਰਮਿੰਦਾ ਹੋ ਕੇ ਚਲਾ ਗਿਆ।

ਸਤਿਗੁਰੂ ਜੀ ਨੇ ਲਾਹੌਰ ਬਾਬਾ ਦੇਵਾ ਸਿੰਘ ਸਪੁੱਤਰ ਮਿਸਤਰੀ ਸੋਭਾ ਸਿੰਘ ਘਰ 12 ਲੰਗਰ ਕੀਤੇ। ਸਾਧ ਸੰਗਤ ਆਉਂਦੀ ਰਹੀ ਆਸਾ ਦੀ ਵਾਰ ਤੇ ਦਿਵਾਨ ਲਗਦੇ ਰਹੇ। ਇਸ ਬਾਬਾ ਜੀ ਨੂੰ ਮਈ 1872 ਈ. ਵਿੱਚ ਦੋ ਮਹੀਨੇ ਦੀ ਸਖ਼ਤ ਕੈਦ ਹੋਈ ਸੀ ਪਰ ਇਹ ਬੇਪਰਵਾਹ ਸਿੱਖ ਸੀ।

ਵਿਸਾਖਾ ਸਿੰਘ ਨੇ ਆਪਣੇ ਘਰ ਕੰਗਨਪੁਰ ਅਖੰਡ-ਪਾਠ ਕਰਾਇਆ।ਅਰਜ਼ ਮੰਨ ਕੇ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਸਾਧ ਸੰਗਤ ਨੇ ਆਉਣਾ ਹੀ ਸੀ।

ਸ਼ੇਖੂਪੁਰੇ ਦੇ ਪਿੰਡੀ, ਸਖਾਣੇ, ਸੇਖਵਾਂ ਤੋਂ ਹੋ ਕੇ, ਪਿੰਡੀ ਦਾਸ, ਬੌਰਿਆਂ ਤੋਂ ਹੁੰਦੇ, ਸਿੱਖਾਂ ਦੀ ਅਰਜ਼ਾਂ ਬੇਨਤੀਆਂ ਪ੍ਰਵਾਨ ਕਰਕੇ, ਲੰਗਰ ਕਰਦੇ, ਸਾਧ ਸੰਗਤ ਨੂੰ ਦਰਸ਼ਨ ਦੇਂਦੇ ਆਪ ਨੇ ਗੁਜਰਾਂਵਾਲੇ ਚਰਨ ਪਾਏ।

ਉਥੇ ਡਿਪਟੀ ਕਮਿਸ਼ਨਰ ਜੇ. ਆਰ. ਡਰੂਮੈਡਾ ਅਤੇ ਡਿਸਟ੍ਰਿਕਟ ਸੁਪਰਿੰਟੈਂਡੈਂਟ ਪੁਲਿਸ ਨੇ ਆਪ ਨੂੰ ਸੱਦਿਆ। ਡੀ. ਐਸ. ਪੀ. ਨੇ ਪੁੱਛਿਆ :

"ਤੁਹਾਡਾ ਦੂਸਰੇ ਸਿੰਘਾਂ ਨਾਲ ਮੇਲ ਕਿਉਂ ਨਹੀਂ? ਤੁਸੀਂ ਵੱਖਰੇ ਕਿਉਂ ਹੋ?"

ਸਤਿਗੁਰੂ ਜੀ ਕਿਹਾ, "ਉਹ ਮਾਸ ਸ਼ਰਾਬ ਖਾਂਦੇ ਪੀਂਦੇ ਹਨ, ਨਾਲੇ ਉਹ ਵੇਸਵਾ ਗਮਨ ਕਰਦੇ ਹਨ। ਅਸੀਂ ਉਹਨਾਂ ਨੂੰ ਹਟਾਉਂਦੇ ਹਾਂ। ਉਹ ਹਟਦੇ ਨਹੀਂ ਸੋ ਮੇਲ ਕਿਵੇਂ ਹੋਵੇ?"

ਉਸ ਨੇ ਫੇਰ ਪੁੱਛਿਆ, "ਕਿੰਨੀ ਵਾਰ ਖਾਂਦੇ ਹੋ?"

ਸਤਿਗੁਰੂ ਜੀ ਬਚਨ ਕੀਤਾ, "ਅੱਠੀਂ ਪਹਿਰੀਂ ਪਰਸ਼ਾਦਾ ਛਕਦੇ ਹਾਂ।"

ਉਸ ਨੇ ਇਸ਼ਨਾਨ ਕਰਨ ਬਾਰੇ ਪੁੱਛਿਆ।

ਆਪ ਨੇ ਫ਼ਰਮਾਇਆ ਕਿ ਅੰਮ੍ਰਿਤ ਵੇਲੇ ਦੋ ਵਜੇ, ਦੁਪਹਿਰੇ ਤੇ ਸ਼ਾਮ ਨੂੰ ਤਿੰਨ ਵਾਰ ਇਸ਼ਨਾਨ ਕਰਦਾ ਹਾਂ। ਆਪ ਨੇ ਪੁੱਛਣ ਤੇ ਇਹ ਵੀ ਦੱਸਿਆ ਕਿ ਇਕ ਦਿਨ ਵਿੱਚ ਘੋੜੀ ਉੱਤੇ ਸੌ ਮੀਲ ਤਕ ਸਫ਼ਰ ਕਰਦਿਆਂ ਥੱਕਦੇ ਅੱਕਦੇ ਨਹੀਂ।

ਸ੍ਰੀ ਸਤਿਗੁਰੂ ਜੀ ਅੰਮ੍ਰਿਤ ਵੇਲੇ 2 ਵਜੇ ਜਾਗ ਪੈਂਦੇ ਸਨ। ਗੜਵਈ ਰਾਗਾ ਸਿੰਘ ਜੰਗਲ ਮੈਦਾਨ ਜਾਣ ਸਮੇਂ ਜਲ ਦਾ ਗੜਵਾ ਨਾਲ ਲੈ ਜਾਂਦਾ ਸੀ। ਆਪ ਸਣੇਕੇਸੀ ਸੋਧ ਦਾ ਇਸ਼ਨਾਨ ਕਰਕੇ ਅੰਮ੍ਰਿਤ ਵੇਲੇ ਹੀ ਅਕਾਲ ਪੁਰਖ ਨਾਲ ਅਭੇਦ ਹੋ ਜਾਂਦੇ ਸਨ।

ਜੇ. ਆਰ. ਡਰੂਮੈਡਾ ਡਿਪਟੀ ਕਮਿਸ਼ਨਰ ਗੁਜਰਾਂਵਾਲਾ, ਕੋਲ ਜਾ ਕੇ ਨਾਮ ਜਪਣ ਜਪਾਉਣ, ਬਾਣੀ ਪੜ੍ਹਨ ਤੇ ਮੰਦੇ ਕਰਮੋਂ ਸਿੱਖਾਂ ਨੂੰ ਵਰਜਣ ਦੀ ਸਭ ਮਰਯਾਦਾ ਦੱਸੀ। ਉਸਨੇ ਕਿਹਾ ਕਿ ਜੇ ਤੁਹਾਡਾ ਵਰਤਾਵਾ ਸਹੀ ਰਿਹਾ ਤਾਂ ਸਭ ਜ਼ਿਲ੍ਹਿਆਂ ਵਿੱਚ ਦੌਰਾ ਕਰਨ ਦੀ ਖੁਲ੍ਹੀ ਛੁੱਟੀ ਮਿਲਣ ਬਾਰੇ ਕਮਿਸ਼ਨਰ ਨੂੰ ਲਿਖਿਆ ਜਾਏਗਾ। ਇਸ ਨਾਲ ਛੁੱਟੀ ਮਿਲ ਸਕਦੀ ਹੈ।

ਸਤਿਗੁਰੂ ਜੀ ਗੁਜਰਾਂਵਾਲੇ ਦੇ ਨਾਮਧਾਰੀ ਡੇਰੇ ਦਰਸ਼ਨ ਦਿੱਤੇ। ਦਿਵਾਨ ਲੱਗੇ। ਸਾਧ ਸੰਗਤ ਨੂੰ ਆਪ ਗੁਰੂ ਨਾਨਕ ਦਾ ਰੂਪ ਦਿਸੇ। ਕਈ ਸਿੰਘਾਂ ਨੇ ਪ੍ਰਭਾਵਿਤ ਹੋ ਕੇ ਭਜਨ ਪੁੱਛਿਆ। ਕਈਆਂ ਨੇ ਆਪਦੇ ਦੁਖ ਦਲਿੱਦਰ ਦਾ ਨਾਸ ਕਰਵਾਇਆ।

ਆਪ ਨੇ ਵਰਨੀਂ ਦਰਸ਼ਨ ਦਿੱਤੇ ਤਾਂ ਓਥੇ ਵੀ ਦਿਵਾਨ ਲੱਗਾ ਹੋਇਆ ਸੀ। ਸਤਿਗੁਰੂ ਜੀ ਤਾਰਿਆਂ ਵਿੱਚ ਚੰਨ ਵਾਂਗ ਸੁਭਾਇਮਾਨ ਹੋਏ।

ਚੂਹੜਕਾਣੇ ਆਪ ਨੇ ਦੋ ਅਨੰਦ ਕਾਰਜ ਕੀਤੇ। ਏਥੇ ਪਾਠਾਂ ਦੇ ਭੋਗ ਵੀ ਪਾਏ। ਖਾਨਗਾਹ ਡ਼ੋਗਰਾਂ ਤੋਂ ਹੁੰਦੇ ਗਦਾਂਵਾਲੇ ਪਹੁੰਚੇ ਤਾਂ ਲੁਧਿਆਣਿਓਂ ਪ੍ਰਵਾਨਾ ਆ ਗਿਆ, ਫੌਰਨ ਵਾਪਿਸ ਆਓ। ਉਥੇ ਗਏ ਤਾਂ ਬਾਬਾ ਦਰਬਾਰਾ ਸਿੰਘ, ਮਹੰਤ ਨਰਾਇਣ ਸਿੰਘ ਤੇ ਸੰਤ ਕਾਨ੍ਹ ਸਿੰਘ ਡਿਪਟੀ ਕਮਿਸ਼ਨਰ ਨੂੰ ਮਿਲਣ ਗਏ। ਉਸ ਨੇ ਪਹਿਲਾਂ ਗੁਜਰਾਂਵਾਲੇ ਜਾਣ ਦਾ ਬਹਾਨਾ ਬਣਾ ਕੇ ਛੁੱਟੀ ਮਨਸੂਖ ਕਰ ਦਿੱਤੀ ਤੇ ਕਿਹਾ ਕਿ ਪੰਜ ਤੋਂ ਵੱਧ ਸਿੰਘ ਕਿਤੇ ਇੱਕਠੇ ਨਾ ਹੋਣ, ਨਾ ਨਿਮਾਣੀ ਵਰਗਾ ਮੇਲਾ ਹੋਵੇ।

ਲਗਦਾ ਹੈ ਗਿਆਨੀ ਦਿੱਤ ਸਿੰਘ ਨੇ ਉੱਤੇ ਲਾਹੌਰ ਕੰਨ ਭਰੇ ਹੋਣਗੇ ਕਿ ਜੇ ਸਿੱਖ ਇਹਨਾਂ ਦੀ ਸੱਚੀ-ਸੁੱਚੀ ਜੀਵਨ ਜਾਚ ਅਪਣਾਉਣ ਲਗ ਪਏ ਤਾਂ ਸਰਕਾਰ ਦੀ ਵਫਾਦਾਰ ਸਿੰਘ ਸਭਾ ਦੀ ਕਿਸੇ ਨਹੀਂ ਸੁਣਨੀ। ਬੱਸ ਡਾਢੇ ਦਾ ਸੱਤੀ ਵੀਹੀਂ ਸੌ ਸੀ।

ਇੱਕ ਮਸਤਾਨੇ ਕਿਹਾ ਤੁਸੀਂ ਸਤਿਗੁਰੂ ਜੀ ਦੀ ਜੋਤ ਦਾ ਜਾਮਾ ਹੋ। ਆਪ ਨੇ ਕਿਹਾ ਮੈਂ ਤਾਂ ਤੁਹਾਡੇ ਮਨਾਂ ਦੇ ਫਾਲੇ ਸਿੱਧੇ ਕਰਕੇ ਉਹਨਾਂ ਨੂੰ ਡੰਗਣ ਵਾਲਾ ਲੁਹਾਰ ਹਾਂ। ਇਹ ਇਕੋ ਸੱਟ ਨਾਲ ਸਿਧੇ ਹੋਣ ਵਾਲੇ ਨਹੀਂ। ਉਹ ਤੂੰ ਹੀ ਤੂੰ ਹੀ ਕਹਿੰਦਾ ਹਥ ਜੋੜ ਸਿਰ ਨਿਵਾ ਕੇ ਚਲਾ ਗਿਆ।

ਮਹਿਮਦਪੁਰੀਏ ਸਿੱਖ ਮਹਿਤਾਬ ਸਿੰਘ ਨੇ ਆਪਣੀ ਲੜਕੀ ਗੁਰੂ ਦੇ ਹੁਕਮ ਅਨੁਸਾਰ ਇੱਕ ਗੁਰਸਿੱਖ ਨਾਲ ਮੰਗੀ। ਪਰ ਇੱਕ ਮੋਨੇ ਨਾਲ ਵਿਆਹ ਦਿੱਤੀ। ਸਤਿਗੁਰੂ ਜੀ ਨਰਾਜ਼ ਹੋਏ ਤੇ ਸੰਗਤ ਨੂੰ ਹੁਕਮ ਕੀਤਾ ਉਸਦੇ ਘਰ ਮੇਲੇ ਤੇ ਕੋਈ ਨਾ ਜਾਏ। ਜੇ ਕੋਈ ਜਾਏਗਾ ਤਾਂ ਤਨਖਾਹੀਆ

ਹੋਏਗਾ। ਉਸਨੂੰ ਪਤਾ ਲੱਗਾ ਉਹ ਆਪ ਤਾਂ ਨਹੀਂ ਆਇਆ ਉਸ ਨੇ ਆਪਣੀ ਸਿੰਘਣੀ ਨੂੰ ਗੁਰਦੁਆਰੇ ਸਤਿਗੁਰੂ ਜੀ ਨੂੰ ਬਖ਼ਸ਼ਣ ਲਈ ਅਰਜ਼ ਕਰਨ ਵਾਸਤੇ ਭੇਜਿਆ। ਸਤਿਗੁਰੂ ਜੀ ਨੇ ਬਚਨ ਕੀਤਾ ਤੇ ਸਖ਼ਤੀ ਨਾਲ ਕਿਹਾ ਜੇ ਬਚਨ ਨਹੀਂ ਮੰਨਣਾ ਤਾਂ ਆਉਣ ਦੀ ਲੋੜ ਨਹੀਂ। ਉਹ ਉਦਾਸ ਹੋਈ ਚਲੀ ਗਈ।

1899 ਈ. ਵਿੱਚ ਸਤਿਗੁਰੂ ਜੀ ਨੇ ਮਹੀਨੇ ਦੀ ਛੁੱਟੀ ਲੈ ਕੇ ਅੱਧ ਜੂਨ ਤੋਂ ਮੈਨ ਦੁਆਬਾ ਜ਼ਿਲ੍ਹਾ ਲੁਧਿਆਣਾ ਤੇ ਅੰਬਾਲੇ ਦਾ ਦੌਰਾ ਕੀਤਾ। ਆਪ ਜੀ ਉਟਾਲੀਂ, ਦਿਆਲਪੁਰਾ, ਘੁੰਗਰਾਲੀ, ਕਕਰਾਲੇ, ਸੰਧਵਾਂ ਸਾਧ ਸੰਗਤ ਨੂੰ ਦਰਸ਼ਨ ਦਿਦਾਰ ਦਾ ਸੁਭਾਗ ਬਖ਼ਸ਼ਦੇ ਚਮਕੌਰ ਸਾਹਿਬ ਪਧਾਰੇ। ਏਥੇ ਦੋਹੀਂ ਗੁਰਦੁਆਰੀਂ ਮਾਇਆ ਧਰ ਕੇ, ਸ਼ਰਧਾ ਨਾਲ ਮੱਥਾ ਟੇਕਿਆ ਉਹਨਾਂ ਨੇ ਸਤਿਕਾਰ ਵਜੋਂ ਆਪ ਨੂੰ ਦਸਤਾਰ ਭੇਟ ਕੀਤੀ।

ਆਪ ਲਖਨਪੁਰ, ਖੁਮਾਣੋਂ, ਹਰਗਨੀ, ਡੂਮਛੇੜੀ, ਲੂਲੋਂ, ਰੁਪਾਲ ਹੇੜੀ, ਵੱਡੀ ਚੁੰਨ੍ਹੀ, ਛੋਟੀ ਚੁੰਨ੍ਹੀ ਦੀਆਂ ਸੰਗਤਾਂ ਨੂੰ ਤਾਰਦੇ ਹੋਏ ਰਾਏਪੁਰ ਪਧਾਰੇ। ਜਿਥੇ ਕਿਸੇ ਸਿੱਖ ਸਾਧ ਜਾਂ ਸੰਗਤ ਨੇ ਅਰਜ਼ ਕੀਤੀ ਲੰਗਰ ਕੀਤੇ, ਰਾਤ ਬਿਸਰਾਮ ਕੀਤਾ, ਵਾਰ ਲਾਈ ਦਿਵਾਨ ਲਾਏ, ਅਨੰਦ ਕੀਤਾ ਅਤੇ ਅਸ਼ੀਰਵਾਦ ਦੇ ਕੇ ਅਗਲੇ ਪੜਾਅ ਲਈ ਕਮਰ ਕੱਸਾ ਕੀਤਾ। ਅਗਲੇ ਪੜਾਅ ਮੌਲੀ, ਕੁਰਾਲੀ, ਬਨੂੜ ਸਨ। ਬਨੂੜ ਦੀ ਪੰਚਾਇਤ ਨੇ ਲੰਗਰ ਲਈ ਅਰਜ਼ ਕੀਤੀ ਤਾਂ ਆਪ ਨੇ ਮਾਸ ਸ਼ਰਾਬ ਛੱਡ ਕੇ ਭਜਨ ਲੈਣ ਲਈ ਫ਼ਰਮਾਇਆ। ਚਾਰ ਤਾਂ ਪਹਿਲਾਂ ਹੀ ਨਾਮਧਾਰੀ ਸਿੰਘ ਸਨ ਬਾਕੀ ਦੋਂਹ ਪੰਚਾਇਤੀਆਂ ਵੀ ਭਜਨ ਪੁੱਛ ਕੇ ਜਨਮ ਸੁਧਾਰਿਆ। ਬਨੂੜ ਨੰਬਰਦਾਰ ਵਧਾਵਾ ਸਿੰਘ ਘਰ ਸਤਿਗੁਰੂ ਜੀ ਸੇਵਕਾਂ, ਰਾਗੀਆਂ ਤੇ ਸੰਗਤ ਲਈ ਲੰਗਰ ਹੋਇਆ।

ਭਾਣੋਖੇੜੀ, ਮਦੌੜ, ਝਾੜਮਾੜੀ, ਥੂਹੇ, ਬਾਲੜੀ, ਮਹਿਮਦਪੁਰ. ਭੈਰਉਪੁਰ, ਚਨਾਰਥਲ ਛੋਟੇ, ਬਾਮਣ ਮਾਜਰੇ, ਸੇਹ ਤੋਂ ਗੁਰੂਸਰ ਹੁੰਦੇ ਸ੍ਰੀ ਭੈਣੀ ਸਾਹਿਬ ਸਿੱਕਾਂ ਸਿੱਕਦੀ ਸੰਗਤ ਦੀ ਦੀਦ ਦੀ ਈਦ ਕੀਤੀ। ਸੰਗਤ ਆਪ ਜੀ ਦੀ ਸਰੀਰਕ ਤਾਕਤ ਤੇ ਹੈਰਾਨ ਸੀ ਕਿ 80 ਸਾਲ ਦੀ ਅਵਸਥਾ ਵਿੱਚ ਵੀ ਸਰੀਰ ਵਿੱਚ ਨਾ ਅਕਾਅ ਨਾ ਥਕਾਅ। ਬੜੇ ਚੁਸਤ ਦਰੁਸਤ ਤੇ ਕਈ ਜਵਾਨਾਂ ਨਾਲੋਂ ਵੱਧ ਹਿੰਮਤੀ ਤੇ ਉੱਦਮੀ ਸਨ। ਥਕੌਣ ਦਾ ਬਹਾਨਾ ਨਾ ਲਭਦੇ ਸਨ ਨਾ ਬਣਾਉਂਦੇ ਸਨ। ਇਸ ਨਾਲ ਸੰਗਤ ਵਿੱਚ ਉਤਸ਼ਾਹ ਤੇ ਜੋਸ਼ ਵਧਦਾ ਸੀ।

ਬੀਬੀ ਗੁਰਦੇਈ ਨੂੰ ਜਿਸ ਦਿਨ ਦੀਆਂ ਗੁਰਦੁਆਰੇ ਦੀਆਂ ਕੁੰਜੀਆਂ ਦਿੱਤੀਆਂ, ਉਹ ਹੱਥ ਘੁੱਟ ਕੇ ਰੱਖਦੀ ਸੀ। ਕਈ ਵਾਰ ਗੁਰਦੁਆਰੇ ਰਹਿਣ ਵਾਲਿਆਂ ਨੂੰ ਨਾਮਾਤਰ ਵਸਤੂ ਵੀ ਮੰਗਣ ਉਤੇ ਮਿਲਣ ਦੀ ਔਖ ਜਾਪਣੀ। ਉਸ ਦੇ ਵਰਤਾਰੇ ਨਾਲ ਉਹਨਾਂ ਦਾ ਮਨ ਦੁਖਦਾ ਤੇ ਸੇਵਾ ਵਿੱਚ ਵਿਘਨ ਪੈਂਦਾ। ਸੁਭਾਅ ਵੀ ਉਹਨਾਂ ਦਾ ਅਸਧਾਰਨ ਸੀ। ਬਗਲੀ ਵਾਲੇ ਸੰਤ ਸੁਧ ਸਿੰਘ ਨੇ ਡੇਰੇ ਵਾਲਿਆਂ ਦੀ ਇਹ ਭਾਵਨਾ ਸ੍ਰੀ ਸਤਿਗੁਰੂ ਜੀ ਅੱਗੇ ਪ੍ਰਗਟ ਕੀਤੀ। ਆਪ ਨੇ ਅਸਿੱਧੇ ਤਰੀਕੇ ਨਾਲ ਗੁਰਦੇਈ ਨੂੰ ਸਮਝਾਉਣ ਲਈ ਬਚਨ ਕੀਤਾ ਕਿ ਉਹ ਭਜਨ ਕਰਿਆ ਕਰੇ ਸੇਵਾ ਬਹੁਤ ਹੋ ਗਈ ਹੈ। ਪਰ ਉਹ ਨਾ ਸਮਝੀ।

ਇੱਕ ਵਾਰ ਸੰਜੋਗ ਬਣ ਗਿਆ ਕਿ ਗੁਰਦੇਈ ਆਪਣੇ ਘਰ ਨਾਭੇ ਚਲੀ ਗਈ। ਖ਼ਾਸ ਇਮਾਨਤਾਂ ਤੇ ਕੀਮਤੀ ਸਮਾਨ ਵਾਲੇ ਮਾਲ ਖ਼ਜ਼ਾਨੇ ਵਾਲੇ ਟਰੰਕਾਂ ਦੀਆਂ ਕੁੰਜੀਆਂ ਨਾਲ ਲੈ ਗਈ। ਬ੍ਰਾਹਮਣਾਂ ਨੇ ਸਤਿਗੁਰੂ ਜੀ ਤੋਂ ਕੜੇ ਮੰਗੇ। ਆਪ ਜੀ ਨੇ ਮਾਤਾ ਜੀਵਨ ਕੌਰ ਨੂੰ ਦੇਣ ਲਈ ਹੁਕਮ ਕੀਤਾ। ਉਹਨਾਂ ਨੇ ਅਰਜ਼ ਕੀਤੀ ਕਿ ਕੜੇ ਤਾਲੇ ਵਿੱਚ ਬੰਦ ਹਨ, ਚਾਬੀਆਂ ਬੀਬੀ ਗੁਰਦੇਈ ਲੈ ਗਈ ਹੈ। ਉਹ ਜਾਣ ਲੱਗੀ ਕੁੰਜੀਆਂ ਦੇਂਦੀ ਸੀ ਪਰ ਮਾਤਾ ਜੀ ਬਿਨਾਂ ਹੁਕਮ ਤੋਂ ਨਾ ਲਈਆਂ।

ਬੀਬੀ ਗੁਰਦੇਈ ਆਈ। ਸਤਿਗੁਰੂ ਜੀ ਦੇ ਹੁਕਮ ਅਨੁਸਾਰ 1 ਅਗਸਤ 1899 ਨੂੰ ਕੁੰਜੀਆਂ ਮਾਤਾ ਜੀਵਨ ਕੌਰ ਜੀ ਨੂੰ ਮਿਲੀਆਂ। ਸਾਧ ਸੰਗਤ ਪ੍ਰਸੰਨ ਸੀ ਕਿਉਂਕਿ ਘਰ ਦੀਆਂ ਵਸਤਾਂ ਘਰ ਪਹੁੰਚ ਗਈਆਂ ਸੀ। ਉਹਨਾਂ ਅਨੁਸਾਰ ਮਾਤਾ ਜੀ, ਸੂਬਾ ਖ਼ੁਸ਼ਹਾਲ ਸਿੰਘ ਘਰ, ਪੇਕੀਂ ਸਮਰਥ ਸਨ ਏਥੇ ਕੋਈ ਕਮੀ ਹੈ ਹੀ ਨਹੀਂ, ਸੋ ਸਖਾਵਤ ਵਰਤਣਗੇ।

ਮਾਤਾ ਜੀ ਦੇ ਸਤਿਗੁਰੂ ਹਰੀ ਸਿੰਘ ਦੇ ਮਹਿਲ ਬਣਨ ਤੋਂ ਪਹਿਲਾਂ ਉਹਨਾਂ ਦੇ ਪਿਤਾ ਸੂਬਾ ਖ਼ੁਸ਼ਹਾਲ ਸਿੰਘ ਜੀ ਨੇ ਪੰਜ ਸਿਖਿਆਵਾਂ ਦਿੱਤੀਆਂ ਸਨ।

1. ਤਨ ਨੂੰ ਵਿਦੇਸ਼ੀ ਕੱਪੜਾ ਨਹੀਂ ਲਾਉਣਾ
2. ਪੈਰੀਂ ਜੁਰਾਬਾਂ ਨਹੀਂ ਪਾਉਣੀਆਂ।
3. ਛਤਰੀ ਲਾ ਕੇ ਨਹੀਂ ਫਿਰਨਾ
4. ਕੁਰਸੀ ਉਤੇ ਨਹੀਂ ਬੈਠਣਾ
5. ਸੇਵਾ ਕਰਨੀ ਸਭ ਦੀ ਕਿਸੇ ਨੂੰ ਨਿਰਾਸ ਨਹੀਂ ਕਰਨਾ, ਨਾ ਵਿਤਕਰਾ ਕਰਨਾ।

ਇਹਨਾਂ ਦੀ ਮਾਤਾ ਜੀ ਨੇ ਗੰਢ ਬੰਨ੍ਹੀ ਹੋਈ ਸੀ। ਸੋ ਘਾਟਾ ਨ
ਰਹਿਣਾ ਸੀ।

ਮਾ. ਨਿਹਾਲ ਸਿੰਘ ਅਨੁਸਾਰ:-

ਬਾਰ੍ਹੀਂ ਵਰੀਂ ਚਾਬੀਆਂ ਹੱਥ ਆਈਆਂ।
ਹੈਂਕੜ ਨਹੀਂ ਆਈ,
ਸੇਵਾ ਭਾਵ ਵਧਿਆ।
ਲਛਮੀ ਪ੍ਰਤਖ ਰੂਪ ਧਾਰਿਆ।
ਅੰਮ੍ਰਿਤ ਵੇਲਾ, ਧੰਮੀ ਵੇਲਾ, ਸੂਰਜ ਦੀ ਟਿੱਕੀ,
ਛਾਹ ਵੇਲਾ, ਭੱਤੇ ਵੇਲਾ, ਖੌਂ ਪੀਆ।
ਸੋਤਾ, ਅੱਧੀ ਰਾਤ
ਕਿਸੇ ਵੇਲੇ ਕੋਈ ਆਵੇ
ਮਾਤਾ ਸਦਾ ਤਤਪਰ ਆਪਣੇ ਆਸਣ ਤੇ।
ਰਸਨਾ ਹਿਲਾਉਂਦਿਆਂ

. . . . . . .

ਅਤਿਥੀ ਦਾ ਪੂਰਾ ਪੂਰਾ ਸਤਿਕਾਰ।
ਸਿੱਧੀ ਪੱਗ, ਨੀਲਾ ਦੁਮਾਲਾ,
ਭਗਵਾ ਸਾਧੂ, ਜਟਾਧਾਰੀ, ਉਦਾਸੀ,
ਨਿਰਮਲੇ, ਨਿਰੰਕਾਰੀ, ਰੂਮੀ ਟੋਪੀ, ਕਲੀ ਪੋਸ਼
ਗਊ ਰੱਤ ਨਾਲ ਲਿਬੜੀ ਛੁਰੀ ਵਾਲਾ
ਮੋਮਨ, ਕਾਫਰ, ਆਸਤਕ ਨਾਸਤਕ
ਸਭ ਨੂੰ ਜੀ ਆਇਆਂ।

-ਸੀਤਲਤਾ ਦਾ ਸ੍ਰੋਤ

ਇਸ ਨਾਲ ਗੁਰੂ ਘਰ ਦਾ ਜੱਸ ਤੇ ਮਾਤਾ ਜੀ ਦੀ ਸੋਭਾ ਵਧਣ ਲੱਗੀ।

ਸੁਹੇਲ ਸਿੰਘ ਨੇ ਕਿਸੇ ਗੱਲ ਤੇ ਗੁੱਸਾ ਆਉਣ ਕਰਕੇ ਬਾਬਾ ਹੀਰਾ ਸਿੰਘ ਕੁੱਬੇ ਵਾਲਿਆਂ ਨੂੰ ਮਾਰਿਆ। ਸਤਿਗੁਰੂ ਜੀ ਕੋਲ ਸ਼ਿਕਾਇਤ ਗਈ ਕਿ ਬਿਰਧ ਨੂੰ ਮਾਰਿਆ ਹੈ। ਆਪ ਨੇ ਕਿਸੇ ਨੂੰ ਵੀ ਨਾ ਮਾਰਨ ਦਾ ਕਹਿ ਕੇ ਬਚਨ ਕੀਤਾ ਜਿਸ ਨੇ ਸਿੰਘਾਂ ਨੂੰ ਮਾਰਨਾ ਹੈ ਡੇਰੇ ਨਾ ਰਹੇ, ਚਲਾ ਜਾਏ।

ਸੁਹੇਲ ਸਿੰਘ ਅਧੀਨਗੀ ਨਾਲ ਅਰਜ਼ ਕੀਤੀ, "ਗ਼ਰੀਬ ਨਿਵਾਜ਼, ਜਾ ਵੀ ਸਕਦੇ ਹਾਂ ਪਰ ਆਪ ਦੇ ਸਰਾਫ਼ ਤੋਂ ਡਰਦੇ ਹਾਂ ਜਿਵੇਂ ਆਪ ਦੀ ਰਜ਼ਾ

ਹੈ ਰੱਖੋ। ਸਾਡੀ ਕੋਈ ਹੋਰ ਥਾਂ ਨਹੀਂ ਹੈ। ਸਾਡੇ ਵਿੱਚ ਬਹੁਤ ਔਗੁਣ ਹਨ, ਨਾ ਚਿਤਾਰੋ ਤਾਂ ਬਚਾਂਗੇ। ਲੇਖਾ ਦੇ ਕੇ ਛੁੱਟ ਨਹੀਂ ਸਕਦੇ। ਹਰ ਵਕਤ ਗੁਨਾਹ ਕਰਦੇ ਹਾਂ। ਬਖ਼ਸ਼ ਲੌ! ਬਖ਼ਸ਼ ਲੌ। ਮੈਂ ਅੱਗੋਂ ਲਈ ਮਾਰਨ ਤੋਂ ਤੋਬਾ ਕਰਦਾ ਹਾਂ।"

ਸਤਿਗੁਰੂ ਜੀ ਬਚਨ ਕੀਤਾ ਮੂੰਹ ਕਾਲਾ ਕਰ ਕੇ ਜਿਸ ਨੂੰ ਮਾਰਿਆ ਹੈ ਉਸ ਤੋਂ ਮਾਫੀ ਮੰਗ। ਸੁਹੇਲ ਸਿੰਘ ਨੇ ਇੰਝ ਹੀ ਕੀਤਾ ਤਾਂ ਸਤਿਗੁਰੂ ਜੀ ਨੇ ਬਖ਼ਸ਼ ਲਿਆ।

19ਵੀਂ ਸਦੀ ਦਾ ਆਖ਼ਰੀ ਸਮਾਂ ਹਿੰਦੁਸਤਾਨੀਆਂ ਖ਼ਾਸ ਕਰਕੇ ਰਾਜਸਥਾਨੀਆਂ ਲਈ ਭਿਅੰਕਰ ਸਮਾਂ ਸੀ। ਰਾਜਸਥਾਨੀ ਬਾਗੜੀ ਪਹਿਲਾਂ ਹੀ ਦਾਣੇ ਪਾਣੀ ਵਲੋਂ ਪੂਰੇ ਸੂਰੇ ਸਨ। ਉੱਤੋਂ ਕਾਲ ਦੀ ਮਾਰ ਵੱਜੀ। ਇਹ ਸਾਲ ਇਤਿਹਾਸ ਵਿੱਚ 56 ਦੇ ਮਹਾਂ ਕਾਲ ਵਜੋਂ ਦਰਜ ਹੈ, ਭਾਵ 1956 ਬਿਕ੍ਰਮੀ ਦਾ ਮਹਾਂ ਕਾਲ ਦਾ ਸਮਾਂ ਦੁਨੀਆਂ ਦੇ ਭੁੱਖੇ ਮਰਨ ਦਾ।

ਰੇਗਸਤਾਨੀ ਇਲਾਕੇ ਦੇ ਲੋਕ ਤਾਂ ਪਹਿਲਾਂ ਹੀ ਮੋਟਾ ਠੁਲ੍ਹਾ, ਖਾ ਕੇ ਗੁਜ਼ਾਰਾ ਕਰਦੇ ਸਨ। ਬੱਸ ਬਾਜਰਾ ਈ ਖਾਣ ਨੂੰ ਮਿਲਦਾ ਸੀ, ਰਾਬੜੀ ਪੀਣ ਨੂੰ। ਕਈਆਂ ਨੂੰ ਕਣਕ ਦੀ ਰੋਟੀ ਤਾਂ ਪਕਾਉਣੀ ਹੀ ਨਹੀਂ ਸੀ ਆਉਂਦੀ, ਕਦੀ ਕਣਕ ਹੀ ਨਹੀਂ ਸੀ ਵੇਖੀ। ਜੇ ਕਿਸੇ ਘਰ ਹੁੰਦੀ ਤਾਂ ਉਸ ਨੂੰ ਅਮੀਰ ਸਮਝਦੇ ਸਨ।

ਦੁੱਧ ਲਈ ਭੇਡਾਂ, ਬੱਕਰੀਆਂ, ਊਠਣੀਆਂ। ਉਹਨਾਂ ਨੇ ਵੀ ਕਿਹੜੇ ਵੜੇਵੇਂ ਖਾਣੇ ਸਨ। ਰੇਤੀਲੇ ਟਿੱਬਿਆਂ ਵਿੱਚ ਕੋਈ ਫ਼ਸਲ ਹੀ ਨਹੀਂ ਸੀ ਹੁੰਦੀ, ਚਰ੍ਹੀ ਬਾਜਰੇ ਬਿਨਾ। ਭਾਵੇਂ ਆਪ ਖਾ ਲਉ ਭਾਵੇਂ ਡੰਗਰਾਂ ਨੂੰ ਪਾ ਲਉ। ਕੋਈ ਘਾਹ ਦਾ ਨਾਂ ਨਿਸ਼ਾਨ ਨਹੀਂ ਸੀ ਦਿਸਦਾ ਦੂਰ ਦੂਰ ਤੱਕ। ਜੇ ਰੁੱਖ ਬੂਟੇ ਹੁੰਦੇ ਸਨ ਤਾਂ ਜੰਡ, ਕਰੀਰ, ਵਣ, ਮਲ੍ਹੇ, ਝਾੜੀਆਂ, ਕਿੱਕਰ। ਬੂਟੇ ਬੂਈ ਦੇ, ਵੇਲਾਂ ਕੌੜ ਤੁੰਮਿਆਂ ਦੀਆਂ ਜਾਂ ਕਿਤੇ ਚਿੱਭੜ, ਗਰਿਭੜ ਜਾਂ ਐਸਾ ਕੁਝ ਹੋਰ ਅੱਕ ਆਦਿ।

ਕੋਈ ਰਾਹ ਖੇੜਾ ਵੀ ਨਹੀਂ ਸੀ ਰੇਤਾ ਹੀ ਰੇਤਾ, ਟਿੱਬੇ ਹੀ ਟਿੱਬੇ। ਜਿੱਥੇ ਤੁਰਦਿਆਂ ਪੈਰ ਖੁੱਭਣ ਤੇ ਨੰਗੇ ਪੈਰ ਗਰਮੀਆਂ ਵਿੱਚ ਭੁੱਜਣ ਦਾਣਿਆਂ ਵਾਂਗ। ਸਰਦੀਆਂ ਵਿੱਚ ਠਰਨ। ਠਰੂੰ ਠਰੂੰ ਕਰਨ ਕਾਲੇ ਕਲੂਟੇ ਲੋਕ। ਹਨੇਰੀਆਂ ਤਾਂ ਪਿੰਡਿਆਂ ਨੂੰ ਲੂਹਣ ਵਾਲਾ ਰੇਤਾ ਸੁੱਟਣ।

ਘਰ ਵੀ ਛੰਨਾਂ, ਛੱਪਰੀਆਂ, ਝੁੱਗੀਆਂ। ਪਾਣੀ ਬਹੁਤ ਡੂੰਘਾ, ਕੌੜਾ ਖੂਹਾਂ ਦਾ। ਜੇ ਕਿਤੇ ਮਿੱਠੇ ਪਾਣੀ ਦਾ ਖੂਹ ਹੋਣਾ ਤਾਂ ਬੀਰਬਾਨੀਆਂ

(ਔਰਤਾਂ) ਨੇ ਸਿਰਾਂ ਉਤੇ ਇੱਕ ਤੋਂ ਵੱਧ ਘੜੇ ਚੁਕ ਕੇ ਭਰ ਭਰ ਕੇ ਲਿਆਉਣੇ। ਉਥੇ ਵੀ ਤਾਰੇ ਵਾਂਗ ਖੂਹਾਂ ਦਾ ਪਾਣੀ ਦਿਸਣਾ।

ਇਹ ਵੀ ਤਾਂ ਜੇ ਕਦੀ ਕਦਾਈਂ ਮੀਂਹ ਪੈ ਜਾਏ। ਜੇ ਮੀਂਹ ਨਾ ਪਵੇ, ਕਣੀਆਂ ਨਾ ਡਿੱਗਣ ਤਾਂ ਫ਼ਸਲ ਦੇ ਕੋਈ ਆਸਾਰ ਨਹੀਂ। ਰੁਖ ਬੂਟੇ ਵੀ ਸੜ ਸੁੱਕ ਜਾਣ। ਲੋਕ ਵਿੱਚਾਰੇ ਦਾਣਾ ਫੱਕਾ ਮੁੱਕਣ ਉੱਤੇ, ਸਬਰ ਕਰ ਕੇ ਘਰੋਂ ਨਿਕਲ ਤੁਰਦੇ, ਮਾਰੀ ਦੇ। ਘਰ ਵੀ ਕਿਹੜੇ ਪੱਕੇ ਸਨ, ਛੱਪਰ ਛੰਨਾਂ ਢਾਰੇ।

56 ਦੇ ਮਹਾਂ ਕਾਲ ਨੇ ਵੀ ਰਾਜਸਥਾਨੀਆਂ ਨੂੰ ਖੁੱਲ੍ਹੇ ਘਰ ਛੱਡਣ ਲਈ ਮਜਬੂਰ ਕਰ ਦਿਤਾ। ਉਹ ਭੁੱਖੇ-ਭਾਣੇ ਆਪਣਾ ਟੱਬਰ-ਟੀਂਗਰ ਲੈ ਤੁਰੇ ਕਾਲੇ ਕਲੂਟੇ ਸੜੇ ਹੋਏ, ਜਵਾਨੀ ਵਿੱਚ ਬੁਢਾਪਾ ਭੋਗਦੇ ਸਰੀਰ ਲੈ ਕੇ ਕਿ ਕਿਤੋਂ ਖਾਣ ਨੂੰ ਦਾਣਾ ਅੰਨ ਦਾ ਮਿਲੇ। ਵਾਇਸਰਾਇ, ਲਾਰਡ ਕਰਜ਼ਨ ਦੀ ਹਕੂਮਤ ਸ਼ੁਰੂ ਹੀ ਹੋਈ ਸੀ। ਉਸ ਨੂੰ ਵੀ ਕਾਲ ਮਾਰੇ ਲੋਕਾਂ ਦੀ ਮੱਦਦ ਦਾ ਰਾਹ ਨਹੀਂ ਸੀ ਲੱਭ ਰਿਹਾ।

ਬਾਗੜੀਆਂ ਦਾ ਹਜੂਮ ਇੱਕਠਾ ਤੁਰ ਪਿਆ। ਪੰਜਾਬ ਪੁੱਜੇ, ਜਿਸ ਪ੍ਰਾਂਤ ਕੋਲ ਰੋਟੀ ਸੀ। 12 ਹਜ਼ਾਰ ਬਾਗੜੀ ਸੰਗਰੂਰ ਆਏ ਤਾਂ ਭੁੱਖਿਆਂ ਨੇ ਦਾਣੇ ਲੁੱਟੇ। ਘੁੰਗਣੀਆਂ ਉਬਾਲ ਕੇ ਖਾਧੀਆਂ। ਕਿਹੜੀ ਉਹਨਾਂ ਕੋਲ ਦਾਲ ਸਬਜ਼ੀ ਸੀ। ਉਹਨਾਂ ਨੂੰ ਕੈਦ ਹੋਣ ਦਾ ਡਰ ਨਹੀਂ ਸੀ। ਕਿਉਂਕਿ ਉਹ ਸਮਝਦੇ ਸਨ ਸਜ਼ਾ ਤਾਂ ਜੇਲ੍ਹ ਅੰਦਰ ਡੱਕਣ ਦੀ ਹੈ, ਰੋਟੀ ਤਾਂ ਦੇਣਗੇ ਹੀ। ਭੁੱਖੇ ਮਰਨ ਨਾਲੋਂ ਤਾਂ ਚੰਗਾ ਹੈ। ਲੁਧਿਆਣੇ ਤਿੰਨ ਦਿਨ ਰੱਖ ਕੇ ਸਰਕਾਰ ਨੇ ਦਰਵਾਜ਼ੇ ਬੰਦ ਕਰ ਲਏ।

ਬੀਕਾਨੇਰ ਦੇ ਕੁਝ ਲੋਕਾਂ ਸ੍ਰੀ ਭੈਣੀ ਸਾਹਿਬ ਨੂੰ ਰੁਖ ਕੀਤਾ। ਅਗੋਂ ਸਤਿਗੁਰੂ ਹਰੀ ਸਿੰਘ ਦੀ ਕਿਰਪਾ, ਮਾਤਾ ਜੀਵਨ ਕੌਰ ਅੰਨ ਪੂਰਨਾ ਮਾਂ ਦਾ ਸੁਲੱਖਣਾ ਹੱਥ। ਬਾਗੜੀਆਂ ਨੂੰ ਆਇਆ ਜਾਣ ਕਿਸੇ ਲੁੱਟੇ ਜਾਣ ਦਾ ਭੈ ਨਹੀਂ ਮੰਨਿਆਂ ਕਿਸੇ ਨੇ ਮੱਥੇ ਵੱਟ ਨਹੀਂ ਪਾਇਆ।ਜੋ ਆਏ ਬੈਠੇ, ਪਰਸ਼ਾਦਾ ਛਕੇ। ਸੌ ਸੌ ਤੋਂ ਵਧ ਕੇ 500-500, 600-600 ਦੀ ਪੰਗਤ ਲੱਗਣ ਲੱਗੀ। ਕਣਕ ਦਾ ਪਰਸ਼ਾਦਾ, ਮਕਈ ਦਾ ਦਲੀਆ, ਖਿਚੜੀ, ਦਾਲਾ ਜੋ ਵੀ ਤਿਆਰ ਹੋਏ ਸਭ ਨੂੰ ਇੱਕ ਰਸ ਵਰਤੇ।

ਸਰਕਾਰ ਇੱਕ ਪਾਸੇ ਖ਼ੁਸ਼ ਸੀ ਕਿ ਸਾਡਾ ਹੀ ਕੰਮ ਹੋ ਰਿਹਾ ਹੈ। ਸਤਿਗੁਰੂ ਹਰੀ ਸਿੰਘ ਨੇ 1899 ਈ. ਵਿੱਚ ਵਸਦੇ ਘਰੀਂ ਉਗਰਾਹੀ ਕਰਨ ਜਾਣ ਲਈ ਚਾਰ ਮਹੀਨੇ ਦੀ ਛੁੱਟੀ ਮੰਗੀ ਤਾਂ ਡਿਪਟੀ ਕਮਿਸ਼ਨਰ

ਲੁਧਿਆਣਾ ਨੇ ਕਿਹਾ, "ਬਾਗੜੀਆਂ ਨੂੰ ਰੋਟੀ ਨਾ ਦਿਓ। ਮਾਰ ਕੁਟ ਕੇ ਭਜਾ ਦਿਓ, ਮਾੜੂਏ ਜਿਹੇ ਤਾਂ ਹਨ।"

ਸਤਿਗੁਰੂ ਜੀ ਨੇ ਬਚਨ ਕੀਤਾ, "ਸੱਦਣ ਕਿਸੇ ਨੂੰ ਜਾਂਦੇ ਨਹੀਂ, ਆਏ ਨੂੰ ਰੋਕਦੇ ਨਹੀਂ, ਭੁੱਖੇ ਨੂੰ ਭੇਜਦੇ ਨਹੀਂ ਇਹ ਗੁਰੂ ਦਾ ਘਰ ਹੈ ਕਿਸੇ ਸਾਧ, ਸੰਤ-ਮਹੰਤ ਦਾ ਡੇਰਾ ਨਹੀਂ। ਜਿੰਨਾ ਚਿਰ ਦਾਣੇ ਹਨ ਲੰਗਰ ਬੰਦ ਵੀ ਨਹੀਂ ਕਰਦੇ।"

ਸਤਿਗੁਰੂ ਜੀ ਨੇ ਬਚਨ ਕੀਤਾ ਇਹ ਸਤਿਗੁਰੂ ਰਾਮ ਸਿੰਘ ਦਾ ਲਾਇਆ ਸਦਾਵਰਤ ਹੈ, ਉਹਨਾਂ ਦੀ ਗੱਡੀ ਲੋਹ ਹੈ, ਠੰਢੀ ਨਹੀਂ ਹੋਵੇਗੀ, ਕੋਠਿਆਂ ਦੀਆਂ ਕੜੀਆਂ ਵੇਚ ਕੇ ਵੀ ਪੈਸਾ ਲੰਗਰ ਵਿੱਚ ਪਾ ਦਿੱਤਾ ਜਾਏਗਾ।

ਉਸ ਨੇ ਫੇਰ ਕਿਹਾ, "ਜੇ ਸਭ ਕੁਝ ਮੁੱਕ ਗਿਆ ਤਾਂ ਕੀ ਕਰੋਗੇ?"

ਸਤਿਗੁਰੂ ਜੀ ਕਿਹਾ, "ਇਹਨਾਂ ਨਾਲ ਹੀ ਤੁਰ ਪਵਾਂਗੇ।"

ਡੀ. ਸੀ ਫਰੰਗੀ ਨੂੰ ਲੱਗਾ ਕਿ ਐਸਾ ਲੰਗਰ ਬੰਦ ਨਹੀਂ ਹੋ ਸਕਦਾ ਪਰ ਛੁੱਟੀ ਉਸ ਨੇ ਫੇਰ ਵੀ ਨਾ ਦਿੱਤੀ।

ਡੇਰੇ ਦੇ ਮਹੰਤ ਗੁਰਦਿੱਤ ਸਿੰਘ ਨੇ ਚਿੰਤਾ ਪ੍ਰਗਟ ਕੀਤੀ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਟੋਲੇ ਆਈ ਜਾਂਦੇ ਹਨ। ਉਹਨਾਂ ਵਹੀਰਾਂ ਘੱਤ ਦਿੱਤੀਆਂ ਹਨ, ਕੋਈ ਨਵਾਂ ਹੁਕਮ। ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਉਹਨਾਂ ਨੇ ਆਉਣੋ ਨਹੀਂ ਹਟਣਾ ਤੇ ਅਸਾਂ ਦੇਣੋ ਨਹੀਂ ਹਟਣਾ। ਸਤਿਗੁਰ ਦਾ ਨਾਂ ਲੈ ਕੇ ਅਰਦਾਸਾ ਕਰਕੇ ਰਿੰਨ੍ਹੀ ਪਕਾਈ ਚਲੋ ਤੇ ਵਰਤਾਈ ਚਲੋ। ਭਜਨ ਕਰੋ ਕੋਈ ਤੋਟ ਨਹੀਂ ਆਏਗੀ। ਇੰਜ ਹੀ ਬਚਨ ਮੰਨਿਆ ਜਾਂਦਾ ਰਿਹਾ।

ਕਾਲ ਪੀੜਤ ਲੋਕਾਂ ਦੇ ਭਲੇ ਲਈ, ਸਤਿਗੁਰੂ ਜੀ ਦੇ ਲਾਏ ਸਦਾ ਵਰਤ ਤੋਂ ਮਿਲਦੇ ਪਦਾਰਥਾਂ ਦੀ ਪ੍ਰੋ. ਕਿਰਪਾਲ ਸਿੰਘ ਕਸੇਲ ਇਹਨਾਂ ਸ਼ਬਦਾਂ ਵਿੱਚ ਸੋਭਾ ਕਰਦੇ ਹਨ:-

"ਇਸ ਬਿਪਤਾ ਸਮੇਂ ਸਤਿਗੁਰੂ ਹਰੀ ਸਿੰਘ ਜੀ ਨੇ ਭੈਣੀ ਸਾਹਿਬ ਵਿਖੇ ਗੁਰੂ ਰਾਮ ਸਿੰਘ ਦੇ ਸਦਾ ਵਰਤ ਲੰਗਰ ਦਾ ਦਰ ਸਭ ਲਈ ਖੋਲ੍ਹ ਦਿੱਤਾ। ਕਾਲ ਦੇ ਸੰਤਾਪੇ ਇਹਨਾਂ ਬਾਗੜੀਆਂ ਨੂੰ ਜੋ ਹਜ਼ਾਰਾਂ ਦੀ ਗਿਣਤੀ ਵਿੱਚ ਭੈਣੀ ਸਾਹਿਬ ਪਹੁੰਚ ਰਹੇ ਸਨ, ਲਗਾਤਾਰ, ਅੰਨ ਧਨ ਤੇ ਲੋੜੀਂਦੀਆਂ ਵਸਤਾਂ ਦਿੰਦੇ ਰਹੇ। ਪਸ਼ੂਆਂ ਨੂੰ ਵੀ ਦਾਣਾ ਦਿੱਤਾ ਜਾਂਦਾ ਰਿਹਾ।"

-ਤਵਾਰੀਖ਼ ਸੰਤ ਖ਼ਾਲਸਾ

ਤਹਿਸੀਲਦਾਰ ਅੱਖੀਂ ਵੇਖਣ ਆਇਆ ਤਾਂ ਹਵਾਲਦਾਰ ਜਿਹੜਾ

ਖਾਣ ਦਾ ਹੀ ਸੱਕਾ ਹੁੰਦਾ ਸੀ, ਨਜਾਇਜ਼ ਸਖ਼ਤੀ ਕਰਦਾ ਸੀ, ਉਹ ਵ
ਤਹਿਸੀਲਦਾਰ ਨੂੰ ਦੱਸਣ ਲੱਗਾ ਕਿ ਏਥੇ ਕਿਸੇ ਧਰਮ, ਜਾਤ, ਇਲਾਕੇ
ਨਾਲ ਵਿਤਕਰਾ ਨਹੀਂ ਸਭ ਨੂੰ ਲੰਗਰ ਮਿਲਦਾ ਹੈ। ਪਸ਼ੂਆਂ ਨੂੰ ਵੀ ਚਾਰਾ
ਮਿਲਦਾ ਹੈ।

ਸਰਕਾਰ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ, ਅਪਣੀ ਪਰਜਾ ਦੀ ਵਾਹ ਵਾਹ ਖੱਟਣ ਲਈ ਤੇ ਸੰਸਾਰ ਦੀ ਸੋਭਾ ਲੈਣ ਲਈ ਕੁਝ ਰਾਜਿਆਂ ਨੇ ਲੰਗਰ ਲਾਏ। ਪਰ ਛੇਤੀਂ ਹੀ ਲਾਂਗਰੀ ਅੱਕ ਗਏ, ਖ਼ਾਲੀ ਭਾਂਡੇ ਖੜਕ ਗਏ ਤੇ ਲੰਗਰ ਬੰਦ ਹੋ ਗਏ।

ਸਤਿਗੁਰੂ ਜੀ ਦੇ ਲਾਏ ਸਦਾਵਰਤ ਦੀ ਸੋਅ ਜ਼ਿਲ੍ਹੇ ਤੋਂ ਲੈਫਟੀਨੈਂਟ ਗਵਰਨਰ ਪੰਜਾਬ ਰਾਹੀਂ ਹੁੰਦੀ ਵਾਇਸਰਾਇ ਲਾਰਡ ਕਰਜ਼ਨ ਕੋਲ ਪਹੁੰਚੀ। ਉਹ ਹੈਰਾਨ ਵੀ ਹੋਇਆ ਤੇ ਖ਼ੁਸ਼ ਵੀ। ਇਸ ਸਦਾ ਵਰਤ ਦੀ ਸੂਚਨਾ ਲੰਡਨ ਵੀ ਭੇਜੀ ਗਈ।

ਇੱਕ ਦਿਨ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਭੈਣੀ ਸਾਹਿਬ ਆਇਆ। ਉਸ ਨੇ ਲੰਗਰ ਚਲਦਾ ਵੇਖਿਆ। ਉਹ ਸਤਿਗੁਰੂ ਜੀ ਨੂੰ ਮਿਲਿਆ ਤੇ ਲੰਗਰ ਦੀ ਸਿਫ਼ਤ ਕੀਤੀ ਤੇ ਮੁਰੱਬੇ ਦੇਣ ਦੀ ਪੇਸ਼ਕਸ਼ ਕੀਤੀ। ਸੰਤ ਸੰਤੋਖ ਸਿੰਘ ਬਾਹੋਵਾਲ ਦੇ ਸ਼ਬਦਾਂ ਵਿੱਚ:-

"ਫਰੰਗੀ ਖ਼ੁਸ਼ ਹੋਇ ਕੇ ਕਹਾ ਐਸਾ ਲੰਗਰ ਔਰ ਕਹੀਂ ਨਹੀਂ ਹੈ। ਲੰਡਨ ਤਾਈ ਉਪਮਾ ਹੋ ਰਹੀ ਹੈ। ਲੰਗਰ ਬਾਸਤੇ ਫਰੰਗੀ 52 ਮਰੱਬੇ ਜ਼ਮੀਨ ਦੇਂਦਾ ਸੀ। ਗੁਰੂ ਹਰੀ ਸਿੰਘ ਜੀ ਬਚਨ ਕੀਤਾ ਇਹ ਜਮੀਨਾਂ ਤਾਂ ਸਾਡੀਆਂ ਹੀ ਹੈਂ ਅਸਾਂ ਲੈ ਹੀ ਲੈਣੀਆਂ ਹੈਂ, ਦੇਣਾ ਹੈ ਤਾ ਬਲੈਤ ਬਿਚੋਂ ਦੇ। ਸੁਣ ਕੇ ਫਰੰਗੀ ਫੇਰ ਨਹੀਂ ਬੋਲਿਆ, ਚੁਪ ਹੋਇ ਗਿਆ।"

-ਸਤਿਗੁਰੂ ਬਿਲਾਸ ਭਾਗ ਦੂਜਾ

ਸਤਿਗੁਰੂ ਹਰੀ ਸਿੰਘ ਨਾਲ ਕਿਸੇ ਲੋਭ ਲਾਲਚ ਦਾ ਕੀ ਵਾਸਤਾ। ਉਹ ਸਰਕਾਰ ਭਗਤੀ ਨੂੰ ਜੁੱਤੀ ਦੀ ਨੋਕ ਤੇ ਰੱਖਦੇ ਸਨ। ਮੁਰੱਬੇ ਦੇ ਕੇ ਤਾਂ ਸਰਕਾਰ ਨੇ ਨਕੇਲ ਪਾ ਲੈਣੀ ਸੀ। ਸੋ ਆਪ ਨੇ ਮੁਰੱਬਿਆਂ ਨੂੰ ਠੋਕਰ ਮਾਰ ਕੇ ਸਤਿਗੁਰੂ ਦੇ ਕਿਰਦਾਰ ਦਾ ਇੱਕ ਰੂਪ ਪ੍ਰਗਟਾਇਆ, ਬੇਮੁਥਾਜੀ ਦਾ :

-ਸਤਿਗੁਰ ਮੇਰਾ ਬੇ ਮੁਹਤਾਜ॥

***

# ਪੰਥ ਦੀ ਸੰਭਾਲ

ਸਤਿਗੁਰੂ ਜੀ ਦਾ ਅਕਾਲ ਦੇ ਮਾਰੇ ਲੋਕਾਂ ਨੂੰ ਲੰਗਰ ਛਕਾਉਣਾ ਮਨੁੱਖਤਾ ਦੀ ਸੇਵਾ ਸੀ। ਸਰਕਾਰ ਦੁਆਰਾ ਪੇਸ਼ ਕੀਤੀ ਗਈ ਮੁਰੱਬਿਆਂ ਦੀ ਪੇਸ਼ਕਸ਼ ਨੂੰ ਠੁਕਰਾ ਦੇਣਾ ਅਧਿਆਤਮਿਕ ਗੱਦੀ-ਗੁਰੂ ਨਾਨਕ ਦੀ ਗੱਦੀ ਦੇ ਕੱਦ-ਬੁੱਤ ਅਨੁਸਾਰ ਸੀ। ਕਿਸੇ ਵੀ ਦੇਸ਼ ਦਾ ਪਰੰਪਰਾਗਤ ਮੁਖੀ ਹੁੰਦਾ ਹੈ, ਰਾਜਾ, ਮਹਾਰਾਜਾ, ਬਾਦਸ਼ਾਹ ਪਰ ਸਦੀਵਕਾਲੀ ਅਧਿਆਤਮਿਕ ਗੱਦੀ ਨੂੰ ਸੁਭਾਇਮਾਨ ਕਰਨ ਵਾਲਾ ਤਖ਼ਤ ਚਵਰ ਦਾ ਮਾਲਕ ਹੁੰਦਾ ਹੈ ਸਤਿਗੁਰੂ ਸੱਚਾ ਪਾਤਸ਼ਾਹ। ਦੁਨਿਆਵੀ ਬਾਦਸ਼ਾਹ ਉਸ ਨੂੰ ਦੇ ਹੀ ਕੀ ਸਕਦਾ ਹੈ। ਸਤਿਗੁਰੂ ਜੀ ਦੀ ਰਹਿਨੁਮਾਈ ਹੇਠ ਸਤਿਗੁਰੂ ਜੀ ਦੇ ਪੰਥ ਨਾਮਧਾਰੀ ਪੰਥ ਦਾ ਨਾਂ ਰੌਸ਼ਨ ਹੋਣ ਲੱਗਾ। ਇਸ ਉੱਚਤਾ ਨੂੰ ਕਾਇਮ ਰੱਖਣ ਲਈ ਗੁਰਦੁਆਰੇ ਅੱਗੇ ਬੈਠੀ ਪੁਲਿਸ ਗਾਰਦ ਦੀ ਨਿਗਰਾਨੀ ਤੇ ਸਖ਼ਤੀ ਕਾਰਨ, ਸਤਿਗੁਰੂ ਜੀ ਦਾ ਸਿੱਖਾਂ ਦੇ ਦੁੱਖ ਦਰਦ ਮਿਟਾਉਣ ਲਈ ਦੌਰੇ ਕਰਨਾ ਜਾਂ ਉਹਨਾਂ ਨੂੰ ਖੁਲ੍ਹੇ ਦਰਸ਼ਨ ਦਿਦਾਰ ਦੇਣਾ ਸੌਖਾ ਨਹੀਂ ਸੀ। ਫਿਰ ਵੀ ਸਤਿਗੁਰੂ ਜੀ ਆਪਣੇ ਬਿਰਦ ਦੀ ਪ੍ਰਿਤਪਾਲ ਕਰ ਰਹੇ ਸਨ।

ਸੰਸਾਰ ਵਿੱਚ ਅੰਨ ਦਾ ਅਕਾਲ ਹੀ ਨਹੀਂ ਪਿਆ ਸਗੋਂ ਧਾੜਵੀ ਵੀ ਬਿਨਾਂ ਕਿਸੇ ਹਾਕਮ ਦੇ ਭੈ ਦੇ ਧਾੜੇ ਮਾਰ ਰਹੇ ਸਨ। ਇਹ ਸਮਝਿਆ ਜਾ ਰਿਹਾ ਸੀ ਕਿ ਪੁਲਿਸ ਜਾਂ ਨਾਕਾਮ ਹੈ ਜਾਂ ਮਿਲੀ ਹੋਈ ਹੈ।

ਸਤਿਗੁਰੂ ਜੀ ਨੇ ਭਜਨ ਬਾਣੀ ਦਾ ਪਰਵਾਹ ਚਲਾਇਆ ਹੋਇਆ ਸੀ। ਇੱਕ ਪਾਠੀ ਨਕਈ ਸਿੰਘ ਨੇ ਕਿਹਾ ਕਿ ਉਹ ਇਕੱਲਾ ਸੁਣਾ ਕੇ ਅੱਠਾਂ ਪਹਿਰਾਂ ਵਿੱਚ ਅਖੰਡ-ਪਾਠ ਕਰ ਸਕਦਾ ਹੈ। ਜਦ ਕਿ ਆਮ ਤੌਰ ਤੇ 16 ਪਹਿਰਾਂ ਦੇ ਲਗਪਗ ਸਮਾਂ ਲੱਗਦਾ ਹੈ। ਸਤਿਗੁਰੂ ਜੀ ਨੇ ਉਸ ਨੂੰ ਆਪਣੀ ਪਰਖ ਕਸਵੱਟੀ ਤੇ ਲਾਉਣ ਲਈ ਪਾਠ ਕਰਨ ਦੀ ਪ੍ਰਵਾਨਗੀ ਦਿੱਤੀ। ਇਸ ਤੋਂ ਪਹਿਲਾਂ ਕਿਸੇ ਇਕੱਲੇ ਨੇ ਅੱਠ ਪਹਿਰਾਂ ਵਿੱਚ ਅਖੰਡ ਪਾਠ ਨਹੀਂ ਸੀ ਕੀਤਾ। ਅਗਲੇ ਦਿਨ ਸਵੇਰੇ ਧੂਪ, ਦੀਪ, ਕੁੰਭ, ਸਮਗਰੀ

ਸਹਿਤ ਪਾਠ ਆਰੰਭ ਕੀਤਾ ਗਿਆ। ਨਕਈ ਸਿੰਘ ਨੇ ਇੱਕ ਵਾਰ ਉੱਠ ਕੇ ਜਲ ਵਰਤਿਆ। ਜਾਂ ਅਧਾ ਪਾਠ ਹੋ ਗਿਆ ਤਾਂ ਮਨ ਹਰਾਮੀ ਹੋਣ ਲੱਗਾ ਪਰ ਇਹ ਸੋਚ ਕੇ ਕਿ ਮੈਂ ਝੂਠਾ ਹੋਵਾਂਗਾ, ਮੇਰਾ ਮਖੌਲ ਉਡੇਗਾ, ਮਨੋਂ, ਸਤਿਗੁਰੂ ਨੂੰ ਲੱਜਿਆ ਰੱਖਣ ਦਾ ਅਰਦਾਸਾ ਕਰ ਕੇ ਬੈਠਾ ਰਿਹਾ। ਪਾਠ ਕਰਦਾ ਰਿਹਾ, ਸੁਣਾ ਕੇ, ਆਲਸ ਕਾਫੂਰ ਹੋ ਗਿਆ।

ਰਾਮਕਲੀ ਰਾਗ ਦਾ ਪਾਠ ਕਰਨ ਸਮੇਂ ਦੂਜੇ ਪਾਠੀ ਨੂੰ ਸੱਦ ਕੇ ਬਹਾਇਆ ਤੇ ਆਪ ਜੰਗਲ ਮੈਦਾਨ ਜਾ ਕੇ ਸਣਕੇਸੀਂ ਇਸ਼ਨਾਨ ਕੀਤਾ। ਉਸ ਨੇ ਦੋ ਘੰਟੇ ਵਿੱਚ 40 ਪੱਤਰੇ ਪਾਠ ਦੇ ਕੀਤੇ। ਨਕਈ ਸਿੰਘ ਫੇਰ ਆ ਬੈਠਾ ਤੇ ਨੌਵੇਂ ਪਹਿਰ ਪਾਠ ਦਾ ਭੋਗ ਪਾ ਕੇ, ਸਤਿਗੁਰੂ ਜੀ ਨੂੰ ਮੱਥਾ ਟੇਕਿਆ। ਸਤਿਗੁਰੂ ਜੀ ਨੇ ਖ਼ੁਸ਼ੀਆਂ ਬਖ਼ਸ਼ੀਆਂ।

ਸਤਿਗੁਰੂ ਜੀ ਦੀ ਆਗਿਆ ਅਨੁਸਾਰ ਕਲਕੱਤੇ (ਕੋਲਕਾਤਾ) ਅਰਜ਼ੀ ਲਿਖੀ ਗਈ ਕਿ ਸਤਿਗੁਰੂ ਰਾਮ ਸਿੰਘ ਨੂੰ ਨਾਜਾਇਜ਼ ਨਜ਼ਰਬੰਦ ਕੀਤਾ ਹੈ। ਉਹਨਾਂ ਨੂੰ ਛੇਤੀ ਤੋਂ ਛੇਤੀ ਰਿਹਾ ਕੀਤਾ ਜਾਏ। ਕਿਉਂਕਿ ਅਰਜ਼ੀ ਫ਼ਾਰਸੀ ਦੀ ਥਾਂ ਪੰਜਾਬੀ ਗੁਰਮੁਖੀ ਵਿੱਚ ਸੀ ਸੋ ਕਿਸੇ ਨਾ ਗੌਲੀ। ਦੁਬਾਰਾ ਫ਼ਾਰਸੀ ਅੱਖਰਾਂ ਵਿੱਚ ਲਿਖ ਕੇ ਦਿੱਤੀ ਤਾਂ ਵੀ ਉਸ ਵੱਲ ਧਿਆਨ ਨਾ ਦਿੱਤਾ ਸਗੋਂ ਕਹਿਣ ਤੁਸੀਂ ਗੁਰੂਪੁਣਾ ਛੱਡੋ ਤਾਂ ਕਿ "ਗ੍ਰੰਥ ਗੁਰੂ" ਦਾ ਘੜਿਆ ਸਿਧਾਂਤ ਹੋਰ ਵਧੇ ਤੇ ਸਰਕਾਰ ਆਪਣੇ ਥਾਪੇ ਸਰਬਰਾਹਾਂ ਤੇ ਆਗੂਆਂ ਤੋਂ ਮਨਮਰਜ਼ੀ ਦੇ ਫਤਵੇ ਦਿਵਾ ਸਕੇ।

ਨਾਨੂੰ ਸਿੰਘ ੧੮੮੧ ਈ. ਵਿੱਚ ਵਾਪਸ ਆਇਆ ਸੀ, ਮਰਗੋਈ ਤੋਂ। ਪਰ ਪਿੰਡ ਰੁੜਕੀ ਹੀ ਰਹਿੰਦਾ ਸੀ। ਸਤਿਗੁਰੂ ਜੀ 50 ਰੁਪਈਏ ਤੇ ਬਸਤਰ ਦੇ ਕੇ ਸੁਧ ਸਿੰਘ ਨੂੰ, ਉਸ ਨੂੰ ਮਿਲਣ ਲਈ ਉਸ ਦੇ ਪਿੰਡ ਰੁੜਕੀ ਭੇਜਿਆ। ਸਤਿਗੁਰੂ ਜੀ ਨੇ ਉਸਨੂੰ ਬਿਧ ਬਣਾ ਕੇ ਸ੍ਰੀ ਭੈਣੀ ਸਾਹਿਬ ਆਉਣ ਦਾ ਸੁਨੇਹਾ ਵੀ ਪਹੁੰਚਾਇਆ। ਪਰ ਇਹ ਤਾਂ ਸਰਕਾਰ ਨੂੰ ਇਕਰਾਰ ਕਰਕੇ ਆਇਆ ਸੀ ਕਿ ਭੈਣੀ ਸਾਹਿਬ ਨਹੀਂ ਜਾਏਗਾ। ਏਸੇ ਕਰਕੇ 12 ਸਾਲ ਏਥੇ ਨਾ ਆ ਸਕਿਆ। ਹੁਣ ਉਸ ਨੇ ਸੋਚਿਆ ਵੇਖੀ ਜਾਏਗੀ ਜੋ ਹੋਏਗੀ ਜਾ ਆਉਂਦੇ ਹਾਂ। ਉਸ ਨੇ ਦਾੜ੍ਹੀ ਚੜ੍ਹਾ ਲਈ, ਸਿਰ ਉੱਤੇ ਵੱਡਾ ਸਾਰਾ ਪੱਗੜ ਬੰਨ੍ਹ ਲਿਆ। ਤੇੜ ਲੱਕਦੀ ਬੰਨ੍ਹ ਲਈ ਤੇ ਘੋੜਿਆਂ ਦਾ ਵਪਾਰੀ ਬਣ ਕੇ ਗੁਰਦੁਆਰੇ ਆਇਆ। ਸਤਿਗੁਰੂ ਜੀ ਨਾਲ ਲੰਮੀ ਗੱਲਬਾਤ ਨਹੀਂ ਹੋ ਸਕੀ। ਸਤਿਗੁਰੂ ਜੀ ਨੇ ਉਸਨੂੰ ਮਾਇਆ ਦਿਤੀ। ਉਹ ਦਰਸ਼ਨ ਪਰਸ ਕੇ ਚਲਾ ਗਿਆ।

ਗੁਰਦੁਆਰੇ ਲਈ ਸੰਗਤ ਨੇ ਗੱਡੀ ਰਾਹੀਂ ਲੁਧਿਆਣੇ ਗੁੜ ਭੇਜਿਆ। ਸਿੰਘ ਗੱਡਾ ਲੈ ਕੇ ਗਏ। ਗੁੜ ਦੀਆਂ ਬੋਰੀਆਂ ਕੱਟੇ ਲੱਦ ਕੇ ਸ੍ਰੀ ਭੈਣੀ ਸਾਹਿਬ ਲੈ ਆਏ। ਬਾਬੂ ਨੇ ਸਮਾਨ ਨਾਲ ਰਸੀਦ ਵੀ ਕੱਟ ਕੇ ਦੇ ਦਿੱਤੀ। ਸੋ ਜ਼ੁੰਮੇਵਾਰੀ ਮੁੱਕੀ। ਸ੍ਰੀ ਭੈਣੀ ਸਾਹਿਬ ਆ ਕੇ ਹੱਥ ਮਾਰਿਆ ਤਾਂ ਤਿੰਨ ਕੱਟਿਆਂ ਵਿੱਚ ਗੁੜ ਦੀ ਥਾਂ ਸੌਗੀ ਤੇ ਮਗਜ਼ ਸਨ। ਸਤਿਗੁਰੂ ਜੀ ਨੂੰ ਅਰਜ਼ ਕੀਤੀ ਗਈ। ਆਪ ਜੀ ਨੇ ਹੁਕਮ ਕੀਤਾ ਪਰਾਈ ਵਸਤੂ ਨਹੀਂ ਰੱਖਣੀ, ਵਰਤਣੀ। ਹੁਣੇ ਗੱਡਾ ਜੋ ਕੇ ਲੈ ਜਾਓ ਤੇ ਬੋਰੀਆਂ ਵਾਪਿਸ ਕਰ ਆਓ। ਸਟੇਸ਼ਨ ਮਾਸਟਰ ਨੇ ਗੱਡਾ ਆਉਂਦਾ ਵੇਖ ਕੇ ਪਹਿਲਾਂ ਹੈਰਾਨੀ ਵਿਖਾਈ। ਫੇਰ ਤਿੰਨੇ ਬੋਰੀਆਂ ਲੁਹਾ ਕੇ ਖ਼ੁਸ਼ੀ ਪਰਗਟ ਕੀਤੀ। ਉਸ ਨੇ ਕਿਹਾ ਇਹ ਦੁਨੀਆਂ ਨਾਲੋਂ ਗੁਰੂ ਦਾ ਫ਼ਰਕ ਹੈ। ਧਰਮ ਦੀ ਥਾਂ ਹੈ ਨਾ, ਧਰਮ ਦੀ ਗੱਲ ਕੀਤੀ ਹੈ। ਹੋਰ ਕੋਈ ਹੁੰਦਾ ਤਾਂ ਮੁੱਕਰ ਜਾਂਦਾ। ਮੈਨੂੰ ਚੱਟੀ ਪੈਂਦੀ ਗ਼ਲਤੀ ਕਰਕੇ ਤੇ ਮੈਂ ਖ਼ੱਜਲ ਖੁਆਰ ਹੁੰਦਾ। ਧੰਨ ਗੁਰੂ ਤੇ ਧੰਨ ਉਸ ਦਾ ਪੰਥ।"

ਇਕ ਬੀਬੀ ਨੂੰ ਛਾਇਆ ਦੀ ਸ਼ਿਕਾਇਤ ਹੋ ਗਈ। ਉਸ ਦੇ ਪਤੀ ਦੇਵਾ ਸਿੰਘ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ। ਸਤਿਗੁਰੂ ਜੀ ਨੇ ਬਚਨ ਕੀਤਾ ਨਾਮਧਾਰੀ ਸਿੱਖਾਂ ਨੂੰ ਛਾਇਆ ਨਹੀਂ ਹੋ ਸਕਦੀ। ਉਹ ਹਰ ਰੋਜ਼ ਕੇਸੀਂ ਇਸ਼ਨਾਨ ਕਰੇ ਤੇ ਭਜਨ ਕਰੇ। ਸਿੰਘ ਨੇ ਕਿਹਾ ਸਿਰ ਨਹੀਂ ਖੋਲ੍ਹਦੀ। ਸਤਿਗੁਰੂ ਜੀ ਨੇ ਫ਼ੇਰ ਫਰਮਾਇਆ ਬਚਨ ਮੰਨੇ ਠੀਕ ਹੋ ਜਾਏਗੀ। ਰਾਏਸਰ ਵਾਲੇ ਕਿਸ਼ਨ ਸਿੰਘ ਦੀ ਲੜਕੀ ਸ਼ਾਮ ਕੌਰ ਕਹਿੰਦੀ ਸੀ ਉਸ ਵਿੱਚੋਂ ਚੁੜੇਲਾਂ ਨਹੀਂ ਜਾਂਦੀਆਂ। ਉਹ ਹੁਕਮ ਅਨੁਸਾਰ ਲੰਗਰ ਦੇ ਭਾਂਡੇ ਮਾਂਜਣ ਦੀ ਸੇਵਾ ਕਰਕੇ ਠੀਕ ਹੋ ਗਈ।

ਸ੍ਰੀ ਭੈਣੀ ਸਾਹਿਬ ਦੇ ਲੰਗਰ ਦੀ ਸਭ ਪਾਸੇ ਸੋਭਾ ਸੀ। ਡੇਰੇ ਵਿੱਚ ਰਹਿਣ ਵਾਲੇ ਵੀ ਖ਼ੁਸ਼ ਸਨ। ਸਤਿਗੁਰੂ ਜੀ ਸਮਝਦੇ ਸਨ ਕਿ ਇਹ ਮਾਤਾ ਜਿਉਣ ਕੌਰ ਨੇ ਠੀਕ ਕੀਤਾ ਹੈ। ਸੰਤ ਸੰਤੋਖ ਸਿੰਘ ਬਾਹੋਵਾਲ ਅਨੁਸਾਰ ਆਪ ਨੇ ਇਹ ਬਚਨ ਕੀਤਾ:

"ਦਾਨ ਸਿੰਘ ਦੇ ਵਕਤ ਏਤਨਾ ਰੁਪਯਾ ਔਂਦਾ ਸੀ ਤੇ ਜਮਾ ਨਹੀਂ ਸੀ ਹੁੰਦਾ। ਬੇਜੁਗਤਾ ਚਲਦਾ ਸੀ। ਜਿਸ ਦਿਨ ਦੀ ਜਿਉਣ ਕੌਰ ਆਈ ਉਸ ਦਿਨ ਦਾ ਜੁਗਤ ਨਾਲ ਬਰਤਨ ਲਗਾ ਹੈ। ਸਾਰੇ ਕਾਰਜ ਆਪੇ ਤੋਰੀ ਜਾਂਦੀ ਹੈ। ਸਾਨੂੰ ਕੋਈ ਚਿੰਤਾ ਕਿਸੇ ਕਾਰਜ ਦੀ ਨਹੀਂ।"

-ਸਤਿਗੁਰੂ ਬਿਲਾਸ ਭਾਗ ਦੂਜਾ

ਡੇਰੇ ਵਿੱਚ ਕੁਝ ਬੀਬੀਆਂ ਸਿਰੋਂ ਨੰਗੀਆਂ ਸਨ। ਉਹਨਾਂ ਕਰਕੇ ਬਦਨਾਮੀ ਹੋਣ ਦੀ ਸੰਭਾਵਨਾ ਸੀ। ਸ੍ਰੀ ਸਤਿਗੁਰੂ ਜੀ ਨੇ ਉਹਨਾਂ ਨੂੰ, ਜਿਸ ਜਿਸ ਸਿੰਘ ਨਾਲ ਉਹ ਚਾਹੁਣ ਅਨੰਦ ਪੜ੍ਹਾਉਣ ਦਾ ਹੁਕਮ ਕੀਤਾ। ਇੰਜ ਡੇਰਾ ਤੀਵੀਆਂ ਦਾ ਵਾੜਾ ਨਹੀਂ ਰਹੇਗਾ। ਜਿਹੜੀ ਔਰਤ ਵਿਧਵਾ ਹੀ ਰਹਿਣਾ ਪਸੰਦ ਕਰਦੀ ਹੈ ਉਹ ਆਪਣੇ ਘਰ ਚਲੀ ਜਾਏ। ਉਹ ਏਥੇ ਨਾ ਰਹੇ। ਜਿਸ ਨੇ ਬਚਨ ਮੰਨਣਾ ਹੈ ਉਹ ਹੀ ਰਹੇ। ਹੁਕਮ ਮੰਨ ਕੇ ਕਈ ਸਿਆਣੀ ਉਮਰ ਦੀਆਂ ਨੇ ਵੀ ਘਰ ਵਸਾ ਲਏ। ਸਤਿਗੁਰੂ ਜੀ ਨੂੰ ਇੰਜ ਗੁਰਦੁਆਰੇ ਦੇ ਐਵੇਂ ਬਦਨਾਮ ਹੋਣ ਦਾ ਫ਼ਿਕਰ ਨਾ ਰਿਹਾ।

ਸਤਿਗੁਰੂ ਜੀ ਪੁਲਿਸ ਨੂੰ ਸਿਰ ਨਹੀਂ ਸਨ ਆਉਣ ਦੇਂਦੇ, ਫਿਰ ਵੀ ਪੁਲਿਸ ਨਾਲੇ ਖਾਂਦੀ ਨਾਲੇ ਹੀਂਜਰਦੀ। ਉਹ ਸਤਿਗੁਰੂ ਜੀ ਸਾਹਵੇਂ ਤਾਂ ਮਿੱਠਾ ਮਿੱਠਾ ਬੋਲਦੀ। ਪਰ ਸਿੱਖਾਂ ਨੂੰ ਪਰੇਸ਼ਾਨ ਕਰਦੀ। ਇੱਕ ਦਿਨ ਉਹਨਾਂ ਨੇ ਸਾਹਿਬਜ਼ਾਦਿਆਂ ਨੂੰ ਪਰੇਸ਼ਨ ਕੀਤਾ। ਸਾਹਿਬਜ਼ਾਦਾ ਪ੍ਰਤਾਪ ਸਿੰਘ ਤੇ ਨਿਹਾਲ ਸਿੰਘ ਇੱਕ ਮੁੰਡੇ ਨਾਲ ਖੇਡਦੇ ਉਸ ਨੂੰ ਆਪਣੇ ਵਿਚਾਲੇ ਲੈ ਕੇ ਅੰਦਰ ਜਾਣ ਲੱਗੇ ਤਾਂ ਸਿਪਾਹੀਆਂ ਨਾ ਜਾਣ ਦਿੱਤਾ। ਇਹ ਗੱਲ ਸੰਨ 1900 ਦੇ ਸ਼ੁਰੂ ਦੀ ਹੈ। ਉਸ ਲੜਕੇ ਦਾ ਨਾਮ ਦੇਵਾ ਸੀ। ਉਹ ਪਿੰਡ ਦੇ ਬ੍ਰਾਹਮਣ ਨੰਬਰਦਾਰ ਦਾ ਲੜਕਾ ਸੀ। ਉਹ ਸਤਿਗੁਰੂ ਪ੍ਰਤਾਪ ਸਿੰਘ ਦਾ ਪਿਆਰਾ ਮਿੱਤਰ ਸੀ। ਭਜਨ ਲੈ ਸਿੰਘ ਸਜ ਗਿਆ। ਨਾਮ ਬਖ਼ਸ਼ੀ ਹਰਦੇਵ ਸਿੰਘ ਹੋਇਆ।

ਸਾਹਿਬਜ਼ਾਦਿਆਂ ਨੂੰ ਵੀ ਗੁੱਸਾ ਆਇਆ ਪਰ ਚੁਪ ਰਹੇ। ਬਾਬਾ ਦਰਬਾਰਾ ਸਿੰਘ ਨੇ ਸਤਿਗੁਰੂ ਜੀ ਨੂੰ ਜਾ ਕੇ ਦੱਸਿਆ। ਉਹਨਾਂ ਬਚਨ ਕੀਤਾ, "ਔਖਾ ਸਮਾਂ ਹੈ, ਚੁੱਪ ਕਰਕੇ, ਸ਼ਾਂਤ ਰਹਿ ਕੇ ਕੱਟ ਲਵੋ ਇਹ ਸਖ਼ਤੀਆਂ ਸਦਾ ਨਹੀਂ ਰਹਿਣੀਆਂ।"

ਇੱਕ ਰੋਪੜ ਦਾ ਵਕੀਲ ਸੀ। ਉਹ ਅੰਗਰੇਜੀ ਫ਼ਾਰਸੀ ਪੜ੍ਹਿਆ ਸੀ, ਇੰਗਲੈਂਡ ਕਈ ਥਾਈਂ ਜਾ ਆਇਆ ਸੀ। ਇੱਕ ਨਿਹੰਗ ਨੇ ਉਸ ਨੂੰ ਉਪਦੇਸ਼ ਦਿੱਤਾ ਸੀ। ਉਹ ਹੋਰ ਧਾਰਮਿਕ ਗੱਦੀਆਂ ਤੇ ਵੀ ਜਾ ਆਇਆ ਸੀ ਪਰ ਉਹ ਸਤਿਗੁਰੂ ਰਾਮ ਸਿੰਘ ਦੇ ਗੁਰਦੁਆਰੇ ਜਾਣਾ ਚਾਹੁੰਦਾ ਸੀ ਸੋ ਦਰਸ਼ਨ ਕਰ ਕੇ ਮਨ ਵਿੱਚ ਕੁਝ ਧਾਰ ਕੇ ਚਲਾ ਗਿਆ।

ਦੂਜੀ ਵਾਰ ਫੇਰ ਆਇਆ। ਸਤਿਗੁਰੂ ਜੀ ਰਾਮਸਰ ਕੋਲ ਪਲੰਘ ਉਤੇ ਬੈਠੇ ਸਨ। ਉਹ ਚਰਨਾਂ ਵਿੱਚ ਬੈਠ ਗਿਆ। ਨਿਹੰਗ ਸਿੰਘ ਆਇਆ ਤਾਂ ਸਤਿਗੁਰੂ ਜੀ ਨੇ ਮੰਜਾ ਮੰਗਵਾ ਕੇ ਉਸ ਨੂੰ ਉੱਤੇ ਬਿਠਾਇਆ ਤੇ

ਆਪ ਆਸਣ ਵਿਛਾ ਕੇ ਧਰਤੀ ਉੱਤੇ ਬੈਠ ਗਏ। ਵਕੀਲ ਨੇ ਉੱਠ ਕੇ ਨਿਹੰਗ ਦਾ ਮੰਜਾ ਉਲਟਾ ਦਿੱਤਾ ਤੇ ਕਿਹਾ, "ਗੁਰੂ ਤੋਂ ਉੱਚਾ ਬੈਠਦਾ ਹੈਂ।" ਉਹ ਉਠਿਆ, ਨਿਵਿਆਂ ਤੇ ਭਜਨ ਲਿਆ। ਵਕੀਲ ਨੇ ਫਿਰ ਕਿਹਾ, "ਤੂੰ ਤਾਂ ਕਹਿੰਦਾ ਸੀ ਕਲਾਮ ਦੇਂਦੇ ਹਨ।" ਉਹ ਝੇਂਪ ਗਿਆ। ਵਕੀਲ ਨੇ ਵੀ ਭਜਨ ਲਿਆ ਤੇ ਸਤਿਗੁਰੂ ਜੀ ਦੇ ਬਚਨ ਬਿਲਾਸ ਸੁਣ ਕੇ ਕੁਝ ਸਮਾਂ ਬੈਠ ਕੇ ਦੋਵੇਂ ਚਲੇ ਗਏ।

ਤੇਜਾ ਸਿੰਘ ਭਸੌੜੀਆ ਸ੍ਰੀ ਭੈਣੀ ਸਾਹਿਬ ਆਇਆ। ਸਤਿਗੁਰੂ ਜੀ ਕੋਲ ਨਰਾਇਣ ਸਿੰਘ ਗਿਆਨੀ ਆਦਿ ਕਈ ਸਿੰਘ ਬੈਠੇ ਸਨ। ਉਸ ਨੇ ਕਿਹਾ, "ਤੁਸੀਂ ਪੰਜ ਕੱਕੇ ਨਹੀਂ ਰੱਖਦੇ?" ਸਤਿਗੁਰੂ ਜੀ ਬਚਨ ਕੀਤਾ, "ਸਾਰੇ ਰੱਖਦੇ ਹਾਂ ਸਣੇ ਕਿਰਪਾਨ ਕੰਘੇ।" ਉਸ ਕਿਹਾ, "ਤੁਸੀਂ ਪਾਠਾਂ ਦੇ ਭੋਗ ਤਾਂ ਪਾਓ ਪਰ ਹਵਨ ਨਾ ਕਰੋ।" ਗਿਆਨੀ ਜੀ ਨੇ ਕਿਹਾ, "ਕਿਉਂ? ਦਸਵੇਂ ਪਾਤਸ਼ਾਹ ਨੇ ਹਵਨ ਕੀਤਾ ਸੀ ਕੀ ਇਆਣੇ ਸਨ? ਉਹਨਾਂ ਗ਼ਲਤ ਕੀਤਾ?" ਉਸ ਨੂੰ ਕੋਈ ਢੁੱਕਵਾਂ ਉਤਰ ਨਾ ਅਹੁੜਿਆ।

ਉਸ ਨੇ ਨਾਮਧਾਰੀ ਸਿੱਖਾਂ ਵਿੱਚ ਦੋ ਗੱਲਾਂ ਹੋਰ ਵਾਧੂ ਦੱਸੀਆਂ:

1. ਸਿੰਘਣੀ ਨੂੰ ਅੰਮ੍ਰਿਤ ਛਕਾਉਣਾ
2. ਗਿਆਰਾਂ ਪਾਤਸ਼ਾਹੀਆਂ ਦੇ ਨਾਂ ਦਾ ਅਰਦਾਸਾ ਕਰਨਾ

ਗਿਆਨੀ ਨਰਾਇਣ ਸਿੰਘ ਨੇ ਕਿਹਾ, "ਅਸੀਂ ਬੀਬੀਆਂ ਨੂੰ ਆਪਣੇ ਸਤਿਗੁਰੂ ਦੇ ਹੁਕਮ ਅਨੁਸਾਰ ਅੰਮ੍ਰਿਤ ਛਕਉਂਦੇ ਹਾਂ। ਇੰਜ ਗੁਰੂ ਨਾਨਕ ਦੇ ਇਸਤਰੀ ਦਾ ਅਨਾਦਰ ਨਾ ਕਰਨ ਤੇ ਅਮਲ ਹੁੰਦਾ ਹੈ।

ਦੂਜਾ ਦਸਵੇਂ ਪਾਤਸ਼ਾਹ ਨੇ ਨੌਂ ਪਾਤਸ਼ਾਹੀਆਂ ਤਕ ਅਰਦਾਸ ਲਿਖੀ ਹੈ। ਤੁਸੀਂ ਦਸਵੇਂ ਪਾਤਸ਼ਾਹ ਦਾ ਨਾਂ ਕਿਸ ਗੁਰੂ ਦੇ ਹੁਕਮ ਅਨੁਸਾਰ ਲੈਣ ਲੱਗੇ ਹੋ? ਅਸੀਂ ਬਾਰਾਂ ਪਾਤਸ਼ਾਹੀਆਂ ਦਾ ਅਰਦਾਸਾ ਆਪਣੇ ਗੁਰੂ ਦੇ ਹੁਕਮ ਅਨੁਸਾਰ ਕਰਦੇ ਹਾਂ।"

ਉਹ ਕਹਿਣ ਲੱਗਾ, "ਭਾਈ ਰਾਮ ਸਿੰਘ ਬੰਦਗੀ ਵਾਲੇ ਸਨ।" ਕੋਲੋਂ ਇੱਕ ਸਿੱਖ ਨੂੰ ਗੁੱਸਾ ਆ ਗਿਆ। ਅਸੀਂ ਗੁਰੂ ਜੀ ਦੇ ਬਿਠਾਏ ਤੈਨੂੰ ਕੁਝ ਨਹੀਂ ਕਹਿੰਦੇ, ਨਹੀਂ ਤਾਂ ਅਸੀਂ ਸਤਿਗੁਰੂ ਜੀ ਨੂੰ ਭਾਈ ਆਖਣ ਵਾਲੇ ਦੇ ਦਰਸ਼ਨ ਨਹੀਂ ਕਰਦੇ। ਉਹ ਚੁੱਪ ਹੋ ਗਿਆ ਤੇ ਕੰਨ ਵਲ੍ਹੇਟ ਕੇ ਤੁਰਦਾ ਹੋਇਆ।

ਫਰੰਗੀ ਨੇ ਰੂਸ ਨਾਲ ਜੰਗ ਦਾ ਅਸਾਰ ਨਜ਼ਰ ਆਉਂਦਿਆਂ, ਨਿਹੰਗਾਂ, ਪੁਜਾਰੀਆਂ, ਪੰਡਤਾਂ, ਕਾਜੀਆਂ, ਮੁੱਲਾਂ ਨੂੰ ਸੱਦ ਕੇ ਉਹਨਾਂ ਦੀ

ਫ਼ਤਹਿ ਲਈ ਦੁਆ ਮੰਗਣ ਤੇ ਰੱਬ ਅੱਗੇ ਅਰਦਾਸ ਕਰਨ ਲਈ ਕਿਹਾ ਸਿੰਘਾਂ ਨੇ ਅਖੰਡ-ਪਾਠ ਵੀ ਸ਼ੁਰੂ ਕੀਤਾ।

ਸਤਿਗੁਰੂ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਕਿਹਾ, "ਧਿਕਾਰ ਹੈ ਜਿਨ੍ਹਾਂ ਨੇ ਉਹਨਾਂ ਦਾ ਪੱਖ ਪੂਰਿਆ ਹੈ।" ਜਦ ਅੰਮ੍ਰਿਤਸਰ ਅੰਗਰੇਜ਼ ਦੀ ਜਿੱਤ ਦੀ ਅਰਦਾਸ ਹੋਈ ਤਾਂ ਕੋਲੋਂ ਲਛਮਣ ਸਿੰਘ ਨਾਮਧਾਰੀ ਨੇ ਕਿਹਾ, "ਸਵਾ ਪਹਿਰ ਰਹਿੰਦੇ ਤੜਕੇ ਉੱਠ ਕੇ ਸਣੇਕੇਸੀਂ ਇਸ਼ਨਾਨ ਕਰਨ ਤੇ ਨਾਮ ਜਪਣ ਵਾਲੇ ਤਨਖਾਹੀਏ। ਗਊਘਾਤੀ ਤੇ ਦੇਸ਼ ਗ਼ੁਲਾਮ ਕਰਨ ਵਾਲੇ ਲਈ ਅਰਦਾਸੇ।" ਪੁਜਾਰੀਆਂ ਕਿਹਾ, "ਅਸੀਂ ਧਨ ਦੇ ਸਿੱਖ ਹਾਂ।" ਲਾਟ ਨੇ ਖਲੋ ਕੇ ਕਿਹਾ, "ਅਸੀਂ ਖਾਲਸਾ ਕੌਮ ਦੀ ਮੱਦਦ ਨਾਲ ਰਾਜ ਕਰਦੇ ਹਾਂ।"

ਸਤਿਗੁਰੂ ਰਾਮ ਸਿੰਘ ਜੀ ਨੂੰ ਵਾਪਸ ਮੰਗਵਾਉਣ ਲਈ ਪਹਿਲਾਂ ਵੀ ਸਰਕਾਰੇ ਦਰਬਾਰੇ ਦਰਖਾਸਤਾਂ ਦਿੱਤੀਆਂ ਜਾਂਦੀਆਂ ਸਨ। ਅੰਮਿਤਸਰ ਦੇ 1900 ਈ. ਦੇ ਦੌਰੇ ਸਮੇਂ ਵੀ ਅਰਜ਼ੀ ਲਿਖੀ ਗਈ। ਸੁਚੇਤ ਸਿੰਘ ਬੈਂਕਿਆਂ ਦਾ ਉਰਦੂ ਪੜ੍ਹਿਆ ਸੀ ਉਸ ਨੇ ਲਿਖਿਆ ਕਿ ਸਤਿਗੁਰੂ ਰਾਮ ਸਿੰਘ ਨੂੰ ਗਿਆਂ ਨੂੰ 29 ਸਾਲ ਹੋ ਗਏ ਹਨ, 20 ਸਾਲਾਂ ਬਾਅਦ ਉਮਰ ਕੈਦੀ ਵੀ ਛੱਡੇ ਜਾਂਦੇ ਹਨ। ਨਾਮਧਾਰੀ ਸਿੰਘਾਂ ਨੂੰ ਸਤਿਗੁਰੂ ਦੇ ਵਿਛੋੜੇ ਦ ਬੜਾ ਦੁੱਖ ਹੈ। ਉਹ ਬਿਨਾਂ ਕਸੂਰੋਂ ਵਿਦੇਸ਼ ਕੈਦ ਕਰ ਕੇ ਰੱਖੇ ਹਨ। ਪਿੱਛੇ ਉਹਨਾਂ ਦੇ ਭਾਈ ਦਾ ਪਹਿਰਾ ਹੈ। ਉਹਨਾਂ ਨੂੰ ਵੀ ਬਿਨਾਂ ਇਜਾਜ਼ਤ ਦੌਰੇ ਕਰਨ ਦੀ ਛੁੱਟੀ ਨਹੀਂ ਮਿਲਦੀ। ਪੁਲਿਸ ਗਾਰਦ ਵੀ ਤੰਗ ਕਰਦੀ ਹੈ। ਸਰਕਾਰ ਸ੍ਰੀ ਸਤਿਗੁਰੂ ਜੀ ਨੂੰ ਛੇਤੀ ਰਿਹਾ ਕਰਕੇ ਸ੍ਰੀ ਭੈਣੀ ਸਾਹਿਬ ਭੇਜੇ।

ਇਹ ਦਰਖ਼ਾਸਤ, ਸਤਿਗੁਰੂ ਹਰੀ ਸਿੰਘ ਜੀ ਨੂੰ ਸੁਣਾਈ ਤਾਂ ਉਹਨਾਂ ਨੇ ਕਿਹਾ, "ਜੋ ਵੀ ਲਿਖੋ, ਇੱਕ ਲਾਹੌਰ, ਇਕ ਕਲਕੱਤੇ ਭੇਜੋ। ਉਹਨਾਂ ਨੂੰ ਝੂਠਿਆਂ ਕਰਨਾ ਹੈ ਜਵਾਬ ਦੀ ਤਾਂ ਕੋਈ ਆਸ ਨਹੀਂ।" ਸੋ ਅਰਜ਼ੀ ਭੇਜੀ ਗਈ। ਉਸਦੀ ਅੰਗਰੇਜ਼ੀ ਕਰਾ ਕੇ ਸ਼ਿਮਲੇ ਵੀ ਭੇਜੀ ਗਈ ਪਰ ਕਿਤੋਂ ਕੋਈ ਉੱਤਰ ਕੀ ਆਉਣਾ ਸੀ ਕਿਸੇ ਨੇ ਉਸ ਦੀ ਪਹੁੰਚ ਬਾਰੇ ਵੀ ਦੋ ਸ਼ਬਦ ਨਹੀਂ ਲਿਖੇ।

ਸਤਿਗੁਰੂ ਜੀ ਨੇ 1900 ਈ. ਦੀ ਦਿਵਾਲੀ ਤੇ ਚਾਰ ਮਹੀਨਿਆਂ ਦੀ ਛੁੱਟੀ ਮਿਲਣ ਤੇ ਸੰਸਾਰ ਦਾ ਭਲਾ ਕਰਨ ਲਈ ਦੌਰਾ ਅਰੰਭ ਕੀਤਾ। ਦਿਵਾਲੀ ਅੰਮ੍ਰਿਤਸਰ ਮਨਾਈ ਗਈ। ਆਸਾ ਦੀ ਵਾਰ ਦੇ ਕੀਰਤਨ

ਬਾਅਦ ਦਿਵਾਨ ਲੱਗੇ। ਸਿੰਘਾਂ ਨੇ ਘਰੋ ਘਰੀ ਚਰਨ ਪਾਉਣ ਦੀ ਅਰਜ਼ ਮਨਜੂਰ ਹੋਣ ਤੇ ਧੰਨ ਭਾਗ ਸਮਝੇ।

ਚੁਗਾਵੇਂ ਦੇ ਹਜ਼ੂਰ ਸਿੰਘ ਨੇ ਸਤਿਗੁਰੂ ਜੀ ਅੱਗੇ ਆਪਣੀ ਗ਼ਲਤੀ ਮੰਨੀ। ਉਸ ਦੱਸਿਆ ਮੈਂ ਇੱਕ ਸਿੰਘ ਦੇ ਪੈਸੇ ਦੇਣੇ ਸਨ। ਉਸ ਨੇ ਸਰਕਾਰੇ ਪੈਸੇ ਲੈਣ ਲਈ ਅਰਜ਼ੀ ਪਾਈ। ਅਰਜ਼ੀ ਦੀ ਸੁਣਵਾਈ ਸਮੇਂ ਮੈਂ ਮੁੱਕਰ ਗਿਆ। ਉਸਦੀ ਅਰਜ਼ੀ ਖਾਰਜ ਹੋ ਗਈ। ਹਜੂਰ ਸਿੰਘ ਨੇ ਕਿਹਾ, "ਮੈਨੂੰ ਬਖ਼ਸ਼ੋ ਮੈਥੋਂ ਝੂਠ ਬੋਲਿਆ ਗਿਆ ਹੈ।"

ਸਤਿਗੁਰੂ ਜੀ ਨੇ ਬਚਨ ਕੀਤਾ ਕਿ ਉਧਾਰ ਲੈ ਕੇ ਨਾ ਦੇਣਾ ਚੋਰੀ ਧਾੜੇ ਤੋਂ ਵੀ ਵੱਡਾ ਪਾਪ ਹੈ। ਝੂਠ ਬੋਲਣ ਦੀ ਸਜ਼ਾ ਹੈ ਕਿ ਮੂੰਹ ਕਾਲਾ ਕਰ ਕੇ ਓਸੇ ਕਚਹਿਰੀ ਜਾ ਕੇ ਸੱਚ ਬੋਲ ਤੇ ਲੈਣਦਾਰ ਦੇ ਪੈਸੇ ਦੇਹ। ਉਹਨੇ ਇੰਜ ਹੀ ਕੀਤਾ। ਹਾਕਮ ਹੈਰਾਨ ਸੀ। ਲੋਕ ਮੂੰਹ ਵਿੱਚ ਉਂਗਲਾਂ ਪਾ ਰਹੇ ਸਨ। ਹਾਕਮ ਨੇ ਕਿਹਾ, "ਤੂੰ ਮੂੰਹ ਕਾਲਾ ਕਰਕੇ ਸੱਚ ਕਿਉਂ ਬੋਲਿਆ ਹੈਂ।" ਉਸ ਨੇ ਕਿਹਾ, "ਮੇਰੇ ਸਤਿਗੁਰੂ ਦਾ ਹੁਕਮ ਸੀ।" ਹਾਕਮ ਨੇ ਕਿਹਾ, "ਧੰਨ ਗੁਰੂ ਤੇ ਧੰਨ ਸਿੱਖ।" ਲਹਿਣੇਦਾਰ ਨੂੰ ਪੈਸੇ ਦੇ ਕੇ ਉਧਾਰ ਲਾਹਿਆ ਗਿਆ। ਉਹ ਵੀ ਜੇ ਪਹਿਲਾਂ ਸਤਿਗੁਰ ਕੋਲ ਆ ਜਾਂਦਾ ਤਾਂ ਕਚਹਿਰੀ ਜਾਣ ਦੀ ਲੋੜ ਨਾ ਪੈਂਦੀ।

ਸਤਿਗੁਰੂ ਜੀ ਨੇ ਮੀਰਕੋਟ, ਲੋਪੋਕੇ, ਚੇਲੇ ਕੀ, ਘੁੱਕੇਵਾਲੀਏ, ਮਹਾਵੇ ਦਰਸ਼ਨ ਦਿੱਤੇ। ਉਥੋਂ ਨਾਰਲੀ ਬਘੇਲ ਸਿੰਘ ਘਰ ਜਾ ਚਰਨ ਪਾਏ। ਉਹ ਬਿਮਾਰ ਸੀ। ਉਸ ਦੇ ਘਰ ਦਾਣੇ ਪੀਹਣ ਲਈ ਖਰਾਸ ਚਲਾਇਆ, ਖੰਡ ਖਰੀਦੀ ਤੇ ਲੰਗਰ ਪਰਸ਼ਾਦ ਬਣਨ ਤੇ ਵਰਤੀਣ ਲੱਗਾ। ਉਸ ਵਿੱਚ ਵੀ ਹਿੰਮਤ ਆ ਗਈ। ਉਸ ਨੇ ਆਪਣੀ ਭੁੱਲ ਦੀ ਮਾਫ਼ੀ ਮੰਗੀ। ਉਸ ਨੇ ਆਪਣੇ ਬਿਮਾਰ ਹੋਣ ਕਾਰਨ, ਸਤਿਗੁਰੂ ਦੇ ਆਉਣ ਨੂੰ ਮਨ੍ਹਾਂ ਕੀਤਾ ਸੀ ਕਿਉਂਕਿ ਸੇਵਾ ਨਹੀਂ ਸੀ ਹੋ ਸਕਣੀ। ਜੇ ਸਤਿਗੁਰੂ ਜੀ ਦਰਸ਼ਨ ਨਾ ਦੇਂਦੇ ਤਾਂ ਨਾ ਬਿਮਾਰੀ ਹਟਣੀ ਸੀ ਨਾ ਸੰਗਤ ਦੇ ਦਰਸ਼ਨ ਹੋਣੇ ਸਨ। ਜਨਮਾਂ ਜਨਮਾਂਤਰਾਂ ਦੀ ਬੇਮੁਖੀ ਵੱਖਰੀ ਬਣੀ ਰਹਿਣੀ ਸੀ। ਨਾਰਲੀ ਦਾ ਇਹੋ ਬਘੇਲ ਸਿਘ ਸਪੁਤਰ ਵਸਾਵਾ ਸਿੰਘ ਰੰਗੂਨ ਜਾ ਸਤਿਗੁਰੂ ਰਾਮ ਸਿਘ ਜੀ ਦੇ ਦਰਸ਼ਨ ਵੀ ਕਰ ਆਇਆ ਸੀ।

ਆਪ ਭਿਖੀਵਿੰਡ ਦਰਸ਼ਨ ਦਿੰਦੇ ਹੋਏ ਵਲਟੋਹੇ ਪਧਾਰੇ। ਇਥੇ ਆਪ ਨੂੰ ਪਤਾ ਲੱਗਾ ਕਿ ਡਾਂਗ ਨੂੰ ਚਾਰ ਉਂਗਲ ਪੱਤੀ ਲੱਗੀ ਵੇਖ ਕੇ ਥਾਣੇਦਾਰ ਨੇ ਬਾਬਾ ਮੇਵਾ ਸਿੰਘ ਨੂੰ ਹਿਰਾਸਤ ਵਿੱਚ ਲੈ ਲਿਆ। ਛਵੀ ਖੋਹ ਲਈ।

ਪਿੰਡ ਦੇ ਸਿੰਘਾਂ ਜਮਾਨਤ ਦੇ ਕੇ ਛੁਡਾਇਆ। ਬਾਅਦ ਵਿੱਚ ਉਸ ਬੇਗੁਨਾਹ ਨੂੰ ਤਿੰਨ ਮਹੀਨੇ ਦੀ ਕੈਦ ਹੋਈ ਤੇ 25 ਰੁਪਈਏ ਜੁਰਮਾਨਾ ਕੀਤਾ ਗਿਆ। ਕੂਕਾ ਹੋਣ ਕਰਕੇ ਸਰਕਾਰ ਦੀ ਜ਼ਿਆਦਤੀ ਸੀ।

ਉਥੋਂ ਮਹਾਵੇ ਤੋਂ ਹੁੰਦੇ ਲੋਹਦੀ ਪਹੁੰਚੇ। ਰਾਹ ਵਿੱਚ ਦਰਿਆ ਪੈਂਦਾ ਸੀ ਉਹ ਬੇੜੀਆਂ ਤੇ ਪਾਰ ਕੀਤਾ। ਬੇੜੀਆਂ ਤੇ ਨਾਲ ਹੀ 6 ਘੋੜੀਆਂ, ਇੱਕ ਗੱਡਾ ਬਲਦਾਂ ਸਹਿਤ, ਦੋ ਘੋੜੇ ਚੜ੍ਹਾਏ। ਉਥੋਂ ਮਨਸੂਰਵਾਲ, ਰੋਡੀਂ ਭਾਣੇ (ਫਿਰੋਜ਼ਪੁਰ), ਝੋਕ, ਝਾੜੀ ਵਾਲੇ ਤੋਂ ਮੁਕਤਸਰ, ਫਿਰ ਖਿੜਕੀਆਂ ਵਾਲੇ, ਬਾੜੀਆਂ ਵਾਲੀ, ਸੋਥੇ ਤੋਂ ਹੁੰਦੇ ਰੁਪਾਣੇ ਪੜਾਅ ਕੀਤਾ।

ਬਾਬਾ ਦਰਬਾਰਾ ਸਿੰਘ ਪਿਛਲੇ ਪਿੰਡ ਬਿਮਾਰ ਹੋ ਗਏ ਸਨ ਪਰ ਹਿੰਮਤ ਕਰਕੇ ਲਗੇ ਆਏ। ਉਹ ਰੁਪਾਣੇ ਚੜ੍ਹਾਈ ਕਰ ਗਏ। ਬਾਬਾ ਜੀ ਚੰਗੀ ਕਮਾਈ ਵਾਲੇ ਸਨ ਸੋ ਉਹਨਾ ਬਿਨਾਂ ਦੁਖ ਤਕਲੀਫ਼ ਤੋਂ ਸਰੀਰ ਛੱਡਿਆ। ਮਰਯਾਦਾ ਅਨੁਸਾਰ ਇਸ਼ਨਾਨ ਕਰਵਾ ਕੇ, ਅਰਦਾਸਾ ਕਰ ਕੇ ਉਹਨਾਂ ਦਾ ਸਸਕਾਰ ਕੀਤਾ ਗਿਆ।

ਆਪ ਨੇ ਫਿਰ ਮਾਘੀ ਦਾ ਮੇਲਾ 1901 ਈ. ਦਾ ਮਨਾਉਣ ਲਈ ਮੁਕਤਸਰ ਦਰਸ਼ਨ ਦਿੱਤੇ। ਏਥੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਤੋਂ ਬਾਅਦ ਦਿਵਾਨ ਲੱਗੇ। ਸਤਿਗੁਰੂ ਜੀ ਦੇ ਦਰਸ਼ਨਾਂ ਨਮਿਤ 180 ਪਾਠਾਂ ਦੇ ਭੋਗ ਪਾਏ ਗਏ।

ਫੁਲੇਵਾਲ ਤੋਂ ਹੁੰਦੇ ਗਦਾਂਡੋਬ ਪਧਾਰੇ। ਏਥੇ ਕੋਠੇ ਉੱਤੇ ਦਿਵਾਨ ਲੱਗਾ। ਏਥੋਂ ਜੰਡਵਾਲੇ, ਫਕਰਸਰ ਤੇ ਖਾਨੇਵਾਲ ਪੁਜੇ। ਸੇਖੀ ਇੱਕ ਸ਼ਖ਼ਸ ਜਗਦੀਸ ਸਿੰਘ ਬਾਰੇ ਸੁਣਿਆ ਸੀ ਕਿ "ਜੰਗੀ ਭਜਨ" ਦੇਦਾ ਹੈ। ਉਹ ਆਇਆ ਸਤਿਗੁਰੂ ਜੀ ਮੰਜੇ ਉਤੇ ਬੈਠੇ ਤਾਂ ਉਹ ਉਹਨਾਂ ਕੋਲ ਪੀੜ੍ਹੀ ਉਤੇ ਬੈਠਾ। ਸਤਿਗੁਰੂ ਜੀ ਬਚਨ ਕੀਤਾ, "ਮੈਨੂੰ ਜੰਗੀ ਭਜਨ ਦੇ"। ਉਸ ਨੇ ਕਿਹਾ, "ਮੈਨੂੰ ਤਾਂ ਤੁਹਾਡੇ ਘਰੋਂ ਹੀ ਖ਼ੈਰ ਪਿਆ ਹੈ। ਜੋ ਮਿਲਿਆ ਹੈ ਵਰਤਾਈ ਜਾਂਦਾ ਹਾਂ।" ਬੁੱਟਰਾਂ ਤੋਂ ਗੁਰੂ ਕੇ ਕੋਠੇ ਆਏ ਉਥੋਂ ਖੇਮੇਆਣਾ। ਏਥੇ ਪਾਲ ਸਿੰਘ ਦੀ ਭੇਟ ਕੀਤੀ ਲੜਕੀ ਆਪ ਨੇ ਉਸੇ ਨੂੰ ਸੰਭਾਲਦਿਆਂ ਬਚਨ ਕੀਤਾ, "ਕੁੜੀ ਸਾਡੀ ਰਹੀ ਹੁਣ ਤੂੰ ਲੈ ਜਾਹ।"

ਭਾਈ ਸੰਤ ਸਿੰਘ ਦੀ ਅਰਜ਼ ਪ੍ਰਵਾਨ ਕਰ ਕੇ ਸਤਿਗੁਰੂ ਜੀ ਮਾਈਸਰਖਾਨਾ ਚਰਨ ਪਾਏ। ਏਥੇ ਭਾਵੇਂ ਮਾਈ ਅਤਰੀ ਦਾ ਡੇਰਾ ਤੇ ਮਾਣ ਸਤਿਕਾਰ ਸੀ ਪਰ ਆਪ ਜਾ ਕੇ ਉਸ ਦੇ ਸੁਭਾਅ ਬਾਰੇ ਸੰਗਤ ਨੂੰ ਪ੍ਰਤੱਖ ਸਥਿਤੀ ਵਿਖਾਉਣਾ ਚਾਹੁੰਦੇ ਸਨ ਤਾਂ ਕਿ ਉਸ ਉੱਤੇ ਭਰੋਸਾ ਰੱਖਣ

ਵਾਲੇ ਸਿੱਖ ਸਤਿਗੁਰੂ ਜੀ ਦੇ ਮੁਕਾਬਲੇ ਉਸ ਨੂੰ ਤੋਲ ਲੈਣ।

ਆਪ ਸੰਤ ਸਿੰਘ ਨੂੰ ਦਰਸ਼ਨ ਦੇ ਕੇ, ਮਾਈ ਜੀ ਦੇ ਡੇਰੇ ਪਹੁੰਚੇ। ਸੇਵਕਾਂ ਨੇ ਮੰਜਾ ਡਾਹਿਆ ਤੇ ਆਪ ਬੈਠ ਗਏ। ਮਾਈ ਅਤਰੀ ਚੁਬਾਰੇ ਵਿੱਚ ਸੀ। ਜਿਹੜਾ ਸਿੱਖ ਉਸ ਨੂੰ ਸੱਦਣ ਤੇ ਦੱਸਣ ਜਾਏ ਕਿ ਸਤਿਗੁਰੂ ਜੀ ਪਧਾਰੇ ਹਨ, ਆ ਕੇ ਕੁੱਝ ਨਾ ਦਸਣਾ ਚਾਹੇ, ਚੁਪ ਕਰ ਕੇ ਖੜ੍ਹਾ ਹੋ ਜਾਏ। ਘੰਟਾ ਕੁ ਬੈਠ ਕੇ ਸਤਿਗੁਰੂ ਜੀ ਆਪ ਹੀ ਚੁਬਾਰੇ ਤੇ ਚਲੇ ਗਏ। ਉਹ ਨਾ ਅਗੋਂ ਉੱਠੀ, ਦਰਬਾਰ ਸਾਹਿਬ ਦੀ ਤਾਬਿਆ ਬੈਠੀ ਰਹੀ। ਉਸ ਨੇ ਫਿੱਕਾ ਬੋਲਿਆ ਜੋ ਸੇਵਕਾਂ ਨੂੰ ਨਿਰਾਦਰੀ ਭਰਿਆ ਲੱਗਾ ਪਰ ਸਤਿਗੁਰੂ ਜੀ ਸਹਿਜ, ਸ਼ਾਂਤ ਰਹੇ। ਉਹ ਸਤਿਗੁਰੂ ਜੀ ਦੇ ਕਹਿਣ ਤੇ ਕਿ ਤੈਨੂੰ ਮਿਲਣ ਆਇਆ ਹਾਂ, ਇਹ ਤਾਂ ਕਹਿੰਦੀ ਕਿ ਏਥੇ ਹੀ ਰਹੋ। ਜੇ ਲੋੜ ਪਈ ਤਾਂ ਮੈਂ ਲਾਹੌਰੋਂ ਮਨਜ਼ੂਰੀ ਲੈ ਆਵਾਂਗੀ। ਪਰ ਉਸ ਦੇ ਸ਼ਬਦਾਂ ਤੇ ਅਮਲ ਤੋਂ ਸਤਿਗੁਰੂ ਜੀ ਪ੍ਰਤੀ ਆਦਰ ਮਾਣ ਦਾ ਝੌਲਾ ਵੀ ਨਹੀਂ ਸੀ ਪੈਂਦਾ।

ਸੰਤ ਸਿੰਘ ਘਰ ਦਿਵਾਨ ਲੱਗਾ ਸੀ। ਢਾਡੀ ਵਾਰਾਂ ਗਾ ਰਹੇ ਸਨ। ਸਤਿਗੁਰੂ ਜੀ ਸੰਗਤ ਵਿੱਚ ਆਸਣ ਤੇ ਬਰਾਜਮਾਨ ਸਨ। ਅਤਰੀ ਸੰਗਤ ਵਿੱਚ ਨਾ ਗਈ। ਲੋਕ ਵਖਾਲੇ ਨੂੰ ਵੀ ਨਾ ਗਈ। ਇਹ ਵੀ ਨਾ ਸੋਚਿਆ ਜੇ ਆਦਰ ਚਾਹੇ, ਆਦਰ ਕਰੇ।

ਅਗਲੇ ਦਿਨ ਆਸਾ ਦੀ ਵਾਰ ਪਿੱਛੋਂ ਸਤਿਗੁਰੂ ਜੀ ਸਿੰਘਾਂ ਸਹਿਤ ਉਸ ਦੇ ਡੇਰੇ ਪਹੁੰਚੇ। ਘੋੜਿਆਂ ਵਾਲਿਆਂ ਕਿਹਾ ਇਹਨਾਂ ਨੂੰ ਪੱਠੇ ਚਾਹੀਦੇ ਹਨ। ਸਤਿਗੁਰੂ ਜੀ ਨੇ ਅਤਰੀ ਨੂੰ ਕਿਹਾ ਪਸ਼ੂਆਂ ਨੂੰ ਚਾਰਾ ਮਿਲੇ। ਉਸ ਨੇ ਬੜਾ ਬੋਲ ਕੁਬੋਲ ਕੀਤਾ, ਸਿਖਾਂ ਸੇਵਕਾਂ ਬਾਰੇ ਵੀ ਤੇ ਨੀਰਾ-ਚਾਰਾ ਦੇਣੋਂ ਟਕੇ ਵਰਗਾ ਜਵਾਬ ਦਿੱਤਾ। ਘੋੜਿਆਂ ਨਾਲ ਉਹਨਾਂ ਨੂੰ ਸਾਂਭਣ ਵਾਲਿਆਂ ਨੇ ਵੀ ਉਥੋਂ ਕੁਝ ਮੂੰਹ ਨਾ ਲਾਇਆ ਤੇ ਮੌੜੀਂ ਆ ਕੇ ਭੂਪ ਸਿੰਘ ਘਰ ਕਮਰ ਕੱਸੇ ਖੋਲ੍ਹੇ। ਇਥੇ ਬੜੀ ਸੇਵਾ ਹੋਈ। ਸਾਧ ਸੰਗਤ ਕਹੇ ਖੁਦ ਪਰਮੇਸ਼ਰ ਆਇਆ ਹੈ।

ਮਾਈਸਰਖਾਨੇ ਦੇ ਦੋ ਸਿੱਖਾਂ ਨੇ ਆ ਕੇ ਅਰਜ਼ ਕੀਤੀ ਕਿ ਸਾਡਾ ਪਿੰਡ ਗੁਰੂ ਤੇਗ ਬਹਾਦਰ ਦੇ ਸਮੇਂ ਵੀ ਸਰਾਫਿਆ ਗਿਆ ਸੀ। ਕਿਰਪਾ ਕਰੋ ਦੁਬਾਰਾ ਦਰਸ਼ਨ ਦਿਓ। ਸਰਦੀ ਬਣਦੀ ਸੇਵਾ ਕਰਾਂਗੇ। ਪਰ ਸਰਾਫ਼ ਨਾ ਦਿਓ। ਦੀਨ ਦਿਆਲ ਜੀ ਬਚਨ ਕੀਤਾ ਅਸੀਂ ਪਿੰਡ ਦਿਆਂ ਉੱਤੇ ਰਾਜੀ ਹਾਂ ਪਰ ਹੁਣ ਜਾਣਾ ਮੁਸ਼ਕਲ ਹੈ।

ਮੌੜੀਂ ਰਾਤ ਬਿਸਰਾਮ ਕੀਤਾ। ਅਗਲੇ ਦਿਨ ਆਸਾ ਦੀ ਵਾ
ਬਾਅਦ ਮੰਡੀ ਗਏ। ਏਥੇ ਮਾਈ ਅਤਰੀ ਆ ਮਿਲੀ ਫਿਰ ਗੱਲਾਂ ਕਰ
ਲੱਗੀ, ਫਾਲਤੂ। ਉਥੋਂ ਗਿੱਲੀਂ ਵੀ ਨਾਲ ਗਈ ਦੋ ਸਿੰਘ ਲੈ ਕੇ। ਸਤਿਗੁ
ਜੀ ਨੂੰ ਕਹਿਣ ਲੱਗੀ, ਹੁਣ ਚੱਲੋ। ਸ਼ਾਇਦ ਪਿੱਛੋਂ ਸੁੱਝੀ ਹੋਵੇ ਕਿ ਮੈਂ
ਗ਼ਲਤੀ ਕਰ ਬੈਠੀ ਹਾਂ। ਪਰ ਉਸਦੇ ਵਿਹਾਰ ਤੋਂ ਸਿੰਘ ਸਮਝਦੇ ਸਨ ਕਿ
ਮਹਿਸੂਸ ਕਰਨਾ ਉਸ ਦੇ ਖਾਨੇ ਵਿੱਚ ਨਹੀਂ ਐਵੇਂ ਖੇਖਣ ਕਰਦੀ ਹੈ
ਗੋਂਗਲੂਆਂ ਤੋਂ ਮਿੱਟੀ ਝਾੜਦੀ ਹੈ। ਰਾਤੀਂ ਫੇਰ ਚੱਲਣ ਲਈ ਕਹਿ
ਆਈ ਸਤਿਗੁਰੂ ਜੀ ਨੇ ਸਾਫ਼ ਇਨਕਾਰ ਕਰ ਦਿੱਤਾ।

ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਪਹੁੰਚੇ। ਏਥੇ ਪੰਜੀ ਅਖੰਡ-ਪਾ
ਕੀਤੇ ਗਏ। ਆਪ ਨੇ ਪਾਠੀਆਂ ਨੂੰ ਉਪਦੇਸ਼ ਦਿੱਤਾ ਕਿ ਪਾਠੀ ਵਾਧੂ ਗੱ
ਨਾ ਕਰੇ ਤੇ ਪਾਠ ਸ਼ੁੱਧ ਕਰੇ। ਆਪ ਨੇ ਤਿੰਨ ਗੱਲਾਂ ਸਦਾ ਚੇਤੇ ਰੱਖ
ਲਈ ਫੁਰਮਾਇਆ:-

1. ਬਾਣੀ ਕੰਠ ਕਰਨੀ
2. ਵਿਦਿਆ ਪੜ੍ਹਨੀ
3. ਭਜਨ ਕਰਨਾ

ਜਿਸ ਦੇ ਕੋਲ ਤਿੰਨੇ ਨਾ ਹੋਵਣ ਨਾ ਹੀ ਟਹਿਲ-ਸੇਵਾ ਕਰਦਾ ਹੋ
ਆਪ ਹੀ ਸੋਚ ਲਵੇ ਉਸ ਦਾ ਕੀ ਹਾਲ ਹੋਵੇਗਾ।

ਹੋਲਾ ਮਹੱਲਾ ਨਾਮਧਾਰੀ ਸਿੰਘਾਂ ਦਾ ਸਤਿਗੁਰੂ ਜੀ ਤੋਂ ਆਤਮਿ
ਸ਼ਕਤੀ ਲੈਣ, ਭਜਨ ਬੰਦਗੀ ਕਰਨ, ਬਾਣੀ ਪੜ੍ਹਨ, ਦਿਵਾਨ ਸੁਣਨ, ਸੇਵ
ਕਰਨ ਤੇ ਆਏ ਗਏ ਨਾਲ ਮੇਲਾ ਗੇਲਾ ਕਰਨ ਦਾ ਪ੍ਰਤੀਕ ਸਮਾਗਮ ਹੈ
ਸਤਿਗੁਰੂ ਹਰੀ ਸਿੰਘ ਜੀ ਨੇ ਪਹਿਲਾ ਹੋਲਾ ਮਹੱਲਾ 1901 ਈ. ਵਿੱ
ਸੱਦੋਵਾਲ ਕੀਤਾ। ਇਥੋਂ ਦੇ ਹੋਲੇ ਦੀ ਸੇਵਾ ਸੰਤ ਮਿੱਤ ਸਿੰਘ ਜੀਊ
ਭਿੰਡਰ ਤੇ ਸੰਤ ਸੌਣ ਸਿੰਘ ਨੇ ਆਪਣੇ ਜ਼ੁੰਮੇ ਲਈ। ਉਹਨਾਂ ਨੇ ਸਾ
ਸੰਗਤ ਦਾ ਸਹਿਯੋਗ ਲੋੜ ਅਨੁਸਾਰ ਲਿਆ।

ਸਤਿਗੁਰੂ ਹਰੀ ਸਿੰਘ ਜੀ ਨੂੰ ਉਹਨਾਂ ਸੇਵਕਾਂ ਜਥਿਆਂ ਸਹਿ
ਦਰਸ਼ਨ ਦੇਣ ਲਈ ਬੇਨਤੀ ਕੀਤੀ ਜੋ ਪ੍ਰਵਾਨ ਹੋਈ। ਪਰ ਸਰਕਾਰ ਵ
ਛੁੱਟੀ ਮਿਲਣ ਦੀ ਔਕੜ ਹੱਲ ਹੋਣੀ ਰਹਿੰਦੀ ਸੀ। ਸਤਿਗੁਰੂ ਜੀ ਨੇ ਬਾ
ਨਾਰਾਇਣ ਸਿੰਘ, ਸੰਤ ਦਾਨ ਸਿਘ ਨੂੰ ਇਕ ਮਹੀਨਾ ਛੁੱਟੀ ਹੋਰ ਵਧਾਉ
ਲਈ ਅਰਜ਼ੀ ਦੇਣ ਲੁਧਿਆਣੇ ਭੇਜਿਆ। ਉਹ ਡਿਪਟੀ ਕਮਿਸ਼ਨਰ
ਮਿਲੇ। ਉਸ ਨੇ ਅੰਦਰ ਸੱਦ ਕੇ ਨਾਮਧਾਰੀ ਸਿੱਖਾਂ ਤੇ ਸਿੰਘ ਸਭੀਆਂ

ਪੁਜਾਰੀਆਂ ਦਾ ਆਪਸੀ ਸੰਬੰਧ ਜਾਂ ਫ਼ਰਕ ਪੁੱਛਿਆ। ਬਾਬਾ ਜੀ ਨੇ ਕਿਹਾ ਗੁਰੂ ਇਸ਼ਟ ਤੇ ਸਾਡਾ ਇੱਕੋ ਹੈ ਪਰ ਉਹ ਸਾਰੇ ਮਾਸ ਸ਼ਰਾਬ ਖਾਂਦੇ ਹਨ ਅਸੀਂ ਨਹੀਂ ਖਾਂਦੇ। ਉਸ ਨੇ ਫੇਰ ਪੁਛਿਆ, ਗਾਂ ਦਾ ਵੀ ਖਾ ਲੈਂਦੇ ਹਨ? ਕੋਲੋਂ ਰਿਸ਼ਤੇਦਾਰ ਨੇ ਕਿਹਾ ਨਹੀਂ ਜੀ ਬੱਕਰੀ-ਛੱਤਰੇ ਦਾ ਖਾਂਦੇ ਹਨ। ਬਾਬਾ ਨਰਾਇਣ ਸਿੰਘ ਕਿਹਾ ਸਾਡੇ ਲਈ ਗਊ, ਬੱਕਰੇ, ਤਿਤਰ, ਬਟੇਰ, ਹਰਨ, ਕੁੱਕੜ, ਮੱਛੀ, ਸੂਰ ਕਿਸੇ ਵੀ ਪਰਕਾਰ ਦਾ ਮਾਸ ਹਰਾਮ ਹੈ। ਸੋ ਸਾਡਾ ਉਹਨਾਂ ਨਾਲ ਮੇਲ ਕੈਸਾ ਤੇ ਛੁੱਟੀ ਮਿਲ ਗਈ।

ਸਤਿਗੁਰੂ ਜੀ ਸੱਦੋਵਾਲ ਪਹੁੰਚੇ ਤਾ ਸੰਗਤ ਅੱਗੋਂ ਲੈਣ ਆਈ। ਉਸ ਨੇ ਸੁਆਗਤ ਵਿੱਚ ਜੈਕਾਰੇ ਛੱਡੇ। ਵੱਡਾ ਪੰਡਾਲ ਬਣਾਇਆ ਗਿਆ ਹੁੰਮ-ਹੁਮਾ ਕੇ ਸੰਗਤ ਆਈ। ਆਸਾ ਦੀ ਵਾਰ ਦਾ ਕੀਰਤਨ ਹੋਇਆ। ਦਿਵਾਨ ਲੱਗੇ ਰਾਗੀਆਂ ਢਾਡੀਆਂ ਦੇ। ਸਤਿਗੁਰੂ ਜੀ ਦਾ ਆਸਣ ਤੇ ਸੁਭਾਇਮਾਨ ਹੋਣਾ, ਪੰਥ ਦੀ ਸੰਭਾਲ ਕਰ ਰਿਹਾ ਸੀ। ਸਾਧ ਸੰਗਤ, ਬੜੇ ਸਲੀਕੇ ਨਾਲ ਆ ਕੇ ਮੱਥਾ ਟੇਕ ਕੇ ਆਪਣਾ ਜਨਮ ਸਫਲ ਕਰ ਰਹੀ ਸੀ। ਇੰਜ ਲਗਦਾ ਸੀ ਜਿਵੇਂ ਮਾਨਸਰੋਵਰ ਉੱਤੇ ਹੰਸ ਉਤਰੇ ਹਨ। ਸਭ ਮਾਈ ਭਾਈ ਭਜਨ ਕਰ ਰਹੇ ਸਨ ਤੇ ਦਿਵਾਨ ਸੁਣ ਰਹੇ ਸਨ।

ਹੋਲੇ ਦੇ ਭੋਗ ਤੋਂ ਬਾਅਦ ਸਤਿਗੁਰੂ ਜੀ ਨੇ ਪਾਲਾ ਸਿੰਘ ਨੂੰ ਹੁਕਮ ਕੀਤਾ ਲੜਕੀ ਲਿਆਓ ਉਸਦਾ ਅਨੰਦ ਕਾਰਜ ਕਰਨਾ ਹੈ। ਇਹ ਉਹੀ ਲੜਕੀ ਸੀ ਜਿਹੜੀ ਪਾਲਾ ਸਿੰਘ ਨੇ ਸਤਿਗੁਰੂ ਜੀ ਨੂੰ, ਕੋਠੇ ਗੁਰੂ ਕੇ, ਮੱਥਾ ਟੇਕੀ ਸੀ ਤੇ ਸਤਿਗੁਰੂ ਜੀ ਬਚਨ ਕੀਤਾ ਸੀ ਕੁੜੀ ਸਾਡੀ ਰਹੀ ਹੁਣ ਲੈ ਜਾ।

ਕੁੜੀ ਦੀ ਮਾਂ ਨੇ ਕਿਹਾ ਮੁੰਡਾ ਡੁਡਾ (ਲੰਗਾ) ਹੈ। ਤੇ ਕੁੜੀ ਭਰਾ ਨਾਲ ਤੋਰ ਦਿੱਤੀ। ਸਿੰਘਾਂ ਕਿਹਾ ਹੁਕਮ ਮੰਨ, ਬਚਨ ਨਿਭਾਅ ਨਹੀਂ ਤਾਂ ਸਰਾਫ਼ੀ ਜਾਏਂਗੀ। ਉਹ ਮੰਨ ਗਈ ਤਾਂ ਕਿਰਪਾਲ ਸਿੰਘ ਸਪੁੱਤਰ ਬੁੱਢਾ ਸਿੰਘ ਖਾਨਪੁਰੀਏ ਨਾਲ ਵਿਆਹੀ ਗਈ।

ਸਤਿਗੁਰੂ ਜੀ ਨੇ ਹੋਲੇ ਪਿਛੋਂ ਖਾਨਪੁਰ, 71 ਚੱਕ, ਰੁੜਕੇ 66 ਚੱਕ ਚਰਨ ਪਾ ਕੇ ਮੱਲੂਵਾਲ ਕਮਰ ਕਸੇ ਖੋਲ੍ਹੇ। ਫਿਰ ਦਿਆਲ ਸਿੰਘ ਵਾਲੇ ਤੋਂ ਲਾਇਲਪੁਰ ਆਏ। ਉੱਥੋਂ ਈਸ਼ਰ ਸਿੰਘ ਘਰ ਬਲੀਂ ਜਾ ਉਤਾਰਾ ਕੀਤਾ। ਆਸਾ ਦੀ ਵਾਰ ਤੋਂ ਬਾਅਦ ਭਗਵਾਨ ਸਿੰਘ ਸੱਦੋਵਾਲ ਤੇ ਲੱਖਾ ਸਿੰਘ ਟਪਿਆਲੇ ਦੇ ਅਨੰਦ ਕਾਰਜ ਹੋਏ। ਲੋਕ ਗੁਰਮਰਯਾਦਾ ਵੇਖਣ ਆਏ ਜਿਸ ਵਿੱਚ ਹਵਨ ਕਰਨਾ, ਅੰਮ੍ਰਿਤ ਛਕਾਉਣਾ ਤੇ ਸ੍ਰੀ ਆਦਿ ਗ੍ਰੰਥ ਸਾਹਿਬ

ਤੋਂ ਲਾਵਾਂ ਪੜ੍ਹ ਕੇ ਚਾਰ ਫੇਰੇ ਲੈਣੇ ਸਨ।

ਅਗਲਾ ਦੌਰਾ ਚੰਚਲ ਸਿੰਘ ਵਾਲਾ, ਢੋਟੀਆਂ, ਮਸੂਰੀ, ਧਾਂਦੇ ਭੂਪਾਲ ਵਾਲਾ, ਗਿਲੀਂ, ਮਹਿਮਦਵਾਲੀ, ਸਰ੍ਹਾਲੀ ਰਤਾ ਚੋਆ ਤੇ ਮਾਨਾਂਵਾਲੇ ਦਾ ਸੀ।

ਆਪ ਜੀ ਬਿਨਾਂ ਆਰਾਮ ਦੀ ਪਰਵਾਹ ਕਰਦੇ ਗੋਬਿੰਦਗੜ੍ਹ, ਮਣੀਆਂ ਵਾਲਾ, ਬਾਲੀ ਕੇ, ਸੇਰੋਂ ਦਾ ਵਲਗਣ, ਸ਼ੇਰ ਸਿੰਘ ਵਾਲਾ ਤੋਂ ਹੁੰਦੇ ਸੰਤਾਂਵਾਲੀ ਵਰਨ, ਹਰਚੰਦ, ਉਗੰਦ, ਗਦਾਂ ਵਾਲਾ, ਫਿਲੋਕੇ, ਬੈਂਕਾ ਚੀਮਾ, ਸੰਤਾਂ ਸਿੱਖਾਂ ਦੇ ਘਰੀਂ ਚਰਨ ਪਾ ਕੇ ਗੁਜਰਾਂਵਾਲੇ ਮਹਾਂ ਸਿੰਘ ਦੀ ਸਮਾਧ ਵਿੱਚ ਡੇਰਾ ਕੀਤਾ। ਇਹਨਾਂ ਥਾਵਾਂ ਉਤੇ ਸਤਿਗੁਰੂ ਰਾਮ ਸਿੰਘ ਦਾ ਵਰੋਸਾਇਆ ਨਾਮਧਾਰੀ ਪੰਥ, ਸੰਭਾਲ ਦੀ ਲੋੜ ਸਮਝਦਾ ਸੀ।

ਹੋਰ ਜਿਨ੍ਹਾਂ ਪਿੰਡਾਂ-ਨਗਰਾਂ ਵਿੱਚ ਸਿੱਖਾਂ ਨੂੰ ਖ਼ੁਸ਼ੀਆਂ ਬਖ਼ਸ਼ੀਆਂ ਉਹ ਸਨ: ਹਿੰਦੂ ਚੱਕ, ਸੈਂਸਰਾ, ਸ਼ੇਖੂਪੁਰ ਬੇਦਾਦ, ਕੁਠਾਲਾ, ਕਿਆਮ ਪੁਰ, ਸੇਖਮ, ਸ਼ਾਹਦਰਾ ਫਿਰ ਮਾਨਾਂਵਾਲੇ ਤੇ ਗੁਜਰਾਂਵਾਲਾ। ਏਥੇ ਮਾਤਾ ਜੀਵਨ ਕੌਰ ਵੀ ਆ ਗਏ ਸਾਹਿਬਜ਼ਾਦਿਆਂ ਨਾਲ। ਇਹਨਾਂ ਦੌਰਿਆਂ ਵਿੱਚ ਕਈਆਂ ਭਜਨ ਪੁੱਛਿਆ।

ਸਾਹਿਬਜ਼ਾਦਿਆਂ ਨੇ ਹੋਰ ਸਿੱਖਾਂ ਨਾਲ ਏਮਨਾਬਾਦ ਵਸਾਖੀ ਵੇਖਣ ਦੀ ਛੁੱਟੀ ਮੰਗੀ। ਆਪ ਜੀ ਨੇ ਸਮਝਾਉਣ ਲਈ ਕਿਹਾ ਚਲੇ ਜਾਣ ਪਰ ਓਥੋਂ ਸਿਧੇ ਸ੍ਰੀ ਭੈਣੀ ਸਾਹਿਬ ਜਾਣ। ਏਮਨਾਬਾਦ ਵੀ ਪੈਦਲ ਜਾਣ। ਦੋਵੇਂ ਵੱਡੇ ਸਾਹਿਬਜ਼ਾਦੇ ਸਮਝ ਗਏ, ਕਈ ਸਿੱਖ ਵੀ ਸਮਝ ਗਏ ਕਿ ਰਜ਼ਾ ਨਹੀਂ ਤੇ ਨਾ ਗਏ। ਜਿਹੜੇ ਗਏ ਉਹਨਾਂ ਨੂੰ ਸੌ-ਸੌ ਭਜਨ ਦੀ ਮਾਲਾ ਦੀ ਤਨਖਾਹ ਲੱਗੀ। ਤੇ ਕਿਹਾ ਮੇਲਾ ਤਮਾਸ਼ਾ ਹੈ, ਨਾ ਦੇਖੋ ਨਾ ਸੁਣੋ। ਬਾਣੀ ਪੜ੍ਹੋ ਚੰਗੇ ਬਣਨ ਲਈ।

ਬਾਬਾ ਦੇਵਾ ਸਿੰਘ ਦੇ ਭੋਗ ਉੱਤੇ ਸਤਿਗੁਰੂ ਜੀ ਲਹੌਰ ਆਏ। ਏਥੇ ਅਤਰੀ ਵੀ ਆਈ। ਆਪ ਨੇ ਉਸ ਨੂੰ ਸਮਝਾਇਆ ਕਿ ਉਸ ਦੇ ਡੇਰੇ ਵਿੱਚ ਸੇਵਾ ਲਈ ਜਨਾਨੀਆਂ ਰੱਖੀਆਂ ਜਾਣ, ਖਰਚ ਸ੍ਰੀ ਭੈਣੀ ਸਾਹਿਬ ਭੇਜ ਦਿੱਤਾ ਜਾਵੇਗਾ ਪਰ ਉਸ ਹੁੰਗਾਰਾ ਨਾ ਭਰਿਆ। ਬਾਬਾ ਜੀ ਦੀ ਥਾਂ ਏਥੋਂ ਦੇ ਡੇਰੇ ਦੀ ਮਹੰਤੀ ਸੰਤ ਸਿੰਘ ਨੂੰ ਸੌਂਪੀ ਤੇ ਭਜਨ ਦੇਣ ਦੀ ਇਜਾਜ਼ਤ ਦਿੱਤੀ। ਲਹੌਰ ਲੰਗਰ ਸੰਤ ਧਿਆਨ ਸਿੰਘ ਪੱਥਰਾਂ ਵਾਲਿਆਂ ਨੇ ਕੀਤਾ।

ਅੰਮ੍ਰਿਤਸਰ ਸਤਿਗੁਰੂ ਜੀ ਨਾਮਧਾਰੀ ਧਰਮਸ਼ਾਲਾ ਵਿੱਚ ਦਿਵਾਨ

ਵਿੱਚ ਦਰਸ਼ਨ ਦੇ ਰਹੇ ਸਨ। ਸੰਤ ਦਾਨ ਸਿੰਘ ਨੇ ਦੱਸਿਆ ਸ੍ਰੀ ਭੈਣੀ ਸਾਹਿਬ ਇੱਕ ਸਿੰਘ ਦੀ ਗ਼ਲਤੀ ਕਰ ਕੇ ਤਬੇਲੇ ਨੂੰ ਅੱਗ ਲਗ ਗਈ, ਦੋ ਬਲਦ ਕਿੱਲੇ ਬੱਧੇ ਹੋਣ ਕਰ ਕੇ ਭੱਜ ਨਾ ਸਕੇ ਤੇ ਸੜ ਗਏ ਹੋਰ ਨੁਕਸਾਨ ਵੱਖਰਾ ਹੋਇਆ। ਸਤਿਗੁਰੂ ਜੀ ਨੇ ਬੇਜ਼ੁਬਾਨ ਬਲਦਾਂ ਨਮਿਤ ਪਾਠ ਕਰਕੇ ਭੋਗ ਪੁਆਉਣ ਦੀ ਤਨਖਾਹ ਲਾਈ ਜੋ ਮੰਨੀ ਗਈ।

ਸਤਿਗੁਰੂ ਜੀ ਨੂੰ ਸਿੱਖਾਂ ਨੇ ਦੱਸਿਆ ਕਿ ਕਾਬਲ ਉੱਤੇ ਹਮਲਾ ਕਰਨ ਲਈ ਫ਼ਰੰਗੀ ਦੀਆਂ ਫ਼ੌਜਾਂ ਗਈਆਂ ਸਨ। ਰਾਤੀਂ ਸੁਤਿਆਂ ਪਿਆਂ ਨੂੰ ਪਠਾਣ ਆ ਕੇ ਪਏ ਤੇ ਮਾਰ ਕਾਟ ਕਰਕੇ ਚਲੇ ਗਏ। ਕਿਸੇ ਪਠਾਣ ਦੇ ਮਰਨ ਦੀ ਕੋਈ ਖ਼ਬਰ ਨਹੀਂ ਆਈ। ਫ਼ੌਜਾਂ ਵਿੱਚ ਹਫੜਾ-ਦਫੜੀ ਪੈ ਗਈ ਸੀ। ਸਤਿਗੁਰੂ ਜੀ ਨੇ ਬਚਨ ਕੀਤਾ, "ਇਸ ਸਾਰੇ ਕੁਝ ਬਾਰੇ ਪਹਿਲਾਂ ਹੀ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਅੰਨ ਦਾ ਕਾਲ ਪਏਗਾ, ਮਾਰੂ ਬਿਮਾਰੀ ਪਵੇਗੀ, ਤੇ ਖੰਡਾ ਖੜਕੇਗਾ। ਰੂਸੀ ਫ਼ੌਜੀ ਅੰਗਰੇਜ਼ਾਂ ਉੱਤੇ ਹਮਲਾ ਕਰਨਗੇ। ਸਮਾਂ ਤਾਂ ਆ ਪੁਜਾ ਹੈ। ਸਭ ਪਾਸੇ ਤਿਆਰੀ ਹੈ। ਅਸੀਂ ਵੀ ਉਸ ਵਕਤ ਨੂੰ ਉਡੀਕਦੇ ਹਾਂ ਕਿਉਂਕਿ ਉਸ ਤੋਂ ਬਾਅਦ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਆਉਣਾ ਹੈ।

ਮੋਹੀ ਦਾ ਗੁਰਦਿੱਤ ਸਿਘ (ਮਾਈ ਭੋਲੀ ਲੁਧਿਆਣੇ ਵਾਲੀ ਦਾ ਜਵਾਈ) ਲੋੜ ਪੈਣ ਉੱਤੇ ਗੁਰੂ ਕੇ ਖ਼ਜ਼ਾਨਿਓਂ ੪੦੦ ਰੁਪਈਏ ਉਧਾਰ ਲੈ ਕੇ ਗਿਆ ਪਰ ਮੋੜ ਨਾ ਸਕਿਆ। ਉਸ ਦਾ ਹੱਥ ਤੰਗ ਰਿਹਾ ਸੀ। ਉਹ ਬਹੁਤ ਬਿਮਾਰ ਹੋ ਗਿਆ, ਬਚਣ ਦੀ ਕੋਈ ਉਮੀਦ ਨਹੀਂ ਸੀ। ਉਸ ਨੇ ਸ੍ਰੀ ਭੈਣੀ ਸਾਹਿਬ ਸੁਨੇਹਾ ਭੇਜਿਆ, ਮੈਂ ਗੁਰੂ ਘਰ ਦਾ ਪੈਸਾ ਲੈ ਕੇ ਨਹੀਂ ਮਰਨਾ ਚਾਹੁੰਦਾ ਕੋਈ ਆ ਕੇ ਹੋਰ ਨਹੀਂ ਤਾਂ ਘਰ ਦਾ ਸਮਾਨ ਹੀ ਲੈ ਜਾਏ। ਦਾਨ ਸਿੰਘ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਗਿਆ। ਗੁਰਦਿੱਤ ਸਿੰਘ ਦੀ, ਮੋਹੀ, ਹੱਟੀ ਸੀ। ਦਾਨ ਸਿੰਘ ਨੇ ਗੱਡੇ ਉੱਤੇ ਸਾਰਾ ਸਮਾਨ ਲੱਦਿਆ ਨਾਲ ਉਸ ਦੇ ਬਾਲ-ਬੱਚੇ ਨੂੰ ਵੀ, ਸੰਭਾਲਣ ਲਈ ਗੱਡੇ ਉੱਤੇ ਬਿਠਾ ਲਿਆ। ਓਹਨਾਂ ਦਾ ਧਿਆਨ ਤਾਂ ਬਿਮਾਰ ਗੁਰਦਿੱਤ ਸਿੰਘ ਵਿੱਚ ਰਿਹਾ। ਉਸ ਨੇ ਕਿਹਾ, "ਜਾਓ! ਹੁਣ ਮੈਂ ਸੁਰਖਰੂ ਹਾਂ। ਮੇਰੇ ਪ੍ਰਾਣ ਸੌਖੇ ਨਿਕਲਣਗੇ।" ਤੇ ਇੰਜ ਹੀ ਹੋਇਆ।

ਪੰਜਾਬ ਨੂੰ ਘਾਤਕ ਬਿਮਾਰੀ ਨੇ ਆ ਘੇਰਿਆ। ਲੋਕਾਂ ਨੂੰ ਸਮਝ ਨਾ ਆਈ ਫਿਨਸੀ ਨਿਕਲੇ ਤੇ ਬੰਦਾ ਪਾਰ ਬੋਲੇ। ਪਤਾ ਨਹੀਂ ਸੀ ਲਗਦਾ ਕਿ ਇਸ ਨਾਲ ਸਰੀਰ ਵਿੱਚ ਕੀ ਜ਼ਹਿਰ ਫੈਲਦਾ ਸੀ। ਇਕ ਪਿੰਡ ਵਿੱਚ

ਬਿਮਾਰੀ ਪਈ ਲੋਕ ਲਗਤਾਰ ਮਰਨ ਲੱਗੇ, ਮਿਰਤਕ ਸਰੀਰ ਪਏ ਪਏ ਗਲਣ-ਸੜਨ ਦੀ ਬਦਬੋ ਫੈਲਣ ਲਗੀ। 20-20 ਸਰੀਰ ਰੋਜ਼ ਮਰਨ, ਕਈ ਮੁਰਦੇ ਤਾਂ ਘਰ ਹੀ ਬੋ ਮਾਰਨ ਲੱਗੇ। ਕੋਈ ਘਰ ਵਿੱਚ ਚੁੱਕਣ ਵਾਲਾ, ਸਸਕਾਰ ਕਰਨ ਵਾਲਾ, ਨਾ ਬਚਿਆ। ਮਿਰਤਕਾਂ ਦੇ ਭੋਗ ਪੌਣ ਵੀ ਕੋਈ ਨਾ ਆਵੇ। ਪਿੰਡ ਵਾਲਿਆਂ ਨੇ ਅਰਜ਼ ਕਰਨ ਤੇ ਸਤਿਗੁਰੂ ਜੀ ਨੇ ਪਾਠੀ ਭੇਜੇ। ਉਹਨਾਂ ਪਿੰਡ ਵੜਦਿਆਂ ਹੀ ਪਾਠ ਤੋਰੇ। ਪਰ ਉਹ ਪਿੰਡੋਂ ਕੁਝ ਨਾ ਛਕਣ ਸਤਿਗੁਰੂ ਅਗੇ ਅਰਦਾਸ ਕਰਨ ਕਿ ਮਨ ਬਣਾਈ ਰੱਖੋ, ਬਦਬੂਦਾਰ, ਭਿਆਨਕ, ਤਰਸਯੋਗ, ਸੋਗੀ ਵਾਤਾਵਰਨ ਵਿੱਚ ਪਾਠ ਛੱਡ ਕੇ ਨਾ ਆਉਣਾ ਪਵੇ। ਰਹਿ ਬਣ ਆਈ, ਪਿੰਡ ਵਾਲਿਆਂ ਧੰਨਵਾਦ ਕੀਤਾ।

ਪਾਠੀ ਸਿੰਘਾਂ, ਸ੍ਰੀ ਸਤਿਗੁਰੂ ਜੀ ਨੂੰ ਆ ਕੇ ਹਾਲਾਤ ਦੱਸੇ। ਸਤਿਗੁਰੂ ਜੀ ਨੇ ਬਚਨ ਕੀਤਾ ਅਜੇ ਬਿਮਾਰੀ ਹੋਰ ਵਧੇਗੀ ਸਾਰੇ ਪਾਸੇ। ਜੋ ਰਾਮਸਰ ਦੀ ਕਾਰ ਕਢੇਗਾ, ਏਥੇ ਉਸ ਨੂੰ ਬਿਮਾਰੀ ਨਹੀਂ ਹੋਵੇਗੀ। ਸਾਰੇ ਮਾਈ ਭਾਈ, ਬਿਮਾਰੀ ਤੇ ਮੌਤ ਦੇ ਭੈ ਤੋਂ ਕਾਰ ਕੱਢਣ ਲੱਗੇ। ਉਹਨਾਂ ਨੇ ਨਾਲ ਆਪਣੇ ਬਾਲ-ਬੱਚੇ ਨੂੰ ਵੀ ਲਾ ਲਿਆ। ਜੇ ਕੋਈ ਜਾਣ ਲਗਦਾ ਤਾਂ ਸਤਿਗੁਰੂ ਜੀ ਬਚਨ ਕਰਦੇ ਓਥੇ ਹੋਰ ਰੱਬ ਹੈ? ਉਹ ਰੁਕ ਜਾਂਦਾ।

ਕਿਸੀ ਦੇ ਸ਼ਿਕਇਤ ਕਰਨ ਉੱਤੇ ਕਿ ਸਿੱਖਾਂ ਨੂੰ ਅੰਦਰ ਲੈ ਜਾਣ ਲਈ ਡੇਰੇ ਕੋਲ ਗਲੀ ਛੱਤੀ ਹੈ, 21 ਮਾਰਚ 1902 ਨੂੰ ਫ਼ਰੰਗੀ ਪੁਲਿਸ ਅਫ਼ਸਰ, ਲੁਧਿਆਣੇ ਤੋਂ ਮੌਕਾ ਵੇਖਣ ਆਇਆ। ਹਵਾਲਦਾਰ ਨੇ ਗਲੀ ਉਤਲਾ ਪੁਲ ਵਿਖਾਇਆ। ਉਸ ਨੇ ਕਿਹਾ, "ਕਿਉਂ ਬਣਾਇਆ ਹੈ?" ਸੰਤ ਸੰਤੋਖ ਸਿੰਘ ਬਾਹੋਵਾਲ ਨੇ ਇਸ ਬਾਰੇ ਦਾਨ ਸਿੰਘ ਦਾ ਦੱਸਿਆ ਲਿਖਿਆ:-

"ਦਾਨ ਸਿੰਘ ਨੇ ਕਹਿਆ ਕਿ ਪਰਤਾਪ ਸਿੰਘ ਸਾਹਿਬਜ਼ਾਦੇ ਦਾ ਚੁਬਾਰੇ ਵਿੱਚ ਆਸਣ ਹੈ, ਜਾਣ ਵਾਸਤੇ ਪਾਇਆ ਹੈ। ਪਹਿਲੇ ਪੁਲ ਦਾ ਛਤੀਰ ਟੁੱਟ ਗਿਆ ਸੀ ਉਸ ਦੀ ਜਗ੍ਹਾ ਲਟੈਣ ਪਾਇ ਕੇ ਬਣਾਇਆ ਹੈ। ਨਵਾਂ ਨਹੀਂ ਪਹਿਲੇ ਭੀ ਥਾ ਪੁਲ। ਫਰੰਗੀ ਨੇ ਕਹਾ ਤੁਮ ਆਦਮੀ ਲੰਘਾਵਣ ਨੂੰ ਬਣਾਇਆ ਹੈ। ਇਧਰ ਸੇ ਚੋਰੀ ਸਿੰਘ ਲੰਘ ਜਾਂਦੇ ਹੈਂ।"

-ਸਤਿਗੁਰੂ ਬਿਲਾਸ ਭਾਗ ਦੂਜਾ

ਦਾਨ ਸਿੰਘ ਸਮਝਾ ਨਾ ਸਕਿਆ ਕਿਉਂਕਿ ਅਫ਼ਸਰ ਦੇ ਕੰਨ ਭਰੇ ਹੋਏ ਸਨ ਤੇ ਉਹ ਸਮਝ ਕੇ ਰਾਜੀ ਨਹੀਂ ਸੀ। ਫਿਰ ਵੀ ਉਸ ਨੇ ਢਾਹੁਣ

ਦਾ ਹੁਕਮ ਨਾ ਦਿੱਤਾ। ਹਵਾਲਦਾਰ ਦੇ ਪੱਲੇ ਵੀ ਕੁਝ ਨਾ ਰਿਹਾ।

ਸਤਿਗੁਰੂ ਹਰੀ ਸਿੰਘ ਜੀ ਛੁੱਟੀ ਮਿਲਣ ਤੇ ਆਪਣੇ ਸਮੇਂ 1902 ਵਿੱਚ ਦੂਜਾ ਹੋਲਾ ਮਨਾਉਣ ਮਟਵੀਂ ਜ਼ਿਲਾ ਗੁਜਰਾਂਵਾਲਾ ਗਏ। ਆਪ ਕਾਮੋਕੀ ਸਟੇਸ਼ਨ ਦੇ ਲਾਗੇ ਜਾਇ ਉੱਤਰੇ। ਅੱਗੋਂ ਸਾਧ ਸੰਗਤ ਲੈਣ ਤੇ ਸੁਆਗਤ ਸਤਿਕਾਰ ਲਈ ਆਈ। ਆਪ ਉੱਥੇ ਨਾ ਘੋੜਿਆਂ ਤੋਂ ਉਤਰੇ ਤੇ ਸਿੱਧੇ ਮਟਵੀਂ ਨਾਮਧਾਰੀ ਧਰਮਸ਼ਾਲਾ ਆ ਕੇ ਵਾਗਾਂ ਢਿੱਲੀਆਂ ਕੀਤੀਆਂ। ਇਥੇ ਸੰਗਤ ਦੇ ਸੈਲਾਬ ਦਾ ਕੋਈ ਅੰਤ ਨਹੀਂ ਸੀ। ਸਿੰਘਾਂ ਨੇ ਮੁਸ਼ਕਲ ਨਾਲ ਸੰਗਤ ਨੂੰ ਸਮਝਾ ਕੇ ਪਿਛੇ ਕਰਕੇ ਆਪ ਨੂੰ ਘੋੜੀ ਤੋਂ ਉਤਾਰਿਆ। ਆਪ ਆਰਾਮ ਲਈ ਬਿਸਤਰੇ ਪਰ ਗਏ।

ਏਥੇ ਛੇਵੀਂ ਪਾਤਸ਼ਾਹੀ ਦਾ ਗੁਰਦੁਆਰਾ ਸੀ। ਸਤਿਗੁਰੂ ਜੀ ਨੇ ਆਰਾਮ ਕਰਕੇ ਉੱਥੇ ਜਾ ਸ਼ਰਧਾ ਨਾਲ ਮੱਥਾ ਟੇਕਿਆ ਤੇ ਜਪੁਜੀ-ਜਾਪ ਦਾ ਪਾਠ ਕੀਤਾ। ਇਥੇ ਵੀ ਬੇਬਹਾ ਸੰਗਤ ਆਪ ਜੀ ਦੇ ਪਿੱਛੇ ਆਈ।

ਹੋਲੇ ਦੇ ਦਿਵਾਨ ਲੱਗੇ। ਰਾਗੀ ਤੇ ਢਾਡੀ ਕੀਰਤਨ ਕਰਨ ਲੱਗੇ। ਆਪ ਆਸਣ ਤੇ ਆ ਬਰਾਜਮਾਨ ਹੋਏ। ਸਾਧ ਸੰਗਤ ਨੇਤਰ ਭਰ ਕੇ ਤੱਕ ਕੇ, ਤਿਲ ਫੁਲ ਭੇਟਾ ਰੱਖ ਕੇ ਮੱਥਾ ਟੇਕਦੀ ਰਹੀ, ਲਾਈਨਾਂ ਲੱਗੀਆਂ ਰਹੀਆਂ।

ਦਿਵਾਨ ਵਿੱਚ ਸਿੰਘ ਵੈਰਾਗੇ ਗਏ। ਉਹ ਮਸਤਾਨੇ ਹੋ ਗਏ, ਉਹਨਾਂ ਸੂਤਰ ਕੱਢਿਆ। ਸਤਿਗੁਰੂ ਜੀ ਨੇ ਆਪਣੇ ਤੇ ਕਾਬੂ ਰੱਖਣ ਲਈ ਕਿਹਾ ਪਰ ਮਸਤਾਨਿਆਂ, ਮਸਤਾਨੀਆਂ ਨਾਲ ਦਿਵਾਨ ਭਰ ਗਿਆ। ਸਤਿਗੁਰੂ ਜੀ ਉਠ ਕੇ ਆ ਗਏ।

ਹੋਲੇ ਸਮੇਂ ਸਤਿਗੁਰੂ ਜੀ ਦੀ ਧੌਣ ਵਿੱਚ ਅਚਾਨਕ ਪੀੜ ਹੋਣ ਲੱਗੀ। ਮਾਲਸ਼ ਆਦਿ ਕੀਤੀ ਪਰ ਅਰਾਮ ਨਾ ਆਇਆ। ਆਪਨੇ ਅਗਲੇ ਪ੍ਰੋਗਰਾਮ ਅਨੁਸਾਰ ਮਿਰਜੇ ਆ ਕੇ, ਦੌਰਾ ਕਰਨ ਲਈ, ਅਰਾਮ ਨਾਲ ਬੈਠਣ ਲਈ ਲਹੌਰੋਂ ਬੱਘੀ ਮੰਗਵਾਈ।

ਆਪ ਨੇ ਮਟਵੀਂ ਮਦਾਰ, ਮਿਰਜੇ, ਵਰਨ, ਮਾਨਾਂਵਾਲੇ, ਦੁਗੈਚ, ਸਦੋਵਾਲ, ਖਾਨਪੁਰ, ਬਲੀ, ਢੋਟੀਆਂ, ਖਿਆਲੇ, ਮਸੂਰ, ਧਾਂਦਰੇ, ਭੂਪਾਲ ਵਾਲਾ, ਗਿੱਲ, ਸਰਹਾਲੀ, ਰੱਤਾ ਚੋਆ, ਮਹਿਮਦਵਾਲੀ, ਗੋਬਿੰਦਗੜ੍ਹ, ਮਾਣੀਆਂ ਵਾਲਾ, ਵਲਗਣ, ਰੋਕਾ, ਸ਼ੇਰ ਸਿੰਘ ਵਾਲੀ ਤੇ ਬਗਲੀ ਦਾ ਦੌਰਾ ਕੀਤਾ। ਆਪ ਵਾਪਸ ਵਰਨ ਪਧਾਰੇ। ਉਥੋਂ ਲਾਇਲਪੁਰ ਜ਼ਿਲ੍ਹੇ ਦਾ ਦੌਰਾ ਕੀਤਾ। ਕਈ ਸਰੀਰਾਂ ਨੇ ਮਾਸ ਸ਼ਰਾਬ ਛੱਡ ਕੇ ਭਜਨ ਲਿਆ। ਉਹ

ਮੰਨਦੇ ਸਨ ਕਿ ਨਾਮਧਾਰੀ ਸਿੱਖਾਂ ਦਾ ਸਤਿਗੁਰੂ ਭਜਨ ਬੰਦਗੀ ਕਰਦਾ ਤੇ ਕਰਾਂਦਾ ਹੈ ਸੋ ਉਸ ਦੇ ਦਰਸ਼ਨ ਕਰਿਆਂ ਮਨ ਸ਼ਾਂਤ ਹੁੰਦਾ ਹੈ ਤੇ ਭਜਨ ਫੁਰਦਾ ਹੈ।

ਦੌਰੇ ਸਮੇਂ ਹਰ ਰੋਜ਼ ਅੰਮ੍ਰਿਤ ਵੇਲੇ ਅੰਮ੍ਰਿਤਧਾਰੀ ਸਿੱਖੀ ਰਹਿਤ ਮਰਯਾਦਾ ਦੇ ਧਾਰਨੀ ਸਿੰਘ ਵਾਰ ਲਾਉਂਦੇ। ਫਿਰ ਢਾਡੀ ਵਾਰਾਂ ਗਾਉਂਦੇ ਤੇ ਹੱਲੇ ਦੇ ਦਿਵਾਨ, ਢੋਲਕੀ ਛੈਣਿਆਂ ਨਾਲ ਲਗਦੇ। ਪਿਛਲੇ ਪਹਿਰ ਕੀਰਤਨ ਹੁੰਦਾ।

ਖੋਟਿਆਂ ਦੇ ਰਤਨ ਸਿੰਘ ਨੂੰ ਸਤਿਗੁਰੂ ਜੀ ਦਾ ਦਰਸ਼ਨ ਕਰਨ ਲਈ ਸ੍ਰੀ ਭੈਣੀ ਸਾਹਿਬ ਲਿਆਂਦਾ ਗਿਆ। ਉਸ ਨੂੰ ਹਲਕ ਕੁੱਦਦਾ ਸੀ ਸੋ ਉਸ ਨੂੰ ਇੱਕ ਕੋਠੜੀ ਅੰਦਰ ਡੱਕ ਦਿਤਾ ਗਿਆ, ਨਹੀਂ ਤਾਂ ਉਹ ਕਿਸੇ ਨੂੰ ਵੀ ਪੈ ਜਾਂਦਾ। ਸਤਿਗੁਰੂ ਜੀ ਇਸ਼ਨਾਨ ਕਰ ਕੇ ਪਊਏ ਪਾਈ ਲੰਗਰ ਵਲੋਂ ਆ ਰਹੇ ਸਨ। ਆਪ ਜੀ ਨੂੰ ਅਰਜ਼ ਕੀਤੀ ਗਈ, ਰਤਨ ਸਿੰਘ ਬਾਰੇ। ਆਪ ਨੇ ਹੁਕਮ ਕੀਤਾ ਕੋਠੜੀ ਦਾ ਬੂਹਾ ਖੋਲ੍ਹ ਦਿਓ। ਘਰ ਦੇ ਡਰਨ ਪਰ ਹੁਕਮ ਸੀ, ਸੋ ਬੂਹਾ ਖੋਲ੍ਹ ਦਿੱਤਾ। ਸਤਿਗੁਰੂ ਜੀ ਅੰਦਰ ਗਏ ਆਪ ਨੇ ਨਜ਼ਰ ਭਰ ਕੇ ਤੱਕਿਆ। ਉਹ ਡਰਿਆ ਸਹਿਮਿਆ ਬੈਠਾ ਸੀ ਕਿਉਂਕਿ ਪਾਗਲਪਨ ਦੇ ਦੌਰੇ ਸਮੇਂ ਉਸ ਨੂੰ ਮਾਰਿਆ ਕੁੱਟਿਆ ਤੇ ਬੰਨ੍ਹਿਆਂ ਵੀ ਜਾਂਦਾ ਸੀ।

ਸਤਿਗੁਰੂ ਜੀ ਨੇ ਉਸ ਨੂੰ ਮੂਧਾ ਲੇਟਣ ਲਈ ਕਿਹਾ। ਉਹ ਝੱਟ ਮੂਧਾ ਪੈ ਗਿਆ। ਆਪ ਸਣੇ ਪਊਵਿਆਂ, ਉਸ ਦੇ ਪੈਰ ਵਾਲੇ ਪਾਸਿਓਂ ਉਸ ਦੇ ਤਨ ਉੱਤੇ ਚੜ੍ਹੇ ਅਤੇ ਮੋਢਿਆਂ ਤੋਂ ਉੱਤਰ ਗਏ। ਆਪ ਨੇ ਬਚਨ ਕੀਤਾ, "ਰਤਨ ਠੀਕ ਠਾਕ ਹੈ।" ਉਸ ਦੇ ਘਰ ਦਿਆਂ ਤੇ ਕੋਲ ਖੜ੍ਹੇ ਸਰੀਰਾਂ ਵੇਖਿਆ ਉਸਦੇ ਚਿਹਰੇ ਤੇ ਪਾਗਲਪਨ ਦਾ ਕੋਈ ਚਿਨ੍ਹ ਨਹੀਂ ਸੀ। ਉਹ ਰਾਜੀ ਹੋ ਗਿਆ ਲੱਗਦਾ ਸੀ।

ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਰਤਨ ਸਿੰਘ ਦੇ ਪਰਵਾਰ ਵਾਲੇ ਉਸ ਨੂੰ ਘਰ ਲੈ ਗਏ। ਉਹ ਬਹੁਤ ਸਾਲ ਜਿਉਂਦਾ ਰਿਹਾ ਤੇ ਨੌਂ ਬਰ ਨੌਂ ਰਿਹਾ।

ਨੰਗਲ ਦਾ ਕਵੀ ਕਾਹਲਾ ਸਿੰਘ, ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਭੁਲ ਬਖ਼ਸ਼ਾਉਣ ਆਇਆ। ਉਹ ਗੁਰੂ ਜਸ ਲਿਖਣ ਵਾਲਾ ਕਵੀ ਸੀ। ਉਸ ਦੇ ਲਿਖੇ ਬਾਰਾਂਮਾਹ ਤੇ ਪੈਂਤੀ ਅੱਖਰੀ ਦੇ ਬੰਦ ਕਈਆਂ ਨੂੰ ਜ਼ੁਬਾਨੀ ਯਾਦ ਸਨ। ਉਸ ਨੇ ਪਿੰਡ ਪਿੰਡ ਜਾ ਕੇ ਨਾਮਧਾਰੀ ਇਤਿਹਾਸ ਬਾਰੇ

ਜਾਣਕਾਰੀ ਲਈ ਸੀ। ਪਰ ਉਸ ਨੇ ਗੁਰ ਮਰਯਾਦਾ ਦੇ ਖਿਲਾਫ਼ ਧੀ ਦੇ ਕੇ ਉਸ ਦੇ ਵੱਟੇ ਆਪਣਾ ਭਰਾ ਵਿਆਹਿਆ ਸੀ। ਘਰ ਵੀ ਕੁਸੰਗੀਆਂ ਦਾ ਸੀ। ਏਸੇ ਕਰਕੇ ਬਖ਼ਸ਼ਾਉਣ ਆਇਆ ਸੀ।

ਸਤਿਗੁਰੂ ਜੀ ਨੇ ਕਾਹਲਾ ਸਿੰਘ ਨੂੰ ਬਚਨ ਕੀਤਾ ਬੜਾ ਮਾੜਾ ਕੰਮ ਕੀਤਾ ਹੈ। ਮਨਮਤ ਕੀਤੀ ਹੈ। ਉਸ ਨੂੰ ਪੰਜ ਰੁਪਈਏ ਤੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਾਠ ਕਰਨ ਦੀ ਤਨਖ਼ਾਹ ਲਾਈ ਗਈ। ਉਸ ਨੇ ਖਿੜੇ ਮੱਥੇ ਪ੍ਰਵਾਨ ਕੀਤੀ। ਉਸ ਤੋਂ ਬਾਅਦ ਉਹ ਸਾਧ ਸੰਗਤ ਵਿੱਚ ਵਿੱਚਰਨ ਲੱਗਾ। ਉਸ ਨੇ ਨਾਮਧਾਰੀ ਸਿੰਘਾਂ ਦਾ ਪੰਥ ਪ੍ਰਕਾਸ਼ ਲਿਖਿਆ।

ਇੱਕ ਖੇਮਾ ਨਾਂ ਦਾ ਜ਼ਿਮੀਂਦਾਰ ਸੀ। ਉਸ ਉੱਤੇ ਕਿਸੇ ਤਰ੍ਹਾਂ ਦਾ ਝੂਠਾ ਕੇਸ ਪੈ ਗਿਆ ਸੀ। ਉਸ ਨੇ ਸੋਚਿਆ ਸੱਚੇ ਦੀ ਪੈਜ ਸਤਿਗੁਰੂ ਹੀ ਰੱਖਦਾ ਹੈ ਸੋ ਉਸ ਨੇ ਸਤਿਗੁਰੂ ਹਰੀ ਸਿੰਘ ਨੂੰ ਗੁਆਹ ਲਿਖਾ ਦਿੱਤਾ। ਹਾਕਮ ਨੇ ਆਪ ਨੂੰ ਕਚਹਿਰੀ ਵਿੱਚ ਸੱਦਿਆ। ਖੇਮੇਂ ਉੱਤੇ ਹੋਏ ਮੁਕੱਦਮੇ ਬਾਰੇ ਜਾਣਕਾਰੀ ਦਿੱਤੀ ਤੇ ਕਿਹਾ ਕਿ ਇਸ ਕੇਸ ਦਾ ਜੁਰਮ ਸਾਬਤ ਹੋ ਜਾਣ ਦੀ ਸਜ਼ਾ ਤਿੰਨ ਸੌ ਰੁਪਈਏ ਜੁਰਮਾਨਾ ਅਤੇ 6 ਮਹੀਨੇ ਦੀ ਸਜ਼ਾ ਸੀ। ਆਪ ਧਰਮਾਤਮਾ ਪੁਰਸ਼ ਹੋ। ਸਚੋ-ਸੱਚ ਗੱਲ ਕਰਨਾ। ਸਤਿਗੁਰੂ ਜੀ ਨੇ ਬਚਨ ਕੀਤਾ ਅਸੀਂ ਕੋਈ ਗਵਾਹੀ ਦੇਣ ਕਚਹਿਰੀ ਨਹੀਂ ਆਉਂਦੇ, ਨਾ ਹੀ ਆਪਣੇ ਮੁਕੱਦਮੇ ਲਿਆਉਂਦੇ ਹਾਂ। ਕੋਈ ਮਜਬੂਰੀ ਲੈ ਆਵੇ ਤਾਂ ਵੱਖਰੀ ਗੱਲ ਹੈ। ਜੇ ਤੁਹਾਨੂੰ ਮੇਰੇ ਉੱਤੇ ਇਤਬਾਰ ਹੈ ਤਾਂ ਮੈਂ ਗਵਾਹੀ ਦੇਂਦਾ ਹਾਂ ਜੇ ਐਵੇਂ ਹੀ ਉਸ ਤੇ ਬਹਿਸਾਂ ਹੀ ਕਰੀ ਜਾਣੀਆਂ ਹਨ ਤਾਂ ਮੈਂ ਕੁਝ ਨਹੀਂ ਕਹਿੰਦਾ। ਤੁਸੀਂ ਜੋ ਮਰਜੀ ਫੈਸਲਾ ਕਰੋ। ਹਾਕਮ ਨੇ ਕਿਹਾ, "ਤੁਸੀਂ ਸਹੀ ਦੱਸੋ, ਜਿਵੇਂ ਕਹੋਗੇ ਤਿਵੇਂ ਕਰਾਂਗਾ।"

ਸਤਿਗੁਰੂ ਜੀ ਨੇ ਬਚਨ ਕੀਤਾ, "ਸੱਚ ਤਾਂ ਇਹ ਹੈ ਕਿ ਖੇਮਾ ਨਿਰਦੋਸ਼ ਹੈ। ਇਸ ਦੇ ਜ਼ੁੰਮੇ ਕੁਝ ਨਹੀਂ। ਇਸ ਉਤੇ ਨਾਜਾਇਜ਼ ਮੁਕੱਦਮਾ ਕੀਤਾ ਹੈ।"

ਹਾਕਮ ਨੇ ਕਿਹਾ, "ਠੀਕ ਹੈ ਇਸ ਨੂੰ ਕੱਲ੍ਹ ਛੱਡ ਦਿਆਂਗਾ" ਪਰ ਸਤਿਗੁਰੂ ਦੇ ਕਹਿਣ ਉੱਤੇ "ਹੁਣੇ ਛਡੋ", ਆਪ ਜੀ ਦਾ ਮਾਣ ਰੱਖਿਆ ਤੇ ਉਸੇ ਸਮੇਂ ਛੱਡ ਦਿੱਤਾ।

ਖੇਮਾ ਸਾਰੀ ਉਮਰ ਆਪ ਜੀ ਨੂੰ ਮਿਲ ਕੇ ਕਹਿੰਦਾ ਰਿਹਾ, "ਮੈਂ ਤੁਹਾਡਾ ਦਿੱਤਾ ਸਾਰੀ ਉਮਰ ਨਹੀਂ ਦੇ ਸਕਦਾ, ਨਹੀਂ ਤਾਂ ਮੈਂ ਰਗੜੇ ਜਾਣਾ ਸੀ।"

ਸਤਿਗੁਰੂ ਰਾਮ ਸਿੰਘ ਦਾ ਦੋਹਤਾ ਸੂਰਤ ਸਿੰਘ - ਬੀਬੀ ਨੰਦਾਂ ਦਾ ਲੜਕਾ - ਸਿੰਘ ਸਭੀਆਂ ਦੇ ਟੇਟੇ ਚੜ੍ਹ ਗਿਆ। ਉਹ ਜਿਥੇ ਵੀ ਸਿੰਘ ਸਭਾ ਲੱਗਦੀ ਓਥੇ ਉਚੇਚਾ ਜਾਂਦਾ ਸੀ। ਅੰਮ੍ਰਿਤਸਰ ਤੱਕ ਜਾ ਆਉਂਦਾ ਪਰ ਸ੍ਰੀ ਭੈਣੀ ਸਾਹਿਬ ਲਗਦੇ ਨਾਮਧਾਰੀ ਦਿਵਾਨ ਤੋਂ ਕੰਨੀ ਕਤਰਾਉਂਦਾ ਰਿਹਾ। ਫਲੌਰ, ਬਕਾਪੁਰ, ਸਿੰਘ ਸਭਾ ਲੱਗੀ। ਇਥੇ ਇੱਕ ਮੁਸਲਮਾਨ ਨੂੰ ਸਿੰਘ ਸਜਾ ਕੇ ਸਭ ਨੇ ਉਸ ਦੇ ਹੱਥ ਦਾ ਖਾਧਾ। ਸੂਰਤ ਸਿੰਘ ਨੇ ਵੀ। ਸਤਿਗੁਰੂ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਘਰ ਆਏ ਸੂਰਤ ਸਿੰਘ ਨੂੰ ਪੁਛਿਆ। ਉਸ ਅੱਗੋਂ ਕਿਹਾ ਛੱਕ ਆਇਆ ਹਾਂ। ਸਤਿਗੁਰੂ ਜੀ ਨੇ ਲੰਗਰ ਵਿੱਚ ਵੜਨੋ, ਮਨ੍ਹਾਂ ਕੀਤਾ ਤੇ ਏਥੋਂ ਚਲੇ ਜਾਣ ਦਾ ਹੁਕਮ ਕੀਤਾ। ਉਹ ਸਾਹਨੇਵਾਲ ਚਲਾ ਗਿਆ ਤੇ ਓਥੇ ਹੀ ਰਿਹਾ। ਹੱਟੀ ਕਰਕੇ ਗੁਜ਼ਾਰਾ ਕਰਨ ਲੱਗਾ।

ਅਸਲ ਵਿੱਚ ਉਸ ਨੂੰ ਖ਼ਰਾਬ ਕਰਨ ਵਾਲਾ ਬਾਬੂ ਤੇਜਾ ਸਿੰਘ ਭਸੌੜੀਆ ਸੀ। ਉਹ ਫਰੰਗੀ ਦਾ ਛੱਡਿਆ ਮੁਖਬਰ ਸੀ। ਉਹ ਸਰਕਾਰੋਂ ਤਨਖਾਹ ਲੈਂਦਾ ਸੀ। ਸੂਰਤ ਸਿੰਘ ਉਸ ਨੂੰ ਸਭ ਕੁਝ ਮੰਨਦਾ ਸੀ ਤੇ ਉਸ ਦੇ ਆਖੇ ਲਗਦਾ ਸੀ। ਉਸ ਨੇ ਉਸ ਦਾ ਜੂਠਾ ਖਾਧਾ ਤੇ ਸਿੰਘਾਂ ਨਾਲ ਬੋਲਣਾ ਛੱਡ ਦਿੱਤਾ। ਸਿੰਘ ਸਭੀਏ ਨੀਲੀਆਂ ਦਰੀਆਂ ਵਿਛਾਉਂਦੇ ਸਨ।

ਸਤਿਗੁਰੂ ਜੀ ਨੇ ਜਦ ਸੂਰਤ ਸਿੰਘ ਦਾ ਲਿਹਾਜ਼ ਨਾ ਕੀਤਾ ਤਾਂ ਬਾਕੀਆਂ ਨੂੰ ਕੰਨ ਹੋ ਗਏ। ਅੰਗਰੇਜ਼ਾਂ ਹੀ ਨਾਮਧਾਰੀ ਸਿੰਘ ਫਾਂਸੀ ਲਾ ਕੇ ਤੋਪਾਂ ਸਾਹਮਣੇ ਖੜ੍ਹੇ ਕਰਕੇ ਉਡਾ ਕੇ ਸ਼ਹੀਦ ਕੀਤੇ। ਉਹਨਾਂ ਹੀ ਸਤਿਗੁਰੂ ਜੀ ਤੇ ਪ੍ਰਮੁੱਖ ਸੂਬਿਆਂ ਨੂੰ ਜਲਾਵਤਨ ਕਰਕੇ ਸ੍ਰੀ ਭੈਣੀ ਸਾਹਿਬ ਪੁਲਿਸ ਗਾਰਦ ਬਿਠਾਈ ਤੇ ਨਾਮਧਾਰੀ ਸਿੰਘਾਂ ਤੇ ਸਖ਼ਤੀਆਂ ਕੀਤੀਆਂ ਸਨ। ਜੇ ਅਸੀਂ ਉਹਨਾਂ ਅੰਗਰੇਜ਼ਾਂ ਨਾਲ ਘਿਉ ਖਿਚੜੀ ਹੋਈਏ ਜਾਂ ਉਹਨਾਂ ਦੀਆਂ ਉਂਗਲਾਂ ਤੇ ਨੱਚਣ ਵਾਲਿਆਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਤੁਰੀਏ ਤਾਂ ਸਾਨੂੰ ਚੰਗਾ ਕੌਣ ਕਹੇਗਾ। ਇਹ ਸੋਚ ਕੇ ਹੋਰ ਸਿੱਖ ਸੰਭਲ ਗਏ। ਮੌੜਾਂ ਪਿੰਡ ਦਾ ਦਾਨ ਸਿੰਘ ਵੀ ਸੂਰਤ ਸਿੰਘ ਨਾਲ ਗਿਆ ਸੀ। ਉਸ ਨੇ ਮੂੰਹ ਕਾਲਾ ਕਰਕੇ ਬਖ਼ਸ਼ਾਇਆ ਤੇ ਅੰਮ੍ਰਿਤ ਛਕ ਕੇ ਸਤਿਗੁਰੂ ਦੇ ਚਰਨਾਂ ਦਾ ਭੌਰਾ ਬਣ ਗਿਆ। ਰਾਏ ਸਿੰਘ ਵੀ ਰਾਮਕਾਰ ਵਿੱਚ ਆ ਗਿਆ।

ਸੂਰਤ ਸਿਘ ਸਾਹਨੇਵਾਲ ਔਖਾ ਰਹਿਣ ਲੱਗਾ। ਕਿਸੇ ਸਿੰਘ ਸਭੀਏ ਉਸ ਦੀ ਵਾਤ ਨਾ ਪੁੱਛੀ। ਉਹਨਾਂ ਨੂੰ ਲੋੜ ਵੀ ਕੀ ਸੀ। ਉਹਨਾਂ ਤਾਂ ਗੁਰੂ ਰਾਮ ਸਿੰਘ ਦਾ ਘਰ ਪਾੜ ਕੇ ਵਿਖਾਉਣਾ ਸੀ। ਸੋ ਸੂਰਤ ਸਿੰਘ ਨੂੰ ਛੇਤੀ

ਹੀ ਅਪਾਣੀ ਗ਼ਲਤੀ ਦਾ ਅਹਿਸਾਸ ਹੋਇਆ। ਸਤਿਗੁਰੂ ਜੀ ਨੇ ਇਹ ਜਾਣ ਕੇ ਸਵੇਰ ਦਾ ਭੁਲਾ ਜੇ ਸ਼ਾਮ ਨੂੰ ਘਰ ਮੁੜ ਆਏ ਤਾਂ ਉਸ ਨੂੰ ਭੁਲਾ ਨਾ ਜਾਣੀਏ, ਉਸ ਨੂੰ ਅੰਮ੍ਰਿਤ ਛਕਾ ਕੇ ਨਾਲ ਰਲਾ ਲਿਆ ਤੇ ਲੰਗਰ ਦੇ ਦਰਵਾਜ਼ੇ ਉਸ ਲਈ ਵੀ ਖੋਲ੍ਹ ਦਿੱਤੇ।

ਪਿੰਡ ਦੋਲੋਂ ਜ਼ਿਲ੍ਹਾ ਲੁਧਿਆਣਾ ਦਾ ਨਿਹਾਲ ਸਿੰਘ ਗੱਡਿਆਂ ਉੱਤੇ ਗੁਰੂ ਘਰ ਦੀ ਉਗਰਾਹੀ ਕਰਨ ਜਾਂਦਾ ਸੀ। ਫਿਰ ਉਹ ਟਹਿਲ ਸੇਵਾ ਛੱਡ ਕੇ ਕਿਸੇ ਧਰਮਸ਼ਾਲਾ ਵਿੱਚ ਬੈਠ ਗਿਆ। ਉੱਥੇ ਬਹੁਤ ਬਿਮਾਰ ਹੋ ਗਿਆ। ਕੋਈ ਵਾਤ ਨਾ ਪੁਛੇ। ਨਾ ਰਾਜ਼ੀ ਹੋਇਆ ਤਾਂ ਵਾਪਸ ਸ੍ਰੀ ਭੈਣੀ ਸਾਹਿਬ ਆ ਗਿਆ। ਸਤਿਗੁਰੂ ਜੀ ਨੇ ਉਸ ਦੀ ਸੇਵਾ ਲਈ ਟਹਿਲ ਸਿੰਘ ਨੂੰ ਲਾਇਆ। ਨਿਹਾਲ ਸਿੰਘ ਨੂੰ ਦਸਤ ਲਗ ਗਏ ਜੋ ਖਾਏ ਸੋ ਨਿਕਲ ਜਾਏ ਕੁਝ ਹਜ਼ਮ ਨਾ ਹੋਏ, ਕੋਈ ਬਦਬੋ ਮਾਰਦੇ ਦੇ ਨੇੜੇ ਨਾ ਢੁੱਕੇ। ਟਹਿਲ ਸਿੰਘ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਸ ਦੇ ਗੰਦੇ ਕਪੜੇ ਧੋਏ ਤੇ ਹਰ ਤਰ੍ਹਾਂ ਦੀ ਸੇਵਾ ਕਰੇ। ਉਸ ਨੇ ਹੋਸ਼ ਪਰਤੀ ਤਾਂ ਸੇਵਕ ਨੇ ਹਾਲ ਚਾਲ ਪੁੱਛਿਆ। ਸੰਤ ਨਿਹਾਲ ਸਿੰਘ ਨੇ ਕਿਹਾ, "ਆਪਣੇ ਕੀਤੇ ਦੀ ਸਜ਼ਾ ਭੁਗਤਦੇ ਹਾਂ। ਗੱਡਿਆਂ ਨਾਲ ਹੁੰਦਿਆਂ ਮੈਂ ਬਲਦਾਂ ਦਾ ਦਾਣਾ, ਚੋਰੀ ਵੇਚ ਕੇ ਘਿਉ ਖਾਂਦਾ ਰਿਹਾ। ਮੈਂ ਭਾਰੀ ਗੁਨਾਹ ਕੀਤਾ ਹੈ। ਸਤਿਗੁਰੂ ਜੀ ਨੂੰ ਅਰਜ਼ ਕਰੀਂ ਮੈਨੂੰ ਬਖ਼ਸ਼ ਲੈਣ। ਉਸ ਨੇ ਅਰਜ਼ ਕੀਤੀ ਤਾ ਸਤਿਗੁਰੂ ਜੀ ਨੇ ਖਿਮਾ ਬਖ਼ਸ਼ੀ।

ਕੁਝ ਦਿਨਾਂ ਬਾਅਦ ਉਸ ਦੇ ਪ੍ਰਾਣ ਪੰਖੇਰੂ ਹੋ ਗਏ। ਸਤਿਗੁਰੂ ਜੀ ਨੇ ਬਚਨ ਕੀਤਾ ਪੂਜਾ ਦਾ ਧਾਨ ਪਚਾਉਣਾ ਔਖਾ ਹੈ। ਭਜਨ ਬੰਦਗੀ ਮੰਗਦਾ ਹੈ। ਚੋਰੀ ਤਾਂ ਪਚਦੀ ਹੀ ਨਹੀਂ। ਗੁਰੂ ਘਰ ਦੀ ਜੋ ਸੂਈ ਦੀ ਚੋਰੀ ਕਰੇਗਾ ਉਸ ਨੂੰ ਅਹਿਰਨ ਦੇ ਕੇ ਛੁੱਟਣਾ ਪਏਗਾ। ਲੇਖਾ ਤਾਂ ਦੇਣਾ ਹੀ ਪਵੇਗਾ ਤੇ ਸਜ਼ਾ ਵੀ ਭੁਗਤਣੀ ਪਏਗੀ।

ਨਿਹਾਲ ਸਿੰਘ ਦੇ ਸੁਭਾਅ ਦੇ ਉਲਟ ਇੱਕ ਉਗਰਾਹੀਆ ਸੀ ਬਾਬਾ ਬੂਟਾ ਸਿੰਘ ਲਖਾਣਾ। ਬਾਬਾ ਜੀ ਬਾਹਰ ਸਿਖਾਂ-ਸਾਧਾਂ ਵਲੋਂ ਜੋ ਮਿਲਦਾ ਛੱਕ ਲੈਂਦੇ ਸਨ ਪਰ ਲੰਗਰ ਵਾਸਤੇ ਜੋ ਮਾਇਆ ਮਿਲੇ ਵਾਸਲੀ ਵਿੱਚ ਪਾ ਦੇਂਦੇ ਤੇ ਉਸ ਨੂੰ ਸ੍ਰੀ ਭੈਣੀ ਸਾਹਿਬ ਆ ਕੇ ਹੀ ਹਵਾ ਲੁਆਉਂਦੇ ਸਨ।

ਇੱਕ ਵਾਰ ਬਾਬਾ ਜੀ ਨੇ ਹਰੀ ਕਾ ਪੱਤਣ ਲੰਘਣਾ ਸੀ। ਬੇੜੀ ਦਾ ਮਲਾਹ ਪੈਸੇ ਮੰਗੇ। ਆਪਣੇ ਪੈਸੇ ਕੋਲ ਨਹੀਂ ਸਨ। ਮਲਾਹ ਨੇ ਚੜ੍ਹਾਇਆ ਨਾ। ਬਾਬਾ ਜੀ ਨੇ ਵਾਸਲੀ ਬੰਦ ਕੀਤੀ ਲੱਕ ਨਾਲ ਖੰਨ੍ਹ ਲਈ ਤੇ ਧੰਨ

ਸਤਿਗੁਰੂ ਹਰੀ ਸਿੰਘ ਆਖ ਕੇ ਦਰਿਆ ਵਿੱਚ ਛਾਲ ਮਾਰ ਕੇ, ਤਰ ਕੇ ਪਾਰ ਹੋਏ। ਲੋਕ ਵੇਖ ਕੇ ਮੂੰਹ ਵਿੱਚ ਉਂਗਲਾਂ ਪਾਉਣ ਕਿ ਇਹ ਬਾਬਾ ਹੈ ਜਾਂ ਨੌਜਵਾਨ।

ਬਾਬਾ ਬੂਟਾ ਸਿੰਘ ਇੱਕ ਛੰਨਾ, ਕੋਲ ਰੱਖਦੇ ਸਨ। ਉਸ ਵਿੱਚ ਦੋ ਸੇਰ ਪੱਕਾ ਦੁੱਧ ਘਿਓ ਪੈਂਦਾ ਸੀ। ਉਹਨਾਂ ਨੇ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਆ ਕੇ ਮਾਤਾ ਜੀਵਨ ਕੌਰ ਕੋਲ ਅਰਜ਼ ਕਰਨੀ, "ਮਾਤਾ ਜੀ! ਇਹ ਕੌਲੀ ਘਿਓ ਨਾਲ ਭਰ ਦਿਓ" ਮਾਤਾ ਜੀ ਨੇ ਮੁਸਕਰਾਉਂਦਿਆਂ ਭਰ ਦੇਣੀ। ਬਾਬਾ ਜੀ ਨੇ ਓਥੇ ਹੀ ਪੈਰਾਂ ਭਾਰ ਬੈਠ ਕੇ ਇਕੋ ਡੀਕ ਲਾ ਕੇ, ਧੰਨ ਮਾਤਾ ਜੀਵਨ ਕੌਰ ਕਹਿ ਕੇ ਸਾਰਾ ਘਿਓ ਪੀ ਕੇ ਉੱਠਣਾ।

ਇਕ ਦਿਨ ਅੰਗਰੇਜ਼ ਅਫਸਰ (ਡੀ. ਸੀ.) ਆਇਆ ਲੁਧਿਆਣਿਓਂ। ਉਹ ਤਬੇਲੇ ਵਿੱਚ ਫਿਰਿਆ। ਸਤਿਗੁਰੂ ਜੀ ਨੂੰ ਆ ਕੇ ਕਹਿਣ ਲੱਗਾ, "ਕੀ ਆਮਦਨ ਭੀ ਲਿਖੀ ਜਾਂਦੇ ਹੋ?" ਸਤਿਗੁਰੂ ਜੀ ਨੇ ਬਚਨ ਕੀਤਾ, "ਲਿਖੇ ਉਹ ਜਿਸ ਕੋਲ ਕੋਈ ਰਾਜਭਾਗ ਹੋਵੇ, ਜ਼ਮੀਨ-ਜਾਇਦਾਦ ਹੋਵੇ, ਏਥੇ ਕੋਈ ਬੱਧੀ ਆਮਦਨ ਹੈ। ਰੱਬ ਆਸਰੇ ਲੰਗਰ ਚਲਦਾ ਹੈ। ਔਂਦਾ ਵੀ ਅਣਲਿਖਿਆ ਹੈ ਤੇ ਵਰਤਦਾ ਵੀ ਅਣਲਿਖਿਆ ਹੀ ਹੈ।" ਫ਼ਰੰਗੀ ਨੇ ਕਿਹਾ, "ਕੀ ਸਭ ਨੂੰ ਪ੍ਰਸਾਦਾ ਮਿਲਦਾ ਹੈ?"

ਕੋਲ ਤਹਿਸੀਲਦਾਰ ਖੜ੍ਹਾ ਸੀ। ਉਸ ਨੇ ਆਪਣੀ ਜਾਣਕਾਰੀ ਦੇ ਸਿਰ ਉੱਤੇ ਉੱਤਰ ਦਿੱਤਾ ਕਿ ਪਰਸ਼ਾਦਾ ਤਾਂ ਬਿਨਾਂ ਜਾਤ ਪਾਤ, ਧਾਰਮਿਕ ਫਿਰਕੇ ਦੇ ਵਿਤਕਰੇ ਤੋਂ ਸਭ ਨੂੰ ਮਿਲਦਾ ਹੈ। ਜਿਹੜੇ ਦਸ-ਦਸ ਨਾਮਧਾਰੀ ਸਿੱਖ ਦਰਸ਼ਨ ਕਰਨ ਆਉਂਦੇ ਹਨ ਉਹਨਾਂ ਨੂੰ ਕੜਾਹ ਪਰਸ਼ਾਦ ਛਕਾਉਂਦੇ ਹਨ। ਉਹ ਰਾਮਸਰ ਗਏ। ਉੱਥੇ ਪਏ ਛੱਪਰ, ਛੰਨਾਂ ਢਾਰੇ ਵੇਖੇ ਤੇ ਰਹਿਣ ਵਾਲਿਆਂ ਬਾਰੇ ਰਿਪੋਰਟ ਲਿਖ ਕੇ ਚਲਾ ਗਿਆ।

ਗੰਗਾ ਕਿਨਾਰਿਓਂ, ਹਰਿਦੁਆਰੋ ਇਕ ਨਾਂਗਾ ਸਾਧ ਆਇਆ। ਉਸ ਨੇ ਲੰਗਰ ਦਾ ਵਰਤਾਰਾ ਵੇਖਿਆ। ਉਹ ਕਹਿਣ ਲੱਗਾ ਇਹ ਗੁਰੂ ਅਵਤਾਰ ਹਨ, ਸੱਤਿਆ ਵਾਲੇ ਹਨ ਤਾਂ ਹੀ ਅੱਠੇ ਪਹਿਰ ਲੰਗਰ ਚਲਦਾ ਹੈ। ਸਾਡੇ ਉਦਾਸੀਆਂ ਦੇ ਅਨੇਕਾਂ ਡੇਰੇ ਹਨ। ਡੇਰਿਆਂ ਦੇ ਨਾਂ ਜ਼ਮੀਨਾਂ ਹਨ ਪਰ ਐਸਾ ਲੰਗਰ ਨਹੀਂ ਚਲਦਾ। ਬਿਨਾਂ ਜਾਤ ਧਰਮ ਦੇ ਵਿਤਕਰੇ ਇਸ ਤਰ੍ਹਾਂ ਲੰਗਰ ਚਲਾਉਣਾ ਕਿਸੇ ਸਮਰਥ ਗੁਰੂ ਦੀ ਹੀ ਕਾਰ ਹੋ ਸਕਦੀ ਹੈ। ਫਿਰ ਲੰਗਰ ਵੀ ਸਾਤਵਿਕ ਤੇ ਸੁੱਚ-ਪਵਿੱਤਰਤਾ ਨਾਲ ਤਿਆਰ

ਕੀਤਾ ਹੋਇਆ।

ਦੂਜੇ ਪਾਸੇ ਇੱਕ ਹੋਰ ਲੰਗਰ ਵਿੱਚ ਇੱਕ ਨਾਮਧਾਰੀ ਨੇ ਜਾ ਕੇ ਵੇਖਿਆ ਕਿ ਸੁੱਚ ਪਵਿੱਤਰਤਾ ਬਿਲਕੁਲ ਨਹੀਂ ਸੀ। ਇਹ ਲੰਗਰ ਸਿੰਘ ਸਭਾ ਲਗਣ ਤੋਂ ਬਾਅਦ ਭਸੌੜ ਵਿੱਚ ਹੋਇਆ। ਉਹ ਤਾਂ ਆ ਗਿਆ ਪਰ ਹੋਰ ਨਾਮਧਾਰੀ ਸਿੰਘ ਸਨ ਉਹਨਾਂ ਨੇ ਕਿਹਾ ਕੱਚਾ ਰਾਸ਼ਨ ਮਿਲੇ ਆਪਣਾ ਬਣਾ ਕੇ ਛਕਾਂਗੇ। ਕਸੂਰ ਪੁੱਛਣ ਤੇ ਲਾਂਗਰੀ ਨੂੰ ਪੁੱਛਿਆ ਗਿਆ:

1. ਮੈਦਾਨ ਜਾਇਕੇ ਕੇਸੀਂ ਇਸ਼ਨਾਨ ਕਰਦਾ ਹੈ?

2 ਮਾਸ ਖਾਂਦਾ ਹੈ?

3. ਸ਼ਰਾਬ ਪੀਂਦਾ ਹੈ?

ਲਾਂਗਰੀ ਨੇ ਕਿਹਾ ਜੰਗਲ ਮੈਦਾਨ ਜਾ ਕੇ ਬਿਨਾ ਕੇਸਾਂ ਦੇ ਵੀ ਨਹੀਂ ਨਹਾਉਂਦਾ। ਤੇ ਉਹ ਮਾਸ-ਸ਼ਰਾਬ ਛਕ ਲੈਂਦਾ ਹੈ। ਪਰ ਸਿੰਘ ਸਭੀਆਂ ਰਸਤ ਨਾ ਦਿੱਤੀ। ਉਹਨਾਂ ਬਜ਼ਾਰੋ ਖ਼ਰੀਦ ਕੇ ਲੰਗਰ ਤਿਆਰ ਕੀਤਾ।

ਗੁਜਰਾਂਵਾਲੇ ਦੀ ਕੇਸਰੋ ਬੀਬੀ, ਸੰਤ ਕੇਸਰ ਸਿੰਘ ਚੁੱਪ ਸੇਖਵਾਂ ਵਾਲਿਆਂ ਦੀ ਉਪਾਸ਼ਕ ਸੀ। ਸੰਤ ਜੀ ਸ੍ਰੀ ਭੈਣੀ ਸਾਹਿਬ ਆਏ ਤਾਂ ਉਹਨਾਂ ਦੇ ਡੇਰੇ ਦੀ ਸੇਵਾ ਕਰਦੀ ਰਹੀ। ਮਾਤਾ ਫ਼ਤਹਿ ਕੌਰ ਨੇ ਟਣੇਕਾ ਲਾਇਆ ਪੁੱਤ ਲੈ ਕੇ ਜਾਈਂ ਕੇਸਰ ਥੀਂ। ਕੇਸਰੋ ਨੇ ਸਤਿਗੁਰੂ ਜੀ ਨੂੰ ਸ਼ਿਕਾਇਤ ਕੀਤੀ। ਸਤਿਗੁਰੂ ਜੀ ਨੇ ਸੰਤ ਰਾਗਾ ਸਿੰਘ ਨੂੰ ਕਿਹਾ ਦੇਈਂ ਕੇਸਰੋ ਨੂੰ ਪੁੱਤ। ਉਹਨਾਂ ਬਚਨ ਕੀਤਾ, "ਜਾਹ ਬੀਬੀ ਸਤਿਗੁਰੂ ਨੇ ਕਿਰਪਾ ਕਰ ਦਿੱਤੀ ਹੈ।" ਸਾਲ ਬਾਅਦ ਲੜਕਾ ਹੋਇਆ। ਸਤਿਗੁਰੂ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਉਸ ਦੇ ਪਤੀ ਅਮਰ ਸਿੰਘ ਦਾ ਨਾਂ ਲੈ ਕੇ ਕਿਹਾ ਉਸਦੇ ਘਰ ਲੜਕਾ ਹੋਇਆ ਹੈ। ਉਥੇ ਸੰਤ ਕੇਸਰ ਸਿੰਘ ਵੀ ਬੈਠੇ ਸਨ। ਕਹਿਣ ਲੱਗੇ ਆਪ ਜੀ ਦੇ ਵਰ ਨਾਲ ਹੋਇਆ ਹੈ, ਤੁਸਾਂ ਬਖ਼ਸ਼ਸ਼ ਕੀਤੀ ਹੈ।

ਅਮਰ ਸਿੰਘ ਸ੍ਰੀ ਭੈਣੀ ਸਾਹਿਬੋਂ ਸੰਤ ਚੁੱਪ ਜੀ ਨੂੰ ਲੈ ਕੇ ਗਿਆ ਤੇ ਆਦਰ ਸਤਿਕਾਰ ਕੀਤਾ। ਉਹ ਕਹਿੰਦੇ ਫਿਰਨ ਸੰਤ ਜੀ ਨੇ ਕਿਰਪਾ ਕੀਤੀ ਹੈ, ਉਹਨਾਂ ਦਿਤਾ ਹੈ। ਜਿਸ ਗੁਰੂ ਨੇ ਦਿੱਤਾ ਸੀ, ਉਸਦਾ ਨਾਂ ਨਾ ਲਵੇ। ਭਾਣਾ ਰੱਬ ਦਾ ਲੜਕਾ ਖੂਹ ਵਿੱਚ ਡਿੱਗ ਪਿਆ। ਜਦ ਕੱਢਿਆ ਤਾਂ ਮਿਰਤਕ ਸਰੀਰ ਸੀ। ਰੋਏ, ਕੁਰਲਾਏ, ਪਰ ਕੀ ਬਣਦਾ ਸੀ।

ਸੰਤ ਜੀ ਸ੍ਰੀ ਭੈਣੀ ਸਾਹਿਬ ਮੁੜ ਆਏ। ਅਮਰ ਸਿੰਘ ਤੇ ਕੇਸਰੋ ਵੀ ਗੁਜਰਾਂਵਾਲਿਓਂ ਆਏ। ਸਤਿਗੁਰੂ ਜੀ ਨੂੰ ਅਰਜ਼ ਕੀਤੀ ਲੰਮੀ ਉਮਰ

ਵਾਲਾ ਲਾਲ ਬਖ਼ਸ਼ੋ। ਸਤਿਗੁਰੂ ਜੀ ਨੇ ਬਚਨ ਕੀਤਾ, "ਜਾਹ ਜਿਉਂਦਾ ਜਾਗਦਾ ਹੋਊਗਾ।" ਤੇ ਲੜਕਾ ਹੋਇਆ ਲੰਮੀ ਉਮਰ ਭੋਗਣ ਵਾਲਾ।

ਸਤਿਗੁਰੂ ਹਰੀ ਸਿੰਘ ਨੇ ਤੀਜੇ ਹੋਲੇ ਮਹੱਲੇ ਉੱਤੇ, ਸਰਕਾਰੋਂ ਛੁੱਟੀ ਲੈ ਕੇ 1903 ਈ. ਨੂੰ ਗਿੱਲੀਂ ਦਰਸ਼ਨ ਦਿਤੇ। ਆਪ ਉਥੇ ਰਾਜੇਜੰਗ ਦੋ ਦਿਨ ਦਾ ਪੜਾਅ ਕਰਕੇ ਪਧਾਰੇ। ਸੰਗਤ ਤਾਂ ਪਹਿਲਾਂ ਹੀ ਹੁੰਮ ਹੁਮਾ ਕੇ ਤਿਆਰੀਆਂ ਕਰਕੇ, ਰਾਹਾਂ ਤੇ ਅੱਖਾਂ ਵਿਛਾਈ ਬੈਠੀ ਸੀ। ਜਦ ਸਿੱਖਾਂ ਸੇਵਕਾਂ ਰਾਗੀਆਂ, ਢਾਡੀਆਂ ਸਹਿਤ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਤਾਂ ਸੰਗਤ ਰੂਪੀ ਚਾਤ੍ਰਿਕ ਨੂੰ ਸਵਾਂਤੀ ਬੂੰਦ ਮਿਲੀ ਦਾ ਅਨੰਦ ਪ੍ਰਾਪਤ ਹੋਇਆ।

ਪਹਿਲੇ ਦਿਨ ਸਤਿਗੁਰੂ ਜੀ ਨੇ ਦਿਵਾਨ ਵਿੱਚ ਮਸਤਾਨਿਆਂ ਨੂੰ ਸੂਤਰ ਕੱਢਣ ਤੋਂ ਮਨਾਂ ਕੀਤਾ ਤਾਂਕਿ ਕੋਈ ਅੰਦਰੋਂ ਮਸਤੀ ਨਾ ਹੋਣ ਦੇ ਬਾਵਜੂਦ ਉਹਨਾਂ ਵਿੱਚ ਨਾ ਆ ਰਲੇ। ਦੂਜੇ ਦਿਨ ਕੁਝ ਐਸੇ ਰਾਗੀਆਂ ਨੇ ਕੀਰਤਨ ਕਰਨਾ ਚਾਹਿਆ ਜਿਹੜੇ ਰਹਿਤ ਮਰਯਾਦਾ ਦੇ ਧਾਰਨੀ ਨਹੀਂ ਸਨ। ਉਹਨਾਂ, ਜੈ ਸਿੰਘ, ਭਾਈ ਕਾਲੂ ਨੂੰ ਕਿਹਾ ਗਿਆ ਕਿ ਭਾਵੇਂ ਰਾਗ ਦੀ ਮੁਹਾਰਤ ਤੇ ਗੁਰਬਾਣੀ ਗਾਇਨ ਦਾ ਤੁਹਾਡੇ ਵਿੱਚ ਗੁਣ ਹੈ ਪਰ ਮਾਸ-ਸ਼ਰਾਬ ਖਾਣ ਪੀਣ ਦਾ ਔਗੁਣ ਹੈ।

ਨਾਮਧਾਰੀ ਸਿੱਖਾਂ ਤੇ ਐਸੇ ਕੀਰਤਨੀਆਂ ਦਾ ਗ਼ਲਤ ਪ੍ਰਭਾਵ ਪੈਂਦਾ ਹੈ। ਉਹਨਾਂ ਨੇ ਆਪਣੀ ਗ਼ਲਤੀ ਦਾ ਅਹਿਸਾਸ ਕੀਤਾ ਤੇ ਅੱਗੋਂ ਤੋਂ ਮਾਸ-ਸ਼ਰਾਬ ਤੋਂ ਤੋਬਾ ਕਰਕੇ ਖਿਮਾ ਮੰਗੀ। ਸਤਿਗੁਰੂ ਜੀ ਨੇ ਬਖ਼ਸ਼ ਦਿਤਾ। ਤੀਜੇ ਚੰਦੇ ਨੇ ਅਰਜ਼ ਕੀਤੀ ਕਿ ਮੈਨੂੰ ਵੀ ਬਖ਼ਸ਼ੋ, ਸਤਿਗੁਰੂ ਜੀ ਨੇ ਕਿਹਾ ਤੂੰ ਆਪਣੇ ਮੂੰਹ ਤੇ ਜੁਤੀਆਂ ਮਾਰ। ਉਹ ਮਾਰਨ ਲੱਗਾ ਤਾਂ ਹਟਾਇਆ। ਤਿੰਨ੍ਹਾਂ ਨੂੰ ਕੇਸੀ ਇਸ਼ਨਾਨ ਕਰਵਾ ਕੇ ਅੰਮ੍ਰਿਤ ਛਕਾਇਆ ਗਿਆ ਤੇ ਦਿਵਾਨ ਲਵਾਇਆ ਗਿਆ।

ਤੀਸਰੇ ਦਿਨ ਸੰਤ ਕੇਸਰ ਸਿੰਘ ਕਿੱਲੀ ਮਹਾਵੇ ਵਾਲਿਆਂ ਨੱਥੂ ਤੇ ਕੱਥੂ ਰਾਗੀਆਂ ਨੂੰ ਨਾਲ ਲੈ ਕੇ ਵੱਖਰਾ ਦਿਵਾਨ ਲਾਇਆ। ਬਾਬਾ ਸੌ... ਸਿੰਘ ਸੱਦੋਵਾਲੀਆ ਨੇ ਮਨ੍ਹਾਂ ਕਰ ਦਿਤਾ ਕਿਉਂਕਿ ਸਤਿਗੁਰੂ ਦਾ ਹੁਕ... ਨਹੀਂ ਸੀ।

ਸਤਿਗੁਰੂ ਜੀ ਮਹਿਮਦਪੁਰ ਗਏ। ਸਾਧ ਸੰਗਤ ਵੀ ਮਗਰ ਗਈ। ਹਰਨਾਮ ਸਿੰਘ ਰਵੀ ਖਾਨਕਿਆਂ ਨੇ ਅਰਜ਼ ਕੀਤੀ ਸੂਤਰੀਆਂ ਨੂੰ ਦਿਵਾ... ਵਿੱਚ ਨੱਚਣ ਕੁੱਦਣ ਮਨ ਕਾ ਚਾਉ ਪੂਰਾ ਕਰਨ ਦੀ ਇਜਾਜ਼ਤ ਹੋਵੇ

ਆਪ ਨੇ ਹਾਂ ਕੀਤੀ। ਲਾਲ ਸਿੰਘ ਮਸਤਾਨਾ ਸੂਤਰ ਨਾ ਕੱਢੇ ਤਾਂ ਸਤਿਗੁਰੂ ਜੀ ਕਾਰਨ ਪੁੱਛਿਆ। ਉਸ ਕਿਹਾ, "ਸੂਤਰ ਕਿਵੇਂ ਕੱਢੀਏ, ਸੱਤਿਆ ਤਾਂ ਤੁਸੀਂ ਖਿਚ ਲਈ ਹੈ।" ਹੁਕਮ ਨਾਲ ਮਸਤੀ ਆਈ ਤਾਂ ਮਸਤਾਨਿਆਂ ਸੂਤਰ ਕੱਢਿਆ ਤੇ ਸਤਿਗੁਰੂ ਜੀ ਨੂੰ ਮੱਥਾ ਟੇਕਿਆ, ਕਿਸੇ ਨੇ ਮਾਇਆ ਮੱਥਾ ਟੇਕੀ, ਜਵੰਦ ਸਿੰਘ ਨੇ ਮੱਝ ਤੇ ਕਿਸ਼ਨ ਸਿੰਘ ਵਰਨ ਨੇ ਘੋੜੀ ਮੱਥਾ ਟੇਕੀ। ਸਾਧ ਸੰਗਤ ਵਿੱਚ ਉਹਨਾਂ ਦੀ ਨਿਰਤਕਾਰੀ ਦਾ ਵੱਖਰਾ ਹੀ ਰੰਗ ਸੀ ਪਰ ਉਹ ਸਤਿਗੁਰੂ ਨੂੰ ਭਾਉਂਦਾ ਸੀ।

ਨੱਥਾ ਸਿੰਘ ਮਜ਼ਬੀ ਦੀ ਧੀ ਲਛੀ ਨੇ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਚਰਨਾਂ ਵਿੱਚ ਆਪਣੇ ਨਿਕੇ-ਨਿਆਣੇ ਨੂੰ ਆ ਲਿਟਾਇਆ। ਉਹ ਆਪ ਹੱਥ ਜੋੜ ਅੱਖਾਂ ਵਿੱਚ ਜਲ ਭਰ ਕੇ ਬੈਠ ਗਈ। ਸਤਿਗੁਰੂ ਜੀ ਨੇ ਉਦਾਸੀ ਦਾ ਕਾਰਨ ਪੁੱਛਿਆ ਤਾਂ ਉਸ ਨੇ ਅਧੀਨਗੀ ਨਾਲ ਅਰਜ਼ ਕੀਤੀ, "ਮੇਰੀ ਗ਼ਰੀਬਣੀ ਦੀ ਕੋਈ ਵਾਹ ਨਹੀਂ। ਜਿਹੜਾ ਲੜਕਾ ਹੁੰਦਾ ਹੈ ਮਰ ਜਾਂਦਾ ਹੈ। ਇਸ ਨੂੰ ਵੀ ਸੋਕੜਾ ਪੈ ਗਿਆ ਹੈ। ਜੇ ਦੇਣਾ ਹੈ ਤਾਂ ਜਿਉਂਦਾ ਜਾਗਦਾ ਦਿਓ।"

ਸਤਿਗੁਰੂ ਜੀ ਨੇ ਬੱਚੇ ਉੱਤੇ ਕਿਰਪਾ ਦ੍ਰਿਸ਼ਟੀ ਪਾ ਕੇ ਤੱਕਿਆ ਤੇ ਵਿਗਸ ਕੇ ਬਚਨ ਕੀਤਾ, "ਚੁੱਕ ਲੈ ਹਰਿਆ ਹੋ ਜਾਏਗਾ।" ਲੱਛੀ ਨੇ ਧੰਨ ਸਤਿਗੁਰੂ ਹਰੀ ਸਿੰਘ ਮੋਇਆਂ ਨੂੰ ਜੀਵਾਲਣ ਹਾਰਾ ਕਹਿ ਕੇ ਬੱਚੇ ਨੂੰ ਚੁੱਕ ਕੇ ਗਲ ਨਾਲ ਲਾਇਆ। ਸੁੰਦਰ ਸਿੰਘ ਲੱਛੀ ਦਾ ਉਹੀ ਲੜਕਾ ਸਰਧਾ ਸਿੰਘ ਵੱਡਾ ਹੋ ਕੇ ਸ੍ਰੀ ਭੈਣੀ ਸਾਹਿਬ, ਗੁਰਦੁਆਰੇ ਸੇਵਾ ਕਰਦਾ ਰਿਹਾ।

ਸਤਿਗੁਰੂ ਜੀ ਦੇ ਸ਼ਰਧਾਵਾਨ ਸਿੱਖ ਦੇਵਾ ਸਿੰਘ ਲਹੌਰੀਏ ਦੇ ਦੋ ਲੜਕੇ ਸਨ-ਸੰਤ ਸਿੰਘ ਤੇ ਭਗਤ ਸਿੰਘ। ਦੋਹਾਂ ਭਰਾਵਾਂ ਵਿੱਚ ਫਰਕ ਪੈ ਗਿਆ ਤਾਂ ਸਤਿਗੁਰੂ ਜੀ ਨੇ ਭਗਤ ਸਿੰਘ ਨੂੰ ਬਚਨ ਕੀਤਾ ਕਿ ਰਲ ਕੇ ਰਹਿਣ ਵਿੱਚ ਸੁਖ ਹੈ। ਉਸ ਨੇ ਸਤਿਬਚਨ ਕਰਨ ਦੀ ਥਾਂ ਕਿਹਾ, "ਤੁਸੀਂ ਨਾਮ ਦੇ ਗੁਰੂ ਹੋ ਅਦਾਲਤ ਦੇ ਨਹੀਂ" ਭਾਵ ਸਾਡੀ ਅਦਾਲਤ ਨਾ ਕਰੋ। ਸਤਿਗੁਰੂ ਜੀ ਚੁਪ ਕਰ ਰਹੇ।

ਲਹੌਰ ਇੱਕ ਹੋਰ ਕਾਰੀਗਰ ਸਿੰਘ ਸੀ। ਉਹ ਐਸੇ ਨੋਟ ਬਣਾਉਂਦਾ ਸੀ ਜੋ ਅਸਲੀ ਲੱਗਦੇ ਸਨ। ਉਸ ਨੇ ਭਗਤ ਸਿੰਘ ਦੇ ਨੌਕਰ ਨੂੰ ਨੋਟ ਚਲਾਉਣ ਲਈ ਭੇਜਿਆ ਕਿ ਚਲਾ ਆਵੇ। ਨੌਕਰ ਆਪ ਤਾਂ ਨਾ ਗਿਆ, ਆਪਣੇ ਸਾਲੇ ਨੂੰ ਭੇਜਿਆ। ਉਹ ਫੜਿਆ ਗਿਆ। ਉਸ ਦਾ

ਜੀਜਾ ਤੇ ਨੋਟ ਬਣਾਉਣ ਵਾਲਾ ਵੀ ਫੜੇ ਗਏ। ਨੋਟ ਬਣਾਉਣ ਵਾਲੇ ਦੀ ਬੁੱਢੀ ਮਾਸੀ ਨੇ ਭਗਤ ਸਿੰਘ ਨੂੰ ਪੈਸੇ ਖਰਚ ਕੇ ਤਿੰਨਾਂ ਨੂੰ ਛੁਡਾਉਣ ਲਈ ਕਿਹਾ ਤਾਂ ਉਸ ਨੇ ਗ਼ਲਤ ਕੰਮ ਵਿੱਚ ਮਦਦ ਕਰਨੋ ਇਨਕਾਰ ਕਰ ਦਿੱਤਾ। ਬੁੱਢੀ ਨੇ ਅਦਾਲਤ ਵਿੱਚ ਭਗਤ ਸਿੰਘ ਦਾ ਨਾਂ ਵੀ ਨਾਲ ਲਿਖਾ ਦਿੱਤਾ। ਤਿੰਨਾਂ ਨੇ ਗਵਾਹੀ ਦੇ ਦਿੱਤੀ ਕਿ ਇਹ ਵੀ ਨਾਲ ਸੀ। ਹੁਣ ਕੌਣ ਛੁਡਾਉਂਦਾ? ਭਗਤ ਸਿੰਘ ਨੂੰ ਸੱਤ ਸਾਲ ਦੀ ਕੈਦ ਹੋ ਗਈ।

ਸਤਿਗੁਰੂ ਜੀ ਨੂੰ ਉਸਦਾ ਬੇਕਸੂਰ ਫੜੇ ਜਾਣ ਦਾ ਅਫ਼ਸੋਸ ਸੀ। ਮਹਿਤਾਬ ਸਿੰਘ ਪਕੌੜੀਏ ਨੇ ਅਰਜ਼ ਕੀਤੀ ਹੁਣ ਆਪ ਬਿਨਾ ਕੋਈ ਨਹੀਂ ਬਹੁੜ ਸਕਦਾ "ਕਿਰਪਾ ਕਰੋ ਸਿੱਖ ਨੂੰ ਛੁਡਾਓ।" ਸਤਿਗੁਰੂ ਜੀ ਨੇ ਦਾਨ ਸਿੰਘ ਨੂੰ ਭੇਜਿਆ। ਉਸ ਨੇ ਹੁਕਮ ਅਨੁਸਾਰ ਅਪੀਲ ਕਰਵਾਈ ਵਕੀਲ ਕਰਕੇ ਅਤੇ ਦਰੋਗੇ ਨੂੰ ਕਿਹਾ ਜੇਲ੍ਹ ਵਿੱਚ ਨਰਮਾਈ ਹੋਵੇ ਮੁਸ਼ੱਕਤ ਦੀ।

ਤਾਰੀਖ ਵਾਲੇ ਦਿਨ ਅਖੰਡ-ਪਾਠ ਤੋਰਿਆ ਗਿਆ ਤੇ ਚੌਪਈ ਦੀ ਵਰਨੀ ਕਰਵਾਈ ਗਈ।

ਤਰੀਕ ਉਤੇ ਵਕੀਲ ਨੇ ਫ਼ਰੰਗੀ ਦੀ ਅਦਾਲਤ ਵਿੱਚ ਦਲੀਲ ਦਿੱਤੀ, ਭਗਤ ਸਿੰਘ ਨੋਟ ਬਣਾਉਣ ਵਿੱਚ ਨਹੀਂ, ਵੇਚਣ ਵਿੱਚ ਨਹੀਂ, ਇਸ ਦੇ ਘਰੋਂ ਕੋਈ ਨੋਟ ਨਹੀਂ ਨਿਕਲਿਆ। ਇੱਕ ਬੁੱਢੜੀ ਤੇ ਗੁਨਾਹ ਕਰਨ ਵਾਲਿਆਂ ਦੀ ਗੁਆਹੀ ਤੇ ਇਸ ਨੂੰ ਸਜ਼ਾ ਦੇਣੀ ਨਹੀਂ ਬਣਦੀ। ਜੱਜ ਨੂੰ ਗੱਲ ਸਮਝ ਆ ਗਈ। ਉਸ ਨੇ ਫੌਰਨ ਛੱਡ ਦਿੱਤਾ। ਉਹ ਭੈਣੀ ਸਾਹਿਬ ਆਇਆ ਤੇ ਸਤਿਗੁਰੂ ਜੀ ਦੇ ਚਰਨ ਪਰਸੇ। ਇੱਕ ਸਿੱਖ ਨੇ ਉਸ ਨੂੰ ਚੇਤਾ ਕਰਵਾਉਣ ਲਈ ਕਿਹਾ, "ਤੂੰ ਕਹਿੰਦਾ ਸੀ ਸਤਿਗੁਰੂ ਤਾਂ ਨਾਮ ਦਾ ਗੁਰੂ ਹੈ ਅਦਾਲਤ ਦਾ ਗੁਰੂ ਨਹੀਂ। ਤੈਨੂੰ ਗੁਰੂ ਨੇ ਕਿਰਪਾ ਕਰਕੇ ਬਚਾ ਦਿੱਤਾ ਹੈ। ਉਹ ਸਰਬ ਕਲਾ ਸਮਰਥ ਹੈ।" ਭਗਤ ਸਿੰਘ ਨੇ ਸਿਰ ਹਿਲਾਇਆ ਮਤਲਬ ਕਿ ਤੂੰ ਠੀਕ ਕਹਿੰਦਾ ਹੈਂ ਮੈਂ ਹੀ ਭੁੱਲਾ ਸਾਂ।

ਬਾਬਾ ਗੁਪਾਲ ਸਿੰਘ ਮੌੜਾਂ ਦਾ ਵਿਦਵਾਨ ਸੀ। ਸਤਿਗੁਰੂ ਜੀ ਉਸ ਨੂੰ ਬੜਾ ਮਾਣ ਬਖ਼ਸ਼ਦੇ ਸਨ। ਉਸ ਨੂੰ ਵਸ਼ਿਸ਼ਟ ਮੁਨੀ ਦਾ ਅਵਤਾਰ ਆਖਦੇ ਸਨ। ਸਤਿਗੁਰੂ ਜੀ ਉਸ ਨੂੰ ਤੁਕ ਲਗ ਮਾਤਰ ਦੀ ਸ਼ੁੱਧੀ ਬਾਰੇ ਪੁੱਛ ਲੈਂਦੇ ਸਨ। ਉਹ ਸਹੀ ਸਹੀ ਦੱਸਦਾ। ਆਪ ਜਿਥੋਂ ਵੀ ਕੋਈ ਪ੍ਰਸੰਗ ਛੇੜਦੇ ਤੇ ਅੱਗੋਂ ਪੁੱਛਦੇ ਉਹ ਸਭ ਦੱਸ ਦੇਂਦਾ ਸੀ। ਉਸ ਲਈ ਹੁਕਮ ਸੀ ਜੋ ਮੰਗੇ ਦਿਓ ਜਿੰਨਾ ਚਾਹੇ ਛਕੇ। ਉਸ ਵਿਦਵਾਨ ਦੀ ਆਪ ਕਦਰ ਕਰਦੇ ਸਨ।

ਸਤਿਗੁਰੂ ਜੀ ਨੇ 1903 ਈ. ਵਿੱਚ , ਨਰਾਇਣ ਸਿੰਘ ਨੂੰ, ਸਤਿਗੁਰੂ

ਜੀ ਦੀ ਰਿਹਾਈ ਬਾਰੇ ਫੇਰ ਅਰਜ਼ੀ ਦੇਣ ਲਈ ਲਹੌਰ ਭੇਜਿਆ। ਉਸਨੂੰ ਲਹੌਰ ਮੁਨਸ਼ੀ ਨੇ ਕਿਹਾ ਕਿ ਇਸ ਬਾਰੇ ਲੁਧਿਆਣੇ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਦਿੱਤੀ ਜਾਏ। ਸਿਧੇ ਅਰਜ਼ੀ ਦਿੱਤਿਆਂ ਉਹ ਨਰਾਜ਼ ਹੋ ਜਾਏਗਾ। ਉਹਨੇ ਇਹ ਵੀ ਕਿਹਾ, ਸਤਿਗੁਰੂ ਜੀ ਤਾਂ ਇਸ ਦੁਨੀਆਂ ਵਿੱਚ ਹੀ ਨਹੀਂ। ਇੱਕ ਹੋਰ ਵਕੀਲ ਨੇ ਕਿਹਾ ਮੈਂ ਇਕ ਸੌ ਰੁਪਇਆ ਲੈ ਕੇ ਅਰਜ਼ੀ ਭੇਜਣ ਦੀ ਤਰਕੀਬ ਦੱਸ ਸਕਦਾ ਹਾਂ ਤੇ ਇੱਕ ਹਜ਼ਾਰ ਰੁਪਇਆ ਲੈ ਕੇ ਤੁਹਾਡਾ ਕੇਸ ਲੜ ਸਕਦਾ ਹਾਂ। ਨਰਾਇਣ ਸਿੰਘ ਨੇ ਆ ਕੇ ਸਤਿਗੁਰੂ ਜੀ ਨੂੰ ਅਰਜ ਕੀਤੀ। ਆਪ ਜੀ ਨੇ ਕਿਹਾ ਉਹਨਾਂ ਦੀ ਨੀਯਤ ਖ਼ਰਾਬ ਹੈ ਤੇ ਸਤਿਗੁਰੂ ਜੀ ਉਹਨਾਂ ਦੀ ਪਹੁੰਚ ਤੋਂ ਬਾਹਰ ਚਲੇ ਗਏ ਹਨ। ਸੱਚ ਇਹ ਦੱਸਣਾ ਨਹੀਂ ਚਾਹੁੰਦੇ ਸੋ ਅਰਜ਼ੀ ਦੇਣ ਦੀ ਦਲੀਲ ਢਿੱਲੀ ਪੈ ਗਈ।

ਉਂਜ 5 ਸੂਬਿਆਂ ਸੂਬਾ ਮਲੂਕ ਸਿੰਘ, ਹੁਕਮਾ ਸਿੰਘ, ਕਾਨ੍ਹ ਸਿੰਘ ਨਿਹੰਗ, ਬ੍ਰਹਮਾ ਸਿੰਘ ਅਤੇ ਮਾਨ ਸਿੰਘ ਨੂੰ ਸਰਕਾਰ ਨੇ 1887-88 ਸਾਲਾਂ ਵਿੱਚ ਹੀ ਰਿਹਾ ਕਰ ਦਿੱਤਾ ਸੀ। ਪਰ ਸ੍ਰੀ ਭੈਣੀ ਸਾਹਿਬ ਆਉਣ ਤੇ ਪਾਬੰਦੀ ਲਾ ਦਿੱਤੀ ਸੀ। 4 ਸੂਬੇ ਜੇਲ੍ਹਾਂ ਵਿੱਚ ਹੀ ਆਪਣੀ ਜੀਵਨ ਖੇਡ ਮੁਕਾ ਚੁਕੇ ਸਨ। ਉਹ ਸਨ: ਸੂਬਾ ਸਾਹਿਬ ਸਿੰਘ, ਸੂਬਾ ਜਵਾਹਰ ਸਿੰਘ, ਸੂਬਾ ਪਹਾੜਾ ਸਿੰਘ ਤੇ ਸੂਬਾ ਰੂੜ ਸਿੰਘ। ਇਕ ਸੂਬਾ, ਲੱਖਾ ਸਿੰਘ ਨੂੰ ਮੌਲਮੀਨ ਜੇਲ੍ਹ ਤੋਂ ਰਿਹਾ ਤਾਂ ਕਰ ਦਿੱਤਾ ਸੀ ਪਰ ਉਸ ਨੂੰ ਭਾਰਤ ਆਉਣ ਦੀ ਇਜਾਜ਼ਤ ਨਹੀਂ ਸੀ ਦਿੱਤੀ। ਉਹ ਮੌਲਮੀਨ ਵਿੱਚ ਹੀ 1903 ਈ. ਵਿੱਚ ਗੁਜ਼ਰ ਗਿਆ।

ਸਤਿਗੁਰੂ ਹਰੀ ਸਿੰਘ ਜੀ ਦੀ ਛਤਰ-ਛਾਇਆ ਹੇਠ ਚੌਥਾ ਹੋਲਾ ਗੁਰੂ ਚੱਕ (ਸਿਆਲਕੋਟ) 1904 ਈ. ਨੂੰ ਮਨਾਇਆ ਗਿਆ।

ਸਤਿਗੁਰੂ ਜੀ ਨੇ ਤਿੰਨ ਜ਼ਿਲ੍ਹਿਆਂ ਵਿੱਚ ਦੌਰਾ ਕਰਨ ਦੀ ਛੁੱਟੀ ਲਈ। ਉਹ ਜ਼ਿਲ੍ਹੇ ਸਨ: ਅੰਮ੍ਰਿਤਸਰ, ਲਾਹੌਰ, ਸਿਆਲਕੋਟ। ਪਰ ਨਾਲ ਹੀ ਸ਼ਰਤ ਲਾਈ ਗਈ ਕਿ ਪਹਿਲਾਂ ਗੁਰੂ ਚੱਕ ਜਾਓਗੇ। ਰਾਹ ਵਿੱਚ ਲੰਮਾ ਸਫ਼ਰ ਹੋਣ ਕਰਕੇ ਪੜਾਅ ਕੀਤਾ ਜਾ ਸਕਦਾ ਹੈ।

ਸਤਿਗੁਰੂ ਜੀ ਨੇ ਸੇਵਕਾਂ, ਰਾਗੀਆਂ ਸਹਿਤ ਕਮਰਕੱਸੇ ਕੀਤੇ। ਉਹਨਾਂ ਨੇ ਪਹਿਲਾਂ ਮੁਠੱਡੀਂ ਜਾ ਕੇ ਪੜਾਅ ਕੀਤਾ। ਰਾਹ ਵਿੱਚ ਅੰਮ੍ਰਿਤਸਰ, ਭੂਈਵਾਲੇ, ਫਤੇਵਾਲ, ਬਾਠਾਂਵਾਲੇ ਚਰਨ ਪਾਉਂਦੇ, ਲੰਗਰ ਕਰਦੇ ਦਾਤੇਵਾਲ ਪੁਜੇ। ਏਥੇ ਸਿੱਖਾਂ ਨੇ ਅਰਜ਼ ਕੀਤੀ ਔੜ ਲੱਗੀ ਹੋਈ ਹੈ

ਜੇ ਕਿਰਪਾ ਹੋ ਜਾਏ ਤਾਂ ਬਾਰਸ਼ ਹੋ ਸਕਦੀ ਹੈ। ਸਤਿਗੁਰੂ ਜੀ ਨੇ ਸੰਤ ਭਗਤ ਸਿੰਘ ਦਾਤੇਵਾਲ ਨੂੰ ਅਰਦਾਸ ਕਰਨ ਲਈ ਫੁਰਮਾਇਆ, ਸਤਿਗੁਰੂ ਦਾ ਹੁਕਮ ਸੀ। ਉਸ ਅਰਦਾਸ ਕੀਤੀ। ਰਾਤੀਂ ਬਰਸਾਤ ਨੇ ਛਹਿਬਰ ਲਾ ਦਿੱਤੀ। ਸੰਗਤ ਸਤਿਗੁਰੂ ਜੀ ਨੂੰ ਧੰਨ! ਧੰਨ! ਕਹਿਣ ਲੱਗੀ। ਸੰਤ ਭਗਤ ਸਿੰਘ, ਸੰਤ ਬਘੇਲ ਸਿੰਘ-ਬੀਬੀ ਮਹਿਤਾਬ ਕੌਰ ਦਾਤੇਵਾਲ (ਸਿਆਲਕੋਟ) ਦੇ ਸਪੁੱਤਰ ਸਨ। ਪਿਤਾ ਨੇ ਮਦਰਸੇ ਪੜ੍ਹਨੇ ਪਾਇਆ ਤਾਂ ਬਸਤਾ ਚੁੱਕ ਕੇ ਮਗਰੇ ਆ ਗਏ ਕਿ ਸਤਿਗੁਰੂ ਦਾ ਹੁਕਮ ਸਕੂਲ ਪੜ੍ਹਨ ਦਾ ਨਹੀਂ ਸੋ ਮੈ ਨਹੀਂ ਪੜ੍ਹਦਾ। ਪਿਤਾ ਨੇ ਸਤਿਗੁਰੂ ਜੀ ਨੂੰ ਸ਼ਿਕਾਇਤ ਕੀਤੀ ਤਾਂ ਉਹਨਾਂ ਸਹਿਜ ਸੁਭਾਅ ਵਰ ਦੇ ਦਿਤਾ, "ਬਘੇਲ ਸਿਆਂ ਇਹ ਮੁੰਡਾ ਅਗੇ ਹੀ ਪੜ੍ਹਿਆ ਹੋਇਆ ਹੈ, ਬੜਾ ਵੱਡਾ ਜਥੇਦਾਰ ਬਣੇਗਾ।"

ਸੰਤ ਭਗਤ ਸਿੰਘ ਦਾਤੇਵਾਲ ਨੂੰ ਇਹ ਵਰਦਾਨ ਫਲਿਆ। ਉਹ ਸਟੇਜਾਂ ਉਤੇ ਦਿਵਾਨ ਲਾਉਣ ਸਮੇਂ ਅਰਬੀ ਫ਼ਾਰਸੀ ਵਿੱਚ ਮਿਸਾਲਾਂ ਦੇਂਦਾ। ਕੁਰਾਨ ਦੀਆਂ ਆਇਤਾਂ ਇੰਜ ਪੜ੍ਹਦਾ ਜਿਵੇਂ ਹਿਫਜ਼ ਕੀਤੀਆਂ ਹੋਣ। ਦਸਮ ਪਾਤਸ਼ਾਹ ਦੀ ਬਾਣੀ ਉਸ ਨੂੰ ਸਾਰੀ ਯਾਦ ਲੱਗਦੀ ਸੀ। ਉਸ ਦੀ ਜ਼ਬਾਨ ਵਿੱਚ ਰਸ ਸੀ। ਸਰੋਤੇ ਮੰਤਰ ਮੁਗਧ ਹੋ ਜਾਂਦੇ ਸਨ। ਪਰ ਕਈ ਸਰਕਾਰ ਦੇ ਭਗਤ ਆਕੜ ਖਾਂ ਨਾਮਧਾਰੀ ਪ੍ਰਚਾਰ ਨੂੰ ਠੱਲ੍ਹ ਪਾਉਣਾ ਚਾਹੁੰਦੇ ਸਨ। ਜਥੇਦਾਰ ਨੇ ਵਰ੍ਹਦੀਆਂ ਤਲਵਾਰਾਂ ਵਿੱਚ ਨਾਮਧਾਰੀ ਪੰਥ ਦਾ ਪ੍ਰਚਾਰ ਕੀਤਾ ਤੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਦਾਤੇਵਾਲ ਤੋਂ ਕਿਲਾ ਸੋਭਾ ਸਿੰਘ ਦੀਆਂ ਸੰਗਤਾਂ ਨੂੰ ਨਿਹਾਲ ਕਰ ਕੇ ਆਪ ਗੁਰੂ ਚੱਕ ਪਧਾਰੇ। ਉਥੇ ਹੋਲੇ ਤੇ ਆਈ ਸਾਧ ਸੰਗਤ ਆਪ ਜੀ ਦੀ ਉਡੀਕ ਵਿੱਚ ਅੱਖਾਂ ਵਿਛਾਈ ਬੈਠੀ ਸੀ। ਉਸ ਨੇ ਰੱਜ ਰੱਜ ਕੇ ਦਰਸ਼ਨ ਕੀਤੇ ਤੇ ਸ਼ਬਦ ਕੀਰਤਨ, ਢਾਡੀ ਵਾਰਾਂ ਤੇ ਹੱਲੇ ਦੇ ਦਿਵਾਨ ਸੁਣ ਕੇ ਆਪਣਾ ਸਮਾਂ ਸਫ਼ਲ ਕੀਤਾ।

ਹੋਲੇ ਸਮੇਂ ਦਿਵਾਨ ਲਾਉਣ ਵਾਲਿਆਂ ਵਿੱਚ ਸੰਤ ਭਗਤ ਸਿੰਘ ਦਾਤੇਵਾਲ ਤੋਂ ਇਲਾਵਾ, ਸੰਤ ਲਾਲ ਸਿੰਘ ਭੂਰੇ ਗਿੱਲ, ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤੇ ਆਦਿ ਦਾ ਵੱਖਰਾ ਹੀ ਰੰਗ ਸੀ। ਸੰਗਤ ਇਹਨਾਂ ਨੂੰ ਸੁਣਨ ਲਈ ਬੱਦਲਾਂ ਵਾਂਗ ਘਿਰ ਘਿਰ ਆਉਂਦੀ ਸੀ।

ਸੰਤ ਲਾਲ ਸਿੰਘ ਭੂਰੇ ਗਿੱਲ (ਅੰਮ੍ਰਿਤਸਰ) ਸੰਤ ਅਤਰ ਸਿੰਘ-ਬੀਬੀ ਮਾਨ ਕੌਰ ਦੇ ਲਾਡਲੇ ਸਨ। ਉਹ ਮਸਤ ਮਲੰਗ ਰਹਿੰਦੇ ਸਨ। ਮਖੌਲ ਨਾਲ ਗੁਰੂ ਵਰੋਸਾਏ ਬਾਬੇ ਵ਼ਰਿਆਮ ਸਿੰਘ ਛੈਣਿਆਂ ਵਾਲਿਆਂ ਤੋਂ ਭਜਨ

ਪੁੱਛ ਬੈਠੇ ਸਨ। ਐਸੀ ਰੰਗਣ ਚੜ੍ਹੀ, ਨਾਮ ਦੀ ਮਸਤੀ ਆਈ ਕਿ ਕੀਰਤਨ ਨਾਲ ਦੂਜਿਆਂ ਨੂੰ ਮਸਤੀ ਦਾ ਸੁਆਦ ਚਖਾਉਣ ਲੱਗੇ।

ਸੰਤ ਮੰਗਲ ਸਿੰਘ ਪਿੰਡ ਫਤੂਹੀ ਚੱਕ ਦੇ ਸਨ। ਪਟਵਾਰਪੁਣਾ ਛੱਡ ਕੇ ਭਜਨ ਲਿਆ ਸੀ। ਨਾਮ ਦੀ ਮਸਤੀ ਵਿੱਚ ਮਸਤਾਨੇ ਰਹਿਣ ਕਰਕੇ ਅਰਸ਼ੀ ਫ਼ਰਿਸ਼ਤਾ ਨਾਂ ਨਾਲ ਮਸ਼ਹੂਰ ਹੋਏ। ਉਹਨਾਂ ਦੇ ਦਿਵਾਨ ਤੇ ਭਾਸ਼ਨ ਪ੍ਰਚਾਰ ਦਾ ਰਸ ਸਤਿਗੁਰੂ ਹਰੀ ਸਿੰਘ ਦੇ ਇਸ ਵਰ ਕਰਕੇ "ਮਸਤਾਨਿਆਂ ਤੂੰ ਗਾਲ੍ਹਾਂ ਵੀ ਕੱਢੇਂਗਾ ਤਾਂ ਲੋਕੀਂ ਸੁਣਨਗੇ" ਫਲੀਭੂਤ ਹੋਇਆ। ਉਹਨਾਂ ਦੀ ਤਕਰੀਰ ਦਾ ਨਵੇਕਲਾਪਨ ਹਾਸ ਵਿਅੰਗ ਸੀ ਜੋ ਸਰੋਤਿਆਂ ਦੇ ਢਿੱਡੀਂ ਪੀੜਾਂ ਪਾ ਦੇਂਦਾ ਸੀ। ਸੁਤੰਤਰਤਾ ਸੰਗਰਾਮ ਸਮੇਂ ਇਹਨਾਂ ਕਈ ਵਾਰ ਜੇਲ੍ਹ ਕੱਟੀ।

ਹੋਲੇ ਸਮੇਂ ਦਿਵਾਨਾਂ ਸਮੇਂ ਬੱਦਲ ਤਾਂ ਫੇਰੀ ਪਾਉਂਦੇ ਰਹੇ ਪਰ ਵੱਸੇ ਹੋਲੇ ਦੀ ਸਮਾਪਤੀ ਪਿਛੋਂ ਹੀ।

ਉੱਥੋਂ ਸੱਚੇ ਪਾਤਸ਼ਾਹ ਜੀ ਸਖਾਣੀ ਪਹੁੰਚ ਕੇ ਅਗਲੇ ਦਿਨ ਆਸਾ ਦੀ ਵਾਰ ਵਿੱਚ ਦਰਸ਼ਨ ਦਿੱਤੇ।

ਸਤਿਗੁਰੂ ਜੀ ਗੁਜਰਾਂਵਾਲੇ ਤੋਂ ਹੁੰਦੇ ਲਹੌਰ ਪਧਾਰੇ ਏਥੇ ਡੇਰਾ ਸੰਤ ਧਿਆਨ ਸਿੰਘ ਪੱਥਰਾਂ ਵਾਲਿਆਂ ਘਰ ਕੀਤਾ। ਰਾਜੇਜੰਗ, ਭੰਬਿਆਂ ਤੋਂ ਹੋ ਕੇ ਕੱਕੜ (ਅੰਮ੍ਰਿਤਸਰ) ਪਹੁੰਚੇ ਤਾਂ ਉਥੇ ਰਹਿੰਦਾ ਡਿਪਟੀ ਪ੍ਰਤਾਪ ਸਿੰਘ ਲੋਹਾ ਲਾਖਾ ਹੋ ਗਿਆ। ਕਿਉਂਕਿ ਉਸ ਨੇ ਆਪ ਦਾ ਅੰਮ੍ਰਿਤਸਰ ਦਾ ਦੌਰਾ ਬੰਦ ਕੀਤਾ ਸੀ। ਆਪ ਉਤਲੇ ਗੋਰਿਆਂ ਤੋਂ ਛੁੱਟੀ ਮਨਜ਼ੂਰ ਕਰਵਾ ਕੇ ਆ ਗਏ ਸਨ। ਪਰ ਉਸ ਦੀ ਲੜਕੀ ਸਤਿਗੁਰੂ ਜੀ ਤੇ ਸ਼ਰਧਾ ਰੱਖਦੀ ਸੀ। ਉਸ ਨੇ ਗੁਰੂ ਨੂੰ ਗੁਰੂ ਜਾਣਨ ਲਈ ਆਪਣੇ ਪਿਤਾ ਨੂੰ ਰਾਜ਼ੀ ਕੀਤਾ। ਡਿਪਟੀ ਪ੍ਰਤਾਪ ਸਿੰਘ ਨੇ ਅਗਲੇ ਦਿਨ ਵਾਰ ਵਿੱਚ ਆ ਕੇ ਖਿਮਾ ਯਾਚਨਾ ਕੀਤੀ ਤੇ ਕਿਹਾ, "ਮੈਨੂੰ ਤਨਖਾਹ ਲਾਓ।" ਦੀਨ ਦਿਆਲ ਜੀ ਨੇ ਤਨਖਾਹ ਨਾ ਲਾਈ ਤੇ ਮਿਹਰਬਾਨ ਹੋਏ।

ਸਤਿਗੁਰੂ ਜੀ ਨੇ ਦੌਰਿਆਂ ਦੀ ਇਜਾਜ਼ਤ ਲੈ ਕੇ ਵਸਾਖੀ ਅੰਮ੍ਰਿਤਸਰ ਮਨਾਈ। ਉਥੇ ਸੰਤ ਕੇਸਰ ਸਿੰਘ ਮਹਾਵੇ ਵਾਲਿਆਂ ਦਾ ਸ਼ਰਧਾਲੂ ਸੋਹਣ ਸਿੰਘ (ਪ੍ਰਸਿੱਧ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ) ਨੇ ਆਪਣੇ ਪਿੰਡ ਭਕਨੇ ਚਰਨ ਪੁਆਏ, ਸਤਿਗੁਰੂ ਜੀ ਜਦ ਬੇਦਾਦ ਪਾਰ ਪਹੁੰਚੇ ਤਾਂ ਕਈ ਸਰੀਰਾਂ ਭਜਨ ਪੁੱਛਿਆ।

ਵਲਟੋਹੇ ਦਾ ਇਕ ਪਹਿਲਵਾਨ ਫਤਹਿ ਸਿੰਘ ਸਤਿਗੁਰੂ ਜੀ ਦੇ

ਦੌਰਿਆਂ ਸਮੇਂ ਵੀ ਆਪ ਜੀ ਦੀ ਸੋਅ ਸੁਣ ਚੁੱਕਾ ਸੀ ਪਰ ਉਸ ਦਾ ਬਹੁਤਾ ਮਨ ਭਿਜਦਾ ਨਹੀਂ ਸੀ। ਪਹਿਲਵਾਨ ਹੋਣ ਕਰਕੇ ਚੰਗੀ ਖੁਰਾਕ ਸੀ ਤੇ ਕਮਾਇਆ ਹੋਇਆ ਜੁੱਸਾ। ਉਹ ਪਹਿਲਾਂ ਫ਼ੌਜ ਵਿੱਚ ਨੌਕਰੀ ਕਰਦਾ ਆਇਆ ਸੀ। ਫ਼ੌਜ ਵਿੱਚ ਹੁੰਦਿਆਂ ਕੋਈ ਡਰਦਾ ਉਸ ਨਾਲ ਵੱਧ-ਘੱਟ ਨਹੀਂ ਸੀ ਬੋਲਦਾ ਕਿਉਂਕਿ ਜੇ ਇਸ ਨੇ ਦੋ ਲਾ ਦਿੱਤੀਆਂ ਤਾਂ ਉੱਠਿਆ ਨਹੀਂ ਸੀ ਜਾਣਾ।

ਇੱਕ ਵਾਰ ਫ਼ੌਜ ਵਿੱਚ ਗੋਰਿਆਂ ਨਾਲ ਹੀ ਬੋਲ ਬੁਲਾਰੇ ਤੋਂ ਹੱਥੋ-ਪਾਈ ਹੋ ਪਈ। ਪਹਿਲਵਾਨ ਫ਼ਤਹਿ ਸਿੰਘ ਨੇ ਕਹਿੰਦੇ ਨੇ 400 ਗੋਰਾ ਕੁੱਟ ਧਰਿਆ। ਉਹ ਕੰਨ ਵਲ੍ਹੇਟ ਕੇ ਤੁਰਦੇ ਹੋਏ। ਇੱਕ ਵਾਰ ਭੰਗੀਆਂ ਵਾਲੀ ਭਾਰੀ ਤੋਪ ਸਹਿਜੇ ਹੀ ਮੋਢੇ ਉੱਤੇ ਚੁੱਕ ਲਈ।

ਉਸ ਦਾ ਮੁੰਡਾ ਇੱਕ ਵਾਰ ਬਾਹਰ ਗਿਆ ਹੋਇਆ ਸੀ। ਉਸ ਨੂੰ ਇੱਕ ਭੂਤਰਿਆ ਹੋਇਆ ਸੰਢਾ ਪੈ ਗਿਆ। ਉਹ ਜਾਨ ਬਚਾਉਣ ਲਈ ਰੁੱਖ ਉੱਤੇ ਜਾ ਚੜ੍ਹਿਆ, ਪਹਿਲਵਾਨ ਨੂੰ ਪਤਾ ਲੱਗਾ ਤਾਂ ਘਰੋਂ ਹੀ ਰੱਸਾ ਤੇ ਦਾਤਰੀ ਲੈ ਕੇ ਆਇਆ। ਭੂਤਰੇ ਸੰਢੇ ਨੂੰ ਢਾਹ ਕੇ, ਦਾਤਰੀ ਨਾਲ ਨੱਕ ਵਿੱਚ ਮੋਰੀ ਕਰ ਕੇ ਨਕੇਲ ਪਾ ਲਈ ਤੇ ਬੱਕਰੀ ਵਾਂਗ ਪਿਛੇ ਤੋਰੀ ਲਿਆਂਦਾ।

ਐਸਾ ਸੁਭਾਅ ਸੀ, ਕੋਈ ਹੋਰ ਪਹਿਲਵਾਨ ਕਹਿਣਾ ਤਾਂ ਉਸ ਨਾਲ ਇਕੱਲਿਆਂ ਹੀ ਘੁਲ ਪੈਣਾ ਤੇ ਬਾਂਹਾਂ ਜਾਂ ਲੱਤਾਂ ਤੋੜ ਕੇ ਸੁੱਟ ਆਉਣਾ। ਇੱਕ ਦਿਨ ਜਿਉਣ ਸਿੰਘ ਦੇ ਪਿੰਡ ਠਰੂ ਗਏ। ਉਥੋਂ ਦੇ ਦਰਸ਼ਨੀ ਜੁਆਨ ਸੁਣੇ ਸਨ। ਉਹਨਾਂ ਨਾਲ ਹਫਤਾ ਭਰ ਦਿਨੇ ਘੁਲਦੇ ਰਹੇ ਤੇ ਰਾਤੀਂ ਰਲ ਕੇ ਪਰਸ਼ਾਦਾ ਛਕਣਾ। ਜਿਉਣ ਸਿੰਘ ਨਾਲ ਹੀ ਇੱਕ ਦਿਨ ਘੋੜਾ ਮੰਡੀ ਅੰਮ੍ਰਿਤਸਰ ਗਏ। ਅੱਗੇ ਪਹਿਲਵਾਨ ਕਿੱਕਰ ਸਿੰਘ ਮਿਲਿਆ ਉਸ ਨੂੰ ਕਹਿਣ ਲਗੇ, "ਹੁਣੇ ਆ ਜਾ ਘੁਲ ਲੈ ਫੇਰ ਬੁਢੇ ਵਾਰੇ ਨਾ ਕਹੀਂ।" ਉਸ ਨੇ ਦੋਹਾਂ ਦੇ ਪੈਰੀਂ ਹੱਥ ਲਾਇਆ ਤੇ ਕਿਹਾ ਘੁਲਣਾ ਨਹੀਂ। ਪਹਿਲਵਾਨ ਫਤਹਿ ਸਿੰਘ, ਸਤਿਗੁਰੂ ਜੀ ਦਾ ਸਿੱਖ ਸੀ ਸੋ ਪੂਰਨ ਸ਼ਾਕਾਹਾਰੀ ਸੀ। ਦੁੱਧ ਬਹੁਤ ਪੀਂਦਾ ਸੀ। ਉਸ ਦਾ ਸਤਿਗੁਰੂ ਹਰੀ ਸਿੰਘ ਦੇ ਦਰਸ਼ਨ ਕਰਨ ਤੇ ਭੈਣੀ ਸਾਹਿਬ ਆਉਣ ਨੂੰ ਜੀਅ ਕੀਤਾ। ਨਾਲ ਉਸ ਦੀ ਇੱਛਾ ਕੋਈ ਕਰਾਮਾਤ ਵੇਖਣ ਦੀ ਹੋਈ। ਉਸ ਬਾਰੇ ਬਾਬਾ ਸੰਤੋਖ ਸਿੰਘ ਬਾਹੋਵਾਲ ਨੇ ਲਿਖਿਆ ਹੈ:

"ਇਕ ਸਮੇਂ ਭਾਈ ਫਤਿਹ ਸਿਘ ਵਲਟੋਹੇ ਵਾਲੇ (ਭਲਵਾਨ)

ਰਾਮ ਦਾਸਪੁਰੇ (ਸ੍ਰੀ ਭੈਣੀ ਸਾਹਿਬ) ਦਰਸ਼ਨਾਂ ਨੂੰ ਆਏ ਤੇ ਦਿਲ ਵਿੱਚ ਹੋਈ ਕਿ ਗੁਰੂ ਹਰੀ ਸਿੰਘ ਜੀ ਦੀ ਕੋਈ ਕਰਾਮਾਤ ਦੇਖੀਏ। ਰਾਈਆਂ ਪਿੰਡ ਕੋਲ ਜਿਥੇ ਜੌੜੇ ਖੂਹ ਹੈ ਓਥੇ ਜਾਇ ਉੱਤਰੇ। ਖੂਹ ਵਿੱਚੋਂ ਕੱਢ ਕੇ ਪਾਣੀ ਪੀਣ ਲੱਗੇ ਤਾਂ ਸਤਿਗੁਰੂ ਜੀ ਦੀ ਕਿਰਪਾ ਨਾਲ ਖੂਹ ਦੁੱਧ ਦਾ ਹੋ ਗਿਆ ਸੀ। ਦੇਖ ਕੇ ਅਸਚਰਜ ਰਹਿਆ। ਰਾਈਆਂ ਦੇ ਸਰੀਰਾਂ ਨੇ ਕੁਝ ਦਿਨ ਦੁੱਧ ਕਢ ਕੇ ਵਰਤਿਆ, ਬਹੁਤ ਲੋਕਾਂ ਨੇ ਦੇਖਿਆ। ਇਹ ਦੇਖ ਕੇ ਰਾਮਦਾਸਪੁਰੇ ਆ ਕੇ ਗੁਰੂ ਹਰੀ ਸਿੰਘ ਦੇ ਚਰਨੀਂ ਲੱਗੇ ਤੇ ਕਹਿਣ ਲੱਗੇ ਤੂੰ ਬੇਅੰਤ, ਤੇਰੀਆਂ ਤੂੰ ਜਾਣੇ।"

ਸਤਿਗੁਰੂ ਦਾ ਬਚਨ ਪਾਲਦੇ ਹੋਏ ਉਹ ਕਦੀ ਆਪਣੀ ਪਾਰ ਵਾਲੀ ਦਾ ਕਿਹਾ ਨਹੀਂ ਸੀ ਮੋੜਦੇ। ਉਹਨਾਂ ਆਪਣੇ ਘਰ ਸਤਿਗੁਰੂ ਜੀ ਦਾ ਨਿਸ਼ਾਨ ਸਾਹਿਬ ਲਾਇਆ ਹੋਇਆ ਸੀ।

ਸਤਿਗੁਰੂ ਜੀ ਨੇ, ਦਸ ਦਿਨ ਦੀ ਛੁੱਟੀ ਮਿਲਣ ਉੱਤੇ, 1904 ਈ. ਦੀ ਦਿਵਾਲੀ ਦਾ ਮੇਲਾ ਕਰਨ ਲਈ ਅੰਮ੍ਰਿਤਸਰ ਦਰਸ਼ਨ ਦਿੱਤੇ। ਇਹ ਮੇਲਾ ਸਾਧ ਸੰਗਤ ਦੇ ਇਕੱਠ ਦੇ ਪੱਖੋਂ ਇਤਿਹਾਸਕ ਸੀ। ਰੋਜ਼ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਰਿਹਾ ਤੇ ਦਿਵਾਨ ਸਜਦੇ ਰਹੇ। ਸੰਤ ਸੂਰਤ ਸਿੰਘ ਗਲ ਵਿੱਚ ਢੋਲਕੀ ਪਾਈ ਮਸਤਾਨੇ ਹੋਏ ਸ਼ਬਦ ਪੜ੍ਹਦੇ ਰਹੇ। ਮਹਿਤਾਬ ਸਿੰਘ ਪਕੌੜੀਏ ਨੇ ਪਿੱਛੇ ਪੈ ਕੇ ਛੁੱਟੀ ਮਨਜ਼ੂਰ ਕਰਵਾਈ ਸੀ। ਭਾਵੇਂ ਮੇਲਾ ਨਾਮਧਾਰੀ ਧਰਮਸ਼ਾਲਾ ਵਿੱਚ ਸੀ ਪਰ ਸਾਰੇ ਅੰਮ੍ਰਿਤਸਰ ਵਿੱਚ ਨਾਮਧਾਰੀ ਸੰਗਤ ਹੀ ਵਿੱਚਰਦੀ ਦਿਸਦੀ ਸੀ। ਅਪਣੇ ਚਿੱਟੇ ਬਾਣੇ ਕਰਕੇ ਉਹ ਆਉਂਦੇ ਜਾਂਦੇ ਦੂਰੋਂ ਪਛਾਣੇ ਜਾਂਦੇ ਸਨ। ਖੁਲ੍ਹੇ ਲੋਕ ਵੀ ਕਹਿੰਦੇ ਸਨ ਕਮਾਲ ਦਾ ਮੇਲਾ ਹੋਇਆ ਹੈ। ਨਾ ਸੰਗਤ ਦਾ ਅੰਤ ਹੈ ਨਾ ਵਰਤਣ ਵਾਲੇ ਅੰਨ ਜਲ ਦਾ।

ਸੰਗਤ ਦੇ ਸ੍ਰੀ ਭੈਣੀ ਸਾਹਿਬ ਆਉਣ ਜਾਣ ਤੇ ਰੋਕ ਹੋਰ ਘਟ ਗਈ ਸੀ। ਸਿੱਖੀ ਮੁੜ ਪੱਲਰ ਪਈ ਸੀ, ਸੰਭਾਲੀ ਜਾ ਰਹੀ ਸੀ। ਸਤਿਗੁਰੂ ਹਰੀ ਸਿੰਘ ਜੀ ਦੀ ਆਗਿਆ ਅਨੁਸਾਰ ਪਿਛਲੇ 15-20 ਸਾਲਾਂ ਤੋਂ ਹੇਠ ਲਿਖੇ ਅਨੁਸਾਰ ਸਤਿਗੁਰੂ ਜੀ ਦੇ ਸਿੱਖਾਂ ਵਲੋਂ ਸੇਵਾ ਦਾ ਪ੍ਰਬੰਧ ਕੀਤਾ ਜਾ ਰਿਹਾ ਸੀ:-

* ਸੰਤ ਦਾਨ ਸਿੰਘ ਅਤੇ ਮਹੰਤ ਸੇਵਾ ਸਿੰਘ ਕਲਾਲ ਮਾਜਰਾ (ਅੰਬਾਲਾ) ਸਰਕਾਰੇ ਦਰਬਾਰੇ ਜਾ ਕੇ ਲੋੜ ਅਨੁਸਾਰ ਚਿੱਠੀ ਚਪੱਠੀ ਦੇਂਦੇ ਤੇ ਪੈਰਵਾਈ ਕਰਦੇ ਸਨ।

* ਵਾਹੀ ਖੇਤੀ ਦੀ ਸੇਵਾ ਦੀ ਨਿਗਰਾਨੀ ਮਹੰਤ ਗੁਰਦਿੱਤ ਸਿੰਘ ਮੋਰੋਂ ਕਰਦੇ ਸਨ।
* ਸਦਾ ਵਰਤ ਲੰਗਰ ਵਿੱਚ ਬਾਬਾ ਥੰਮਣ ਸਿੰਘ ਜਲ ਦੀ, ਭਾਈ ਸੁਧ ਸਿੰਘ ਦਾਲਾ ਰਿੰਨ੍ਹਣ ਦੀ, ਬਾਬਾ ਹੀਰਾ ਸਿੰਘ ਕੁੱਬਿਆਂ ਵਾਲੇ ਆਟਾ ਗੁਨ੍ਹਣ ਦੀ, ਸਿਆਹੜਾ ਸਿੰਘ ਪਰਸ਼ਾਦੇ ਪਕਾਉਣ ਦੀ, ਭਾਈ ਮਨਸਾ ਸਿੰਘ ਤੇ ਕਰਮ ਕੌਰ ਲੋਹ ਝੋਕਣ ਦੀ ਸੇਵਾ ਨਿਭਾਉਂਦੇ। ਭਾਈ ਸੇਵਾ ਸਿੰਘ ਤੇ ਭਾਈ ਸ਼ਾਮ ਸਿੰਘ ਸਵੇਰੇ ਸ਼ਾਮ ਦਾਲਾ ਪਰਸ਼ਾਦਾ ਵਰਤਾਉਂਦੇ। ਹਜ਼ੂਰੀ ਲਾਂਗਰੀ ਸੰਤ ਹਰਨਾਮ ਸਿੰਘ ਤੇ ਬਾਬਾ ਰਾਘੋ ਸਿੰਘ ਸਨ। ਭਾਈ ਮਹਾਂ ਸਿੰਘ ਇਕੱਲੇ ਹੀ 100-100 ਬੋਰੀ ਪੀਹਣ ਕਰ ਦੇਂਦੇ। ਨਾਲ ਮਾਈ ਹੁਕਮੀ, ਮਾਈ ਖੇਮੀ, ਮਾਈ ਭਾਗਣ ਆਦਿ ਵੀ ਲਗਦੀਆਂ, ਬਾਬਾ ਲਹਿਣਾ ਸਿੰਘ ਆਟਾ ਪੀਂਹਦੇ ਸਨ।
* ਬਾਬਾ ਛਾਬਾ ਸਿੰਘ, ਭਾਈ ਗੁਰਮੁਖ ਸਿੰਘ (ਦੋਵੇਂ ਸੂਰਮੇ) ਦਾ ਕੀਰਤਨੀ ਜਥਾ ਸੀ ਨਾਲ ਮਹੰਤ ਗੁਰਦਿੱਤ ਸਿੰਘ ਸਿਤਾਰ ਵਜਾਉਂਦੇ। ਹੋਰ ਜਥੇਦਾਰ ਕੀਰਤਨੀਏ ਵੱਖਰੇ ਸਨ।
* ਸਤਿਗੁਰੂ ਜੀ ਦੇ ਨਿੱਜੀ ਸੇਵਕਾਂ ਵਿੱਚ ਸੰਤ ਰਾਗਾ ਸਿੰਘ ਗੜਵਈ, ਬਾਬਾ ਹੀਰਾ ਸਿੰਘ ਟਿਕਾ ਚੌਰ ਬਰਦਾਰ, ਬਾਬਾ ਗੋਧਾ ਸਿੰਘ ਅਬਲੂ, ਸਰਵ ਸੰਤ ਹਰਨਾਮ ਸਿੰਘ ਨਥਾਣੀਆਂ, ਲਾਲ ਸਿੰਘ ਲਤਾਲੀਆ, ਵੀਰ ਸਿਘ ਚੁੰਨ੍ਹੀ ਮਛਲੀ, ਸੰਤ ਮੰਗਲ ਸਿੰਘ ਗਹਿਲਾ ਆਦਿ ਸਨ।
* ਸਤਿਗੁਰੂ ਜੀ ਦੇ ਅਸਤਬਲ ਵਿੱਚ, ਕੁੱਲੀ, ਮੋਰਾਂ, ਚੰਬੀ, ਵਢਖਾਣੀ, ਵੱਢ ਖਾਣਾ, ਗੁਟ, ਲੰਡਾ, ਸਿੰਗਰਫ, ਸਬਜ਼ਾ ਆਦਿ 25-30 ਘੋੜੇ ਘੋੜੀਆਂ ਸਨ। ਇਹਨਾਂ ਦੀ ਸੇਵਾ ਦਰੋਗਾ ਸੁਹੇਲ ਸਿੰਘ ਗਿਲਗੇ ਵਾਲੇ, ਬਖ਼ਸ਼ੀ ਹਰਦੇਵ ਸਿੰਘ, ਭਾਈ ਸੇਵਾ ਸਿੰਘ ਰੁੜਕਾ, ਪਾਖਰ ਸਿੰਘ, ਗੁਰਮੁਖ ਸਿੰਘ ਆਦਿ ਕਰਦੇ ਸਨ।
* ਪਸ਼ੂ ਵਾੜਾ ਜਿਸ ਵਿੱਚ 30-40 ਮੱਝਾਂ ਗਾਵਾਂ, ਕੱਟੇ ਵੱਛੇ ਸਨ ਦੀ ਸੇਵਾ ਸੰਤ ਸੰਤਾ ਸਿੰਘ ਮਲਵਈ ਦੀ ਦੇਖ ਰੇਖ ਹੇਠ ਸਰਵ ਸੰਤ ਕਿਸ਼ਨ ਸਿੰਘ, ਜੈ ਸਿੰਘ ਸੋਧੀ, ਸ਼ਰਮ ਸਿੰਘ ਕੁਨ੍ਹੰ, ਮਹੰਤ ਵੀਰ ਸਿੰਘ ਆਦਿ ਕਰਦੇ ਸਨ।

* ਉਗਰਾਹੀ ਲਈ ਵਰਤੇ ਜਾਂਦੇ ਊਠਾਂ ਤੇ ਗੱਡਿਆਂ ਦਾ ਪ੍ਰਬੰਧ ਬਾਬਾ ਵੀਰ ਸਿੰਘ ਘੁੱਕੇ ਵਾਲੀਏ, ਸੰਤ ਸਿੰਘ ਤੇ ਸੁਰਜਨ ਸਿੰਘ ਭੋਮੇ ਵਡਾਲੀਏ ਹਰਨਾਮ ਸਿੰਘ ਚੂੰਨ੍ਹੀ, ਨਥਾ ਸਿੰਘ ਬੰਬੂ, ਮਹੰਤ ਜਵਾਲਾ ਸਿੰਘ ਚੱਘਾ, ਭਾਈ ਦੇਵਾ ਸਿੰਘ ਬਲਾੜ੍ਹੀ, ਮੰਗਲ ਸਿੰਘ ਗਹਿਲਾਂ ਜ਼ੁੰਮੇ ਸੀ।
* ਮੋਹੇ ਕੂੜੇ ਦੀ ਸੇਵਾ ਮਾਈ ਘੁੱਲੀ ਕਰਦੀ ਤੇ ਕਰਵਾਉਂਦੀ ਸੀ।
* ਗੁਰਦੁਆਰੇ ਵਿੱਚ ਲੁਹਾਰੇ - ਤਰਖਾਣੇ ਕੰਮ ਦੀ ਸੇਵਾ ਕਰਕੇ ਸੰਤ ਵਸਾਖਾ ਸਿੰਘ, ਬਾਬਾ ਹੀਰਾ ਸਿੰਘ, ਆਦਿ ਸਤਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ।
* ਗੁਪਤ ਪਾਠ ਕਰਨ ਵਾਲੇ ਪਾਠੀ ਸਨ: ਸਰਵ ਸੰਤ ਲਛਮਣ ਸਿੰਘ, ਖੁਸ਼ਹਾਲ ਸਿੰਘ, ਸੁਹੇਲ ਸਿੰਘ ਬਿਲਗਾ, ਗੋਧਾ ਸਿੰਘ ਅਬਲੂ, ਭਾਈ ਵੀਰ ਸਿੰਘ ਤੇ ਕਨ੍ਹਈਆ ਸਿੰਘ ਆਦਿ।
* ਗੱਦੀ ਸਾਹਿਬ ਵਾਲੇ ਚੁਬਾਰੇ ਦੀ ਸੇਵਾ, ਬਾਬਾ ਹੀਰਾ ਸਿੰਘ ਛੈਣਿਆਂ ਵਾਲੇ, ਸੁੰਦਰ ਸਿੰਘ ਢਮੋਟੀਆਂ, ਜਿਉਣ ਸਿੰਘ ਝੱਬਰ ਤੇ ਕੁਦਰਤ ਸਿੰਘ ਕਰਦੇ ਸਨ।
* ਮੁੰਜਾਂ ਦੀਆਂ ਲੱਜਾਂ ਭਾਈ ਸੰਮਾ ਸਿੰਘ ਵੱਟਦੇ, ਪੱਟੀਆਂ ਪਲਾਣਿਆਂ ਦੀ ਉਣਾਈ ਰਾਜਾ ਸਿੰਘ ਹੁਰੀਂ ਕਰਦੇ ਸਨ।

ਇੰਜ ਗੁਰੂ ਘਰ ਦੀ ਸੇਵਾ ਬੜੇ ਸੁਚੱਜੇ ਢੰਗ ਨਾਲ ਚਲਦੀ ਰਹਿੰਦੀ ਸੀ।

1905 ਈ. ਵਿੱਚ ਹੋਲੇ ਮਹੱਲੇ ਦਾ ਅਨੰਦ ਮਾਣਨ ਲਈ ਸਾਧ ਸੰਗਤ ਸ੍ਰੀ ਭੈਣੀ ਸਾਹਿਬ ਪਹੁੰਚੀ। ਭੋਗ ਵਾਲੇ ਦਿਨ ਆਸਾ ਦੀ ਵਾਰ ਲੱਗੀ, ਹਵਨ ਹੋਇਆ ਪਰ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਸੰਗਤ ਦੀਆਂ ਅੱਖਾਂ ਤਰਸਦੀਆਂ ਰਹੀਆਂ। ਅੰਦਰੋਂ ਅਰਦਾਸਾਂ ਕੀਤੀਆਂ ਦਰਸ਼ਨ ਹੋਵੇ। ਉਹਨਾਂ ਨੇ ਅੰਦਰ ਦੀ ਪੁਕਾਰ ਸੁਣ ਲਈ ਤੇ ਸਾਧ ਸੰਗਤ ਨੂੰ ਦਰਸ਼ਨ ਦਿੱਤੇ ਤਾਂ ਸੰਗਤ ਦੇ ਹਿਰਦੇ ਕੰਵਲ ਖਿੜ ਖਿੜ ਗਏ। ਪਾਠਾਂ ਦੇ ਭੋਗ ਪਾਏ ਗਏ। ਸਤਿਗੁਰੂ ਜੀ ਦੇ ਨੇਤਰਾਂ ਦੀ ਤਕਲੀਫ਼ ਦਾ ਸੰਗਤ ਨੂੰ ਅਰਦਾਸ ਤੋਂ ਬਾਅਦ ਤਦ ਅਹਿਸਾਸ ਹੋਇਆ ਜਦ ਅਰਦਾਸ ਵਿੱਚ ਕਿਹਾ ਗਿਆ, "ਨੇਤਰ ਪ੍ਰਗਾਸ" ਹੋਵੇ।

ਮਾਘਾ ਸਿੰਘ ਬਲਾਸਪੁਰੀਏ ਨੇ ਜਾਣ ਲਈ ਛੁੱਟੀ ਮੰਗੀ ਤਾਂ ਆਪ ਨੇ ਬਚਨ ਕੀਤਾ ਬੋਹਲ ਛੱਡ ਕੇ ਨਹੀਂ ਜਾਈਦਾ।

ਸਤਿਗੁਰੂ ਜੀ ਸੱਚਮੁੱਚ ਹੀ ਪਿੰਡੋ-ਪਿੰਡ, ਸ਼ਹਿਰੋ-ਸ਼ਹਿਰ ਬੇਅੰਤ ਦੌਰੇ

ਕੀਤੇ ਸਨ ਜਿਸ ਨਾਲ ਸਿੱਖੀ ਰਹਿਤ ਮਰਯਾਦਾ ਦਾ ਪ੍ਰਚਾਰ ਹੋਇਆ ਸੀ। ਕਈਆਂ ਨੇ ਭਜਨ ਪੁਛਿਆ ਸੀ, ਕਈਆਂ ਦੇ ਅਨੰਦ ਕਾਰਜ ਹੋਏ ਸਨ। ਵੱਡੇ ਮੇਲਿਆਂ ਵਿੱਚ ਸੰਗਤ ਦਾ ਜਨ ਸਮੂਹ ਇਹ ਪ੍ਰਗਟ ਕਰ ਰਿਹਾ ਸੀ ਕਿ ਹੁਣ ਨਾਮਧਾਰੀ ਇਕੱਲੇ ਇਕੱਲੇ ਨਹੀਂ ਹਨ। ਸੰਗਤ ਦੀ ਭਾਰੀ ਗਿਣਤੀ ਸੀ ਜਿਸ ਦੀ ਸੰਭਾਲ ਸਤਿਗੁਰੂ ਜੀ ਨੇ ਕੀਤੀ ਸੀ। ਨਾਲ ਹੀ ਸਾਹਿਬਜ਼ਾਦੇ ਵੀ ਹੁਣ ਵੱਡੇ ਹੋ ਰਹੇ ਸਨ। ਸੰਗਤ ਵਿੱਚ ਵਿੱਚਰ ਰਹੇ ਸਨ। ਸਾਧ ਸੰਗਤ ਨੂੰ ਇੱਕ ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਦਾ ਦੁਖ ਤਾਂ ਸਤਾ ਰਿਹਾ ਸੀ ਪਰ ਸਤਿਗੁਰੂ ਹਰੀ ਸਿੰਘ ਵਲੋਂ ਪੰਥ ਦੀ ਸੰਭਾਲ ਨੇ ਉਹਨਾਂ ਦੇ ਦੁੱਖੜੇ ਹਰੇ ਸਨ। ਨਾਮਧਾਰੀ ਸਿੱਖਾਂ ਨੇ ਆਪਣੀ ਵਿਲੱਖਣ ਪਛਾਣ ਕਾਇਮ ਰੱਖੀ। ਗਿਆਨੀ ਗਿਆਨ ਸਿੰਘ ਨੇ ਇਕ ਕਬਿੱਤ ਵਿੱਚ ਕੂਕਿਆਂ ਦੇ ਕੰਤ ਬੁੱਧ ਸਿੰਘ ਦੀ ਸੰਭਾਲ ਕਾਰਨ ਰਹੀ ਪਛਾਣ ਬਾਰੇ ਲਿਖਿਆ ਹੈ:-

ਠਟਤ ਭਵਾਨੀ ਕੀ ਉਪਾਸ਼ਨਾ ਪਠਤ ਬਾਨੀ,
ਵਾਹਿਗੁਰੂ ਵਾਹਿਗੁਰੂ ਰਟਤ ਅਮੂਕੇ ਹੈਂ।
ਸੁਕਲ ਬਸਨ ਮਾਲਾ ਸੂਧੀ ਦਸਤਾਰ ਦਾਢੀ,
ਕਰਿ ਹੈਂ ਹਮਨ ਪਾਠ ਗ੍ਰੰਥ ਗੁਰੂ ਜੂ ਕੇ ਹੈਂ।
ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ ਸਭਿ,
ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।
ਹੇਰੇ ਜੈਸੇ ਲੱਖਣ ਹੈਂ ਟੇਰੇ ਤੈਸੇ ਗਯਾਨ ਸਿੰਘ,
ਐਸੇ ਪਰਸਿੱਧ ਹੀ ਅਬਿਧ ਸਿੱਖ ਕੂਕੇ ਹੈਂ।
-ਸ੍ਰੀ ਗੁਰੂ ਪੰਥ ਪ੍ਰਕਾਸ਼"

***

# ਜੋਤੀ ਜੋਤ ਰਲੀ

ਸਤਿਗੁਰੂ ਹਰੀ ਸਿੰਘ ਦੀ ਅਵਸਥਾ ੪੬ ਕੁ ਸਾਲ ਦੀ ਹੋ ਗਈ ਸੀ। ਅੱਖਾਂ ਦੀ ਤਕਲੀਫ ਮਹਿਸੂਸ ਹੋਈ ਤਾਂ ਆਪ ਨੇ ਲਹੌਰ ਜਾ ਕੇ ਅੱਖਾਂ ਦੇ ਡਾਕਟਰਾਂ ਦੀ ਰਾਇ ਲੈਣਾ ਜ਼ਿਆਦਾ ਸਹੀ ਸਮਝਿਆ। ਆਪ ਲਹੌਰ ਗਏ। ਸੰਤ ਧਿਆਨ ਸਿੰਘ ਪੱਥਰਾਂ ਵਾਲਿਆਂ ਘਰ ਡੇਰਾ ਕੀਤਾ। ਡਾਕਟਰ ਨੂੰ ਵਿਖਾਇਆ ਤਾਂ ਉਸ ਨੇ ਕਿਹਾ, "ਕੋਈ ਬਿਮਾਰੀ ਨਹੀਂ। ਨੇਤਰਾਂ ਵਿੱਚ ਮੋਤੀਆ ਉੱਤਰ ਆਇਆ ਹੈ, ਜਿਸ ਕਾਰਨ ਨਜ਼ਰ ਘਟ ਗਈ ਹੈ। ਇਹ ਵਡੇਰੀ ਉਮਰ ਵਿੱਚ ਹੋ ਹੀ ਜਾਂਦਾ ਹੈ। ਉਸ ਨੇ ਇਹ ਵੀ ਦੱਸਿਆ ਕਿ ਮੋਤੀਏ ਦਾ ਇਲਾਜ ਓਪਰੇਸ਼ਨ ਹੈ ਜੋ ਹੋ ਜਾਂਦਾ ਹੈ ਪਰ ਮੋਤੀਆ ਪੱਕਣ ਤੋਂ ਬਾਅਦ। ਇਸ ਨੂੰ ਛੇ ਕੁ ਮਹੀਨੇ ਲੱਗਣਗੇ। ਮਾਰਚ 1906 ਵਿੱਚ ਵੇਖ ਲਵਾਂਗੇ ਜੇ ਪੱਕ ਗਿਆ ਤਾਂ ਨਿੱਕਾ ਜਿਹਾ ਓਪਰੇਸ਼ਨ ਹੋ ਜਾਏਗਾ'। ਆਪ ਵਾਪਸ ਸ੍ਰੀ ਭੈਣੀ ਸਾਹਿਬ ਆ ਗਏ। ਆਪ ਨੇ ਚੁਬਾਰੇ ਤੇ ਵੱਧ ਸਮਾਂ ਬਿਤਾਉਣਾ ਸ਼ੁਰੂ ਕੀਤਾ।

ਅੰਮ੍ਰਿਤਸਰ ਦਿਵਾਲੀ ਮਨਾਉਣ ਦੀ ਛੁੱਟੀ ਤਾਂ ਪੰਜਾਬ ਸਰਕਾਰ ਨੇ ਮਨ੍ਹਾਂ ਕਰ ਦਿੱਤੀ ਸੀ ਸੋ ਨਾ ਗਏ। ਦਿਵਾਲੀ ਮਗਰੋਂ ਆਪ ਅੰਮ੍ਰਿਤਸਰ ਗਏ, ਤਿੰਨ ਦਿਨ ਦੀ ਛੁੱਟੀ ਲੈ ਕੇ ਇੱਕ ਡਾਕਟਰ ਨੂੰ ਅੱਖਾਂ ਵਿਖਾਈਆਂ ਉਸ ਨੇ ਵੀ ਕਿਹਾ ਨੇਤਰ ਕੱਚੇ ਹਨ। ਮੋਤੀਆ ਕੱਚਾ ਸੀ। ਲਹੌਰ ਤੇ ਅੰਮ੍ਰਿਤਸਰ ਦੇ ਡਾਕਟਰਾਂ ਦੀ ਸਲਾਹ ਇੱਕੋ ਸੀ। ਸੋ ਅਰਾਮ ਹੀ ਕਰਨਾ ਸੀ। ਪਰ ਖੰਨੇ ਦੇ ਡਾਕਟਰ ਦੇ ਹਾਂ ਕਰਨ ਕਰਕੇ ਓਥੋਂ ਅੱਖਾਂ ਬਣਵਾਈਆ ਗਈਆਂ ਸਨ।

ਸ੍ਰੀ ਭੈਣੀ ਸਾਹਿਬ ਇੱਕ ਵਾਰ ਡਿਪਟੀ ਕਮਿਸ਼ਨਰ, ਦਿਵਾਨ ਚੰਦ ਅਰੋੜਾ ਆਪ ਦਾ ਹਾਲ ਚਾਲ ਪੁੱਛਣ ਆਇਆ। ਸਿੱਧਾ ਚੁਬਾਰੇ ਵਿੱਚ ਜਾ ਦਰਸ਼ਨ ਕੀਤੇ। ਉਸਦੇ ਪੁੱਛਣ ਤੇ ਸਤਿਗੁਰੂ ਜੀ ਨੇ ਕਿਹਾ ਨੇਤਰਾਂ ਦੀ ਤਕਲੀਫ਼ ਹੈ। ਉਸ ਨੇ ਕੋਈ ਸੇਵਾ ਪੁੱਛੀ ਤਾਂ ਆਪ ਨੇ ਇਕੋ, ਸਤਿਗੁਰੂ

ਰਾਮ ਸਿੰਘ ਜੀ ਦੇ ਦਰਸ਼ਨ ਕਰਾਉਣ ਦੀ ਦੱਸੀ।

ਅਰੋੜੇ ਨੇ ਸਿਰ ਮਾਰਿਆ ਤੇ ਕਿਹਾ, "ਉਹ 1885 ਈ. ਵਿੱਚ ਪਰਲੋਕ ਸਿਧਾਰ ਗਏ ਹਨ।"

ਆਪ ਨੇ ਬੜੇ ਦ੍ਰਿੜ ਇਰਾਦੇ ਨਾਲ ਕਿਹਾ, "ਨਹੀਂ ਉਹ ਅਜੇ ਸੰਸਾਰ ਵਿੱਚ ਅਪਣੀ ਮੌਜ ਨਾਲ ਵਿਚਰ ਰਹੇ ਹਨ।" ਉਸ ਨੇ ਕਿਹਾ, ਤੁਹਾਨੂੰ ਉਹਨਾਂ ਦੇ ਜੀਵਤ ਹੋਣ ਦਾ ਭਰੋਸਾ ਹੈ?"

ਸਤਿਗੁਰੂ ਜੀ ਨੇ ਹੋਰ ਦ੍ਰਿੜਤਾ ਨਾਲ ਕਿਹਾ, "ਬਿਲਕੁਲ ਭਰੋਸਾ ਹੈ।"

ਕੋਲ ਬੈਠੇ ਫ਼ਰੰਗੀ ਸੁਪਰਿੰਟੈਂਡੈਂਟ ਪੁਲਿਸ ਨੇ ਕਿਹਾ, "ਜੇ ਨਿਸਚਾ ਹੀ ਹੈ ਤਾਂ ਉਹਨਾਂ ਦਾ ਥਹੁ ਟਿਕਾਣਾ ਦੱਸੋ। ਅਸੀਂ ਭਾਲੀਏ।"

ਸਤਿਗੁਰੂ ਜੀ ਨੇ ਕਿਹਾ, "ਇਹ ਤੁਸੀਂ ਜਾਣੋ।"

ਅਰੋੜੇ ਨੇ ਉਸ ਵੱਲ ਵੇਖ ਕੇ ਕਿਹਾ, "ਕਿੰਨਾ ਭਰੋਸਾ ਹੈ।"। ਉਹਨਾਂ ਨੇ ਲੜਕਿਆਂ ਬਾਰੇ ਪੁੱਛਿਆ, ਲੰਗਰ ਵੱਲ ਜਾ ਕੇ ਵੇਖਿਆ, ਰਾਮਸਰ ਵੱਲ ਗਏ। ਉਥੇ ਪਤਾ ਲੱਗਾ ਕਿ ਏਥੇ ਬਾਹਰੋਂ ਨਹੀਂ ਪਾਣੀ ਪੈਂਦਾ ਜ਼ਮੀਨ ਵਿੱਚੋਂ ਆਉਂਦਾ ਹੈ। ਇਸ ਸਰੋਵਰ ਦਾ ਅਦਬ ਰੱਖਦੇ ਹਨ।

ਡਿਉਢੀ ਵਿੱਚ ਆ ਕੇ ਉਸ ਨੇ ਗਾਰਦ ਨੂੰ ਕਿਹਾ, "ਦੂਰ ਬੈਠਿਆ ਕਰੋ। ਤੁਸੀਂ ਅਰਜ਼ੀ ਦੇ ਦਿਓ।" ਪਿੰਡ ਦਾ ਨੰਬਰਦਾਰ ਵੀ ਦੌਰੇ ਤੇ ਨਾਲ ਸੀ। ਉਸ ਨੂੰ ਪੁੱਛਿਆ ਕਿ ਪਿੰਡ ਵਾਲਿਆਂ ਨੂੰ ਕੋਈ ਤਕਲੀਫ਼, ਕੋਈ ਪਟਵਾਰੀ ਦੀ ਸ਼ਿਕਾਇਤ। ਉਸ ਨੇ ਕਿਹਾ ਕੋਈ ਨਹੀਂ।

ਅੱਖਾਂ ਬਣਨ ਬਾਅਦ ਖੰਨੇ ਵਾਲੇ ਡਾਕਟਰ ਨੇ ਦੁੱਧ, ਘਿਓ, ਤੇ ਲੂਣ ਬੰਦ ਕਰ ਦਿੱਤਾ। ਜਲੰਧਰ ਦੇ ਇੱਕ ਡਾਕਟਰ ਨੂੰ ਪੁੱਛਿਆ ਤੇ ਉਸ੍ਨੇ ਕਿਹਾ ਖ਼ੁਰਾਕ ਖਾਓ। ਸੇਵਕ ਕਹਿਣ ਕਿ ਸਰਦਾਈ ਵੀ ਨਹੀਂ ਦੇਣੀ, ਬੋਲਣ ਵੀ ਘੱਟ ਹੀ, ਪਰਹੇਜ਼ ਰੱਖਣਾ ਸੀ। ਸਿੱਖਾਂ ਦੀ ਚਿੰਤਾ ਵਧੀ ਹੋਈ ਸੀ ਸਤਿਗੁਰੂ ਜੀ ਦੀ ਅੱਖਾਂ ਦੀ ਤਕਲੀਫ਼ ਕਰਕੇ। ਅੱਖਾਂ ਦਰਦ ਵੀ ਕਰਨ ਲੱਗੀਆਂ। ਉਹਨਾਂ ਦੇ ਚਿਹਰਿਆਂ ਤੇ ਜੋ ਕੁਝ ਰੌਣਕ ਆਈ ਸੀ ਉਹ ਫੇਰ ਅਲੋਪ ਹੋ ਗਈ ਸੀ। ਉਹਨਾਂ ਨੇ ਜਲੰਧਰ ਦੇ ਡਾਕਟਰ ਤੋਂ ਬਾਅਦ ਵੀ ਦੂਰ ਨੇੜੇ ਨਜ਼ਰ ਦੁੜਾਈ ਪਰ ਕੋਈ ਸਿਆਣਾ ਵੈਦ ਹਕੀਮ ਨਜ਼ਰ ਨਾ ਆਇਆ ਜੋ ਹੁੰਦੀ ਦਰਦ ਚੁਣ ਲਵੇ, ਨੇਤਰ ਠੀਕ ਠਾਕ ਕਰ ਦੇਵੇ।

ਸਤਿਗੁਰੂ ਜੀ ਨੇ ਮਾਨਾਂਵਾਲੇ ਦੇ, ਸਰਦਾਰ ਸੁੰਦਰ ਸਿੰਘ ਮਾਨਾਂਵਾਲੀਏ

ਨੂੰ ਹੋਲਾ ਦੇ ਦਿੱਤਾ ਸੀ। ਸਤਿਗੁਰੂ ਜੀ ਦੇ ਦੌਰੇ ਲਈ ਛੁੱਟੀ ਦਾ ਵੀ ਪ੍ਰਬੰਧ ਹੋ ਗਿਆ ਸੀ। ਆਪ ਜੀ ਦੇ ਸਮੇਂ ਹੋਣ ਵਾਲਾ ਇਹ ਛੇਵਾਂ ਹੋਲਾ ਸੀ। ਇਸ ਦਾ ਭੋਗ 12 ਮਾਰਚ ਬੁੱਧਵਾਰ 1906 ਈ. ਨੂੰ ਪੈਣਾ ਸੀ। ਸਰਦਾਰ ਸੁੰਦਰ ਸਿੰਘ ਆਪ ਜੀ ਨੂੰ ਲੈਣ ਲਈ ਸ੍ਰੀ ਭੈਣੀ ਸਾਹਿਬ ਆਇਆ। ਆਪ ਨੇ ਨੇਤਰਾਂ ਦੀ ਤਕਲੀਫ਼ ਕਰਕੇ ਨਾ ਜਾਣਾ ਹੀ ਠੀਕ ਸਮਝਿਆ। ਆਪ ਜੀ ਦੇ ਹੁਕਮ ਅਨੁਸਾਰ ਮਾਤਾ ਜੀਵਨ ਕੌਰ ਤੇ ਤਿੰਨੇ ਸਹਿਬਜ਼ਾਦੇ, ਹੋਲੇ ਤੇ ਗਏ। ਸਤਿਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਪ੍ਰਤਾਪ ਸਿੰਘ ਨੂੰ ਪਹਿਲਾਂ ਹੀ ਬਚਨ ਕੀਤਾ ਸੀ :

ਕੰਮ ਕਰਾਇਆ ਕਰੋ, ਜਵਾਨ ਹੋ ਗਏ ਹੋ। ਤੁਹਾਡਾ ਹੁਣ ਅਸਰ ਹੈ। ਫੇਰ ਵੀ ਤਾਂ ਤੁਸਾਂ ਹੀ ਸਭ ਕਰਨੇ ਹਨ। ਤੁਹਾਡਾ ਬਚਨ ਜਿਸ ਨਹੀਂ ਮੰਨਣਾ ਉਹ ਵੀ ਮੰਨ ਲੈਂਦਾ ਹੈ।

-ਜੱਸ ਜੀਵਨ ਹਿੱਸਾ ਪਹਿਲਾ ਲੇਖਕ ਤਰਨ ਸਿੰਘ ਵਹਿਮੀ

ਸਤਿਗੁਰੂ ਜੀ ਨੇ ਕੀਰਤਪੁਰੋਂ ਆਏ ਮਸਤਾਨ ਸਿੰਘ ਨੂੰ ਪੁੱਛਿਆ ਕਿ ਉਸ ਤੋਂ ਰਵਾਲਸਰ ਕਿੰਨਾ ਕੁ ਦੂਰ ਹੈ? ਕੀ ਸਵਾਰੀ ਹੈ? ਕੀ ਫਸਲ ਹੁੰਦੀ ਹੈ? ਕੈਸੇ ਰਾਜੇ ਹਨ? ਮਸਤਾਨ ਸਿੰਘ ਨੇ ਅਰਜ਼ ਕੀਤੀ ਕਿ ਰਵਾਲਸਰ ਕੀਰਤਪੁਰ ਤੋਂ 60 ਕੁ ਮੀਲ ਦੂਰ ਹੈ। ਸਵਾਰੀ ਖੱਚਰ ਘੋੜਾ ਹੈ। ਝੋਨਾ, ਕਣਕ ਤੇ ਮਕਈ ਦੀ ਫ਼ਸਲ ਹੁੰਦੀ ਹੈ। ਮੰਡੀ ਦਾ ਰਾਜਾ ਭਲਾ ਪੁਰਸ਼ ਹੈ। ਹੋਰ ਵੀ ਰਾਜੇ ਚੰਗੇ ਹਨ। ਉਸ ਨੇ ਜਾਣ ਬਾਰੇ ਪੁੱਛਿਆ ਤਾਂ ਗੱਲ ਵਲਾ ਗਏ।

ਸਰਕਾਰ ਨੇ ਪਿੰਡੀਂ, ਸ਼ਹਿਰੀਂ ਜਾ ਕੇ ਲੋਕਾਂ ਨੂੰ ਮਾਤਾ (ਚੇਚਕ) ਦੇ ਟੀਕੇ ਲਾਏ ਸਨ। ਪਰ ਨਾਮਧਾਰੀ ਸਿਖਾਂ ਟੀਕੇ ਲੁਆਉਣ ਤੋਂ ਇਨਕਾਰ ਕਰ ਦਿੱਤਾ ਸੀ। ਚੇਚਕ, ਮਾਤਾ ਉਹਨਾਂ ਨੂੰ ਵੀ ਨਿਕਲੀ ਸੀ ਜਿਨ੍ਹਾਂ ਟੀਕੇ ਲੁਆਏ ਸਨ। 1906 ਈ. ਦੀ ਵਸਾਖੀ ਸਮੇਂ ਪਤਾ ਲੱਗਾ ਕਿ 50-50 ਸਾਲ ਦਿਆਂ ਨੂੰ ਵੀ ਮਾਤਾ ਨਿਕਲੀ ਸੀ। ਜਦੋਂ ਕਿ ਕਹਿੰਦੇ ਹਨ ਬੱਚਿਆਂ ਨੂੰ ਹੀ ਨਿਕਲਦੀ ਹੈ। ਭੈਣੀ ਸਾਹਿਬ ਕਈ ਦਾੜ੍ਹੀ ਵਾਲੇ ਵੀ ਇਸ ਦੀ ਮਾਰ ਹੇਠ ਆ ਗਏ ਸਨ।

ਸਤਿਗੁਰੂ ਜੀ ਨੂੰ ਵਸਾਖ ਦੀ ਪੂਰਨਮਾਸ਼ੀ ਨੂੰ ਵੱਖੀ ਦੀ ਐਸੀ ਦਰਦ ਹੋਈ ਕਿ ਭੰਨ ਕੇ ਰੱਖ ਦਿੱਤਾ। ਵੈਦਾਂ ਨੇ ਦੁਆਈਆਂ ਕੀਤੀਆਂ, ਸੇਕ ਕੀਤੇ ਪਰ ਤਿੰਨ ਦਿਨ ਦਰਦ ਬਿਲਕੁਲ ਨਾ ਘਟੀ। ਚੌਥੇ ਦਿਨ ਅਖੰਡ ਪਾਠ ਤੋਰਿਆ ਤਾਂ ਕੁਝ ਅਰਾਮ ਮਹਿਸੂਸ ਹੋਇਆ।

ਅਗਲੇਰੇ ਦਿਨ ਬੁਖ਼ਾਰ ਹੋ ਗਿਆ, ਨਾਲ ਹਿਚਕੀ ਟਿਕਣ ਨਾ ਦੇਵੇ। ਵਿੱਚੇ ਦਸਤ ਸ਼ੁਰੂ ਹੋ ਗਏ। ਉਹ ਵੀ ਅੱਧੇ-ਅੱਧੇ, ਪੌਣੇ-ਪੌਣੇ ਘੰਟੇ ਬਾਅਦ ਆਉਣ। ਸਰੀਰ ਬਹੁਤ ਨਿਤਾਕਤਾ ਹੋ ਗਿਆ। ਬੋਲਿਆ ਨਾ ਜਾਏ। ਪਰਵਾਰ ਡੋਲ ਗਿਆ। ਸੰਗਤ ਡੋਲ ਗਈ। ਕਿਸੇ ਨੂੰ ਸਮਝ ਨਾ ਆਏ ਕਿਹੜੇ ਇਮਤਿਹਾਨ ਵਿੱਚ ਪੈ ਗਏ ਹਾਂ। ਕੀ ਸਾਂਗ ਵਰਤ ਰਿਹਾ ਹੈ? ਇੱਕ ਪੰਜਾਬੀ ਡਾਕਟਰ ਸੱਦਿਆ। ਉਸ ਨੇ ਕਿਹਾ ਦਸਤਾਂ ਦੀ ਦੁਆਈ ਨੇ ਗਲੇ ਵਿੱਚ ਪੱਤੀਆਂ ਪਾ ਦਿਤੀਆਂ ਹਨ ਭਾਵੇਂ ਦਸਤਾਂ ਦਾ ਅਰਾਮ ਸੀ। ਦੁਆਈ ਬੰਦ ਕੀਤੀ ਫੇਰ ਦਸਤ ਲੱਗ ਗਏ।

ਸਾਧ ਸੰਗਤ ਕੋਲ ਭਜਨ ਬੰਦਗੀ ਦਾ ਆਸਰਾ ਸੀ। ਉਸ ਨੇ ਦੋ ਦਿਨ ਵਰਨੀ ਕੀਤੀ। ਉਹ ਰੋਜ਼ਾਨਾ ਨਾਮ ਜਪਦੀ ਰਹੇ। ਆਪਣੇ ਆਪ ਨੂੰ ਤਾਂ ਮਨੋਬਲ ਵਧਾਉਣ ਲਈ ਇਹ ਸੁਖਕਾਰੀ ਰਿਹਾ ਪਰ ਸਤਿਗੁਰੂ ਹਰੀ ਸਿੰਘ ਜੀ ਦਾ ਸਰੀਰ ਨਹੀਂ ਸੀ ਸੰਭਲ ਰਿਹਾ।

ਆਪ ਜੀ ਨੂੰ ਧਰਨ ਪੈ ਗਈ। ਨਰਾਇਣ ਸਿੰਘ ਨੇ ਕੌਡੀ ਚੁੱਕੀ। ੪ ਮਈ 1906 ਨੂੰ ਵੱਖੀ ਤੇ ਪੱਸਲੀ ਦੁਖਣ ਦੀ ਤਕਲੀਫ ਹੋਈ। ਲੇਪ ਕਰਵਾਇਆ ਪਰ ਦਰਦ ਘਟਣ ਦੀ ਥਾਂ ਵਧਿਆ। ਫੇਰ ਲੇਪ ਕੀਤਾ ਪਰ ਫਜ਼ੂਲ। ਲੋਗੜ ਟਕੋਰ ਕੀਤੀ, ਈਸਬਗੋਲ ਦਾ ਲੇਪ ਕੀਤਾ, ਦੁਆਈ ਦਿੱਤੀ, ਕੁਝ ਅਰਾਮ ਆਇਆ ਤਾਂ ਸਭ ਦੇ ਸਾਹ ਵਿੱਚ ਸਾਹ ਆਇਆ।

ਪਰ ਸਤਿਗੁਰੂ ਜੀ ਪਤਾ ਨਹੀਂ ਕਿਸ ਦਾ ਕਸ਼ਟ ਸਰੀਰ ਉੱਤੇ ਝੱਲ ਰਹੇ ਸਨ ਜਾਂ ਕਿਸ ਭਾਣੇ ਲਈ ਸੰਗਤ ਦਾ ਮਨ ਬਣਾ ਰਹੇ ਸਨ। ਅਗਲੇ ਦਿਨ ਫਿਰ ਹਿਚਕੀ ਸ਼ੁਰੂ ਹੋ ਗਈ। ਉਸ ਦੀ ਦੁਆਈ ਕੀਤੀ ਤਾ ਬੁਖਾਰ ਹੋ ਗਿਆ। ਮੁਸਲਮਾਨ ਹਕੀਮ ਨੇ ਆ ਕੇ ਵਾਹ ਲਾਈ ਪਰ ਅਰਾਮ ਕਿੱਥੇ। ਸਤਿਗੁਰੂ ਜੀ ਦੇ ਇਸ ਬਚਨ ਨੇ ਕਿ ਹਕੀਮਾਂ ਦੇ ਕਰਿਆਂ ਕੁਝ ਨਹੀਂ ਹੋਣਾ ਜੋ ਗੁਰੂ ਜੀ ਕਰਨੀ ਹੈ ਸੋਈ ਹੋਣੀ ਹੈ। ਫੇਰ ਸੰਗਤ ਨੂੰ ਸੋਚੀਂ ਪਾ ਦਿੱਤਾ।

ਸਤਿਗੁਰੂ ਜੀ ਨੇ ਸਿਹਤ ਕੁਝ ਠੀਕ ਹੁੰਦਿਆਂ ਮਾਘਾ ਸਿੰਘ ਬਿਲਾਸਪੁਰ, ਗੁਰਦਿੱਤ ਸਿੰਘ ਮੋਰੋਂ, ਮਹੰਤ ਸੇਵਾ ਸਿੰਘ ਸੁਧਰੀ ਮਾਜਰਾ ਦੇ ਬੈਠਿਆਂ ਬਚਨ ਕੀਤਾ, "ਤੁਸੀਂ ਹੁਣ ਸਭ ਹੀ ਪ੍ਰਤਾਪ ਸਿੰਘ ਦੇ ਕਹੇ ਚੱਲਿਆ ਕਰੋ।"

ਪਹਿਲਾਂ ਵੀ ਇੱਕ ਸਮਾਂ ਆਇਆ ਸੀ, ਮੰਗਲ ਸਿੰਘ ਨੇ ਸਤਿਗੁਰੂ ਜੀ ਨੂੰ ਸ਼ਿਕਾਇਤ ਕੀਤੀ ਸੀ ਕਿ ਵੱਡੇ ਸਾਹਿਬਜ਼ਾਦੇ ਦੇ, ਉਸਦੇ ਘੋੜੇ

ਉੱਤੇ ਚੜ੍ਹਨ ਨਾਲ ਘੋੜੇ ਨੂੰ ਲਾਗਾ ਲੱਗ ਗਿਆ ਹੈ। ਸਤਿਗੁਰੂ ਜੀ ਨੇ ਉਹਨਾਂ ਨੂੰ ਸੱਦ ਕੇ ਕਿਹਾ, "ਮੇਰੀ ਕੁਲ੍ਹੀ ਘੋੜੀ ਤੇ ਚੜ੍ਹਿਆ ਕਰੋ।"

ਹੁਣ ਤਾਂ ਹਰ ਦਿਨ ਤਕਲੀਫ਼ ਵਧਾਉਣ ਲਈ ਚੜ੍ਹਿਆ ਲੱਗਦਾ ਸੀ।

ਆਪ ਨੇ ਮਾਤਾ ਜੀਵਨ ਕੌਰ ਨੂੰ ਸੱਦ ਕੇ ਬਚਨ ਕੀਤਾ ਕਿ ਗੁਰਦੇਈ ਫੁਲਕੇ ਜਿਹੇ ਬਣਾਉਂਦੀ ਹੈ, ਮੋਟਾ ਪਰਸ਼ਾਦਾ ਬਣਾਇਆ ਕਰ ਅਸਾਂ ਦਸ ਦਿਨ ਹੀ ਛਕਣਾ ਹੈ। ਗੁਲਾਬ ਸਿੰਘ ਨੂੰ ਕਿਹਾ, "ਅਸੀਂ ਕੋਈ ਕੁ ਦਿਨ ਹਾਂ।" ਉਸ ਨੇ ਅੱਖਾਂ ਭਰ ਕੇ ਕਿਹਾ, "ਪਹਿਲਾਂ ਸੰਗਤ ਦੀ ਬੇੜੀ ਬੰਨੇ ਲਾਵੋ ਫੇਰ ਕੁਝ ਕਰਨਾ।" ਆਪ ਚੁਪ ਰਹੇ।

ਹੋਰ ਦਿਹਾੜੀ ਕੁ ਪਿਛੋਂ ਜੋ ਬਾਬਾ ਨਰਾਇਣ ਸਿੰਘ ਨੂੰ ਕਿਹਾ ਉਹ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਸਤਿਗੁਰੂ ਬਿਲਾਸ ਹਿੱਸਾ ਦੂਜਾ ਵਿੱਚ ਇੰਜ ਲਿਖਿਆ ਹੈ:

"ਅੱਠ ਦਿਨ ਅਗਾਊਂ ਵਾਜਾ ਕੀਤਾ ਅੱਧੀ ਰਾਤ ਕੇ ਸਮੇਂ ਕੋਈ ਹੈ ਜਾਗਦਾ? ਨਰੈਣ ਸਿੰਘ ਨੇ ਕਹਿਆ ਜੀ ਹੈਨ ਤਾਂ ਸਹੀ ਪਰ ਸਭ ਬਰਾਜੇ ਹੋਏ ਹੈਨ। ਗੁਰੂ ਜੀ ਬਚਨ ਕੀਤਾ ਅਸੀਂ ਤੈਨੂੰ ਕਹਿਆ ਹੈ, ਤੂੰ ਦੱਸੀਂ ਨਾ ਕਿਸੇ ਨੂੰ। ਅੱਠਵੇਂ ਦਿਨ ਨੂੰ ਅਸੀਂ ਚੜ੍ਹਾਈ ਕਰ ਜਾਣੀ ਹੈ। ਸਾਡੇ ਚੜ੍ਹੇ ਥੀਂ ਮਗਰੋਂ ਦੱਸੀਂ।"

ਬਾਬਾ ਜੀ ਅੰਦਰੋਂ ਡੋਲ ਗਏ। ਸਰੀਰ ਘੱਟਦਾ ਜਾਏ ਜੋ ਕੋਈ ਪੁੱਛੇ ਦੱਸਣ ਨਾ, ਹੁਕਮ ਜੁ ਨਹੀਂ ਸੀ। ਉਂਜ ਉਹਨਾਂ ਦਾ ਆਪਣਾ ਕਾਲਜਾ ਮੂੰਹ ਨੂੰ ਆਵੇ।

ਸਤਿਗੁਰੂ ਜੀ ਦਾ ਸਰੀਰ ਢਿੱਲਾ ਹੋਣ ਕਾਰਨ ਸਭ ਨੂੰ ਕੋਈ ਵੀ ਭਾਣਾ ਵਰਤਣ ਦਾ ਭੈਅ ਵਿਆਪ ਰਿਹਾ ਸੀ। ਮਾਤਾ ਫਤਹਿ ਕੌਰ ਨੇ ਤੇ ਬੀਬੀ ਹੁਕਮੀ ਨੇ ਕਿਹਾ, "ਜੋ ਦੇਣਾ ਹੈ ਆਪਣੇ ਹੱਥੀਂ ਦੇ ਜਾਓ।"

ਸੰਗਤ ਨੇ ਹਿੰਮਤ ਕਰਕੇ, ਸਮਾਂ ਤੇ ਸਥਿਤੀ ਨੂੰ ਸਮਝ ਕੇ ਪਟਵਾਰੀ ਮੰਗਵਾਇਆ ਕੁਝ ਲਿਖਣ ਲਈ। ਉਸ ਨੇ ਨਾ ਲਿਖਿਆ ਤਾਂ ਇੱਕ ਸਿੱਖ ਨੇ ਲਿਖਿਆ। ਜਿਉਣ ਕੌਰ, ਪ੍ਰਤਾਪ ਸਿੰਘ ਨਿਹਾਲ ਸਿੰਘ ਤੇ ਗੁਰਦਿਆਲ ਸਿੰਘ ਮੇਰੀ ਜਾਇਦਾਦ ਦੇ ਮਾਲਕ ਹਨ। ਹੋਰ ਕੋਈ ਨਹੀਂ। ਇਹ ਕਾਗਜ਼ ਉੱਤੇ ਲਿਖਿਆ ਗਿਆ ਤੇ ਅੰਗੂਠਾ, ਸਤਿਗੁਰੂ ਜੀ ਦਾ ਲੁਆਇਆ ਗਿਆ, ਖੱਬਾ। ਇਹ ਕੰਮ ਪਹਿਲਾਂ ਵੀ ਹੋਇਆ ਸੀ।

ਮਹੰਤ ਸੇਵਾ ਸਿੰਘ ਤੇ ਸਾਹਿਬਜ਼ਾਦਾ ਪ੍ਰਤਾਪ ਸਿੰਘ ਇਹ ਕਾਗਜ਼ ਡਿਪਟੀ ਕਮਿਸ਼ਨਰ ਦਿਵਾਨ ਚੰਦ ਅਰੋੜਾ ਕੋਲ ਸਮਰਾਲੇ ਲੈ ਕੇ ਗਏ

ਕਿਉਂਕਿ ਓਥੋਂ ਦਾ ਉਸਦਾ ਦੌਰਾ ਸੀ। ਉਸ ਨੇ ਕਿਹਾ ਕਿ ਕੱਲ੍ਹ ਉਸਦਾ ਡਿਪਟੀ ਸ੍ਰੀ ਭੈਣੀ ਸਾਹਿਬ ਆਵੇਗਾ ਉਸ ਨੂੰ ਦੇਣਾ। ਡਿਪਟੀ ਭਗਵਾਨ ਸਿੰਘ ਚੁਬਾਰੇ ਵਿੱਚ ਆਇਆ, ਆਪ ਜੀ ਦੇ ਕੋਲ ਬੈਠਾ। ਸਤਿਗੁਰੂ ਜੀ ਨੇ ਬਚਨ ਕੀਤਾ, "ਮੇਰੀ ਨਿਗਾਹ ਕੰਮ ਨਹੀਂ ਕਰਦੀ ਦੋ ਤਿੰਨ ਦਿਨ ਦਾ ਜੀਵਨ ਹੈ।"

ਡਿਪਟੀ ਭਗਵਾਨ ਸਿੰਘ ਨੇ ਬੁੱਧ ਸਿੰਘ ਨਾਂ ਲੈ ਕੇ ਪੁੱਛਿਆ। ਹੋਸ਼ ਹਵਾਸ ਕਾਇਮ ਹਨ। ਸਤਿਗੁਰੂ ਜੀ ਨੇ ਬਚਨ ਕੀਤਾ ਹਾਂ ਸੁਰਤ ਕਾਇਮ ਹੈ। ਵਾਰਸਾਂ ਬਾਰੇ ਪੁੱਛਣ ਉੱਤੇ ਆਪ ਨੇ ਪਹਿਲਾ ਜਵਾਬ ਦਿੱਤਾ। ਉਸ ਨੇ ਨਮਸਕਾਰ ਕਰ ਕੇ ਪੌੜੀਆਂ ਉੱਤਰ ਕੇ ਬੀਬੀ ਨੰਦਾਂ ਦੇ ਲੜਕਿਆਂ ਬਸੰਤ ਸਿੰਘ, ਸੂਰਤ ਸਿੰਘ, ਹਰਨਾਮ ਸਿੰਘ ਦੇ ਨਾਂ ਵੀ ਲਿਖੇ ਤੇ ਚਲਾ ਗਿਆ। ਮਾਈ ਹੁਕਮੀ ਨੇ ਪਿੱਛੋਂ ਸਤਿਗੁਰੂ ਜੀ ਨੂੰ ਪੁੱਛਿਆ ਕੀ ਭਾਣਾ ਵਰਤਾ ਚੱਲੇ ਹੋ। ਸੰਗਤ ਲਈ ਕੀ ਹੁਕਮ ਹੈ? ਆਪ ਹੱਥ ਨਾਲ ਇਸ਼ਾਰਾ ਹੀ ਕਰਦੇ, ਬੋਲ ਕੇ ਜਵਾਬ ਨਾ ਦੇਂਦੇ। ਇੱਕ ਦਿਨ ਇੱਕ ਸਿੱਖ ਹਾਲਤ ਠੀਕ ਨਾ ਜਾਣ ਕੇ ਹਕੀਮ ਨੂੰ ਸੱਦਣ ਗਿਆ। ਉਸ ਨੂੰ ਰਾਹ ਵਿੱਚ ਸੱਪ ਦਿੱਸਿਆ। ਲੋਕ ਰੂੜ੍ਹੀਆਂ ਦੇ ਅਧਾਰ ਉੱਤੇ ਉਸ ਨੇ ਅਪਸ਼ਗਨ ਸਮਝਿਆ। ਹਕੀਮ ਵੀ ਨਾ ਆਇਆ। ਸਤਿਗੁਰੂ ਜੀ ਬਚਨ ਕੀਤਾ, "ਮੈਨੂੰ ਕੋਈ ਦੁਆਈ ਨਾ ਦਿਓ।"

ਸਾਧ ਸੰਗਤ ਦੇ ਭਲੇ ਤੇ ਮਨ ਦੇ ਟਿਕਾਅ ਲਈ ਕਿ ਭਾਣਾ ਮੰਨਣ ਦਾ ਬਲ ਮਿਲੇ ਅਖੰਡ-ਪਾਠ ਤੋਰੇ ਗਏ। ਚਾਰ ਪਾਠਾਂ ਦੇ ਭੋਗ ਪਾਏ ਗਏ। ਪਿਛਲੇ ਪਹਿਰ ਧੂਪ ਦੀਪ ਕੁੰਭ ਸਮਗਰੀ ਸਹਿਤ ਤਿਆਰੀ ਕਰਕੇ ਜੇਠ ਵਦੀ ਦਸਵੀਂ ਸੰਮਤ 1863 ਬਿ. ਨੂੰ ਵੀਰਵਾਰ ਪੰਜਵਾਂ ਪਾਠ ਸ਼ੁਰੂ ਕਰਨਾ ਸੀ। ਸੰਤ ਗੁਲਾਬ ਸਿੰਘ ਨੇ ਅਰਦਾਸਾ ਕੀਤਾ, ਪਾਠ ਤੋਰਨ ਦਾ। ਉਧਰ ਪਾਠ ਆਰੰਭ ਹੋਇਆ ਏਧਰ ਸਤਿਗੁਰੂ ਹਰੀ ਸਿੰਘ ਜੀ ਸੰਸਾਰ ਦਾ ਸਫ਼ਰ ਮੁਕਾ ਗਏ :

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥**

**-ਬਿਲਾਵਲ ਮਹਲਾ 5**

ਸਰੀਰ ਠੰਢਾ ਹੋ ਗਿਆ। ਉਸ ਦਿਨ 17 ਮਈ 1906 ਈ. ਸੀ। ਸ਼ਾਮ ਦਾ 5 ਵੱਜ ਕੇ 5 ਮਿੰਟ ਦਾ ਸਮਾਂ ਸੀ।

ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਕਰਾਉਣ ਦੀ ਢਾਰਸ ਦੇਣ

ਵਾਲੇ ਸਤਿਗੁਰੂ ਹਰੀ ਸਿੰਘ ਜੀ ਆਪ ਸਦੀਵ ਕਾਲੀ ਵਿਛੋੜਾ ਦੇ ਗਏ। ਮਾਸਟਰ ਨਿਹਾਲ ਸਿੰਘ ਦੇ ਸ਼ਬਦਾਂ ਵਿੱਚ :

ਪੁਨੂੰ ਪੁਨੂੰ ਕਰਦੀ ਸੱਸੀ,
ਜਾ ਥਲੀਂ ਪ੍ਰਾਣ ਚੜ੍ਹਾਏ,
ਬਾਗ ਬਗੀਚੇ,
ਮਹਿਲ ਅਟਾਰੀਆਂ
ਪਿਆਰੀਆਂ ਸੰਗਤਾਂ
ਸਭਸ ਨੂੰ ਛਡ ਛਡਾ
ਵੇਖਦਿਆਂ ਵੇਖਦਿਆਂ
ਚੜ੍ਹ ਗਿਆ ਗਗਨੀ
ਬੱਦਲਾਂ ਤੋਂ ਉਚੇਰਾ,
ਸੂਰਜ ਚੰਦ ਤੋਂ ਪ੍ਰੇਰੇ,
ਬ੍ਰਹਮਾ ਦੇ ਦੇਸ -ਸੀਤਲਤਾ ਦਾ ਸ੍ਰੋਤ

ਸਾਰਾ ਨਾਮਧਾਰੀ ਪੰਥ ਸੋਗ ਦੇ ਕਾਲੇ ਸਾਗਰ ਵਿੱਚ ਡੁੱਬ ਗਿਆ। ਕੋਈ ਪੇਸ਼ ਨਾ ਗਈ, ਕੋਈ ਵਾਹ ਨਾ ਚੱਲੀ। ਪਰ ਕੰਧਾਰਾ ਸਿੰਘ ਵਰਗੇ ਸੇਵਕਾਂ ਨੂੰ ਆਪਣੀਆਂ ਅੱਖੀਆਂ ਸਾਹਮਣੇ ਅਹਿਲ ਪਈ ਸਾਹ-ਸਤਹੀਣ ਸਤਿਗੁਰੂ ਦੀ ਦੇਹ ਤੇ ਵੀ ਇਤਬਾਰ ਨਹੀਂ ਸੀ। ਉਹ ਕਹਿ ਰਿਹਾ ਸੀ ਸਤਿਗੁਰੂ ਜੀ ਸਮਾਧੀ ਵਿੱਚ ਹਨ। ਉਹ ਗਰਮੀ ਦੀ ਰੁੱਤ, 17 ਮਈ ਨੂੰ ਸਸਕਾਰ ਵੀ ਨਹੀਂ ਸੀ ਕਰਨ ਦੇਣਾ ਚਾਹੁੰਦਾ ਜਦੋਂ ਕਿ ਬਾਕੀ ਤਾਂ ਵਰਤਿਆ ਭਾਣਾ ਮੰਨਣ ਲਈ ਮਨ ਬਣਾ ਚੁੱਕੇ ਸਨ। ਮੌਸਮ ਦੀ ਗਰਮੀ ਤੇ ਰੋਗ ਯੁਕਤ ਸਰੀਰ ਹੋਣ ਕਰਕੇ ਰਾਤ ਰੱਖਿਆ ਨਹੀਂ ਸੀ ਜਾ ਸਕਦਾ।

ਸਤਿਗੁਰੂ ਜੀ ਦੀ ਮਿਰਤਕ ਦੇਹ ਨੂੰ ਇਸ਼ਨਾਨ ਕਰਵਾਇਆ ਗਿਆ। ਨਵੇਂ ਅਧ ਸੀਤੇ ਬਸਤਰ ਪਹਿਨਾਏ ਗਏ। ਅਰਦਾਸ ਕਰਕੇ ਬਬਾਨ ਚੁੱਕਿਆ ਗਿਆ। ਵੱਡੇ ਸਾਹਿਬਜ਼ਾਦੇ ਪਿੱਛੇ ਚੌਰੀ ਕਰਦੇ ਜਾਣ। ਅੱਗੇ ਸ਼ਬਦੀ ਢੋਲਕੀ ਛੈਣਿਆਂ ਨਾਲ ਮਾਰੂ ਰਾਗ ਦੇ ਸ਼ਬਦ ਪੜ੍ਹਦੇ ਜਾਣ। ਰਾਮਸਰ ਕੰਢੇ ਚਿਖਾ ਤਿਆਰ ਕੀਤੀ ਗਈ। ਨੜੋਏ ਦੇ ਨਾਲ ਸੋਗੀ ਮਨ ਨਾਲ ਸਾਰੇ ਰਾਮਸਰ ਕੰਢੇ ਪੁੱਜੇ। ਚਿਖਾ ਤੇ ਮਿਰਤਕ ਸਰੀਰ ਰੱਖ ਕੇ ਅਰਦਾਸਾ ਕਰਕੇ ਵੱਡੇ ਸਾਹਿਬਜ਼ਾਦੇ ਰਾਹੀਂ ਅਗਨੀ ਦਿੱਤੀ ਗਈ। ਪੰਜ ਭੂਤਕ ਸਰੀਰ ਸੁਪਨਾ ਹੋ ਗਿਆ।

ਸਭ ਦੇ ਕਾਲਜੇ ਨੂੰ ਰੁੱਗ ਤਾਂ ਭਰਿਆ ਹੀ ਗਿਆ ਸੀ। ਕਿਸੇ ਮੂੰਹ

ਨਾ ਜੁਠਾਇਆ। ਹਾਏ! ਹਾਏ! ਕਰਦਿਆਂ ਆਪਣੀਆਂ ਅੱਖਾਂ ਪੂੰਝਦਿਆਂ, ਹਟਕੋਰੇ ਭਰਦਿਆਂ ਸੰਗਤ ਦੀ ਰਾਤ ਲੰਘੀ।

ਪੱਛਮ ਵਿੱਚ ਇਕ ਭਾਨ ਅਸਤ ਹੋਇਆ ਚੜ੍ਹਦੇ ਪਾਸੇ ਦੂਸਰਾ ਭਾਨ ਬੱਦਲਾਂ ਨੂੰ ਚੀਰ ਕੇ ਆਪਣੀਆਂ ਸੁਨਹਿਰੀ ਕਿਰਨਾਂ ਧਰਤੀ ਤੇ ਬਿਖੇਰਨ ਲੱਗਾ। ਉਹ ਸਾਹ-ਸਤਹੀਣਾ ਵਿੱਚ ਸੱਤਿਆ ਭਰਨ ਲੱਗਾ।

੧੪ ਮਈ ਜੇਠ ਵਦੀ ਗਿਆਰਵੀਂ ਅੰਮ੍ਰਿਤ ਵੇਲੇ ਰਾਗੀ ਸਿੰਘਾਂ ਆਸਾ ਦੀ ਵਾਰ ਦਾ ਕੀਰਤਨ ਅਰੰਭ ਕੀਤਾ। ਸਤਿਗੁਰੂ ਜੀ ਦਾ ਆਸਣ ਬੀਰ ਸਿੰਘ ਚੁੰਨ੍ਹੀ, ਟਿੱਕਾ ਹੀਰਾ ਸਿੰਘ ਹੱਥੀਂ ਵਿਛਾਇਆ ਗਿਆ। ਕਿਸ਼ੋਰ ਅਵਸਥਾ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰਗੱਦੀ ਨੂੰ ਸੁਭਾਇਮਾਨ ਕੀਤਾ। ਕਿਉਂਕਿ:

**ਤਖਤਿ ਬਹੈ ਤਖਤੈ ਕੀ ਲਾਇਕ॥**
**ਪੰਚ ਸਮਾਏ ਗੁਰਮਤਿ ਪਾਇਕ॥**

**-ਮਾਰੂ ਮਹਲਾ 1**

ਆਪ ਜੀ ਨੂੰ ਟਿੱਕਾ ਹੀਰਾ ਸਿੰਘ ਤੇ ਬੀਰ ਸਿੰਘ ਚੁੰਨ੍ਹੀ ਨੇ ਲਾਇਆ ਤੇ ਸਭ ਤੋਂ ਪਹਿਲਾਂ ਮੱਥਾ ਟੇਕਿਆ। ਫਿਰ ਸਾਰੀ ਸੰਗਤ ਨੇ ਮੱਥਾ ਟੇਕਿਆ।

ਏਸੇ ਦਿਨ ਡਿਪਟੀ ਕਮਿਸ਼ਨਰ ਲੁਧਿਆਣਾ ਟੇਕ ਚੰਦ ਅਰੋੜਾ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਆਇਆ। ਉਸ ਨੇ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੇ ਅਫ਼ਸੋਸ ਪ੍ਰਗਟ ਕਰਨਾ ਸੀ ਤੇ ਅਗਲੇ ਵਾਰਸ ਬਾਰੇ ਜਾਣਨਾ ਸੀ। ਸੰਤ ਸੰਤੋਖ ਸਿੰਘ ਬਾਹੋਵਾਲ ਨੇ ਇਸ ਨੂੰ ਇੰਜ ਲਿਖਿਆ ਹੈ :

ਜ਼ਿਲਾ ਸਾਹਿਬ ਅਰੋੜਾ ਸ੍ਰੀ ਰਾਮਦਾਸ ਪੁਰੇ ਸਾਹਿਬ ਆਇਆ। ਔਂਦਾ ਹੀ ਕਹਿਨ ਲੱਗਾ ਬਾਬਾ ਸਾਹਿਬ ਕੇ ਗੁਜਰ ਜਾਣੇ ਕਾ ਹਮਨੇ ਬੜਾ ਅਫਸੋਸ ਕੀਆ ਹੈ। ਪੁੱਛਣੇ ਲੱਗਾ ਤੁਮ ਗੱਦੀ ਕਿਸ ਕੋ ਦੇਣੀ ਚਾਹੁੰਦੇ ਹੋ? ਨਰੈਣ ਸਿੰਘ ਮਹੰਤ ਸਪੁਤਰ ਦੇਵਾ ਸਿੰਘ ਨੇ ਕਹਿਆ ਸਤਿਗੁਰੂ ਜੀ ਪਰਤਾਪ ਸਿੰਘ ਸਾਹਿਬਜ਼ਾਦੇ ਕੋ ਕਹਿ ਗਏ ਹਨ। ਸੰਗਤ ਨੇ ਭੀ ਏਨਾਂ ਕੋ ਦਈ ਹੈ ਗੱਦੀ। ਬਸੰਤ ਸਿੰਘ ਖੜਾ ਥਾ, ਪੁੱਛਿਆ ਤੁਮ ਇਸ ਕੋ ਗੱਦੀ ਦੇਣੇ ਮੇਂ ਰਾਜੀ ਹੋ। ਕਹਾ ਜੀ ਮੈਂ ਰਾਜੀ ਹਾਂ। ਸੂਰਤ ਸਿੰਘ ਭੀ ਕੋਲ ਹੀ ਖੜਾ ਸੀ ਤਿਸ ਨੇ ਭੀ ਕਹਿਆ ਕਿ ਰਾਜ਼ੀ ਹੈ। ਹਰਨਾਮ ਸਿੰਘ ਕਾ ਨਾਮ ਪੁਛਿਆ ਅਰ ਲਿਖਿਆ ਕਿ ਸਭ ਰਾਜ਼ੀ ਹੈਨ। ਫੇਰ ਸਿੰਘਾਂ ਤੋਂ ਪੁੱਛਿਆ

ਅਰ ਲਿਖਿਆ ਸਭ ਰਾਜ਼ੀ ਹੈਂ ਗਦੀ ਦੇਨੇਂ ਮੈਂ।"

-ਸਤਿਗੁਰੂ ਬਿਲਾਸ-ਭਾਗ ਦੂਜਾ।

ਬਾਹੋਵਾਲ ਸਮਕਾਲੀ ਲੇਖਕ ਹੈ। ਇਹ 1882 ਈ. ਵਿੱਚ ਸ੍ਰੀ ਭੈਣੀ ਸਾਹਿਬ ਆਇਆ ਸੀ। ਓਥੇ ਹੀ ਸੇਵਾ ਕਰਦਾ ਰਿਹਾ, ਗ੍ਰੰਥ ਲਿਖਦਾ ਰਿਹਾ ਸੋ ਇਸ ਨੇ ਇਸ ਸਮੇਂ ਜੋ ਵਾਪਰਿਆ ਜਾਂ ਵੇਖਿਆ ਹੈ ਜਾਂ ਕੰਨੀ ਸੁਣਿਆ ਸੀ ਉਹ ਆਪਣੇ ਗ੍ਰੰਥ ਸਤਿਗੁਰੂ ਬਿਲਾਸ ਵਿੱਚ ਲਿਖਿਆ। ਸੋ ਇਸ ਦੀ ਲਿਖਤ ਤੱਤ ਤੇ ਤੱਥ ਪੱਖੋਂ ਪੂਰੀ ਪੂਰੀ ਕਹੀ ਜਾ ਸਕਦੀ ਹੈ।

ਡੀ. ਸੀ. ਅਰੋੜਾ ਨੂੰ ਇਹ ਵੀ ਦੱਸਿਆ ਗਿਆ ਅਸੀਂ ਵੱਖ ਵੱਖ ਪਿੰਡੋਂ ਇਥੇ ਸੇਵਾ ਕਰਨ ਆਏ ਹਾਂ। ਹੁਕਮ ਅਨੁਸਾਰ ਸੇਵਾ ਕਰਾਂਗੇ। ਜਿਹੜਾ ਕੋਰਟ ਕਚਹਿਰੀ ਦਾ ਕੰਮ ਹੋਇਆ, ਉਹ ਨਾ ਮਾਤਾ ਜੀਵਨ ਕੌਰ ਜੀ ਕਰਨਗੇ, ਨਾ ਸਤਿਗੁਰੂ ਜੀ, ਨਾ ਉਹਨਾਂ ਦੇ ਛੋਟੇ ਭਾਈ, ਉਹ ਕੰਮ ਮਹੰਤ ਸੇਵਾ ਸਿੰਘ ਜਾਂ ਮਹੰਤ ਨਰਾਇਣ ਸਿੰਘ ਕਾਰ ਮੁਖਤਿਆਰ ਕਰਨਗੇ।

ਕਈ ਸਿੱਖਾਂ ਨੂੰ ਰਾਹ ਨਹੀਂ ਸੀ ਲਭਦਾ, ਉਹ ਕੀ ਕਰਨ? ਕਿਸ ਉੱਤੇ ਭਰੋਸਾ ਕਰਨ। ਕਿਵੇਂ ਆਪਣਾ ਮਨ ਟਿਕਾਉਣ? ਉਹਨਾਂ ਨੂੰ ਰੋਸ਼ਨੀ, ਬਿੱਲੀ ਵਾਲ ਜ਼ਿਲ੍ਹਾ ਲੁਧਿਆਣਾ ਦੇ ਫਕੀਰ ਸੂਫੀ ਮੁਹੰਮਦ ਨੇ 19 ਮਈ ਨੂੰ ਸ੍ਰੀ ਭੈਣੀ ਸਾਹਿਬ ਆ ਕੇ ਵਿਖਾਈ। ਵਹਿਮੀ ਜੀ ਦੇ ਸ਼ਬਦਾਂ ਵਿੱਚ ਇਸ ਫਕੀਰ ਨੇ ਕਿਹਾ:-

"ਗੁਰੂ ਕੀਏ ਸੰਗਤੇ! ਕਿਉਂ ਸੋਚਾਂ ਵਿੱਚ ਪਏ ਹੋ? ਅੱਜ ਰਾਤ ਮੈਨੂੰ ਦਰਸ਼ਨ ਦੇ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਕਿਹਾ ਹੈ,! ਤੂੰ ਭੈਣੀ ਸਾਹਿਬ ਜਾ ਕੇ ਹੋਕਾ ਦਿਹ ਕਿ ਮੇਰਾ ਜੋ ਦਰਸ਼ਨ ਤੈਨੂੰ ਹੁਣ ਹੋਇਆ ਹੈ, ਉਥੇ ਹੋਵੇਗਾ। ਗੁਰੂ ਕੀਏ ਸੰਗਤੇ ਸਮੇਂ ਦਾ ਮਾਲਕ ਵੱਡੇ ਪਰਤਾਪ ਵਾਲਾ ਸਤਿਗੁਰੂ ਏਹੋ ਜੇ। ਸਭ ਇਸ ਨੂੰ ਮੰਨੋ। ਮੈਨੂੰ ਜੋ ਹੁਕਮ ਹੋਇਆ ਹੈ ਜੋ ਦਰਸ਼ਨ ਹੋਇਆ ਹੈ ਤੇ ਮੈਂ ਹੋਕਾ ਦੇ ਦਿੱਤਾ ਹੈ।"

ਜਸ-ਜੀਵਨ ਹਿੱਸਾ ਪਹਿਲਾ

ਅਗਲੇ ਦਿਨ ਸਤਿਗੁਰੂ ਹਰੀ ਸਿੰਘ ਦੇ ਚੁਬਾਰੇ ਵਿੱਚ ਬੀਰ ਸਿੰਘ ਚੁੰਨੀ, ਮਹੰਤ ਨਰਾਇਣ ਸਿੰਘ ਰੋਡੇ, ਗੁਰਦਿੱਤ ਸਿੰਘ, ਹਜ਼ਾਰਾ ਸਿੰਘ ਅਰ ਮਾਤਾ ਜਿਉਣ ਕੌਰ ਨੇ ਅਰਦਾਸਾ ਕਰਕੇ ਸਤਿਗੁਰੂ ਪਰਤਾਪ ਸਿੰਘ ਨੂੰ ਦਸਤਾਰ ਬੰਧਾਈ।

ਸਤਿਗੁਰੂ ਹਰੀ ਸਿੰਘ ਦੇ ਜੋਤੀ ਜੋਤ ਸਮਾਉਣ ਦੀ ਸ਼ਾਮ ਹੀ ਇਹ ਨਿਰਨਾ ਲਿਆ ਗਿਆ ਸੀ ਕਿ ਸਤਿਗੁਰੂ ਜੀ ਨਮਿਤ ਮੇਲਾ ਨਿਮਾਣੀ

ਇਕਾਦਸੀ 1963 ਬਿ. (3 ਜੂਨ 1906 ਈ.) ਸ਼ਨਿਚਰਵਾਰ ਕਰਨਾ ਹੈ। ਇਸ ਲਈ ਦੂਰ ਦੁਰਾਡੇ ਦੀ ਸੰਗਤ ਨੂੰ ਖ਼ਬਰ ਪਹੁੰਚਾਉਣ ਲਈ ਨਿੱਜੀ ਡਾਕ ਪ੍ਰਬੰਧ ਵਰਤਿਆ ਗਿਆ ਸੀ। ਪੰਜ ਸਿੰਘ ਮਹੰਤ ਨਰਾਇਣ ਸਿੰਘ ਮਹੰਤ ਸੇਵਾ ਸਿੰਘ, ਗੋਧਾ ਸਿੰਘ, ਅਤਰ ਸਿੰਘ, ਹਜ਼ਾਰਾ ਸਿੰਘ ਮੇਲੇ ਦੀ ਮਨਜ਼ੂਰੀ ਲੈਣ ਲੁਧਿਆਣੇ ਸਰਕਾਰੇ ਦਰਬਾਰੇ ਗਏ। ਉਹਨਾਂ ਨੇ ਦੰਗਾ ਨਾ ਹੋਣ ਦੇਣ ਦੀ ਜ਼ਮਾਨਤ ਲੈ ਕੇ ਮੇਲਾ ਕਰਨ ਦੀ ਪ੍ਰਵਾਨਗੀ ਦਿੱਤੀ।

ਮੇਲੇ ਵਿੱਚ ਜਿਹੜਾ ਵੀ ਆਇਆ ਵੈਰਾਗੀ ਦਸ਼ਾ ਵਿੱਚ ਸੀ। ਕਿਸੇ ਮਾਤਾ ਜੀਵਨ ਕੌਰ ਨਾਲ ਆਪਣਾ ਦੁਖੜਾ ਰੋਇਆ ਕਿਸੇ ਆਪਸ ਵਿੱਚ ਹੀ ਬਰਾਨੇ ਚਿਹਰਿਆਂ ਨਾਲ ਹੀ ਕਿਹਾ, "ਅਛਾ! ਜਿਵੇਂ ਮਾਲਕ ਦੀ ਰਜ਼ਾ।" ਮੇਲਾ ਭਰਨ ਬਾਰੇ ਸੰਦੇਹ ਨਹੀਂ ਸੀ। ਆਸਾ ਦੀ ਵਾਰ ਤੋਂ ਬਾਅਦ ਦੇਰ ਰਾਤ ਤਕ ਦਿਵਾਨ ਲੱਗਦੇ ਰਹੇ, ਢਾਡੀ ਵਾਰਾਂ ਗਾਇਨ ਕੀਤੀਆਂ ਜਾਂਦੀਆਂ ਰਹੀਆਂ, ਕੀਰਤਨ ਹੁੰਦਾ ਰਿਹਾ ਤੇ ਲੋਹ ਲੰਗਰ ਤਪਦਾ ਰਿਹਾ। ਸਤਿਗੁਰੂ ਦੀ ਸੋਭਾ ਹੁੰਦੀ ਰਹੀ।

ਸਤਿਗੁਰੂ ਹਰੀ ਸਿੰਘ ਜੀ ਦੀ ਸ੍ਰੇਸ਼ਟਤਾ ਨੂੰ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਇੰਜ ਪ੍ਰਗਟ ਕੀਤਾ ਹੈ:-

"ਨਾਮਧਾਰੀਆਂ ਦੇ ਧਾਰਮਿਕ ਸਮਾਜਿਕ ਅਤੇ ਸੱਭਿਆਚਾਰਕ ਸੰਗਠਨ ਨੂੰ ਸਥਿਰ ਰੱਖਣ ਲਈ ਸਤਿਗੁਰੂ ਹਰੀ ਸਿੰਘ ਨੂੰ ਬੜਾ ਸੰਘਰਸ਼ ਕਰਨਾ ਪਿਆ। ਸਤਿਗੁਰੂ ਹਰੀ ਸਿੰਘ ਜੀ ਨੇ ਨਾਮਧਾਰੀਆਂ ਦੇ ਸੰਗਰਾਮ ਨੂੰ ਵੀ ਜਾਰੀ ਰੱਖਿਆ। ਭਾਵੇਂ ਇਹ ਸ਼ਾਂਤਮਈ ਸੀ। ਪਰ ਇਸ ਦਾ ਅੰਗਰੇਜ਼ ਵਿਰੋਧੀ ਕਿਰਦਾਰ ਕਾਇਮ ਸੀ।"

-ਤਵਾਰੀਖ਼ ਸੰਤ ਖ਼ਾਲਸਾ

ਸਾਧ ਸੰਗਤ, ਭਵਿੱਖਤ ਵਿੱਚ ਸ਼ਾਂਤ ਮੂਰਤ, ਸੀਤਲਤਾ ਦੇ ਸ੍ਰੋਤ, ਜੋਤ ਕੇ ਜਾਮੇ, ਹਲੀਮੀ ਰੱਖਣ ਵਾਲੇ, ਗਹਿਰ ਗੰਭੀਰ, ਨਿਮਰਤਾ ਦੇ ਪੁੰਜ, ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਲਈ ਬਿਹਬਲ ਸਤਿਗੁਰੂ ਹਰੀ ਸਿੰਘ ਦੇ ਤਾਂ ਦਰਸ਼ਨ ਨਹੀਂ ਕਰ ਸਕੇਗੀ ਫਿਰ ਵੀ ਉਹ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ, ਸਰਗੁਣ ਸਰੂਪ ਦੇ ਦਰਸ਼ਨ ਕਰਕੇ ਆਪਣੇ ਹਿਰਦੇ ਦੀ ਤਪਸ਼ ਨੂੰ ਬੁਝਾ ਸਕੇਗੀ।

***

# ਜਿਨ ਟੁੱਟੀ ਲਈ ਮਿਲਾਇ

ਕੁਦਰਤੀ ਮੁਸੀਬਤ ਆ ਜਾਏ, ਹੜ੍ਹ, ਭੁਚਾਲ, ਅਕਾਲ ਜਾਂ ਕੁਝ ਹੋਰ ਤਾਂ ਟੁੱਟਣ ਦੀ ਸੰਭਾਵਨਾ ਬਹੁਤ ਬਣੀ ਰਹਿੰਦੀ ਹੈ। ਇਹਨਾਂ ਮੁਸੀਬਤਾਂ ਵਿੱਚ ਟੁੱਟਿਆਂ ਨੂੰ ਮਿਲਾਉਣ ਲਈ ਹਰ ਦਰਦਿ-ਦਿਲ ਰੱਖਣ ਵਾਲਾ ਵਿਅਕਤੀ ਜੁੜ ਜਾਂਦਾ ਹੈ। ਆਮ ਵਿਅਕਤੀ ਵੀ, ਪ੍ਰਸ਼ਾਸਨ ਵੀ, ਸਰਕਾਰੀ ਤੰਤਰ ਵੀ। ਇਸ ਨਾਲ ਹਿੰਮਤ ਆਉਂਦੀ ਹੈ, ਹੌਂਸਲਾ ਮਿਲਦਾ ਹੈ, ਦੁੱਖ ਕਲੇਸ਼ ਘਟਦੇ ਹਨ, ਪਰ ਜੇ ਮਨੁੱਖ ਹੀ ਤੋੜਨਾ ਚਾਹੇ ਤਾਂ ਮੁਸ਼ਕਲ ਤੇ ਨੁਕਸਾਨ ਵਧਦਾ ਹੈ। ਇਸ ਤੋਂ ਹੋਰ ਅੱਗੇ ਜੇ ਸਰਕਾਰ ਹੀ ਤੋੜਨ ਲੱਗੇ, ਵਾੜ ਹੀ ਖੇਤ ਨੂੰ ਖਾਣ ਲੱਗੇ ਤਾਂ ਬਚਾਏ ਕੌਣ? 1872 ਈ. ਤੋਂ ਸਰਕਾਰ ਨੇ ਹੀ ਨਾਮਧਾਰੀ ਪੰਥ ਤੇ ਉਹਨਾਂ ਪ੍ਰਤੀ ਹਮਦਰਦੀ ਰੱਖਣ ਵਾਲੇ ਹਰ ਵਿਅਕਤੀ ਨੂੰ ਤੋੜਨ ਲਈ ਪੂਰਾ ਟਿੱਲ ਲਾਇਆ। ਉਹਨਾਂ ਨੂੰ ਟੁੱਟਿਆਂ ਨੂੰ ਜੋੜਨ ਵਿੱਚ ਜੇ ਸਤਿਗੁਰੂ ਹਰੀ ਸਿੰਘ ਜੀ ਕਾਮਯਾਬ ਹੋਏ ਤਾਂ ਸਧਾਰਨ ਮਨੁੱਖੀ ਸ਼ਕਤੀਆਂ ਤੇ ਜੀ ਹਜ਼ੂਰੀ ਕਾਰਨ ਨਹੀਂ, ਸਗੋਂ ਸਤਿਗੁਰੂ ਰਾਮ ਸਿੰਘ ਦੁਆਰਾ ਉਹਨਾਂ ਨੂੰ ਪੰਥ ਦਾ ਸਿਰ ਕਰਤਾ ਥਾਪਣ ਕਾਰਨ ਤੇ ਉਹਨਾਂ ਦੀਆਂ ਅੰਦਰ ਦੀਆਂ ਅਲੌਕਿਕ ਸ਼ਕਤੀਆਂ ਦੇ ਫਲੀਭੂਤ ਹੋਣ ਕਾਰਨ।

18 ਜਨਵਰੀ 1872 ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੀ ਇੱਛਾ ਅਨੁਸਾਰ ਗੁਰੂ ਘਰ ਦੀਆਂ ਚਾਬੀਆਂ ਤਾਂ ਭਾਵੇਂ ਸਤਿਗੁਰੂ ਹਰੀ ਸਿੰਘ ਜੀ ਨੂੰ ਦੇ ਦਿਤੀਆਂ ਗਈਆਂ ਪਰ 20 ਸਾਲ ਤੋਂ ਵੱਧ ਸਮਾਂ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਦੀ ਜੂਹ ਤੋਂ ਸਾਧ ਸੰਗਤ ਦੇ ਭਲੇ ਲਈ ਬਾਹਰ ਨਹੀਂ ਜਾਣ ਦਿੱਤਾ। ਚਾਰ ਥਾਵਾਂ ਉੱਤੇ ਅਨੰਦ ਕਾਰਜਾਂ ਸਮੇਂ ਜਾਣਾ ਜਾਂ ਇੱਕ-ਇੱਕ ਵਾਰ ਮਾਘੀ ਉੱਤੇ ਮੁਕਤਸਰ ਅਤੇ ਵਸਾਖੀ ਉੱਤੇ ਅੰਮ੍ਰਿਤਸਰ ਜਾਣਾ ਅਪਵਾਦ ਹੈ। ਸਿੱਖੀ ਕਿੰਨੀ ਕੁ ਮੁਰਝਾ ਚੁੱਕੀ ਹੈ, ਇਸ ਬਾਰੇ 20 ਸਾਲ ਤਾਂ ਦਰਸ਼ਨ

ਕਰਨ ਆਏ ਪੰਜ ਪੰਜ ਸਿੱਖਾਂ ਤੋਂ ਹੀ ਪਤਾ ਲਗਦਾ ਰਿਹਾ। ਉਸ ਦੇ ਅਧਾਰ ਉਤੇ ਹੀ ਸਿੱਖੀ ਨੂੰ ਹਰੀ ਰੱਖਣ ਲਈ ਵਿਉਂਤਬੰਦੀ ਕੀਤੀ ਜਾਂਦੀ ਰਹੀ।

ਸਤਿਗੁਰੂ ਰਾਮ ਸਿੰਘ ਜੀ ਸਦਾਚਾਰਕ ਕਦਰਾਂ ਕੀਮਤਾਂ, ਸਮਾਜਿਕ ਸੁਧਾਰ, ਰਾਜਨੀਤਿਕ ਚੇਤਨਾ ਅਤੇ ਅਧਿਆਤਮਿਕ ਸ਼ਕਤੀ ਪ੍ਰਦਾਨ ਕਰਨ ਵਾਲੇ ਸਤਿਗੁਰੂ ਸੱਚੇ ਪਾਤਸ਼ਾਹ ਸਨ। ਉਹਨਾਂ ਨਾਲ ਉਹਨਾਂ ਦੇ ਪੈਰੋਕਾਰਾਂ ਦੀ ਸਾਂਝ ਆਤਮਿਕ ਸਾਂਝ ਸੀ, ਭਾਵੁਕ ਸਾਂਝ ਸੀ। ਉਹਨਾਂ ਦਾ ਉਹਨਾਂ ਨਾਲ ਇਸ਼ਕ ਹਕੀਕੀ ਸੀ, ਮਜਾਜ਼ੀ ਨਹੀਂ। ਉਹ ਸਤਿਗੁਰੂ ਜੀ ਨੂੰ ਤਨ, ਮਨ, ਧਨ ਨਾਲ ਪੂਰੀ ਤਰ੍ਹਾਂ ਸਮਰਪਿਤ ਸਨ। ਇਸ ਸਾਂਝ ਦੇ ਪਿਛੇ ਕੋਈ ਲੋਭ ਲਾਲਚ, ਸੁਆਰਥ ਦਾ ਤੱਤ ਨਹੀਂ ਸੀ। ਸਗੋਂ ਰੂਹਾਨੀਅਤ ਦਾ ਰਿਸ਼ਤਾ ਸੀ। ਇਸੇ ਨੂੰ ਤੋੜਨ ਲਈ ਹਿੰਦੁਸਤਾਨ ਉੱਤੇ ਰਾਜ ਕਰ ਰਹੀ ਬਰਤਾਨਵੀ ਸਰਕਾਰ ਨੇ ਛੜਯੰਤਰ ਰਚਿਆ ਸੀ। ਭਗਤ ਕਬੀਰ ਜੀ ਆਤਮਿਕ ਪ੍ਰੀਤ ਤੇ ਉਸਨੂੰ ਤੋੜਨ ਵਾਲਿਆਂ ਬਾਰੇ ਲਿਖਦੇ ਹਨ :

***ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ॥***
***ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ॥***

ਇਹ ਪ੍ਰੀਤ ਹੀ ਨਾਮਧਾਰੀ ਸਿੱਖਾਂ ਦੀ ਸਤਿਗੁਰੂ ਰਾਮ ਸਿੰਘ ਨਾਲ ਸੀ, ਪਰ ਉਸਨੂੰ ਤੋੜਨ ਵਾਲਾ ਕੋਈ ਅਨਜਾਣ ਨਹੀਂ, ਸਗੋਂ ਚਾਤਰ ਹਾਕਮ ਅੰਗਰੇਜ਼ ਸੀ। ਉਸਨੇ ਆਪਣੇ ਵਲੋਂ ਸਾਲਾਂ ਤਕ ਹਵਾ ਨਾ ਲੱਗਣ ਦਿੱਤੀ ਕਿ ਸਤਿਗੁਰੂ ਜੀ ਕਿਸ ਨਗਰ, ਸ਼ਹਿਰ, ਦੇਸ ਜਾਂ ਟਾਪੂ ਵਿੱਚ ਨਜ਼ਰਬੰਦ ਹਨ। ਉਹਨਾਂ ਦਾ ਕਸੂਰ ਕੀ ਹੈ? ਉਹ ਕਦੋਂ ਰਿਹਾ ਕੀਤੇ ਜਾਣਗੇ ? ਸਭ ਹਨੇਰੇ ਵਿੱਚ ਸੀ ਤਾਂਕਿ ਬਿਰਹਾ ਕੁਠੇ ਨਾਮਧਾਰੀ ਟੁੱਟ ਜਾਣ। ਉਹ ਜਾਂ ਵਿਰਲਾਪ ਕਰਨ ਜੋਗੇ ਰਹਿ ਜਾਣ ਜਾਂ ਸਰਕਾਰ ਦੀ ਦਹਿਸ਼ਤਗਰਦੀ ਤੋਂ ਡਰ ਕੇ ਕਛਹਿਰੇ ਲਾਹ ਦੇਣ, ਸਤਿਗੁਰੂ ਗੋਬਿੰਦ ਸਿੰਘ, ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਤੋਂ ਬੇਮੁੱਖ ਹੋ ਜਾਣ। ਉਹ ਦਿਸ਼ਾਹੀਨ ਭਟਕਦੇ ਰਹਿਣ, ਅੱਕੀਂ ਪਲਾਹੀਂ ਹੱਥ ਮਾਰਦੇ ਰਹਿਣ। ਉਹ ਲਾਵਾਰਸ ਰਹਿਣ, ਬੇਸਹਾਰਾ ਅਤੇ ਅੰਗਰੇਜ਼ ਦੇ ਝੋਲੀ ਚੁੱਕ ਬਣਨ। ਐਸੇ ਕਠਿਨ ਸਮੇਂ ਸਤਿਗੁਰੂ ਹਰੀ ਸਿੰਘ ਜੀ ਨੇ ਉਹਨਾਂ ਦੀ ਬਾਂਹ ਫੜੀ। ਟੁੱਟੀ ਗੰਢ ਦਿੱਤੀ।

ਆਪ ਨੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਮਰਯਾਦਾ ਤੇ ਸੁੱਚ ਪਵਿੱਤਰਤਾ ਮੁੜ ਕਾਇਮ ਕੀਤੀ ਨਹੀਂ ਤਾਂ ਪੁਲਿਸ ਗਾਰਦ ਸਣੇ ਜੁੱਤੀਆਂ

ਆ ਵੜੀ ਸੀ। ਉਸਨੇ ਹਰ ਥਾਂ ਨੂੰ ਹਾਂਡੇ ਪਾਣੀ ਤਕ ਪੁੱਟਿਆ ਸੀ। ਸੋਧ ਦੇ ਲੰਗਰ ਵਿੱਚ ਜੂਠ, ਹੁੱਕੇ ਤੰਬਾਕੂ ਵਾਲੇ ਹੱਥਾਂ ਨਾਲ ਆ ਵੜੇ ਸਨ। ਕੁਝ ਖਾਧਾ, ਕੁਝ ਖਲਾਰਿਆ, ਕੁਝ ਵਰਾਨ ਕੀਤਾ ਤੇ ਕੁਝ ਨਾਲ ਲੈ ਗਏ ਸਨ। ਉਹਨਾਂ ਨੂੰ ਨਾ ਕੋਈ ਸਮਝਾ ਸਕਿਆ, ਨਾ ਮੱਤ ਦੇ ਸਕਿਆ। ਸਭ ਬੇਵੱਸ ਸਨ। ਸਤਿਗੁਰੂ ਜੀ ਨੇ ਫਿਰ ਠੀਕ ਠਾਕ ਕੀਤਾ। ਸੁੱਚ ਪਵਿੱਤਰਤਾ ਬਹਾਲ ਕੀਤੀ। ਰਾਮਸਰ ਕੋਲ ਕੋਠੀ ਬਣਵਾਈ। ਉਥੇ ਛੰਨਾਂ ਢਾਰੇ ਬਣੇ ਜਿਥੇ 30-40 ਪਰਵਾਰ ਰਹਿਣ ਲੱਗੇ। ਰਾਮਸਰ ਦੀ ਸੇਵਾ ਕਰਵਾਈ। ਉਸ ਦੇ ਅਦਬ ਲਈ ਕਿਹਾ, "ਜੋ ਇਸ ਦੀ ਬੇਅਦਬੀ ਕਰੇਗਾ ਉਸਨੂੰ ਇਸ਼ਨਾਨ ਦਾ ਕੋਈ ਫਲ ਨਹੀਂ।" ਉਥੇ ਬਾਗ ਲਾਇਆ।

ਲੰਗਰ ਦਾ ਮਹੱਤਵ ਸੁੱਚ ਪਵਿੱਤਰਤਾ ਕਰਕੇ ਤਾਂ ਸੀ ਹੀ ਸਦਾ ਵਰਤ ਕਰਕੇ ਵੀ ਸੀ। ਲੰਗਰ ਕਦੀ ਮਸਤਾਨਾ ਨਾ ਹੋਵੇ। ਲੰਗਰ ਮਿਲੇ ਵੀ ਚੌਵੀ ਘੰਟੇ, ਬਾਰਾਂ ਮਹੀਨੇ। ਉਹ ਵੀ ਬਿਨਾਂ ਕਿਸੇ ਜਾਤ, ਧਰਮ, ਦੇਸ ਦੇ ਵਿਤਕਰੇ, ਬਿਨਾਂ ਭੇਦ-ਭਾਵ ਆਏ ਗਏ ਸਭ ਨੂੰ। ਲੰਗਰ ਵਾਸਤੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਗਰਾਹੀ ਹੁੰਦੀ, ਮਾਇਆ ਦੀ ਤੇ ਅਨਾਜ ਦੀ ਗੱਡਿਆਂ ਉੱਤੇ। ਸਾਧ ਸੰਗਤ ਆਪ ਵੀ ਸਮਰੱਥਾ ਤੇ ਭਾਵਨਾ ਅਨੁਸਾਰ ਹਜ਼ਾਰ ਹਜ਼ਾਰ, ਪੰਜ ਸੌ ਪੰਜ ਸੌ ਤੱਕ ਮੱਥਾ ਟੇਕਦੀ ਸੀ। ਬਾਬਾ ਬੂਟਾ ਸਿੰਘ ਵਰਗੇ ਇਮਾਨਦਾਰੀ ਨਾਲ ਪੂਰੀ ਉਗਰਾਹੀ ਜਮਾਂ ਕਰਵਾਉਂਦੇ ਸਨ। ਸਿੱਖ ਲੰਗਰ ਪਕਾਉਣ, ਬਾਲਣ ਲਿਆਉਂਣ, ਝੋਕਣ ਹਰ ਪ੍ਰਕਾਰ ਦੀ ਸੇਵਾ ਕਰਦੇ ਸਨ। ਆਏ ਦੀ ਲੋੜ ਨੂੰ ਪੂਰੀ ਕਰਨ ਲਈ ਬਾਬਾ ਠਾਕਰ ਸਿੰਘ ਜੀ ਬਾਠਾਂਵਾਲੇ ਨੇ ਖਰਾਸ ਲਾਉਣ ਦੀ ਸੇਵਾ ਕੀਤੀ ਸੀ। ਸਰਕਾਰ ਨੇ 56 ਦੇ ਮਹਾਂਕਾਲ ਸਮੇਂ ਲੰਗਰ ਦੀ ਪ੍ਰਸੰਸਾ ਤਾਂ ਕੀਤੀ ਪਰ ਉਗਰਾਹੀ ਲਈ ਜਾਣ ਵਾਸਤੇ ਇਜਾਜ਼ਤ ਨਾ ਦਿੱਤੀ। ਇਸ ਟੁੱਟੀ ਮਿਲਾਉਣ ਵਾਲੇ ਨੇ ਲੰਗਰ ਦਾ ਤੋਟਾ ਨਹੀਂ ਆਉਣ ਦਿੱਤਾ ਪੂਰੇ 34 ਸਾਲ।

ਨਾਮਧਾਰੀ ਸਿੱਖਾਂ ਨੂੰ ਭੰਨ ਕੇ ਰੱਖ ਦਿੱਤਾ ਸੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਨੇ। ਕਬੀਰ ਜੀ ਬਿਰਹਾ ਕੁੱਠਿਆਂ ਦੀ ਦਸ਼ਾ ਬਾਰੇ ਲਿਖਦੇ ਹਨ :

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥***

ਇਹਨਾਂ ਦਿਵਾਨਿਆਂ ਮਸਤਾਨਿਆਂ ਨੂੰ ਸਤਿਗੁਰੂ ਹਰੀ ਸਿੰਘ ਜੀ ਨੇ ਧੀਰਜ ਦਿੱਤਾ ਤੇ ਹੌਂਸਲਾ ਦਿੱਤਾ। ਉਹਨਾਂ ਦੀਆਂ ਅੱਖਾਂ ਵਿੱਚ, ਹੁਕਮਨਾਮੇ

ਮੰਗਵਾ ਕੇ ਚਮਕ ਲਿਆ ਦਿੱਤੀ। ਉਹਨਾਂ ਨੂੰ ਡੋਲਣ ਤੋਂ ਰੱਖਿਆ। ਹੁਕਮਨਾਮੇ ਲਿਆਉਣ ਵਾਲਿਆਂ ਵਿੱਚ 1875 ਈ. ਵਿੱਚ ਬਾਬਾ ਦਰਬਾਰਾ ਸਿੰਘ ਰੰਗੂਨ ਗਿਆ ਪਹਿਲਾ ਗੁਰੂ ਪਿਆਰਾ ਸੀ ਅਤੇ 1881 ਈ. ਵਿੱਚ ਮਰਗੋਈ ਗਿਆ ਮੀਹਾਂ ਸਿੰਘ ਆਖਰੀ ਸੂਰਮਾ ਸੀ। ਸਤਿਗੁਰੂ ਜੀ ਦੀ ਰਹਿਨੁਮਾਈ ਨੇ, ਹੁਕਮਨਾਮਿਆਂ ਨੂੰ ਪੜ੍ਹਨ, ਸੁਣਨ ਨੇ ਸਿੱਖਾਂ ਵਿੱਚ ਨਵੀਂ ਰੂਹ ਫੂਕੀ ਸੀ। ਹੁਕਮਨਾਮੇ ਲੈਣ ਤੇ ਸਤਿਗੁਰੂ ਜੀ ਦੇ ਬਰਮਾਂ ਦਰਸ਼ਨ ਕਰਨ ਗਏ 100 ਕੁ ਸਿੱਖ ਦੱਸੇ ਜਾਂਦੇ ਹਨ। 80 ਸਿੱਖਾਂ ਸਿੰਘਣੀਆਂ ਦੀ ਤਾਂ ਸੂਚੀ ਵੀ ਹੈ। 64 ਹੁਕਮਨਾਮੇ ਛਪੇ ਹੋਏ ਉਪਲਬਧ ਹਨ। ਇਸ ਨਾਲ ਸਤਿਗੁਰੂ ਜੀ ਦੇ ਦੁਬਾਰਾ ਦਰਸ਼ਨ ਹੋਣ ਬਾਰੇ ਭਰੋਸਾ ਵਧਿਆ। ਪੰਥ ਚੜ੍ਹਦੀ ਕਲਾ ਵਿੱਚ ਗਿਆ ਤੇ ਸਰਕਾਰ ਤੇ ਉਸ ਦੇ ਗੁਮਾਸ਼ਤਿਆਂ ਨੂੰ ਪਿੱਸੂ ਪਏ।

ਸਤਿਗੁਰੂ ਰਾਮ ਸਿੰਘ ਜੀ ਦੇ ਭੇਜੇ ਪਹਿਲੇ ਹੁਕਮਨਾਮੇ ਵਿੱਚ ਹੀ ਮਹਾਰਾਜ ਬੁੱਧ ਸਿੰਘ ਨੂੰ ਸਤਿਗੁਰੂ ਹਰੀ ਸਿੰਘ ਵਜੋਂ ਸਾਧ ਸੰਗਤ ਦੇ ਭਲੇ ਤੇ ਪੰਥ ਦੀ ਰਹਿਨੁਮਾਈ ਕਰਨ ਦਾ ਹੁਕਮ ਹੋਇਆ। ਸੰਤ ਧਿਆਨ ਸਿੰਘ ਕਾਦਰਾਬਾਦੀ ਉਹਨਾਂ ਨੂੰ ਨਮਸਕਾਰ ਕਰਦੇ ਹੋਏ ਲਿਖਦੇ ਹਨ :

ਰਾਮ ਭਰਾਤ ਜੁਗੋ ਜੁਗ ਆਤ ਭੇ
ਮਾਨ ਸੁ ਵਾਕ ਫਰਾਕ ਲਹੱਯਾ।
ਲਹਿਣੇ ਸਮਾਂ ਲੀਓ ਕਹਿਣੇ ਕਮਾ ਰੰਗ,
ਸੰਗ ਗੁਰੂ ਲਗ ਅੰਗ ਹੁਵੱਯਾ।
ਨਾ ਧੱਕੇ ਜਿਸ ਕੇ ਕੋ ਸੁ ਰਾਮ ਰਖੈ ਹੈ,
ਜੋ ਰਾਮ ਧਕੇ ਕੋ ਭਿ ਰਾਖ ਸਕੱਯਾ।
ਤਾਹਿ ਅਨੇਕ ਨਮੋਂ ਦਰ ਹੋ
ਜੋਊ ਦਾਸਨ ਦਾਸ ਕੌ ਪਾਪ ਸਹੱਯਾ।

-ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ

ਟੁੱਟੀ ਗੰਢਣਹਾਰੇ ਆਪ ਤਾਂ ਵੈਰਾਗੀ ਨੈਣਾਂ ਵਿੱਚ ਰਹੇ ਤੇ ਸੰਗਤ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਨਾਲ ਜੋੜੀ ਰੱਖਿਆ। ਸਤਿਗੁਰੂ ਰਾਮ ਸਿੰਘ ਜੀ, ਸਿੱਖਾਂ ਵਿੱਚ ਬਾਣੀ ਦਾ ਪ੍ਰਚਾਰ ਕੀਤਾ ਸੀ ਤੇ ਬਾਣੀ ਪੜ੍ਹਨ ਲਈ ਸਭ ਨੂੰ ਗੁਰਮੁਖੀ ਅੱਖਰ ਪੜ੍ਹਨ ਦਾ ਹੁਕਮ ਕੀਤਾ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਆਪ ਜੀ ਦੇ ਹੁਕਮ ਅਨੁਸਾਰ ਸਿੱਖਾਂ ਨੂੰ ਔਖੇ ਸਮੇਂ ਬਾਣੀ ਦਾ ਆਸਰਾ ਲੈਣ ਲਈ ਪ੍ਰੇਰਿਆ। ਉਹ ਆਪ ਵੀ ਨਿਤ

ਦੇ ਨੇਮ ਦੀਆਂ ਬਾਣੀਆਂ ਤੋਂ ਬਿਨਾਂ ਸੌ ਪੱਤਰਾ ਰੋਜ਼ ਪਾਠ ਕਰਦੇ ਸਨ। ਪ੍ਰੋ. ਕ੍ਰਿਪਾਲ ਸਿੰਘ ਕਸੇਲ ਦੇ ਸ਼ਬਦਾਂ ਵਿੱਚ :

ਸਤਿਗੁਰੂ ਹਰੀ ਸਿੰਘ ਜੀ ਨੇ ਸਰਕਾਰ ਵਲੋਂ ਲਾਈਆਂ ਪਾਬੰਦੀਆਂ ਦੇ ਹੁੰਦੇ ਹੋਏ ਵੀ ਸ੍ਰੀ ਆਦਿ ਗ੍ਰੰਥ ਤੇ ਦਸਮ ਗ੍ਰੰਥ ਦੇ ਸਹਿਜ ਅਤੇ ਅਖੰਡ -ਪਾਠਾਂ ਨੂੰ ਜਾਰੀ ਰੱਖਿਆ। ਸਤਿਗੁਰੂ ਹਰੀ ਸਿੰਘ ਜੀ ਨੇ ਆਦਿ ਗ੍ਰੰਥ ਦੇ 101 ਅਖੰਡ-ਪਾਠ 1875 ਵਿੱਚ ਅਤੇ ਏਨੇ ਹੀ 1876 ਵਿੱਚ ਕਰਵਾਏ। ਨਾਮਧਾਰੀਆਂ ਵਿੱਚ ਪਾਠਾਂ ਦੀਆਂ ਲੜੀਆਂ ਨਿਰੰਤਰ ਜਾਰੀ ਰਹੀਆਂ। ਪਾਠ ਕਰਨ ਅਤੇ ਹੋਰ ਕਾਰਵਾਈਆਂ ਜਾਰੀ ਰੱਖਣ ਲਈ ਨਾਮਧਾਰੀ ਸਿੰਘਾਂ ਨੂੰ ਸਜ਼ਾਵਾਂ ਵੀ ਭੁਗਤਣੀਆਂ ਪਈਆਂ।

-ਤਵਾਰੀਖ ਸੰਤ ਖਾਲਸਾ-ਗੁਰ ਇਤਿਹਾਸ

ਰਾਏਸਰ ਦੇ ਉਤਮ ਸਿੰਘ-ਬਾਬਾ ਚੂਹੜ ਸਿੰਘ, ਰੁਪਾਣੇ ਦੇ 44 ਸਿੰਘਾਂ ਨੂੰ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਮਿਸਟਰ ਨੌਕਸ ਨੇ 6-6 ਮਹੀਨੇ ਕੈਦ ਦੀ ਸਜ਼ਾ ਦਿੱਤੀ। ਬਾਬਾ ਬਚਿੱਤਰ ਸਿੰਘ ਤਾਂ ਜੇਲ੍ਹ ਵਿੱਚ ਹੀ ਚੜ੍ਹਾਈ ਕਰ ਗਏ। ਇੰਜ ਹੀ ਸਿਆਣਕੇ, ਝੋਰੜ, ਬਸੀਆਂ, ਖਿਆਲਾ, ਮੁਠੱਡੇ, ਗੜ੍ਹੀ ਮਹਾਂ ਸਿੰਘ, ਮਾਂਗਟ ਆਦਿ ਦੇ ਸਿੱਖਾਂ ਨੇ ਪਾਠ ਕਰਨ ਕਰਾਉਣ ਕਾਰਨ 6-6 ਮਹੀਨੇ ਦੀ ਸਜ਼ਾ ਭੁਗਤੀ। ਕਈਆਂ ਨੇ ਜੁਰਮਾਨੇ ਵੀ ਭਰੇ। ਪਰ ਪਾਠ ਕਰਨੋਂ ਸਿੰਘਾਂ ਦਾ ਉਤਸ਼ਾਹ ਨਹੀਂ ਘਟਿਆ।

ਪਾਠ ਕਰਨ ਨਾਲ, ਨਾਮ ਜਪਣ ਦੀ ਪ੍ਰੇਰਨਾ ਮਿਲਦੀ ਹੈ। ਨਾਮ ਜਪਣ ਕਰਕੇ ਹੀ ਇਸ ਪੰਥ ਦਾ ਨਾਂ ਨਾਮਧਾਰੀ ਹੈ :

*"ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ।*
*ਕੂਕ ਮਾਰਨੇ ਤੈ ਕੂਕਾ ਜਗਤ ਬਖਾਨ ਹੈ।"*

*-ਗਿਆਨੀ ਗਿਆਨ ਸਿੰਘ ਕ੍ਰਿਤ ਪੰਥ ਪ੍ਰਕਾਸ਼*

ਸਤਿਗੁਰੂ ਹਰੀ ਸਿੰਘ ਜੀ ਨੇ ਖੁਦ 21-21 ਮਾਲਾ ਭਜਨ ਦੀਆਂ ਕਰਦੇ ਰਹੇ। ਸਿੱਖਾਂ ਨੂੰ ਨਾਮ ਜਪਣ, ਵਰਨੀਆਂ ਕਰਨ ਦਾ ਉਪਦੇਸ਼ ਦਿੱਤਾ। ਆਪ ਜੀ ਦੀ ਕਿਰਪਾ ਨਾਲ ਬੇਅੰਤ ਭਜਨੀਕ ਸੰਤ ਹੋਏ ਹਨ ਜਿਹੜੇ ਨਾਮ ਬਾਣੀ ਦੇ ਰਸੀਏ ਸਨ, ਜਿਨ੍ਹਾਂ ਦੀ ਜ਼ਬਾਨ ਵਿੱਚ ਸੱਤਿਆ ਸੀ। ਉਹਨਾਂ ਵਿੱਚ ਸੰਤ ਜਿਉਣ ਸਿੰਘ ਸਰਹਾਲੀ (ਅੰਮ੍ਰਿਤਸਰ) ਸੰਤ ਕੇ ਸਰ ਸਿੰਘ ਮੁਹਾਵਾ ਅੰਮ੍ਰਿਤਸਰ, ਸੰਤ ਕੇਸਰ ਸਿੰਘ ਚਵਿੰਡਾ (ਸਿਆਲਕੋਟ), ਸੰਤ ਕੇਸਰ ਸਿੰਘ ਸੇਖਵਾਂ (ਸਿਆਲਕੋਟ), ਸੰਤ ਲਾਲ ਸਿੰਘ ਭੂਰੇ ਗਿੱਲ (ਅੰਮ੍ਰਿਤਸਰ), ਬਾਬਾ ਜੈਮਲ ਸਿੰਘ ਖੂਹ ਤੰਮੋਲੀ

(ਲਾਹੌਰ), ਬਾਬਾ ਕਿਸ਼ਨ ਸਿੰਘ ਛੂਤੀਏ (ਲੁਧਿਆਣਾ), ਬਾਬਾ ਸ਼ੇਰ ਸਿੰਘ ਡੱਫਰਕੇ (ਲਹੌਰ) ਆਦਿ ਦੀ ਲੰਮੀ ਕਤਾਰ ਹੈ।

ਸਤਿਗੁਰੂ ਜੀ ਨੇ ਅਰਦਾਸ ਦਾ ਮਿਆਰੀਕਰਨ ਕੀਤਾ। ਪਹਿਲਾਂ ਕੋਈ ਪਾਤਸ਼ਾਹੀ ਦਸ ਕਰਕੇ ਅਰਦਾਸ ਕਰਦਾ ਸੀ, ਕੋਈ ਸਤਿਗੁਰੂ ਬਾਲਕ ਸਿੰਘ ਤਕ। ਆਪ ਜੀ ਨੇ ਸਾਰੇ ਸਿੱਖਾਂ ਨੂੰ ਪਾਤਸ਼ਾਹੀ 12ਵੀਂ ਦਾ ਅਰਦਾਸਾ ਕਰਨ ਦਾ ਹੁਕਮ ਕੀਤਾ। ਅਰਦਾਸ ਵਿੱਚ ਸਤਿਗੁਰੂ ਬਾਲਕ ਸਿੰਘ ਸਿਮਰੀਐ ਜਿਨ ਮਾਰਗ ਦੀਆ ਬਤਾਏ ਤੇ ਅਕਾਲ ਪੁਰਖ ਅੰਤਰਜਾਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਨ ਜਮ ਤੇ ਲੀਆ ਛੁਡਾਏ ਆਖ ਕੇ, ਨਾ ਵਿਸਰੋ ਨਾ ਵਿਸਾਰੋ, ਰਖ ਲਉ, ਬਖਸ਼ ਲਉ ਦੇਹਿ ਦਿਦਾਰ ਸ੍ਰੀ ਸਤਿਗੁਰੂ ਰਾਮ ਸਿੰਘ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ ਨਾਲ ਸਮਾਪਤੀ ਦੀ ਅਰਦਾਸ ਹੋਣ ਲੱਗੀ।

ਸਤਿਗੁਰੂ ਜੀ ਨੇ ਸਿੱਖੀ ਰਹਿਤ ਮਰਯਾਦਾ ਦਾ ਦ੍ਰਿੜਤਾ ਨਾਲ ਨਿਰਵਾਹ ਕੀਤਾ ਤੇ ਸਿੱਖਾਂ ਵਿੱਚ ਏਸੇ ਸੁੱਚ ਸੋਧ ਭਜਨ ਬਾਣੀ ਦੀ ਮਰਯਾਦਾ ਦਾ ਪ੍ਰਚਾਰ ਕੀਤਾ। ਇਸ ਨਾਲ ਭਾਵਨਾ ਸ਼ੁੱਧ ਹੋਈ, ਬਿਰਤੀ ਸਾਤਵਿਕ ਰਹੀ, ਅਧਿਆਤਮਿਕ ਸ਼ਕਤੀ ਵਧੀ ਅਤੇ ਗੁਰੂ ਸਿੱਖ ਦਾ ਆਦਰਸ਼ਕ ਰਿਸ਼ਤਾ ਪੇਸ਼ ਹੋਇਆ। ਪ੍ਰਚਾਰ ਦੌਰਿਆਂ ਸਮੇਂ ਆਪ ਜੀ ਨਾਲ ਰਾਗੀ, ਢਾਡੀ, ਕੀਰਤਨੀਏ, ਜਥੇਦਾਰ ਹੁੰਦੇ ਸਨ। ਉਹਨਾਂ ਵਿੱਚੋਂ ਪੁੰਪਰਾ ਅਨੁਸਾਰ ਕਈ ਮਰਾਸੀ ਸਨ। ਆਪ ਜੀ ਦੇ ਹੁਕਮ ਅਨੁਸਾਰ ਸਭ ਨੇ ਅੰਮ੍ਰਿਤ ਛਕਿਆ, ਸਣੇ ਕੇਸੀਂ ਇਸ਼ਨਾਨ ਤੇ ਨਾਮ ਜਪਣ ਨੂੰ ਜੀਵਨ ਦਾ ਹਿੱਸਾ ਬਣਾਇਆ, ਆਪਣਾ ਉਚਾ ਆਦਰਸ਼ ਪੇਸ਼ ਕੀਤਾ ਤੇ ਨਵੇਂ ਨਾਮਧਾਰੀ ਸਜਾਏ।

ਆਪ ਜੀ ਨੂੰ 1892 ਈ. ਤੋਂ ਪਹਿਲਾਂ ਸਰਕਾਰ ਨੇ ਖ਼ਾਸ ਕਿਤੇ ਦੌਰਾ ਕਰਨ ਨਹੀਂ ਜਾਣ ਦਿੱਤਾ। ਉਸ ਸਮੇਂ ਤੋਂ ਵੀ ਛੁੱਟੀ ਲੈ ਕੇ ਮਿਥੇ ਸਮੇਂ ਵਿੱਚ ਹੀ ਦੌਰਾ ਕਰਕੇ ਵਾਪਿਸ ਸ੍ਰੀ ਭੈਣੀ ਸਾਹਿਬ ਮੁੜਨਾ ਪੈਂਦਾ ਸੀ। ਇਹ ਦੌਰੇ ਟੁੱਟੀ ਮਿਲਾਉਣ ਲਈ ਅਕਸੀਰ ਸਾਬਤ ਹੋਏ। ਇਹਨਾਂ ਦੌਰਿਆਂ ਵਿੱਚ ਕਈ ਵਾਰ 9-9 ਰਾਗੀਆਂ ਢਾਡੀਆਂ ਦੀਆਂ ਜੋੜੀਆਂ ਤੋਂ ਬਿਨਾਂ ਸੰਤ ਲਾਲ ਸਿੰਘ ਭੂਰੇ ਗਿੱਲ, ਸੰਤ ਭਗਤ ਸਿੰਘ ਦਾਤੇਵਾਲ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਆਦਿ ਪ੍ਰਚਾਰਕ ਹੁੰਦੇ। ਉਹ ਨਿਡਰ, ਨਿਰਭੈ ਰਹਿ ਕੇ ਆਪਣੇ ਅਧਿਐਨ ਤੇ ਦਲੀਲ ਨਾਲ ਨਾਮਧਾਰੀ ਪੁਣੇ ਪ੍ਰਤੀ ਲਗਾਵ ਪੈਦਾ ਕਰਦੇ ਤੇ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜਦੇ।

ਸਤਿਗੁਰੂ ਰਾਮ ਸਿੰਘ ਜੀ ਦਾ ਮੰਤਰ ਦੇਸ ਦੀ ਅਜ਼ਾਦੀ ਲਈ ਜਾਗਰੂਕਤਾ ਪੈਦਾ ਕਰਨਾ ਸੀ। ਇਸ ਨੂੰ ਰੂਹਾਨੀ ਸ਼ਕਤੀ ਬਲ ਦਿੰਦੀ ਸੀ। ਸਤਿਗੁਰੂ ਹਰੀ ਸਿੰਘ ਜੋਤ ਦੇ ਜਾਮੇ ਨੇ ਜੋਤ ਜਗਾਈ ਰੱਖੀ। ਨਾਮਧਾਰੀ ਸਿੱਖ ਅੰਗਰੇਜ਼ੀ ਵਸਤਾਂ, ਸਹੂਲਤਾਂ, ਨਿਆਂ ਪ੍ਰਣਾਲੀ ਦਾ ਬਾਈਕਾਟ ਕਰਨ, ਉਹਨਾਂ ਨਾਲ ਨਾ-ਮਿਲਵਤਰਣ ਰੱਖਣ, ਸੁਦੇਸ਼ੀ ਤੇ ਅਹਿੰਸਾ ਨੂੰ ਅਪਣਾਉਣ ਵਿੱਚ ਅਵੇਸਲੇ ਹੁੰਦੇ ਹੀ ਨਹੀਂ ਸਨ। ਸਤਿਗੁਰੂ ਜੀ ਨੇ ਅੰਗਰੇਜ਼ ਹਾਕਮਾਂ ਦੀਆਂ ਦੁਸ਼ਮਨ ਤਾਕਤਾਂ, ਅਫ਼ਗਾਨਿਸਤਾਨ, ਰੂਸ ਤੇ ਮਹਾਰਾਜਾ ਦਲੀਪ ਸਿੰਘ ਨਾਲ ਵੀ ਸੰਬੰਧ ਸਥਾਪਤ ਕੀਤਾ। ਸੂਬਾ ਬਿਸ਼ਨ ਸਿੰਘ, ਸੂਬਾ ਗੁਰਚਰਨ ਸਿੰਘ, ਬਨਾਰਸੀ ਬਾਬੂ ਜਾਂ ਬਨਾਰਸੀ ਦਾਸ ਆਦਿ ਇਸ ਰਾਜਨੀਤਿਕ ਕਾਰਜ ਵਿੱਚ ਸਰਗਰਮ ਸਨ। ਸਾਰੇ ਪੱਤਰ ਵਿਹਾਰ ਦੀ ਕਾਰਗੁਜ਼ਾਰੀ ਦੀ ਜਾਣਕਾਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪਹੁੰਚਾਈ ਜਾਂਦੀ ਸੀ ਤੇ ਉਹਨਾਂ ਕੋਲੋਂ ਸੇਧ ਲਈ ਜਾਂਦੀ ਸੀ। ਇੰਜ ਇਸ ਖੇਤਰ ਵਿੱਚ ਵੀ ਆਪ ਨੇ ਟੁੱਟੀ ਗੰਢੀ ਰੱਖੀ।

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੋਂ ਬਾਅਦ ਕਈ ਸਾਲ ਕੋਈ ਪ੍ਰਚਾਰ ਦੌਰਾ ਨਾ ਹੋਣ ਕਾਰਨ ਕਈ ਭਜਨੀਕ ਸੰਤ ਆਪ ਗੱਦੀਆਂ ਲਾ ਕੇ ਬੈਠ ਗਏ ਸਨ। ਇਲਾਕੇ ਦੇ ਭੋਲੇ ਭਾਲੇ ਲੋਕ ਉਹਨਾਂ ਦਾ ਮਾਣ ਸਤਿਕਾਰ ਕਰਦੇ ਸਨ, ਉਹ ਹੰਕਾਰੇ ਗਏ ਸਨ। ਆਪ ਨੇ ਆਪਣੀ ਨਿਮਰਤਾ ਹਲੀਮੀ ਦੇ ਹਥਿਆਰ ਨਾਲ ਉਹਨਾਂ ਦਾ ਅਭਿਮਾਨ ਚੂਰ ਕੀਤਾ। ਐਸੇ ਸੰਤਾਂ ਵਿੱਚ ਸੰਤ ਗੰਡਾ ਸਿੰਘ ਇੱਬਣ, ਸੰਤ ਸੁਧ ਸਿੰਘ ਮਦੌਰ, ਮਾਈ ਅਤਰੀ ਮਾਈਸਰਖਾਨਾ, ਸੰਤ ਸੌਣ ਸਿੰਘ, ਦੇਵਾ ਸਿੰਘ ਧੂੜਕੋਟ ਆਦਿ ਆਪਣੀਆਂ ਹੀ ਮੰਜੀਆਂ ਥਾਪੀ ਬੈਠੇ ਸਨ, ਉਹ ਸਭ ਝੜ ਗਏ ਸਨ। ਆਪ ਸਰਕਾਰ ਦੀਆਂ ਸਭ ਚਾਲਾਂ ਨੂੰ ਸਮਝਦੇ ਸਨ ਤੇ ਉਹਨਾਂ ਪ੍ਰਤੀ ਲੋੜ ਅਨੁਸਾਰ ਆਪਣਾ ਰਵਈਆ ਤੇ ਪੱਖ ਰੱਖਦੇ ਸਨ। ਸ੍ਰੀ ਭੈਣੀ ਸਾਹਿਬ ਪੁਲਿਸ ਗਾਰਦ ਬਿਠਾ ਕੇ ਸਰਕਾਰ ਆਪ ਨਾਮਧਾਰੀ ਪੰਥ ਉਤੇ ਨਿਗਰਾਨੀ ਤੇ ਬੰਦਸ਼ ਵੀ ਰੱਖਣਾ ਚਾਹੁੰਦੀ ਸੀ ਤੇ ਉਸ ਅਨੁਸਾਰ ਨਾ ਚਲਣ ਕਰਕੇ ਉਹਨਾਂ ਤੇ ਜ਼ਿਆਦਤੀ ਵੀ ਕਰਨਾ ਚਾਹੁੰਦੀ ਸੀ। ਗਾਰਦ ਗੁਰਦੁਆਰਿਓਂ ਹੀ ਖਾਂਦੀ ਸੀ ਤੇ ਸਭ ਤੇ ਸਖ਼ਤੀਆਂ ਵੀ ਕਰਦੀ ਸੀ। ਆਪ ਖ਼ੁਦ ਕਿਸੇ ਦੇ ਬਰ ਨਹੀਂ ਆਏ ਅਤੇ ਸਿੱਖਾਂ ਨੂੰ ਵੀ ਸਾਂਤਗੀ ਵਰਤਣ ਦਾ ਹੁਕਮ ਕੀਤਾ। ਆਪ ਨੇ ਬਚਨ ਕੀਤਾ ਕਿ ਇਹ ਸਮਾਂ ਸਦਾ ਨਹੀਂ ਰਹਿਣਾ।

ਸਰਕਾਰ ਨੇ 1956 ਬਿਕਰਮੀ ਦੇ ਮਹਾਂਕਾਲ ਸਮੇਂ ਆਪ ਜੀ ਦੇ ਚਲਾਏ ਸਦਾ ਵਰਤ ਦੀ ਪ੍ਰਸੰਸਾ ਕਰਦਿਆਂ ਮੁਰੱਬਿਆਂ ਦਾ ਲਾਲਚ ਦੇ ਕੇ ਆਪ ਨੂੰ ਖ਼ਰੀਦਣਾ ਚਾਹਿਆ ਤਾਂ ਆਪ ਸਰਕਾਰ ਦੀ ਨੀਅਤ ਨੂੰ ਤਾੜ ਗਏ ਤੇ ਆਪ ਨੇ ਮੁਰੱਬਿਆਂ ਨੂੰ ਹੇਚ ਜਾਤਾ ਤੇ ਸਤਿਗੁਰੂ ਦੇ ਉੱਚੇ ਸੁੱਚੇ ਕਿਰਦਾਰ ਨੂੰ ਪੇਸ਼ ਕੀਤਾ।

ਸਰਕਾਰ ਨੇ ਆਪਣੇ ਜੀ ਹਜ਼ੂਰ ਸਿੱਖਾਂ ਦੀ ਜਮਾਤ ਸਿੰਘ ਸਭਾ ਦੀ ਪਿੱਠ ਤੇ ਹੱਥ ਰੱਖਿਆ ਤੇ ਉਸ ਦੀ ਸਰਪਰਸਤੀ ਕੀਤੀ। ਉਹਨਾਂ ਨੂੰ ਗ੍ਰੰਥ ਗੁਰੂ ਦਾ ਸਿਧਾਂਤ ਦਿੱਤਾ ਤਾਂਕਿ ਉਹ ਕਿਸੇ ਰਹਿਮਨੁਮਾ ਦੇ ਪਿਛੇ ਲੱਗ ਕੇ ਚਲਣ ਦੀ ਥਾਂ ਆਪ ਹੀ ਆਗੂ ਬਣ ਬੈਠਣ ਤੇ ਹਰ ਕੋਈ ਆਪਣੇ ਆਪ ਨੂੰ "ਪੰਥ ਗੁਰੂ" ਮੰਨ ਕੇ ਦੂਜੇ ਵਿਰੁੱਧ ਲੜੇ। ਉਹਨਾਂ ਦੇ ਆਪਸੀ ਸਿਧਾਂਤਾਂ ਤੇ ਮਰਯਾਦਾਵਾਂ ਵਿੱਚ ਵੀ ਫਰਕ ਸੀ ਜੋ ਅੱਜ ਵੀ ਹੈ। ਸਤਿਗੁਰੂ ਜੀ ਸਰਕਾਰੀ ਜਮਾਤ ਸਿੰਘ ਸਭਾ ਦੀ ਥਾਂ ਸਤਿਗੁਰੂ, ਗੁਰਬਾਣੀ ਤੇ ਨਾਮ ਨਾਲ ਵਾਸਤਾ ਰੱਖਣ ਲਈ ਨਾਮਧਾਰੀ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ। ਜੇ ਕੋਈ ਨਾ ਮੰਨਦਾ ਤਾਂ ਸਖਤੀ ਵੀ ਕਰਦੇ ਸਨ। ਬੀਬੀ ਨੰਦਾਂ ਦਾ ਲੜਕਾ ਸੂਰਤ ਸਿੰਘ ਸਿੰਘ ਸਭਾ ਨਾਲ ਜਾ ਰਲਿਆ ਸੀ। ਉਸਨੇ ਤੇਜਾ ਸਿੰਘ ਭਸੌੜੀਏ ਦਾ ਜੂਠਾ ਖਾਧਾ। ਸੁੱਚ ਪਵਿੱਤਰਤਾ ਦੀ ਮਰਯਾਦਾ ਦੀ ਉਲੰਘਣਾ ਕੀਤੀ। ਸਤਿਗੁਰੂ ਜੀ ਨੇ ਉਸਨੂੰ ਗੁਰਦੁਆਰੇ ਵਿੱਚੋਂ ਕੱਢ ਦਿੱਤਾ ਤੇ ਪੰਥ ਵਿੱਚੋਂ ਛੇਕ ਦਿੱਤਾ। ਉਸ ਨੂੰ ਤਾਂ ਹੀ ਨਾਲ ਰਲਾਉਣ ਲਈ ਬਖਸ਼ਿਆ ਗਿਆ ਜਦ ਉਸਨੇ ਗ਼ਲਤੀ ਦਾ ਇਹਸਾਸ ਕੀਤਾ ਤੇ ਖਿਮਾ ਮੰਗੀ।

ਅੰਗਰੇਜ਼ ਹਾਕਮ ਨੇ ੧੮੮੫ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਅਕਾਲ ਚਲਾਣੇ ਦੀ ਝੂਠੀ ਅਫਵਾਹ ਫੈਲਾ ਦਿੱਤੀ। ਉਹਨਾਂ ਗੁਰੂ ਹਰੀ ਸਿੰਘ ਜੀ ਨੂੰ ਵੀ ਆਪਣੀ ਦਲੀਲ ਦਾ ਕਾਇਲ ਕਰਨਾ ਚਾਹਿਆ। ਆਪ ਸਰਕਾਰ ਦੀ ਕੁਟਿਲ ਨੀਤੀ ਨੂੰ ਸਮਝਦੇ ਸਨ ਆਪ ਨੇ ਇਸ ਨੂੰ ਇਕ ਸਿਰਿਓਂ ਰੱਦ ਕੀਤਾ ਤੇ ਸਿੱਖਾਂ ਨੂੰ ਸਰਕਾਰ ਦੀਆਂ ਚਾਲਾਂ ਤੋਂ ਸੁਚੇਤ ਰਹਿਣ ਦਾ ਹੁਕਮ ਕੀਤਾ ਜੋ ਮੰਨਿਆ ਗਿਆ।

ਸਤਿਗੁਰੂ ਹਰੀ ਸਿੰਘ ਜੀ ਨੇ ਸੁਚੇਤ ਰਹਿ ਕੇ ਕਾਮਯਾਬ ਯਤਨ ਕੀਤੇ ਕਿ ਕਿਸੇ ਪੱਖੋਂ ਕੋਈ ਸਦਾਚਾਰਕ ਢਿੱਲ ਦਾ ਸੰਦੇਸ਼ ਨਾ ਜਾਏ। ਜੇ ਕਿਸੇ ਨੇ ਕਿਸੇ ਤੋਂ ਉਧਾਰ ਲਏ ਪੈਸੇ ਮਾਰਨ ਬਾਰੇ ਕਚਿਹਰੀ ਵਿੱਚ ਕੇਸ ਜਿੱਤ ਵੀ ਲਿਆ ਤਾਂ ਆਪ ਜੀ ਨੇ ਉਸ ਨੂੰ ਉਸੇ ਕਚਹਿਰੀ ਵਿੱਚ ਮੂੰਹ ਕਾਲਾ

ਕਰਕੇ ਜਾ ਕੇ ਸੱਚ ਬੋਲਣ ਲਈ ਕਿਹਾ। ਇਹ ਬਚਨ ਮੰਨਿਆ ਗਿਆ। ਇਹ ਵੀ ਬਚਨ ਮੰਨਿਆ ਗਿਆ ਕਿ ਜਿਹੜੀ ਵੀ ਵਿਧਵਾ ਇਸਤਰੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਰਹਿੰਦੀ ਹੈ ਉਹ ਜਾਂ ਤਾਂ ਕਿਸੇ ਸਿੱਖ ਨਾਲ ਅਨੰਦ ਕਰਵਾ ਲਵੇ ਜਾਂ ਆਪਣੇ ਘਰ ਚਲੀ ਜਾਵੇ। ਇਥੇ ਗੱਲਾਂ ਕਰਨ ਜੋਗੀ ਗੁੰਜਾਇਸ਼ ਨਾ ਛੱਡੇ। ਉਹਨਾਂ ਆਪਣੀ ਧੀ ਦੇ ਵੱਟੇ ਭਰਾ ਨੂੰ ਵਿਆਹੁਣ ਵਾਲੇ ਕਵੀ ਕਾਲਾ ਸਿੰਘ ਨੰਗਲ ਨੂੰ ਤਨਖਾਹ ਲਾ ਕੇ ਹੀ ਪੰਥ ਵਿੱਚ ਰਲਾਇਆ।

ਆਪ ਜੀ ਦੇ ਗ੍ਰਹਿ ਵਿਖੇ ਮਾਤਾ ਜੀਵਨ ਕੌਰ ਦੀ ਪਵਿਤਰ ਕੁੱਖੋਂ ਪ੍ਰਗਟੇ ਤਿੰਨੇ ਸਾਹਿਬਜ਼ਾਦਿਆਂ ਵਿੱਚੋਂ ਵੱਡਿਆਂ ਨੂੰ ਆਪ ਨੇ ਵੱਡੇ ਪ੍ਰਤਾਪ ਵਾਲਾ ਹੋਣ ਦਾ ਵਰ ਦਿੱਤਾ। ਉਹਨਾਂ ਨੇ 16 ਸਾਲ ਆਪ ਦੀ ਛਤਰ ਛਾਇਆ ਦਾ ਅਨੰਦ ਮਾਣਿਆ ਅਤੇ ਆਪ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਰਾਜ ਜੋਗ ਗੱਦੀ ਉੱਤੇ ਬਿਰਾਜਮਾਨ ਹੋਏ। ਇੰਜ ਵੀ ਆਪ ਨੇ ਟੁੱਟੀ ਗੰਢ ਲਈ।

ਇੰਜ ਉਸ ਸਤਿਗੁਰੂ ਹਰੀ ਸਿੰਘ ਜੀ ਜਿਨ ਟੁੱਟੀ ਲਈ ਮਿਲਾਇ ਦਾ ਨਾਮਧਾਰੀ ਸਿੱਖ ਇਤਿਹਾਸ ਵਿੱਚ ਗੌਰਵਮਈ ਇਤਿਹਾਸਕ ਰਹਿਨੁਮਾਈ ਦੇਣ ਦਾ ਯੋਗਦਾਨ ਹੈ। ਸਤਿਗੁਰੂ ਰਾਮ ਸਿੰਘ ਵਰਗੇ ਜੌਹਰੀ ਨੇ ਇਸ ਵੱਡਮੁੱਲੇ ਹੀਰੇ ਨੂੰ ਕੇਵਲ ਉਦੋਂ ਹੀ ਪ੍ਰਗਟ ਕੀਤਾ ਜਦੋਂ ਇਸ ਦੀ ਲੋੜ ਸੀ। ਇਹਨਾਂ ਨੇ ਜਿਵੇਂ ਨਾਮਧਾਰੀ ਪੰਥ ਦੇ ਸੰਗਠਨ, ਉਸ ਦੇ ਅਧਿਆਤਮਿਕ, ਸਮਾਜਿਕ, ਸਦਾਚਾਰਕ, ਰਾਜਨੀਤਿਕ ਕਿਰਦਾਰ ਨੂੰ ਸ਼ਾਂਤ ਮਈ ਤਰੀਕੇ ਨਾਲ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਬਿਰਹਾ ਅਗਨੀ ਨੂੰ ਤਪਦਿਆਂ ਕਾਇਮ ਰੱਖਿਆ ਇਸ ਦੇ ਸਮਰੱਥ ਆਪ ਹੀ ਸਨ।

ਸ੍ਰੀਮਾਨ ਸੰਤ ਧਿਆਨ ਸਿੰਘ ਜੀ ਕਾਦਰਾਬਾਦੀ ਮਿੰਟਗੁਮਰੀ ਵਾਲੇ ਦੋ ਕਬਿਤਾਂ ਵਿੱਚ ਆਪ ਜੀ ਦੀ ਸੋਭਾ ਕਰਦੇ ਆਪ ਜੀ ਦੇ ਚਰਨਾਂ ਨਾਲ ਜੁੜਨ ਲਈ ਪ੍ਰੇਰਨਾ ਦਿੰਦੇ ਹਨ :

*ਖਿਮਾ ਕੋ ਖਸਮ ਗੁਰ ਰਸਮ ਸਵਾਰੀ ਸਾਰੀ,*
*ਭਸਮ ਕਰ ਡਾਰੀ ਨੀਵ ਗ੍ਰੀਵ ਧਾਰੀ ਦੁਬਿਧਾ।*
*ਤਨ ਮਨ ਧੰਨ ਲਾਇ ਅੰਨ ਕੋ ਪਕਾਇ, ਆਦਿ*
*ਜਨੋਂ ਦੈ ਜੋ ਪਰਸੰਨ ਮੰਨ ਧੰਨ ਸੋ ਸਦਾ।*
*ਬੁਧ ਹਰਿ ਕਰ ਸਿਧ ਗੁਰ ਦਈ ਸਭ ਭਏ,*
*ਹਰੀ ਹਰਿ ਹਰੀ ਕਰੀ ਸੋਚ ਸਭਦਾ।*

*ਜਨ ਫੇਰੇ ਊਨੀਂ ਮਾਲਾ ਊਨ੍ਹੀ ਜਨੋਂ ਰਾਮ ਪਾਲਾ,*
*ਆਲ੍ਹਾ ਰਹਿਓ ਬਾਲ੍ਹਾ ਬ੍ਰਿਹੁ ਕਮ ਦਮ ਨਾ ਕਦਾ।*
*ਜਾਹੀ ਪਰਤਾਪ ਕਰ ਮਾਹੀ ਕੋ ਰਹੇ ਜਾਪ,*
*ਕਰ ਤਾਹੀ ਗੁਰਤਾਪ ਹਰਿ ਹਰੀ ਕਸ ਧਿਆਇ ਲੇ।*
*ਜਿਨੋਂ ਪੀਅ ਜਾਵਤੇ ਕੋ ਕਹਾ ਕਾਹੇ ਜਾਵਤੇ ਹੋ,*
*ਈਹਾਂ ਤੋ ਸੁਹਾਵਤੇ ਹੋ ਦਾਸ ਦੋਸ ਚਾਇਲੇ।*
*ਸੁਖ ਰਾਜ ਭੋਗ ਮਾਹਿ, ਰਹੇ ਸੇ ਵਿਜੋਗ ਮਾਹਿ,*
*ਬ੍ਰਿਹੋ ਬੁਰੇ ਰੋਗ ਮਾਹਿ, ਨੇਤ੍ਰਗਵਾਇ ਲੇ।*
*ਜੋ ਨ ਮਾਨੈਂ ਐਸੇ ਗੁਰ ਗੁਰਘਾਤੀ ਸੇ ਅਸੁਰ,*
*ਕੋਟਿ ਕਾਲ ਝੁਰ ਝੁਰ ਮਰੇ ਪਛਤਾਇ ਲੇ।*

*ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰਵੀਂ*

ਨਿਮਰਤਾ ਦੇ ਪੁੰਜ ਸਤਿਗੁਰੂ ਹਰੀ ਸਿੰਘ ਰਾਹੀਂ ਨਾਮਧਾਰੀ ਇਤਿਹਾਸ ਦੇ 34 ਔਕੜਾਂ ਭਰੇ ਵਰ੍ਹਿਆਂ ਵਿੱਚ ਦਿੱਤੀ ਰਹਿਨੁਮਾਈ ਨੇ ਗੁਰਸਿੱਖੀ ਨੂੰ ਮੁਰਝਾਉਣ ਨਹੀਂ ਦਿੱਤਾ ਸਗੋਂ ਹਰਿਆ ਭਰਿਆ ਰੱਖਿਆ।

***

# ਸਹਾਇਕ ਪੁਸਤਕਾਂ ਤੇ ਪੱਤ੍ਰਿਕਾਵਾਂ


| | | |
|---|---|---|
| 1. | ਸ੍ਰੀ ਆਦਿ ਗ੍ਰੰਥ ਸਾਹਿਬ | |
| 2. | ਸ੍ਰੀ ਦਸਮ ਗ੍ਰੰਥ ਸਾਹਿਬ | ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ |
| 3. | ਹੁਕਮਨਾਮੇ-ਸ੍ਰੀ ਸਤਿਗੁਰੂ ਰਾਮ ਸਿੰਘ ਜੀ | ਜਸਵਿੰਦਰ ਸਿੰਘ |
| 4. | ਨਾਮਧਾਰੀ ਨਿਤਨੇਮ | |
| 5. | ਲਾਲ ਏਹਿ ਰਤਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ | ਪ੍ਰਿੰ. ਬੇਅੰਤ ਕੌਰ |
| 6. | ਪ੍ਰਵਚਨ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ | ਹਰਵਿੰਦਰ ਸਿੰਘ ਹੰਸਪਾਲ |
| 7. | ਤਵਾਰੀਖ ਸੰਤ ਖਾਲਸਾ | ਕਿਰਪਾਲ ਸਿੰਘ ਕਸੇਲ |
| 8. | ਵਾਰਾਂ | ਭਾਈ ਗੁਰਦਾਸ |
| 9. | ਗੁਰਸ਼ਬਦ ਰਤਨਾਕਰ-ਮਹਾਨ ਕੋਸ਼ | ਭਾਈ ਕਾਨ੍ਹ ਸਿੰਘ |
| 11. | ਜੰਗਨਾਮਾ ਸਿੰਘਾਂ ਤੇ ਫਿਰੰਗੀਆਂ | ਸ਼ਾਹ ਮੁਹੰਮਦ |
| 12. | ਸਤਿਗੁਰੂ ਬਿਲਾਸ-ਭਾਗ ਪਹਿਲਾ ਤੇ ਦੂਜਾ | ਸੰਤੋਖ ਸਿੰਘ ਬਾਹੋਵਾਲ |
| 13. | ਜੁਗ ਪਲਟਾਊ ਸਤਿਗੁਰੂ | ਨਿਧਾਨ ਸਿੰਘ ਆਲਿਮ |
| 14. | ਸ੍ਰੀ ਸਤਿਗੁਰੂ ਬਿਲਾਸ | ਸੰਤ ਧਿਆਨ ਸਿੰਘ ਕਾਦਰਾਬਾਦੀ |
| 15. | ਨਾਮਧਾਰੀ ਸਿੰਘਾਂ ਦਾ ਪੰਥ ਪ੍ਰਕਾਸ਼ | ਗਿਆਨੀ ਕਾਹਲਾ ਸਿੰਘ |
| 16. | ਕੂਕੇ ਸਿੱਖ ਤੇ ਅੰਗ੍ਰੇਜ਼ ਰਾਜ | ਗਿਆਨੀ ਕਾਹਲਾ ਸਿੰਘ |
| 17. | ਸੰਤ ਖਾਲਸਾ ਅਰਥਾਤ ਤਵਾਰੀਖ਼ ਨਾਮਧਾਰੀ | ਸੰਤ ਹਰਨਾਮ ਸਿੰਘ |
| 18. | ਸਿੱਖ ਇਤਿਹਾਸ ਤੇ ਕੂਕੇ-ਤੁਲਨਾਤਮਕ ਅਧਿਐਨ | ਅਮਰ ਭਾਰਤੀ |
| 19. | ਸਤਿਗੁਰ ਤਿਸਕਾ ਨਾਉਂ | ਅਮਰ ਭਾਰਤੀ |
| 20. | ਨਾਮਧਾਰੀ ਇਤਿਹਾਸ | ਨਾਹਰ ਸਿੰਘ |
| 21. | ਮਾਲਵੇਂਦਰ | ਸੰਤ ਇੰਦਰ ਸਿੰਘ ਚਕਰਵਰਤੀ |
| 22. | ਸਿਖ ਇਤਿਹਾਸ | ਜੇ. ਡੀ. ਕਨਿੰਘਮ |
| 23. | ਸ੍ਰੀ ਗੁਰੂ ਪੰਥ ਪ੍ਰਕਾਸ਼ | ਗਿਆਨੀ ਗਿਆਨ ਸਿੰਘ |
| 24. | ਸੀਤਲਤਾ ਦਾ ਸ੍ਰੋਤ | ਮਾਸਟਰ ਨਿਹਾਲ ਸਿੰਘ |
| 25. | ਸਪਤ ਸ੍ਰਿੰਗ | ਕਪੂਰ ਸਿੰਘ |
| 26. | ਬਾਬਾ ਰਾਮ ਸਿੰਘ ਨਾਮਧਾਰੀ | ਜਸਵੰਤ ਸਿੰਘ ਜੱਸ |
| 27. | ਦੇਸ਼ ਭਗਤ ਬਾਬੇ | ਜਸਵੰਤ ਸਿੰਘ ਜੱਸ |
| 28. | ਕੂਕਿਆਂ ਦੀ ਵਿੱਥਿਆ | ਡਾ. ਗੰਡਾ ਸਿੰਘ |
| 29. | ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ-ਪੰਜਾਬ | ਡਾ. ਗੰਡਾ ਸਿੰਘ |
| 30. | ਸੰਖੇਪ ਸਿੱਖ ਇਤਿਹਾਸ | ਪਿਆਰਾ ਸਿੰਘ ਪਦਮ |
| 31. | ਪੰਜਾਬ ਦੀਆਂ ਲਹਿਰਾਂ | ਸ਼ਮਸ਼ੇਰ ਸਿੰਘ ਅਸ਼ੋਕ |
| 32. | ਅਕਾਲੀ ਮੋਰਚਿਆਂ ਦਾ ਇਤਿਹਾਸ | ਸੋਹਨ ਸਿੰਘ ਜੋਸ਼ |
| 34. | ਜੱਸ ਜੀਵਨ-ਭਾਗ ਇੱਕ | ਤਰਨ ਸਿੰਘ ਵਹਿਮੀ |
| 35. | ਸਭਹਨ ਕੇ ਸਿਰਮੌਰ | ਤਾਰਾ ਸਿੰਘ ਅਨਜਾਣ |
| 36. | ਬੰਸਾਵਲੀ-ਸ੍ਰੀ ਸਤਿਗੁਰੂ ਰਾਮ ਸਿੰਘ ਜੀ | ਸੁਰਿੰਦਰ ਕੌਰ ਖਰਲ |

37. ਸਾਹਿਬ ਗੁਣੀ ਗਹੇਰਾ — ਤਾਰਾ ਸਿੰਘ ਅਨਜਾ
38. ਨਾਮਧਾਰੀ ਇਤਿਹਾਸ-ਸੰਖੇਪ — ਤਾਰਾ ਸਿੰਘ ਅਨਜਾਣ
38. ਨਾਮਧਾਰੀ ਲਹਿਰ — -ਸੰਪਾਦਕ ਹਰਮਿੰਦਰ ਸਿੰਘ ਬੇਦੀ, ਜਸਵਿੰਦਰ ਸਿੰਘ
40. ਗਾਥਾ ਸੁਤੰਤਰਤਾ ਸੰਗਰਾਮ ਦੀ — ਦਲੀਪ ਸਿੰਘ ਨਾਮਧਾਰੀ
41. ਕੂਕਾ ਲਹਿਰ — ਦਲੀਪ ਸਿੰਘ ਨਾਮਧਾਰੀ
42. ਗੁਰ-ਇਤਿਹਾਸ ਜਾਣਕਾਰੀ — ਕਰਮ ਸਿੰਘ ਪਟਵਾਰੀ
43. ਸਾਡਾ ਵਿਰਸਾ — ਹਰਬੰਸ ਸਿੰਘ
44. ਹਿੰਦੁਸਤਾਨ ਦੀ ਅਜ਼ਾਦੀ ਦੀ ਲੜਾਈ ਵਿੱਚ ਪੰਜਾਬ-ਦੋ ਭਾਗ — ਰਾਮ ਸਿੰਘ ਮਜੀਠਾ
45. ਬਾਗੀ ਕੂਕੇ — ਬਿਸ਼ਨ ਸਿੰਘ ਹਿਸਟੋਰੀਅਨ
46. ਜੋਤ ਕਾ ਜਾਮਾ — ਅਜੀਤ ਸਿੰਘ ਚੀਮਾ
47. ਜੈਸਾ ਸਤਿਗੁਰ ਸੁਣੀਂਦਾ — ਕਿਰਪਾਲ ਸਿੰਘ ਕਸੇਲ
48. ਅਦੁੱਤੀ ਰਹਿਬਰ — ਗੁਰਦੇਵ ਸਿੰਘ ਰਾਇ
49. ਮਹਾਂਨੂਰ-ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ — ਪ੍ਰੀਤਮ ਸਿੰਘ
51. ਭਾਰਤੀ ਅਜ਼ਾਦੀ ਦਾ ਅੰਦੋਲਨ — ਗੁਰਚਰਨ ਸਿੰਘ ਬਾਹੜਾ
52. ਸਿੰਘ ਸਭਾ ਲਹਿਰ — ਡਾ. ਜਗਜੀਤ ਸਿੰਘ

1. Encyclopaedia Britannica Vol. VII & VIII
2. A History of the Sikhs — J.D. Cunningham
3. History of the Punjab — Syed Mohammad Latif
4. Guru Ram Singh & Kuka Sikhs Vol. I, II & III — Nahar Singh
5. Rebels Against the British Rule — Bhai Nahar Singh & Bhai Kirpal Singh
6. Kukas — M.M. Ahluwalia
7. Kuka Movement — Dr. Fauja Singh
8. A History of Sikhs Vol. I & II — Khushwant Singh
9. A History of the Sikh People — Dr. Gopal Singh
10. Kuka Movement — Jaswinder Singh
11. Kukas of Note in the Punjab — Jaswinder Singh
12. History of Freedom Movement in India — R.C. Majumdar
12. Armed Struggle For Freedom — S.S. Apte
13. Heritage of the Sikhs — Harbans Singh
14. Advanced Study in the History of India Vol. II — G.S. Chhabra
15. An Advance Book of Religious Studies — G.S. Tali
16. Eminent Freedom Fighters of Punjab — Dr. Fauja Sing
17 The Namdhari Sikhs — Smt. Beant Kau
18. Sikhs of the Khalsa — W.H. Mcleod

1. सिख इतिहास — देस राज ठाकु
2. श्री भैणी साहिब — प्रीतम सिंह कवि
3. गुरु राम सिंह और कूका विद्रोह — राम सरण विद्यार्थी
4. दमन चक्र के पचास वर्ष — प्रीतम सिंह पंछी
5 गुरुकुल — मैथिली शरण गुप्त

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ (ਪੰਜਾਬ)